*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group
# ਸਰੋਕਾਰਾਂ ਦੀ ਆਵਾਜ਼
Email: ppapmg@gmail.com
ਸਾਲ- 12, ਅੰਕ-9, ਸਤੰਬਰ 2022
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ

ਨਾਰੀ ਸਨਮਾਨ ਦੇ ਹੋਕਰਿਆਂ ਦਰਮਿਆਨ ਬਲਾਤਕਾਰੀਆਂ ਦੀ ਸਜ਼ਾ ਮਾਫ਼ੀ ਦੇ ਮਾਇਨੇ/4
ਅੰਦਰਲੇ ਟਾਵਰ ਕਦ ਡਿੱਗਣਗੇ ?/5
ਕਬੱਡੀ ਨੂੰ ਕਰੋੜਾਂ ਦਾ ਗੱਫਾ : ਪਾਵੇਲ ਕੁੱਸਾ/10
ਪਰਦਾਪੋਸ਼ੀ ਦੀ ਚੀਰਫਾੜ, ਇੱਕ ਨਿਧੜਕ ਤੇ ਦਲੇਰ ਪੱਤਰਕਾਰੀ ਦੀ ਮਿਸਾਲ/13
ਦੁਰਗਾ ਭਾਬੀ ਨੂੰ ਸਮਰਪਤ: ਸਿੱਖਿਆਰਥੀ ਚੇਤਨਾ ਕੈਂਪ ਦਾ ਮਹੱਤਵ/17
ਹਰ ਮੇਲੇ ਤੇ ਪੈਣਗੇ ਭੁਲੇਖੇ; ਦਰਦੀ ਦੀ ਲਾਲ ਪੱਗ ਦੇ/17

ਡਾ. ਸਾਹਿਬ ਸਿੰਘ ਦੇ 'ਧੰਨ ਲਿਖਾਰੀ ਨਾਨਕਾ' ਦੇ ਪ੍ਰੋਗਰਾਮਾਂ ਦੀ ਇੰਗਲੈਂਡ ਦੇ ਸ਼ਹਿਰਾਂ 'ਚ ਸਫ਼ਲਤਾ ਤੋਂ ਬਾਅਦ ਕੈਨੇਡਾ ਭਰ 'ਚ ਹੋਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ

25 ਸਤੰਬਰ ਸਰੀ
9 ਅਕਤੂਬਰ ਵਿਨੀਪੈਗ
16 ਅਕਤੂਬਰ ਟੋਰਾਂਟੋ
22 ਅਕਤੂਬਰ ਕੈਲਗਰੀ
23 ਅਕਤੂਬਰ ਐਡਮਿੰਟਨ

# ਮੌਜੂਦਾ ਕਿਸਾਨ ਅੰਦੋਲਨ ਅਤੇ ਇਸ ਦਾ ਮਹੱਤਵ



-ਨਵਕਿਰਨ ਸਿੰਘ ਪੱਤੀ-

ਲਖੀਮਪੁਰ ਖੀਰੀ (ਉੱਤਰ ਪ੍ਰਦੇਸ਼) ਵਿਚ ਹੋਏ ਵਿਸ਼ਾਲ ਇਕੱਠ ਤੋਂ ਸਪਸ਼ਟ ਨਜ਼ਰ ਆਉਂਦਾ ਹੈ ਕਿ ਮੁਲਕ ਵਿਚ ਕਿਸਾਨ ਅੰਦੋਲਨ ਦਾ ਮੁੜ ਉਭਾਰ ਆਇਆ ਹੈ। ਅੱਜ ਜਦ ਭਾਰਤੀ ਹਕੂਮਤ ਵੱਖ-ਵੱਖ ਲੋਕ ਸੰਘਰਸ਼ਾਂ ਨੂੰ ਡੰਡੇ, ਗੋਲੀ ਤੇ ਬੁਲਡੋਜ਼ਰ ਮੁਹਿੰਮ ਰਾਹੀਂ ਦਬਾਉਣ ਲੱਗੀ ਹੋਈ ਹੈ ਅਤੇ ਸਰਕਾਰ ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ ਤਾਂ ਕਿਸਾਨ ਸੰਘਰਸ਼ ਮੁਲਕ ਭਰ ਵਿਚ ਚਾਨਣ ਮੁਨਾਰਾ ਬਣਿਆ ਹੋਇਆ ਹੈ। ਕਿਸਾਨ ਸੰਘਰਸ਼ ਜਿੱਥੇ ਕਿਸਾਨਾਂ, ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਈ ਜੱਦੋ-ਜਹਿਦ ਕਰ ਰਿਹਾ ਹੈ, ਉੱਥੇ ਮੁਲਕ ਵਿਚ ਥੋਪੀ ਹੋਈ ਅਣਐਲਾਨੀ ਐਮਰਜੈਂਸੀ ਵਿਰੁੱਧ ਜਮਹੂਰੀ ਲੋਕਾਂ ਦੀ ਬੁਲੰਦ ਆਵਾਜ਼ ਬਣਿਆ ਹੋਇਆ ਹੈ। ਕਿਸਾਨ ਅੰਦੋਲਨ ਨੇ ਕਾਰਪੋਰੇਟ ਵਿਕਾਸ ਮਾਡਲ ਨੂੰ ਵੱਡੀ ਚੁਣੌਤੀ ਦਿੱਤੀ ਜਿਸ ਕਾਰਨ ਬੀਤੇ ਵਰ੍ਹੇ ਇਸ ਕਿਸਾਨ ਅੰਦੋਲਨ ਦੀ ਗੂੰਜ ਦੁਨੀਆ ਭਰ ਵਿਚ ਸੁਣਾਈ ਦਿੱਤੀ।

ਇਸ ਕਿਸਾਨ ਸੰਘਰਸ਼ ਦੀ ਇੱਕ ਵਾਜਬੀਅਤ ਇਹ ਵੀ ਬਣਦੀ ਹੈ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਉਪਰੰਤ ਦਿੱਲੀ ਮੋਰਚਾ ਚੁੱਕਣ ਸਮੇਂ ਮੋਦੀ ਸਰਕਾਰ ਨੇ ਕਿਸਾਨਾਂ ਨਾਲ ਕਈ ਲਿਖਤੀ ਵਾਅਦੇ ਕੀਤੇ ਸਨ ਪਰ ਹੁਣ ਇਨ੍ਹਾਂ ਵਾਅਦਿਆਂ ਤੋਂ ਕੇਂਦਰ ਸਰਕਾਰ ਭੱਜ ਚੁੱਕੀ ਹੈ। ਇਸ ਸੂਰਤ ਵਿਚ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਵਿਸ਼ਾਲ ਸੰਘਰਸ਼ ਦੀ ਮਹੱਤਤਾ ਬਹੁਤ ਜ਼ਿਆਦਾ ਬਣਦੀ ਹੈ।

ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ 3 ਅਕਤੂਬਰ 2021 ਨੂੰ ਲਖੀਮਪੁਰ ਖੀਰੀ 'ਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੇ ਛੋਕਰੇ ਅਸ਼ੀਸ਼ ਮਿਸ਼ਰਾ ਅਤੇ ਉਸ ਦੇ ਸਾਥੀਆਂ ਨੇ ਗੱਡੀਆਂ ਚੜ੍ਹਾ ਦਿੱਤੀਆਂ ਸਨ ਜਿਸ ਕਾਰਨ ਚਾਰ ਕਿਸਾਨ ਅਤੇ ਇੱਕ ਪੱਤਰਕਾਰ ਮਾਰੇ ਗਏ ਸਨ। ਇਸ ਮੌਕੇ ਤਿੰਨ ਭਾਜਪਾ ਕਾਰਕੁਨਾਂ ਦੀ ਵੀ ਮੌਤ ਹੋ ਗਈ ਸੀ। ਸੁਪਰੀਮ ਕੋਰਟ ਦੀ ਦੇਖ-ਰੇਖ ਵਿਚ ਹੋਈ ਜਾਂਚ ਦੌਰਾਨ ਐੱਸ.ਆਈ.ਟੀ. ਇਸ ਨਤੀਜੇ 'ਤੇ ਪਹੁੰਚੀ ਸੀ ਕਿ ਇਹ ਅਚਾਨਕ ਵਾਪਰੀ ਘਟਨਾ ਨਹੀਂ ਬਲਕਿ ਗਿਣੀ ਮਿਥੀ ਸਾਜ਼ਿਸ਼ ਸੀ।

ਐੱਸ.ਆਈ.ਟੀ. ਦੀ ਇਸ ਟਿੱਪਣੀ ਤੋਂ ਬਾਅਦ ਕੇਂਦਰ ਸਰਕਾਰ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕਰਕੇ ਉਸ ਖਿਲਾਫ ਬਣਦੀ ਕਾਰਵਾਈ ਕਰਦੀ ਪਰ ਸਰਕਾਰ ਨੇ ਅੱਜ ਤੱਕ ਅਜੇ ਮਿਸ਼ਰਾ ਨੂੰ ਮੰਤਰੀ ਦੇ ਅਹੁਦੇ ਉੱਤੇ ਬਿਠਾਇਆ ਹੋਇਆ ਹੈ। ਪੁਲਿਸ ਮਹਿਕਮਾ ਗ੍ਰਹਿ ਮੰਤਰੀ ਤੋਂ ਬਾਹਰ ਨਹੀਂ ਹੋ ਸਕਦਾ, ਇਸ ਲਈ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਗ੍ਰਹਿ ਰਾਜ ਮੰਤਰੀ ਸਬੂਤਾਂ, ਗਵਾਹਾਂ ਅਤੇ ਜਾਂਚ ਨੂੰ ਪ੍ਰਭਾਵਿਤ ਕਰ ਸਕਦਾ ਹੈ।

(ਬਾਕੀ ਸਫ਼ਾ 6 'ਤੇ)

CONGRATULATIONS
TEAM OVER 800 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS



Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਈਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਿਟੀ ਇੰਸ਼ੋਰੈਂਸ
• Car Loans • ਕਾਰ ਲੋਨ
• Business Insurance • ਬਿਜਨਸ ਇੰਸ਼ੋਰੈਂਸ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3





For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating






* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca



Sherjang Singh Rana
416.910.9000



Sandeep Ahuja
416.660.1010


ਹਰੀਪਾਲ
403-714-4816


# ਵਾਹੀਯੋਗ ਜ਼ਮੀਨ ਦੀ ਦੁਰਵਰਤੋਂ



ਸਾਡੇ ਕੋਲ਼ ਇੱਕ ਛੋਟੀ ਜਿਹੀ ਧਰਤੀ ਹੈ, ਜਿਸਦੇ ਵਿੱਚ ਤਿੰਨ ਹਿੱਸੇ ਸਮੁੰਦਰ ਹੈ ਅਤੇ ਬਾਕੀ ਜਿਹੜੀ ਇੱਕ ਚੌਥਾਈ ਧਰਤੀ ਹੈ ਉਸ ਦੇ ਵਿੱਚ ਸਿਰਫ 38% ਜ਼ਮੀਨ ਖੇਤੀ ਯੋਗ ਹੈ। ਸਾਡੀ ਇਸ ਧਰਤੀ ਤੇ 2010 ਦੀ ਜਨਗਣਨਾਂ ਅਨੁਸਾਰ 7 ਅਰਬ ਲੋਕ ਰਹਿੰਦੇ ਸਨ, ਅੱਜ ਦੇ ਹਿਸਾਬ ਅੱਠ ਕੁ ਅਰਬ ਲੋਕ ਇਸ ਧਰਤੀ ਤੇ ਰਹਿੰਦੇ ਹਨ। ਇਹ ਜ਼ਮੀਨ ਬੇ-ਤਹਾਸ਼ਾ ਨਹੀਂ ਹੈ ਦੂਜੇ ਲਫ਼ਜਾਂ ਵਿੱਚ ਇਹ ਅਨਲਿਮਟਿਡ ਨਹੀਂ ਹੈ। ਇਹ ਧਰਤੀ ਹਜਾਰਾਂ ਲੱਖਾਂ ਜੀਵ ਜੰਤਆਂ, ਜਾਨਵਰਾਂ ਦਾ ਵੀ ਰੈਣ ਬਸੇਰਾ ਹੈ। ਇਸ ਧਰਤੀ ਤੇ, ਉਡ ਰਹੇ, ਘੁੰਮ ਰਹੇ ਜੀਆ ਜੰਤੂ ਅਤੇ ਹਰ ਤਰ੍ਹਾਂ ਦੀ ਬਨਸਪਤੀ ਸਾਨੂੰ ਕੁਦਰਤ ਵੱਲੋਂ ਮਿਲ਼ਿਆ ਸ਼ਾਨਦਾਰ ਤੋਹਫਾ ਹੈ। ਅਸੀਂ ਇੱਥੇ ਸਦਾ ਨਹੀਂ ਬੈਠੇ ਰਹਿਣਾ ਪਰ ਇਸ ਛੋਟੀ ਜਿਹੀ ਧਰਤੀ ਦੀ ਬਹੁਤ ਬੁਰੀ ਤਰ੍ਹਾਂ ਦੁਰਵਰਤੋਂ ਹੋ ਰਹੀ ਹੈ, ਇਹ ਸਭ ਕੁੱਝ ਵਿਕਾਸ ਦੇ ਨਾਂ ਤੇ ਹੋ ਰਿਹਾ ਹੈ। ਜੇਕਰ ਧਰਤੀ ਦੀ ਦੁਰਵਰਤੋਂ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਇੱਕ ਦਿਨ ਖੇਤੀ ਯੋਗ ਜ਼ਮੀਨ ਦੀ ਕਮੀ ਕਰਕੇ, ਮਨੁੱਖ ਅਤੇ ਜੀਵ ਜੰਤੂ ਭੁੱਖ ਨਾਲ਼ ਮਰਨੇ ਸ਼ੁਰੂ ਹੋ ਜਾਣਗੇ, ਪਹਿਲਾਂ ਹੀ ਤੀਹ ਪੈਂਤੀ ਹਜ਼ਾਰ ਇਨਸਾਨ ਭੁੱਖ ਨਾਲ਼ ਮਰ ਰਹੇ ਹਨ ਅਤੇ ਜਾਨਵਰਾਂ ਦੀਆਂ ਹਜ਼ਾਰਾਂ ਨਹੀਂ ਲੱਖਾਂ ਹੀ ਨਸਲਾਂ ਇਸ ਧਰਤੀ ਤੋਂ ਅਲੋਪ ਹੋ ਰਹੀਆਂ ਹਨ ਜਾਂ ਮਨੁੱਖ ਦੇ ਲਾਲਚ ਦੀ ਭੇਟਾ ਚੜ੍ਹ ਰਹੀਆਂ ਹਨ। ਸ਼ਹਿਰਾਂ ਦਾ ਲਗਾਤਾਰ ਵਾਧਾ, ਹਰ ਸਾਲ ਲੱਖਾਂ ਏਕੜ ਜ਼ਮੀਨ ਨੂੰ ਹੜੱਪ ਕਰ ਰਿਹਾ ਹੈ। ਸ਼ਹਿਰਾਂ ਦੀਆਂ ਸਿਟੀ ਕੌਂਸਲਾਂ ਹਰ ਸਾਲ ਨਵੀਆਂ ਸਬ-ਡਵੀਜ਼ਨਾਂ ਕੱਢਣ ਦਾ ਐਲਾਨ ਕਰਦੀਆਂ ਹਨ। ਕੱਲ ਤੱਕ ਜਿੱਥੇ ਕਣਕਾਂ, ਮੱਕੀਆਂ, ਸਰੋਂ ਉਗੀ ਹੋਈ ਦੇਖਦੇ ਸਾਂ, ਕੱਲ ਤੱਕ ਜਿੱਥੇ ਦਰੱਖਤਾਂ ਤੋਂ ਪੰਛੀਆਂ ਦੇ ਗਾਉਣ ਦੀਆਂ ਅਵਾਜਾਂ ਆਉਂਦੀਆਂ ਸਨ, ਕੱਲ ਤੱਕ ਜਿਥੇ ਗਾਵਾਂ ਮੱਝਾਂ ਚਰਦੀਆਂ ਦਿਖਦੀਆਂ ਸਨ ਅੱਜ ਸ਼ਾਪਿੰਗ ਮਾਲਾਂ ਜਾਂ ਘਰਾਂ ਵਿੱਚ ਤਬਦੀਲ ਹੋ ਗਏ ਹਨ। ਸ਼ਹਿਰਾਂ ਵਿੱਚ ਪਾਰਕਾਂ ਵਾਲ਼ੀ ਜਗਾਹ ਤੇ ਵੀ ਇਹਨਾਂ ਬਿਲਡਰਾਂ ਦੀ ਅੱਖ ਹੈ ਪਤਾ ਨਹੀ ਕਦੋਂ ਕਿਸ ਪਾਰਕ ਦਾ ਭੋਗ ਪੈ ਜਾਵੇ। ਇਹਨਾਂ ਥਾਵਾਂ ਤੇ, ਧਰਤੀ ਵਿੱਚ ਕਿੰਨਾ ਜੀਅ ਜੰਤ ਰਹਿੰਦਾ ਸੀ, ਸਭ ਖਤਮ ਹੋ ਗਏ ਹਨ। ਇਹ ਫਾਰਮ ਕਿੰਨੇ ਲੋਕਾਂ ਦਾ ਢਿੱਡ ਭਰਦੇ ਸਨ ਅੱਜ ਕੰਕਰੀਟ ਦੇ ਜੰਗਲ਼ ਬਣ ਗਏ ਹਨ। ਪਿਛਲੇ ਦਹਾਕੇ ਵਿੱਚ ਇੰਡੀਆ ਦੀ 16 ਹਜ਼ਾਰ ਵਰਗ ਕਿਲੋਮੀਟਰ ਫਾਰਮਲੈਂਡ, ਸ਼ਹਿਰੀ ਵਿਕਾਸ ਜਾਂ ਵੱਡੇ ਵੱਡੇ ਹਾਈਵੇ ਬਨਉਣ ਵਿੱਚ ਚਲੀ ਗਈ। ਇੰਡੀਆ ਜਿਸ ਦੀ ਤੀਹ ਪਰਸੈਂਟ ਅਬਾਦੀ ਪਹਿਲਾਂ ਹੀ ਭੁੱਖਮਰੀ ਦਾ ਸ਼ਿਕਾਰ ਹੈ। ਕਨੇਡਾ ਅਤੇ ਅਮਰੀਕਾ ਤਾਂ ਦਾ ਤਾਂ ਕਹਿਣਾ ਹੀ ਕੀ, ਇੱਥੇ ਤਾਂ ਏਕੜਾਂ ਵਿੱਚ ਪਿਆ ਹੋਇਆ ਘਰ ਤੁਹਾਡਾ ਸਮਾਜਿਕ ਰੁਤਬਾ ਉਚਾ ਕਰ ਦਿੰਦਾ ਹੈ, ਅਫਸੋਸ ਨਾਲ਼ ਇਹ ਸਾਡੇ ਲੋਕਾਂ ਦੀ ਸੋਚ ਹੈ। ਇਸ ਦੁਨੀਆਂ ਵਿੱਚ ਵੀਹ ਲੱਖ ਏਕੜ ਖੇਤੀ ਯੋਗ ਜ਼ਮੀਨ ਹਰ ਸਾਲ ਸ਼ਹਿਰ ਅਤੇ ਸੜਕਾਂ ਖਾ ਜਾਂਦੀਆਂ ਹਨ। ਹਜ਼ਾਰਾਂ ਏਕੜ ਜ਼ਮੀਨ ਸੋਨੇ, ਤਾਂਬਾ, ਕੋਇਲੇ ਦੀਆਂ ਖਾਣਾਂ ਦੇ ਧੱਕੇ ਚੜ੍ਹ ਰਹੀ ਹੈ। ਖਣਿਜ ਪਦਾਰਥ ਮੁੱਕਣ ਤੇ ਇਹਨਾਂ ਖਾਣਾਂ ਨੂੰ ਲਾਵਾਰਿਸ ਹੀ ਛੱਡ ਦਿੱਤਾ ਜਾਂਦਾ ਹੈ। ਧਰਤੀ ਅਤੇ ਪਹਾੜਾਂ ਚੋਂ ਬਜ਼ਰੀ ਕੱਢਣ ਦੇ ਚੱਕਰ ਵੀ ਬਹੁਤ ਜ਼ਮੀਨ ਖਾ ਰਿਹਾ ਹੈ। ਜੇਕਰ ਵਿਕਾਸ ਦੀ ਦਰ ਇਹੀ ਰਹੀ ਤਾਂ ਮਨੁੱਖਤਾ ਲਈ ਅੰਨ ਕਿੱਥੋਂ ਆਵੇਗਾ ਕਿਉਂਕਿ ਇਸ ਧਰਤੀ ਦੀ ਅਬਾਦੀ 2050 ਤੱਕ ਦਸ ਅਰਬ ਹੋ ਜਾਣੀ ਹੈ। ਪਰ ਸਾਡੀ ਤਰਾਸਦੀ ਇਹ ਹੈ ਕਿ ਅਸੀਂ ਤਾਂ ਅੱਜ ਵਾਰੇ ਸੋਚ ਰਹੇ ਹਾਂ ਕੱਲ ਦੀ ਚਿੰਤਾ ਤਾਂ ਉਪਰ ਵਾਲ਼ੇ ਤੇ ਛੱਡੀ ਹੋਈ ਹੈ। ਇਹ ਅਖੌਤੀ ਵਿਕਾਸ ਧਰਤੀ ਤੋਂ ਬਨਸਪਤੀ ਖਤਮ ਕਰਕੇ ਤਾਪਮਾਨ ਵਧਣ ਦਾ ਕਾਰਨ ਵੀ ਹੈ। ਧਰਤੀ ਦਾ ਵਧ ਰਿਹਾ ਤਾਪਮਾਨ ਜਿਸਦੇ ਲਈ ਮਨੁੱਖੀ ਗਤੀਵਿਧੀਆਂ ਬਹੁਤ ਹੱਦ ਤੱਕ ਜਿੰਮੇਵਾਰ ਹਨ ਵੀ ਜ਼ਮੀਨ ਨੂੰ ਬਹਤ ਵੱਡਾ ਖੋਰਾ ਲਾ ਰਿਹਾ ਹੈ, ਜੇਕਰ ਧਰਤੀ ਦਾ ਤਾਪਮਾਨ 2 ਡਿਗਰੀ ਵਧ ਗਿਆ ਤਾਂ ਸਮੁੰਦਰ ਦਾ ਲੈਵਲ ਦੋ ਮੀਟਰ ਉਚਾ ਹੋ ਜਾਵੇਗਾ ਅਤੇ ਸੱਤ ਲੱਖ ਵਰਗ ਕਿਲੋਮੀਟਰ ਜ਼ਮੀਨ ਪਾਣੀ ਹੇਠਾਂ ਆ ਜਾਵੇਗੀ ਅਤੇ 1871 ਮਿਲੀਅਨ ਲੋਕ ਬੇਘਰੇ ਹੋ ਜਾਣਗੇ। ਵਧ ਰਹੇ ਤਾਪਮਾਨ ਨੇ ਕਿੰਨੇ ਹੀ ਦਰਿਆ ਸੁਕਾ ਦਿੱਤੇ ਹਨ, ਅੱਜ ਕੱਲ੍ਹ ਫਰਾਂਸ ਦੇ ਇੱਕ ਦਰਿਆ ਦਾ ਰੌਲ਼ਾ ਪੈ ਰਿਹਾ ਹੈ, ਜਿਸ ਦਰਿਆ ਵਿੱਚ ਜਹਾਜਰਾਨੀ ਹੁੰਦੀ ਸੀ, ਰੇਤੇ ਦਾ ਮਾਰੂਥਲ ਬਣ ਗਿਆ ਹੈ। ਦਰਿਆਵਾਂ ਦਾ ਇਹ ਹਾਲ ਦੇਖ ਕੇ, ਹੁਣ ਤਾਂ ਇਹਨਾਂ ਪੈਸੇ ਦੇ ਢੇਰਾਂ ਤੇ ਬੈਠਣ ਵਾਲ਼ਿਆਂ ਨੂੰ ਥੋੜ੍ਹੀ ਬਹੁਤੀ ਸ਼ਰਮ ਆਉਣੀ ਚਾਹੀਦੀ ਹੈ। ਜਿਵੇਂ ਸਾਉਣ ਦੇ ਅੰਨੇ ਨੂੰ ਹਰਾ ਹਰਾ ਹੀ ਦਿਸਦਾ ਹੈ, ਹੋ ਸਕਦਾ ਇਹ ਵੀ ਸੋਚਦੇ ਹੋਣਗੇ ਕਿ ਚਲੋ ਦਰਿਆ ਤਾਂ ਸੁੱਕ ਗਿਆ ਹੁਣ ਰੇਤਾ ਵੇਚ ਕੇ ਹੀ ਪੈਸੇ ਬਣਾ ਲਈਏ। ਇਹਨਾਂ ਕਾਰਪੋਰੇਟ ਅਦਾਰਿਆਂ ਨੂੰ ਤਾਂ ਹਰ ਵੇਲ਼ੇ ਨਫ਼ੇ ਦੇ ਸੁਪਨੇ ਆਂਉਦੇ ਰਹਿੰਦੇ ਹਨ।

ਅੱਜ ਦੇ ਸਮੇਂ ਦਿਖਾਵੇ ਦਾ ਕਲਚਰ ਭਾਰੂ ਹੋ ਗਿਆ ਹੈ। ਹਰ ਕੋਈ ਵੱਡੇ ਘਰਾਂ ਵਿੱਚ ਰਹਿਣਾ ਚਾਹੁੰਦਾ ਹੈ, ਵੱਡੀਆਂ ਵੱਡੀਆਂ ਕਾਰਾਂ ਰੱਖਣੀਆਂ ਚਾਹੁੰਦਾ ਹੈ, ਹਰ ਕੋਈ ਇੱਕ ਦੂਜੇ ਤੋਂ ਉਚਾ ਦਿਸਣਾ ਚਾਂਹੁੰਦਾ ਹੈ, ਉਹਨਾਂ ਦੀ ਇਸ ਅਯਾਸ਼ੀ ਲਈ ਕੁਦਰਤ ਦਾ ਕਿੰਨਾ ਘਾਣ ਹੁੰਦਾ ਹੈ ਇਸਦੀ ਕੋਈ ਪਰਵਾਹ ਨਹੀਂ ਕਰਦਾ। ਕਈ ਲੋਕ ਸੋਲਾਂ ਸੋਲਾਂ ਹਜਾਰ ਵਰਗ ਫੁੱਟ ਦੇ ਘਰਾਂ ਵਿੱਚ ਰਹਿ ਰਹੇ ਹਨ, ਸਿਰਫ ਦੋ ਜੀਅ, ਇਹ ਕੋਈ ਸਟੇਟਸ ਨਹੀਂ ਹੈ ਪਰ ਕਰਾਈਮ ਹੈ। ਛੇ ਛੇ ਗਰਾਜਾਂ ਵਾਲ਼ੇ ਘਰ ਹਨ, ਘਰ ਵਿੱਚ ਦੋ ਜੀਅ ਰਹਿੰਦੇ ਹਨ, ਘਰੇ ਦੋ ਕਾਰਾਂ ਹਨ। ਫਿਰ ਬਾਕੀ ਗਰਾਜ ਕਿਸ ਵਾਸਤੇ ਹਨ, ਕਹਿ ਦਿੰਦੇ ਹਨ ਕਿ ਦੋਸਤਾਂ ਜਾਂ ਰਿਸ਼ਤੇਦਾਰਾਂ ਵਾਸਤੇ, ਕੀ ਦੋਸਤ ਜਾਂ ਰਿਸ਼ਤੇਦਾਰ ਹਰ ਰੋਜ ਆਉਂਦੇ ਹਨ? ਘਰ ਵਿੱਚ ਇੱਕ ਅੱਧਾ ਕੈਂਪਰ ਵੀ ਜਰੂਰ ਖੜ੍ਹਾ ਹੋਵੇਗਾ, ਲੋਕਾਂ ਨੂੰ ਦਿਖਾਉਣ ਵਾਸਤੇ। ਮੈਨੂੰ ਸਮਝ ਨਹੀਂ ਆਉਂਦੀ ਇਹਨਾਂ ਅਮੀਰਾਂ ਦੇ ਦਿਲ ਵਿੱਚ ਇਹ ਕਿਉਂ ਨਹੀਂ ਆਉਂਦਾ ਕਿ ਇਹ ਤੁਹਾਡਾ ਦਿਖਾਵਾ ਕਿੰਨੇ ਲੋਕਾਂ ਦੀ ਭੁੱਖ ਦਾ ਕਾਰਨ ਬਣਦਾ ਹੈ। ਕਈ ਅਮੀਰਜ਼ਾਦਿਆਂ ਨੇ ਵੱਖ-ਵੱਖ ਮੁਲਕਾਂ ਵਿੱਚ ਘਰ ਬਣਾ ਕੇ ਰੱਖੇ ਹੋਏ ਹਨ ਜਿਹੜੇ ਕਿ ਸਾਲ ਦਾ ਬਹੁਤਾ ਸਮਾਂ ਖਾਲੀ ਹੀ ਰਹਿੰਦੇ ਹਨ। ਸਾਡੇ ਲੋਕ ਵੱਡਾ ਘਰ ਬਣਾ ਕੇ, ਦੂਜਿਆਂ ਤੇ ਰੋਹਬ ਪਾਉਣ ਲਈ ਕੱਠ ਵੀ ਜ਼ਰੂਰ ਕਰਦੇ ਹਨ, ਸਵੇਰੇ ਪਾਠ ਦਾ ਭੋਗ ਪਾਉਂਦੇ ਹਨ ਤੇ ਰਾਤ ਨੂੰ ਸ਼ਕਤੀ ਵਾਟਰ ਦਾ ਲੰਗਰ ਲਾਂਉਦੇ ਹਨ, ਮਹਿਮਾਨਾ ਵੱਲੋਂ ਫਿਰ ਝੂਠੀਆਂ ਸੱਚੀਆਂ ਤਰੀਫਾਂ ਦੇ ਪੁਲ਼ ਬੰਨ੍ਹੇ ਜਾਂਦੇ ਹਨ, ਮੇਜ਼ਬਾਨ ਖੁਸ਼ ਹੋ ਜਾਂਦਾ ਹੈ ਕਿ ਐਨੇ ਬੰਦਿਆਂ ਵਿੱਚ ਮੇਰੀ ਭਲ਼ ਬਣ ਗਈ ਹੈ। ਵਧੀਆ ਏਰੀਏ ਵਿੱਚ ਸਾਡੇ ਲੋਕ ਆਪਦਾ ਘਰ ਪਾ ਕੇ ਦੂਜੇ ਏਰੀਏ ਨੂੰ ਵੱਡਾ ਵੇਹੜਾ ਹੀ ਦਸਦੇ ਹਨ। ਇਹ ਹੰਕਾਰ ਕੈਲਗਰੀ, ਸਰੀ ਅਤੇ ਐਬਟਸਫੋਰਡ ਵਿੱਚ ਮੈਂ ਆਮ ਸੁਣਿਆ ਹੈ। ਪਹਾੜੀਆਂ ਜਿਹੜੀਆਂ ਕਿ ਵਾਤਾਵਰਣ ਨੂੰ ਠੀਕ ਰੱਖਣ ਲਈ ਜ਼ਰੂਰੀ ਹਨ ਅਤੇ ਜਿੰਨਾਂ ਤੇ ਬਹੁਤ ਹੀ ਜ਼ਰੂਰੀ ਬਨਸਪਤੀ ਹੁੰਦੀ ਹੈ ਤੇ ਕਿੰਨੇ ਜਾਨਵਰਾਂ ਦਾ ਘਰ ਹੁੰਦੀਆਂ ਹਨ ਅੱਜ ਰੋੜੀਆਂ ਭੋਂਡੀਆਂ ਕਰਕੇ ਸੜਕਾਂ ਅਤੇ ਘਰ ਬਨਾਉਣ ਲਈ ਵਰਤੀਆਂ ਜਾਂਦੀਆਂ ਹਨ। ਪਹਾੜਾਂ ਨੂੰ ਸਾਫ ਕਰਕੇ ਜਿਹੜਾ ਬਸਤੀਆਂ ਬਣਾਉਣ ਦਾ ਚੱਕਰ ਚੱਲਿਆ ਹੈ ਇਸਨੇ ਪਹਾੜਾਂ ਦੇ ਖਿਸਕਣ ਦੀ ਪ੍ਰਕਿਰਿਆ ਬਹੁਤ ਵਧਾ ਦਿੱਤੀ ਹੈ। ਅਕਸਰ ਹੀ ਇਹ ਖਬਰਾਂ ਸੁਣਨ ਵਿੱਚ ਆਉਂਦੀਆਂ ਰਹਿੰਦੀਆਂ ਹਨ ਕਿ ਫਲਾਣੀ ਜਗਾਹ ਪਹਾੜ ਖਿਸਕਣ ਨਾਲ਼ ਐਨੇ ਲੋਕ ਮਰ ਗਏ ਪਰ ਪਹਾੜ ਦੇ ਖਿਸਕਣ ਦੇ ਕਾਰਨ ਵਾਰੇ ਕੋਈ ਗੱਲ ਨਹੀ ਕਰਦਾ। ਕੈਨੇਡਾ ਵਿੱਚ ਤਾਂ ਬਦੇਸ਼ੀ ਸਟੂਡੈਂਟਾਂ ਦੀ ਅਤੇ ਆਰਜੀ ਕਾਮਿਆਂ ਦੀ ਲੁੱਟ ਨੇ ਨਵੇਂ ਨਵੇਂ ਮਿਲੀਆਨੇਅਰ ਪੈਦਾ ਕਰ ਦਿੱਤੇ ਹਨ, ਜਿਹੜੇ ਕਿ ਦੂਜੇ ਲੋਕਾਂ ਨੂੰ ਕੁੱਝ ਨਹੀ ਸਮਜਦੇ। ਕੋਈ ਸਤਾਈ ਮੰਜਲੇ ਘਰ ਵਿੱਚ ਬੈਠ ਕੇ, ਝੁੱਗੀਆਂ ਤੇ ਹੱਸਦਾ ਹੈ ਪਰ ਉਹ ਇਹ ਨਹੀਂ ਸੋਚਦਾ ਕਿ ਇਹਨਾਂ ਝੁੱਗੀਆਂ ਵਿੱਚ ਰਹਿਣ ਵਾਲ਼ੇ ਮਜ਼ਦੂਰਾਂ ਨੇ ਹੀ ਉਸ ਨੂੰ ਮਹਿਲਾਂ ਵਿੱਚ ਬਠਾਇਆ ਹੈ। ਉਸ ਨੂੰ ਸ਼ਾਇਦ ਪਤਾ ਨਹੀਂ ਕਿ ਅੰਦਰ ਹੀ ਅੰਦਰ ਸੁਲਗ ਰਹੇ ਗੁੱਸੇ ਕਰਕੇ ਇਹਨਾਂ ਝੁੱਗੀਆਂ ਵਿੱਚ ਜਿਹੜਾ ਤੂਫਾਨ ਪੈਦਾ ਹੋ ਰਿਹਾ ਹੈ ਇਸਦੇ ਸਾਹਮਣੇ ਸਤਾਈ ਮੰਜ਼ਲਾਂ ਘਾਹ ਫੂਸ ਵਾਂਗ ਉਡ ਜਾਣਗੀਆਂ। ਸਾਡੀਆਂ ਸਰਕਾਰਾਂ ਨੇ ਜਾਂ ਇਹ ਕਹਿ ਲਈਏ ਇਹਨਾਂ ਦੀਆਂ ਸਰਕਾਰਾਂ ਨੇ ਜਿਹੜੀਆਂ ਟੈਕਸ ਚੋਰੀ ਕਰਨ ਦੀਆਂ ਮੋਰੀਆਂ ਰੱਖੀਆਂ ਹਨ, ਮਜ਼ਦੂਰਾਂ ਨੂੰ ਲੁੱਟਣ ਦੀ ਖੁੱਲ ਦਿੱਤੀ ਹੈ, ਇਹ ਸਭ ਕੁੱਝ ਇਸੇ ਦਾ ਨਤੀਜਾ ਹੈ। ਸਰਕਾਰਾਂ ਵੱਲੋਂ ਘਰਾਂ ਦੇ ਸਾਈਜ ਤੇ ਲਿਮਿਟ ਲਾਉਣੀ ਚਾਹੀਦੀ ਹੈ ਅਤੇ ਕਿਸੇ ਦਿਨ ਲਾਉਣੀ ਹੀ ਪਵੇਗੀ। ਇਹ ਤਾਂ ਸ਼ਾਇਦ ਤਦ ਹੀ ਸੰਭਵ ਹੋ ਸਕੇਗਾ ਜਦ ਸਿਅਸਤ ਕਾਰਪੋਰੇਟ ਕਲਚਰ ਦੇ ਚੁੰਗਲ਼ ਵਿੱਚੋਂ ਨਿਕਲ਼ ਸਕੇਗੀ।

ਸਮੁੰਦਰਾਂ, ਦਰਿਆਵਾਂ, ਝੀਲਾਂ ਦੇ ਕੰਢਿਆਂ ਤੇ ਝਾੜੀਆਂ ਉਗੀਆਂ ਹੁੰਦੀਆਂ ਹਨ, ਜਿਹੜੀਆਂ ਜ਼ਮੀਨ ਦੇ ਖੋਰੇ ਨੂੰ ਬਚਾਉਂਦੀਆ ਹਨ ਪਰ ਸਦਕੇ ਜਾਈਏ ਇਹਨਾਂ ਸ਼ਾਹੂਕਾਰਾਂ ਤੋਂ ਕਿ ਸਮੂੰਦਰਾਂ, ਦਰਿਆਵਾਂ ਦੇ ਕੰਢੇ ਸਾਫ ਕਰਕੇ ਘਰ ਬਣਾਏ ਹਨ ਤਾਂ ਕਿ ਇਹਨਾਂ ਸ਼ਹਿਜਾਦਿਆਂ ਨੂੰ ਪਾਣੀ ਦਿਸਦਾ ਰਹੇ। ਝਾੜੀਆਂ ਰਹਿਤ ਦਰਿਆਵਾਂ ਵਿੱਚ ਜਦ ਹੜ ਆਉਂਦਾ ਹੈ ਤਾਂ ਬਹੁਤ ਹੀ ਉਪਜਾਊ ਮਿੱਟੀ ਆਪ ਦੇ ਨਾਲ਼ ਖੋਰ ਕੇ ਲੈ ਜਾਂਦਾ ਹੈ, ਇਕ ਅੰਦਾਜ਼ੇ ਮੁਤਾਬਿਕ ਹਰ ਸਾਲ 36 ਬਿਲੀਅਨ ਟਨ ਮਿੱਟੀ 'ਟੌਪ ਸੋਇਲ' ਖੁਰ ਜਾਂਦੀ ਹੈ। ਇਹ ਝਾੜੀਆਂ ਵੱਢਣ ਦਾ ਇੱਕ ਹੋਰ ਕਾਰਨ ਵੀ ਹੈ ਤਾਂ ਕਿ ਬੀਚ ਏਰੀਏ ਨੂੰ ਵੱਡਾ ਕੀਤਾ ਜਾ ਸਕੇ ਤਾਂ ਕਿ ਸਮੁੰਦਰ ਦੇ ਕੰਢਿਆਂ ਤੇ ਬਣੇ ਇਹ ਹੋਟਲ਼ ਹੋਰ ਪੈਸਾ ਇਹਨਾਂ ਕਾਰਪੋਰੇਸ਼ਨਾਂ ਦੀ ਝੋਲ਼ੀ ਪਾ ਸਕਣ। ਹੁਣ ਜਦੋਂ ਸਮੁੰਦਰ ਵਿੱਚ ਸੁਨਾਮੀ ਆਉਂਦੀ ਹੈ ਤਾਂ ਉਹ ਸਿੱਧੀ ਹੋਟਲ਼ਾਂ, ਘਰਾਂ ਨੂੰ ਤਬਾਹ ਕਰ ਦਿੰਦੀ ਹੈ ਤੇ ਕਿੰਨੇ ਹੀ ਜੀਵ ਜੰਤੂਆਂ, ਮਨੁੱਖਾਂ ਦੀ ਜਾਨ ਦੀ ਬਲੀ ਲੈ ਲੈਂਦੀ ਹੈ ਅਤੇ ਕਿੰਨੀ ਹੀ ਉਪਜਾਊ ਜ਼ਮੀਨ ਤੇ ਕਈ ਕਈ ਫੁੱਟ ਰੇਤ ਚਾੜ੍ਹ ਦਿੰਦੀ ਹੈ। ਜੰਗਲਾ ਨੂੰ ਸਾਫ ਕਰਕੇ ਵੱਡੇ ਵੱਡੇ ਗਲ਼ਫ ਕੋਰਸ ਬਣਾਏ ਜਾਂਦੇ ਹਨ ਤਾਂ ਕਿ ਗਲ਼ਫ ਦੀ ਗੇਮ ਤੋਂ ਵੱਧ ਤੋਂ ਵੱਧ

(ਬਾਕੀ ਸਫ਼ਾ 12 'ਤੇ)







SAROKARAN DI AWAZ

Publisher
Pro-People Arts Project Media Group 29 Mapleview Ave, Brampton Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr (Punjab)
946-347-4342
atoozed@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211


Graphic Desinger
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਵਲੋਂ ਕੈਨੇਡਾ ਡੇਅ ਮਲਟੀਕਲਚਰਲ ਫੈਸਟੀਵਲ ਦੇ ਤੌਰ 'ਤੇ ਸ਼ਾਨਦਾਰ ਢੰਗ ਨਾਲ ਮਨਾਇਆ







ਬਰੈਂਪਟਨ, (ਅਦਾਰਾ ਸਰੋਕਾਰਾਂ ਦੀ ਅਵਾਜ਼) : ਬਰੈਂਪਟਨ ਵਿਚ ਸਰਗਰਮ ਸਾਰੀਆਂ ਸੀਨੀਅਰਜ਼ ਕਲੱਬਾਂ ਦੇ ਸਹਿਯੋਗ ਨਾਲ, ਉਨ੍ਹਾਂ ਵਿਚਕਾਰ ਆਪਸੀ ਤਾਲਮੇਲ ਕਰਨ ਵਾਲੀ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਨੇ ਪਿਛਲੇ ਦਿਨੀਂ ਸੋਕਰ ਸੈਂਟਰ ਦੇ ਵੱਡੇ ਹਾਲ ਵਿਚ ਕੈਨੇਡਾ ਡੇਅ ਮਨਾਉਣ ਲਈ ਵਿਸ਼ਾਲ ਫੰਕਸ਼ਨ ਕੀਤਾ। ਇਸ ਵਿਚ ਬਹੁਤ ਵੱਡੀ ਗਿਣਤੀ ਵਿਚ ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ ਨੇ ਆਪਣੇ ਮੁਖੀਆਂ ਤੇ ਕਾਰਜਕਾਰੀ ਕਮੇਟੀਆਂ ਸਮੇਤ ਵੱਧ ਚੜ੍ਹ ਕੇ ਹਿੱਸਾ ਲਿਆ। ਪ੍ਰਬੰਧਕਾਂ ਵਲੋਂ ਦਰਸ਼ਕਾਂ ਦੇ ਭਰਪੂਰ ਹੁੰਗਾਰੇ ਪ੍ਰਤੀ ਆਸਵੰਦ ਹੁੰਦਿਆਂ ਬੈਠਣ ਲਈ ਤੇ ਫੂਡ ਸਪਲਾਈ ਲਈ ਕੀਤੇ ਗਏ ਖੁੱਲ੍ਹੇ ਪ੍ਰਬੰਧ ਵੀ ਥੁੜ ਗਏ, ਜਦੋਂ ਸੀਨੀਅਰਜ਼ ਕਾਫਲਿਆਂ ਦੇ ਰੂਪ ਵਿਚ ਵਹੀਰਾ ਘਤੀ, ਸਜ ਧਜ ਕੇ ਪਹੁੰਚਣ ਲੱਗੇ। ਪਿਛਲੇ ਦੋ ਸਾਲਾਂ ਤੋਂ ਕਰੋਨਾ ਮਹਾਂਮਾਰੀ ਦੇ ਸੰਤਾਪ ਦੀ ਚੱਲੀ ਹਨ੍ਹੇਰੀ ਹੁਣ ਕਾਫ਼ੀ ਹੱਦ ਤੱਕ ਠਲ ਗਈਸੀ ਤੇ ਸੀਨੀਅਰਜ਼ ਹੁਣ ਇਕ ਵਾਰ ਫਿਰ ਪਹਿਲੇ ਜਲੌਅ 'ਤੇ ਮਾਨਸਿਕ ਤੌਰ 'ਤੇ ਚੜ੍ਹਦੀ ਕਲਾ ਵਿਚ ਆ ਗਏ ਸਨ। ਸਭ ਤੋਂ ਪਹਿਲਾਂ ਫੰਕਸ਼ਨ ਦੀ ਸ਼ੁਰੂਆਤ 'ਓ ਕੈਨੇਡਾ' ਦੇ ਕੌਮੀ ਗੀਤ ਨਾਲ ਕੀਤੀ ਗਈ। ਜਿਸਨੂੰ ਸਕੂਲ ਪੜ੍ਹਦੀ ਬੱਚੀ ਅਸ਼ਨੀਰ ਮਾਂਗਟ ਨੇ ਬਹੁਤ ਹੀ ਮਧੁਰ ਅਵਾਜ਼ ਵਿਚ ਗਾਇਆ ਤੇ ਸਾਰੇ ਸਰੋਤਿਆਂ ਦੀ ਵਾਹ ਵਾਹ ਖੱਟੀ। ਇਸ ਦੇ ਨਾਲ ਹੀ ਸਾਹਿਤਕ ਮੰਡਲੀ ਭਦੌੜ ਵਲੋਂ ਵਧੀਆ ਸਾਹਿਤਕ ਤੇ ਅਗਾਂਹਵਧੂ ਗੀਤ, ਜਿਨ੍ਹਾਂ ਵਿਚ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ਸ਼ੀਲ ਰਹਿਣ ਦਾਸੁਨੇਹਾ ਸੀ, ਸੁਣਾਏ ਗਏ। 95 ਸਾਲ ਦੀ ਉਮਰ ਹੰਢਾ ਚੁੱਕੇ ਤਿੰਨ ਸੀਨੀਅਰਜ਼ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਉਨ੍ਹਾਂ ਤੋਂ ਤੰਦਰੁਸਤ, ਰੋਗ ਰਹਿਤ, ਲੰਮੀ ਜ਼ਿੰਦਗੀ ਦੇ ਤਜਰਬੇ ਸਬੰਧੀ ਪ੍ਰਸ਼ਨ ਪੁੱਛੇ ਗਏ। ਔਜਲਾ ਬ੍ਰਦਰਜ਼ ਦੇ ਸੰਗੀਤ ਤੇ ਸਭਿਆਚਾਰਕ ਗੀਤਾਂ ਨੇ ਸਾਰਾ ਪੰਡਾਲ ਹੀ ਨੱਚਣ ਲਾ ਦਿੱਤਾ। ਸਹਾਰਾ ਸੀਨੀਅਰਜ਼ ਕਲੱਬ ਮਿਸੀਸਾਗਾ ਵਲੋਂ ਲੇਡੀਜ਼ ਦੇ ਗਿੱਧੇ ਦੀ ਪੇਸਕਾਰੀ ਸੱਚਮੁੱਚ ਹੀ ਲਾਮਿਸਾਲ ਸੀ। ਸੁਖਪਾਲ ਸੋਚ ਤੇ ਉਨ੍ਹਾਂ ਦੀ ਸਾਰੀ ਟੀਮ ਵਧਾਈ ਦੀ ਪਾਤਰ ਹੈ। ਮਿਸੀਸਾਵਾ ਵਲੋਂ ਸਰਵਣ ਸਿੰਘ ਲਿੱਧੜ ਵਲੋਂ ਵੀ ਹਾਜ਼ਰੀ ਲਗਵਾਈ ਗਈ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ, ਕੰਪਿਊਟਰ ਦੀ ਸੀਨੀਅਰਜ਼ ਨੂੰ ਸਿਖਲਾਈ ਦੇਣ ਵਾਲੇ ਕਿਰਪਾਲ ਸਿੰਘ ਪੰਨੂੰ, ਡਾਇਬਟੀਜ਼ ਰੋਗ ਬਾਰੇ ਸੀਨੀਅਰਜ਼ ਨੂੰ ਸੁਚੇਤ ਕਰਨ ਵਾਲੇ ਡਾ. ਹਰਪ੍ਰੀਤ ਬਜਾਜ, ਤਰਕਸ਼ੀਲ ਵਿਦਵਾਨ ਡਾ. ਬਲਜਿੰਦਰ ਸਿੰਘ ਸੇਖੋਂ ਤੇ ਐਮ.ਪੀ. ਸੋਨੀਆ ਸਿੱਧੂ ਸੀਨੀਅਰਜ਼ ਨੂੰ ਵਧਾਈ ਦੇਣ ਲਈ ਹਾਜ਼ਰ ਸਨ ਜਿਨ੍ਹਾਂ ਨੂੰ ਐਸੋਸੀਏਸ਼ਨ ਆਫ਼ ਸੀਨੀਅਰਜ਼ ਵਲੋਂ ਆਪਣੀਆਂ ਮੰਗਾਂ ਬਾਰੇ ਲਿਖਤੀ ਪੇਪਰ ਦੇ ਕੇ ਉਨ੍ਹਾਂ ਦੀ ਹਮਾਇਤ ਮੰਗੀ ਗਈ। ਬ੍ਰਗੇਡੀਅਰ ਨਵਾਬ ਸਿੰਘ ਹੀਰ ਤੇ ਗੁਰਪ੍ਰੀਤ ਸਿੰਘ ਕੌਂਸਲਰ ਤੇ ਬਲਜਿੰਦਰ ਸਿੰਘ ਸੇਖੋਂ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਫਾਊਂਡਰ ਮੈਂਬਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਜਿਨ੍ਹਾਂ ਦੀ ਸੂਝ ਤੇ ਦਲੇਰੀ ਨਾਲ ਕੀਤੀ ਅਗਵਾਈ ਕਾਰਨ ਅੱਜ ਇਹ ਸੰਸਥਾ ਪੱਕੇ ਪੈਰੀਂ ਹੋ ਕੇ ਅੱਗੇ ਵੱਧ ਰਹੀ ਹੈ। ਇਨ੍ਹਾਂ ਵਿਚ ਪ੍ਰਮਜੀਤ ਸਿੰਘ ਬੜਿੰਗ ਪ੍ਰਧਾਨ, ਕਰਤਾਰ ਸਿੰਘ ਚਾਹਲ ਕੈਸ਼ੀਅਰ ਅਤੇ ਬਲਵਿੰਦਰ ਸਿੰਘ ਬਰਾੜ ਉਪ ਪ੍ਰਧਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਸਾਰਿਆਂ ਨੇ ਕਲੱਬਾਂ ਨੂੰ ਸਹੀ ਸੇਧ ਦੇਣ ਦੇ ਰਾਹ ਵਿਚ ਆਈਆਂ ਔਕੜਾਂ ਤੇ ਕੀਤੀਆਂ ਪ੍ਰਾਪਤੀਆਂ ਤੇ ਆਪਣੇ ਵਲੋਂ ਨਿਭਾਈ ਗਈ ਭੂਮਿਕਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਸਟੇਜ ਸੰਚਾਲਨ ਦੀ ਸਾਰੀ ਜ਼ਿੰਮੇਵਾਰੀ ਪ੍ਰੀਤਮ ਸਿੰਘ ਸਰਾਂ ਨੇ ਬਾਖੂਬੀ ਨਿਭਾਈ ਜਿਸ ਵਿਚ ਮਹਿੰਦਰ ਸਿੰਘ ਮੋਹੀ ਨੇ ਉਨ੍ਹਾਂ ਦਾ ਸਾਥ ਦਿੱਤਾ। ਸਰੋਕਾਰਾਂ ਦੀ ਆਵਾਜ਼ ਮੀਡੀਏ ਦੇ ਸੰਚਾਲਕ ਹਰਬੰਸ ਸਿੰਘ ਤੇ ਦਵਿੰਦਰ ਸਿੰਘ ਤੂਰ ਵਲੋਂ ਅਗਾਂਹਵਧੂ ਤੇ ਨਿਰੋਈ ਸਾਹਿਤਕ ਚੇਤਨਾ ਪੈਦਾ ਕਰਨ ਲਈ ਕਿਤਾਬਾਂ ਦਾ ਵੱਡਾ ਸਟਾਲ ਲਗਾਇਆ, ਜਿਥੇ ਕਿਤਾਬਾਂ ਪੜ੍ਹਨ ਵਿਚ ਰੁਚੀ ਰੱਖਣ ਵਾਲੇ ਸੂਝਵਾਨ ਸੀਨੀਅਰਜ਼ ਨੇ ਕਿਤਾਬਾਂ ਦੀ ਭਾਈ ਖਰੀਦ ਕੀਤੀ। ਡਾ. ਅਮਰਦੀਪ ਸਿੰਘ ਬਿਦਰਾ ਵਲੋਂ ਆਪਣੇ ਵਲੰਟੀਅਰਜ਼ ਰਾਹੀਂ ਸਾਰੇ ਸੀਨੀਅਰ ਦੀ ਰਜਿਸਟ੍ਰੇਸ਼ਨ ਕੀਤੀ ਗਈ। ਪ੍ਰਧਾਨ ਜੰਗੀਰ ਸਿੰਘ ਸੈਂਬੀ ਨੇ ਸਾਰੇ ਸੀਨੀਅਰਜ਼ ਤੇ ਉਨ੍ਹਾਂ ਦੇ ਵੱਖਰੇ-ਵੱਖਰੇ ਕਲੱਬਾਂ ਦੇ ਪ੍ਰਧਾਨ ਤੇ ਕਮੇਟੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਸੀਨੀਅਰਜ਼ ਦਾ ਵਿਸ਼ਾਲ ਫੰਕਸ਼ਨ ਕਾਮਯਾਬ ਹੋ ਸਕਿਆ। ਕੈਨੇਡਾ ਡੇਅ ਦੇ ਇਸ ਮਲਟੀਕਲਚਰਲ ਫੈਸਟੀਵਲ ਨੂੰ ਕਾਮਯਾਬ ਕਰਨ ਵਿਚ ਹੋਰਾਂ ਤੋਂ ਇਲਾਵਾ ਜੰਗੀਰ ਸਿੰਘ ਸੈਂਬੀ ਪ੍ਰਧਾਨ, ਪ੍ਰੀਤਮ ਸਿੰਘ ਸਰਾਂ ਸਕੱਤਰ, ਰਣਜੀਤ ਸਿੰਘ ਤੱਗੜ ਉਪ ਪ੍ਰਧਾਨ, ਅਮਰੀਕ ਸਿੰਘ ਕੁਮਾਰੀਆ ਵਿੱਤ ਸਕੱਤਰ, ਮਹਿੰਦਰ ਸਿੰਘ ਮੋਹੀ ਮੀਡੀਆ ਐਡਵਾਈਜ਼ਰ, ਇਕਬਾਲ ਸਿੰਘ ਵਿਰਕ ਡਾਇਰੈਕਟਰ ਤੇ ਪ੍ਰਿਤਪਾਲ ਸਿੰਘ ਗਰੇਵਾਲ ਡਾਇਰੈਕਟਰ ਨੇ ਵਿਸ਼ੇਸ਼ ਤੌਰ 'ਤੇ ਆਪਣਾ ਯੋਗਦਾਨ ਪਾਇਆ।




Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਨਾਰੀ ਸਨਮਾਨ ਦੇ ਹੋਕਰਿਆਂ ਦਰਮਿਆਨ ਬਲਾਤਕਾਰੀਆਂ ਦੀ ਸਜ਼ਾ ਮਾਫ਼ੀ ਦੇ ਮਾਇਨੇ


ਬੂਟਾ ਸਿੰਘ
ਮਹਿਮੂਦਪੁਰ
94634-74342



15 ਅਗਸਤ ਨੂੰ ਲਾਲ ਕਿਲ੍ਹੇ ਤੋਂ ਦਿੱਤੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਮੋਦੀ ਵੱਲੋਂ 'ਨਾਰੀ ਸ਼ਕਤੀ' ਅਤੇ 'ਨਾਰੀ ਸਨਮਾਨ' ਉੱਪਰ ਵਿਸ਼ੇਸ਼ ਜ਼ੋਰ ਦੇਣ ਅਤੇ ਉਸੇ ਦਿਨ ਗੁਜਰਾਤ ਸਰਕਾਰ ਵੱਲੋਂ ਬਿਲਕੀਸ ਬਾਨੋ ਕੇਸ ਦੇ ਮੁਜਰਿਮ 11 ਦਰਿੰਦਿਆਂ ਨੂੰ ਰਿਹਾਅ ਕਰਨ ਦਾ ਆਪਾਵਿਰੋਧੀ ਵਰਤਾਰਾ ਹੈਰਾਨੀਜਨਕ ਨਹੀਂ ਹੈ। ਇਸ ਦੀ ਬੁਨਿਆਦ ਆਰ.ਐੱਸ.ਐੱਸ.-ਭਾਜਪਾ ਦੀ ਵਿਚਾਰਧਾਰਾ ਹੈ ਜਿਸ ਦਾ ਸਾਕਾਰ ਰਾਜਸੀ ਰੂਪ 'ਗੁਜਰਾਤ ਮਾਡਲ' ਹੈ।

ਬਿਲਕੀਸ ਬਾਨੋ ਕੇਸ ਫਰਵਰੀ-ਮਾਰਚ 2002 'ਚ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਵਿਚਲਾ ਇਕ ਸਭ ਤੋਂ ਘਿਨਾਉਣਾ ਕਾਂਡ ਸੀ। 27 ਫਰਵਰੀ 2002 ਨੂੰ ਗੋਧਰਾ ਰੇਲਵੇ ਸਟੇਸ਼ਨ ਉੱਪਰ ਰੁਕੀ ਸਾਬਰਮਤੀ ਐਕਸਪ੍ਰੈੱਸ ਦਾ ਇਕ ਡੱਬਾ ਅੱਗਜ਼ਨੀ ਦੀ ਲਪੇਟ 'ਚ ਆ ਗਿਆ ਸੀ। ਡੱਬੇ 'ਚ ਸਵਾਰ ਅਯੁੱਧਿਆ ਤੋਂ ਪਰਤ ਰਹੇ 59 'ਕਾਰ ਸੇਵਕ' ਜ਼ਿੰਦਾ ਸੜ ਗਏ ਸਨ। ਇਹ ਅੱਗੇ ਕਿਵੇਂ ਲੱਗੀ, ਇਹ ਜਾਂਚ ਕਰਾਉਣ ਦੀ ਬਜਾਏ ਵਿਸ਼ਵ ਹਿੰਦੂ ਪ੍ਰੀਸ਼ਦ-ਬਜਰੰਗ ਦਲ ਦੇ ਆਗੂਆਂ ਨੇ ਇਸ ਦਾ ਦੋਸ਼ ਮੁਸਲਮਾਨਾਂ ਉੱਪਰ ਲਗਾ ਕੇ ਅਤੇ ਸੰਘ ਨੇ ਆਪਣੇ ਗੁਪਤਤੰਤਰ ਨੂੰ ਸਰਗਰਮ ਕਰਕੇ ਗਿਣੀ-ਮਿਥੀ ਯੋਜਨਾ ਤਹਿਤ ਪੂਰੇ ਗੁਜਰਾਤ 'ਚ ਮੁਸਲਮਾਨਾਂ ਦਾ ਕਤਲੇਆਮ ਕਰਨਾ ਸ਼ੁਰੂ ਦਿੱਤਾ। ਪਿੱਛੋਂ ਸੁਤੰਤਰ ਜਾਂਚ ਰਿਪੋਰਟਾਂ ਨੇ ਪੁਸ਼ਟੀ ਕੀਤੀ ਕਿ ਮੁਸਲਮਾਨਾਂ ਦਾ ਕਤਲੇਆਮ ਗੋਧਰਾ ਰੇਲ ਅੱਗਜ਼ਨੀ ਕਾਂਡ ਵਿਰੁੱਧ ਆਪਮੁਹਾਰਾ ਪ੍ਰਤੀਕਰਮ ਨਹੀਂ ਸੀ ਜਿਵੇਂ ਕਿ ਇਸ ਨੂੰ ਪੇਸ਼ ਕੀਤਾ ਗਿਆ। ਦਰਅਸਲ ਇਹ ਮੁਸਲਮਾਨ ਘੱਟਗਿਣਤੀ ਦੀ ਨਸਲਕੁਸ਼ੀ, ਸਮੂਹਿਕ ਬਲਾਤਕਾਰਾਂ ਅਤੇ ਆਰਥਕ ਤਬਾਹੀ ਦੀ ਪੂਰੀ ਤਰ੍ਹਾਂ ਗਿਣੀ-ਮਿਥੀ ਸਾਜ਼ਿਸ਼ ਸੀ। 2000 ਦੇ ਕਰੀਬ ਬੇਕਸੂਰ ਮੁਸਲਮਾਨਾਂ, ਬਜ਼ੁਰਗਾਂ, ਔਰਤਾਂ, ਬੱਚਿਆਂ ਨੂੰ ਬੇਕਿਰਕੀ ਨਾਲ ਵੱਢ-ਟੁੱਕ ਕੇ ਅਤੇ ਜਿਊਂਦਿਆਂ ਨੂੰ ਅੱਗ ਲਗਾ ਕੇ ਕਤਲ ਕੀਤਾ ਗਿਆ। ਸੈਂਕੜੇ ਮੁਸਲਮਾਨ ਔਰਤਾਂ ਅਤੇ ਬੱਚੀਆਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ। ਗਰਭਵਤੀ ਔਰਤਾਂ ਦੇ ਬਲਾਤਕਾਰ ਕਰਨ ਤੋਂ ਬਾਦ ਉਨ੍ਹਾਂ ਦੇ ਢਿੱਡ ਪਾੜ ਕੇ ਭਰੂਣ ਤ੍ਰਿਸ਼ੂਲਾਂ 'ਤੇ ਟੰਗ ਕੇ ਜਸ਼ਨ ਮਨਾਏ ਗਏ। ਇਹ ਸਭ ਨਰਿੰਦਰ ਮੋਦੀ ਸਰਕਾਰ ਦੀ ਰਾਜਸੀ ਛੱਤਰਛਾਇਆ ਅਤੇ ਰਾਜਤੰਤਰ ਦੀ ਮਿਲੀਭੁਗਤ ਨਾਲ ਵਾਪਰਿਆ। ਮੌਕੇ ਦੇ ਗਵਾਹ ਅਧਿਕਾਰੀਆਂ ਨੇ ਸਿੱਟ ਅੱਗੇ ਗਵਾਹੀ ਦਿੱਤੀ ਕਿ ਤੱਤਕਾਲੀ ਮੁੱਖ ਮੰਤਰੀ ਮੋਦੀ ਨੇ ਪੁਲਿਸ-ਸਿਵਿਲ ਪ੍ਰਸ਼ਾਸਨ ਦੇ ਆਹਲਾ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਹਦਾਇਤ ਕੀਤੀ ਸੀ ਕਿ ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦਿਓ ਅਤੇ ਉਨ੍ਹਾਂ ਨੂੰ ਰੋਕਿਆ ਨਾ ਜਾਵੇ। ਇੰਞ ਭਗਵੇਂ ਆਗੂਆਂ ਦੀ ਅਗਵਾਈ ਅਤੇ ਪੁਲਿਸ ਦੀ ਮੱਦਦ ਨਾਲ ਨਰੋਦਾ ਪਾਟੀਆ, ਬੈਸਟ ਬੇਕਰੀ, ਬਿਲਕੀਸ ਬਾਨੋ ਸਮੇਤ 300 ਦੇ ਕਰੀਬ ਕਾਂਡਾਂ ਨੂੰ ਅੰਜਾਮ ਦਿੱਤਾ ਗਿਆ।

ਬਿਲਕੀਸ ਬਾਨੋ ਉਦੋਂ 19 ਸਾਲ ਦੀ ਸੀ। ਗੋਧਰਾ ਕਾਂਡ ਤੋਂ ਬਾਦ ਉਸ ਦੇ ਪਿੰਡ ਉੱਪਰ ਵੀ ਕਾਤਿਲ ਹਜੂਮਾਂ ਨੇ ਹਮਲਾ ਕਰ ਦਿੱਤਾ। ਪਿੰਡ ਦੇ ਮੁਸਲਮਾਨਾਂ ਦਾ ਸ਼ਿਕਾਰ ਪਿੱਛਾ ਕਰਕੇ ਉਨ੍ਹਾਂ ਨੂੰ ਮਾਰਿਆ ਗਿਆ। ਬਿਲਕੀਸ ਪਰਿਵਾਰ ਦੇ ਸਤਾਰਾਂ ਮੈਂਬਰ ਕਿਸੇ ਤਰ੍ਹਾਂ ਬਚ ਕੇ ਧਾਰਮਿਕ ਸਥਾਨ 'ਚ ਜਾ ਲੁਕੇ। ਉੱਥੇ ਉਸ ਦੀ ਨਣਾਨ ਨੇ ਇਕ ਬੱਚੀ ਨੂੰ ਜਨਮ ਦਿੱਤਾ ਜੋ ਜਣੇਪੇ ਲਈ ਆਪਣੇ ਪੇਕੇ ਘਰ ਆਈ ਹੋਈ ਸੀ। 28 ਫਰਵਰੀ ਤੋਂ ਲੈ ਕੇ ਇਹ ਪਰਿਵਾਰ ਪਿੰਡਾਂ 'ਚ ਲੁਕ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕਰਦਿਆਂ ਇਕ ਟਰੱਕ 'ਚ ਸਵਾਰ ਹੋ ਕੇ ਜਾ ਰਿਹਾ ਸੀ ਜਦੋਂ 3 ਮਾਰਚ ਨੂੰ ਜੀਪਾਂ 'ਤੇ ਸਵਾਰ ਕਾਤਿਲ ਹਜੂਮ ਨੇ ਰੰਧੀਕਪੁਰ ਪਿੰਡ 'ਚ ਉਨ੍ਹਾਂ ਨੂੰ ਘੇਰ ਲਿਆ। ਹਮਲਾਵਰਾਂ ਵਿਚ 12 ਜਣੇ ਉਸ ਦੇ ਆਪਣੇ ਪਿੰਡ ਦੇ ਸਨ। ਬਿਲਕੀਸ ਬਾਨੋ ਦੀ ਤਿੰਨ ਸਾਲ ਦੀ ਬੱਚੀ ਸਾਲੇਹਾ ਨੂੰ ਪੱਥਰ 'ਤੇ ਪਟਕਾ ਕੇ ਮਾਰ ਦਿੱਤਾ ਗਿਆ। ਫਿਰ ਉਨ੍ਹਾਂ ਨੇ ਬਿਲਕੀਸ ਬਾਨੋ, ਜੋ ਪੰਜ ਮਹੀਨੇ ਦੀ ਗਰਭਵਤੀ ਸੀ, ਦੇ ਕੱਪੜੇ ਪਾੜ ਕੇ ਉਸ ਨਾਲ ਵਾਰ-ਵਾਰ ਸਮੂਹਿਕ ਬਲਾਤਕਾਰ ਕੀਤਾ ਅਤੇ ਛੁਰਿਆਂ ਨਾਲ ਉਸ ਦਾ ਜਿਸਮ ਪੱਛ ਦਿੱਤਾ ਗਿਆ। ਉਸ ਦੀ ਨਣਾਨ ਦਾ ਸਮੂਹਿਕ ਬਲਾਤਕਾਰ ਕਰਕੇ ਉਸ ਨੂੰ ਕਤਲ ਕਰ ਦਿੱਤਾ ਗਿਆ ਅਤੇ ਦੋ ਦਿਨ ਪਹਿਲਾਂ ਪੈਦਾ ਹੋਈ ਬਾਲੜੀ ਵੀ ਬੇਕਿਰਕੀ ਨਾਲ ਮਾਰ ਦਿੱਤੀ ਗਈ। ਉਸ ਦੇ 14 ਪਰਿਵਾਰ ਮੈਂਬਰ ਅਤੇ ਰਿਸ਼ਤੇਦਾਰ ਕਤਲ ਕਰ ਦਿੱਤੇ ਗਏ। ਜਦੋਂ ਬਿਲਕੀਸ ਬਾਨੋ ਨੂੰ ਹੋਸ਼ ਆਈ ਤਾਂ ਉਹ ਲਾਸ਼ਾਂ ਦਰਮਿਆਨ ਨਗਨ ਲਹੂ-ਲੁਹਾਣ ਹਾਲਤ 'ਚ ਪਈ ਸੀ। ਕਾਤਿਲ ਉਸ ਨੂੰ ਮਰੀ ਹੋਈ ਸਮਝ ਕੇ ਛੱਡ ਗਏ ਸਨ। ਉਸ ਨੇ ਉੱਥੇ ਖਿੱਲਰੇ ਲਹੂ ਭਿੱਜੇ ਕੱਪੜਿਆਂ ਨਾਲ ਆਪਣਾ ਨੰਗੇਜ਼ ਕੱਜਿਆ ਅਤੇ ਗੁਫ਼ਾ 'ਚ ਜਾ ਕੇ ਲੁਕ ਗਈ। ਜਦੋਂ ਉਸ ਨੇ ਪੁਲਿਸ ਤੱਕ ਪਹੁੰਚ ਕੀਤੀ ਤਾਂ ਹੁਕਮਰਾਨ ਧਿਰ ਦੇ ਇਸ਼ਾਰੇ 'ਤੇ ਪੁਲਿਸ ਨੇ ਆਪਣੀ ਮਰਜ਼ੀ ਨਾਲ ਬਿਆਨ ਲਿਖ ਦਿੱਤਾ। ਮੈਡੀਕਲ ਕਰਨ ਵਾਲੇ ਡਾਕਟਰ ਨੇ ਵੀ ਰਿਪੋਰਟ ਲਿਖ ਦਿੱਤੀ ਕਿ ਉਸ ਨਾਲ ਕੋਈ ਬਲਾਤਕਾਰ ਨਹੀਂ ਹੋਇਆ ਸੀ। ਇਕ ਸਾਲ ਬਾਦ ਉਸ ਦਾ ਕੇਸ ਬੰਦ ਕਰ ਦਿੱਤਾ ਗਿਆ। ਕਾਨੂੰਨੀ ਚਾਰਾਜੋਈ ਦੇ ਦਬਾਓ ਹੇਠ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਪੀੜਤ ਘੱਟਗਿਣਤੀ ਨੂੰ ਨਿਆਂ ਦਿਵਾਉਣ ਲਈ ਯਤਨਸ਼ੀਲ ਸਮਾਜ ਸੇਵੀ ਜਥੇਬੰਦੀਆਂ ਨੇ ਕਾਨੂੰਨੀ ਲੜਾਈ 'ਚ ਬਿਲਕੀਸ ਦੀ ਮੱਦਦ ਕਰਕੇ ਇਹ ਕੇਸ ਗੁਜਰਾਤ ਤੋਂ ਮੁੰਬਈ ਤਬਦੀਲ ਕਰਵਾਇਆ ਤਾਂ ਜੁ ਮੁਜਰਿਮ ਅਤੇ ਉਨ੍ਹਾਂ ਦੇ ਰਾਜਸੀ ਸਰਪ੍ਰਸਤ ਗਵਾਹਾਂ ਅਤੇ ਸਬੂਤਾਂ ਨੂੰ ਨੁਕਸਾਨ ਨਾ ਪਹੁੰਚਾ ਸਕਣ। ਮੋਦੀ ਸਰਕਾਰ ਅਤੇ ਰਾਜ ਮਸ਼ੀਨਰੀ ਦੀ ਇਸ ਘਿਨਾਉਣੀ ਭੂਮਿਕਾ ਨੂੰ ਦੇਖਦਿਆਂ ਹੀ ਸੁਪਰੀਮ ਕੋਰਟ ਦੇ ਬੈਂਚ ਨੇ ਬੈਸਟ ਬੇਕਰੀ ਕੇਸ ਵਿਚ ਆਪਣੇ ਫ਼ੈਸਲੇ 'ਚ ਕਿਹਾ ਸੀ ਕਿ ਜਦੋਂ ਮਾਸੂਮ ਬੱਚੇ ਅਤੇ ਬੇਸਹਾਰਾ ਔਰਤਾਂ ਸੜ ਰਹੀਆਂ ਸਨ ਤਾਂ 'ਅਜੋਕੇ ਨੀਰੋਆਂ' ਨੇ ਮੂੰਹ ਮੋੜ ਲਿਆ ਅਤੇ 'ਉਹ ਸ਼ਾਇਦ ਇਹ ਸੋਚ ਰਹੇ ਸਨ ਕਿ ਜੁਰਮ ਦੇ ਦੋਸ਼ੀਆਂ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ।'

ਲੰਮੀ ਕਾਨੂੰਨੀ ਲੜਾਈ ਲੜਨ ਤੋਂ ਬਾਦ 21 ਜਨਵਰੀ 2008 ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 11 ਬਲਾਤਕਾਰੀਆਂ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ। ਹਾਈਕੋਰਟ ਨੇ ਵੀ ਉਨ੍ਹਾਂ ਦੀ ਸਜ਼ਾ ਬਰਕਰਾਰ ਰੱਖੀ ਅਤੇ ਉਨ੍ਹਾਂ ਦੋਸ਼ੀਆਂ ਨੂੰ ਵੀ ਮੁਜਰਿਮ ਕਰਾਰ ਦੇ ਦਿੱਤਾ ਜਿਨ੍ਹਾਂ ਨੂੰ ਵਿਸ਼ੇਸ਼ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਨੇ ਬੇਘਰ ਹੋ ਕੇ ਦਰ ਦਰ ਭਟਕ ਰਹੀ ਬਿਲਕੀਸ ਬਾਨੋ ਨੂੰ ਸਰਕਾਰੀ ਮੁਆਵਜ਼ਾ, ਨੌਕਰੀ ਅਤੇ ਘਰ ਦੇਣ ਦਾ ਆਦੇਸ਼ ਦਿੱਤਾ। ਮੁਜਰਿਮਾਂ ਨੂੰ ਉਮਰ ਕੈਦ ਕੱਟਣੀ ਪਈ। 14 ਸਾਲ ਸਜ਼ਾ ਜੇਲ੍ਹ 'ਚ ਰਹਿਣ ਤੋਂ ਬਾਦ ਇਕ ਮੁਜਰਿਮ ਵੱਲੋਂ ਸਜ਼ਾ ਮਾਫ਼ੀ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਗਈ। ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਨੂੰ ਇਸ ਉੱਪਰ ਵਿਚਾਰ ਕਰਨ ਲਈ ਕਿਹਾ ਅਤੇ ਗੁਜਰਾਤ ਸਰਕਾਰ ਨੇ ਸਜ਼ਾ ਮਾਫ਼ ਕਰਨ ਦੇ ਪ੍ਰਵਾਨਿਤ ਪੈਮਾਨੇ ਨੂੰ ਦਰਕਿਨਾਰ ਕਰਕੇ ਸਜ਼ਾ ਮਾਫ਼ੀ ਦੀ ਪੁਰਾਣੀ ਨੀਤੀ ਤਹਿਤ ਮੁਜਰਿਮਾਂ ਦੀ ਸਜ਼ਾ ਮਾਫ਼ ਕਰ ਦਿੱਤੀ ਜਦਕਿ ਹੁਣ ਨਵੀਂ ਨੀਤੀ ਲਾਗੂ ਸੀ। ਇੰਞ ਅਤਿ ਘਿਨਾਉਣੇ ਕਾਂਡ ਨੂੰ ਅੰਜਾਮ ਦੇਣ ਵਾਲੇ ਮੁਜਰਿਮਾਂ ਦੀ ਰਿਹਾਈ ਦਾ ਰਾਹ ਪੱਧਰਾ ਕਰ ਦਿੱਤਾ ਗਿਆ।

ਇਹ ਤੱਥ ਜੱਗ ਜ਼ਾਹਿਰ ਹੈ ਕਿ ਜਿੰਨੇ ਵਿਆਪਕ ਪੈਮਾਨੇ 'ਤੇ ਮੁਸਲਮਾਨ ਭਾਈਚਾਰੇ ਦਾ ਕਤਲੇਆਮ ਅਤੇ ਸਮੂਹਿਕ ਬਲਾਤਕਾਰ ਕੀਤੇ ਗਏ, ਉਨ੍ਹਾਂ 'ਚੋਂ ਮਾਮੂਲੀ ਗਿਣਤੀ ਮੁਜਰਿਮਾਂ ਨੂੰ ਹੀ ਸਜ਼ਾਵਾਂ ਹੋਈਆਂ। ਜੋ ਸਜ਼ਾਵਾਂ ਹੋਈਆਂ ਉਹ ਵੀ ਜੁਰਮਾਂ ਦੇ ਮੁਕਾਬਲੇ ਨਾਕਾਫ਼ੀ ਸਨ। ਨਰਿੰਦਰ ਮੋਦੀ ਸਰਕਾਰ ਵੱਲੋਂ ਆਪਣੇ ਵਫ਼ਾਦਾਰ ਪੁਲਿਸ ਅਫ਼ਸਰਾਂ ਅਤੇ ਹੋਰ ਜਾਂਚ ਏਜੰਸੀਆਂ (ਸਿੱਟ ਆਦਿ) ਰਾਹੀਂ ਜੁਰਮ ਦੇ ਸਬੂਤ ਖ਼ੁਰਦ-ਬੁਰਦ ਕਰਵਾ ਦਿੱਤੇ ਗਏ। ਹਕੂਮਤੀ ਦਬਾਓ ਅਤੇ ਧਮਕੀਆਂ ਸਮੇਤ ਹਰ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਬਿਆਨ ਬਦਲ ਦਿੱਤੇ ਗਏ ਅਤੇ ਗਵਾਹ ਚੁੱਪ ਕਰਾ ਦਿੱਤੇ ਗਏ। ਸਰਕਾਰੀ ਪੱਖ ਵੱਲੋਂ ਜਾਣ-ਬੁੱਝ ਕੇ ਪੇਸ਼ ਕੀਤੇ ਕਮਜ਼ੋਰ ਕੇਸਾਂ ਕਾਰਨ ਮੁਜਰਿਮ ਸਾਫ਼ ਬਰੀ ਹੁੰਦੇ ਗਏ। ਜ਼ਿਆਦਾਤਰ ਮੁਜਰਿਮ ਅਤੇ ਉਨ੍ਹਾਂ ਦੇ ਰਾਜਕੀ ਸਰਪ੍ਰਸਤ ਸਾਫ਼ ਬਚ ਗਏ। ਜ਼ਕੀਆ ਜਾਫ਼ਰੀ ਕੇਸ ਇਸ ਦੀ ਉੱਘੀ ਮਿਸਾਲ ਹੈ। ਜਿਨ੍ਹਾਂ ਕੁਝ ਮੁਜਰਿਮਾਂ ਨੂੰ ਸਜ਼ਾਵਾਂ ਹੋਈਆਂ, ਉਨ੍ਹਾਂ ਨੂੰ ਵੀ ਪੂਰੀ ਤਾਕਤ ਝੋਕ ਕੇ ਜੇਲ੍ਹਾਂ 'ਚੋਂ ਕਢਵਾਇਆ ਜਾ ਰਿਹਾ ਹੈ।

ਨਿਆਂ ਪ੍ਰਣਾਲੀ ਦੇ ਕਾਇਦੇ ਅਨੁਸਾਰ ਇਹ ਸਜ਼ਾ ਮਾਫ਼ੀ ਸਹੀ ਹੈ ਜਾਂ ਗ਼ਲਤ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ। ਨੁਕਤਾ ਇਹ ਹੈ ਕਿ ਉਨ੍ਹਾਂ ਸਜ਼ਾ ਯਾਫ਼ਤਾ ਮੁਜਰਿਮਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣਾ ਆਰ.ਐੱਸ.ਐੱਸ.-ਭਾਜਪਾ ਹਕੂਮਤ ਦੀ ਬਾਕਾਇਦਾ ਨੀਤੀ ਹੈ ਜੋ ਧਾਰਮਿਕ ਘੱਟਗਿਣਤੀਆਂ ਦੇ ਕਤਲੇਆਮ, ਮੁਸਲਮਾਨਾਂ ਦੇ ਘਰਾਂ ਨੂੰ ਜਲਾਉਣ, ਮੁਸਲਿਮ ਔਰਤਾਂ ਦੇ ਬਲਾਤਕਾਰ ਕਰਨ, ਦੰਗਈ ਹਿੰਸਾ, ਫਿਰਕੂ ਪਾਲਾਬੰਦੀ ਅਤੇ ਝੂਠੇ ਮੁਕਾਬਲਿਆਂ ਨੂੰ ਅੰਜਾਮ ਦੇਣ ਦੀ ਹਿੰਦੂਤਵੀ ਸਿਆਸਤ ਦੇ ਸੰਦ ਰਹੇ ਹਨ। ਮੋਦੀ ਅਤੇ ਅਮਿਤ ਸ਼ਾਹ ਨੂੰ ਗੁਜਰਾਤ ਕਤਲੇਆਮ ਅਤੇ ਝੂਠੇ ਮੁਕਾਬਲਿਆਂ ਦੇ ਕੇਸਾਂ 'ਚ ਬੇਗੁਨਾਹ ਦਰਸਾਉਣ ਲਈ ਹਰ ਹਰਬਾ ਵਰਤ ਕੇ ਕਲੀਨਚਿੱਟਾਂ ਦਿਵਾਈਆਂ ਗਈਆਂ। ਜਸਟਿਸ ਲੋਇਆ ਦੀ ਸ਼ੱਕੀ ਹਾਲਾਤ 'ਚ ਮੌਤ ਅਤੇ ਸੰਸਕਾਰ ਤੋਂ ਸਪਸ਼ਟ ਸੀ ਕਿ ਕਲੀਨਚਿੱਟਾਂ ਕਿਵੇਂ ਹਾਸਲ ਕੀਤੀਆਂ ਗਈਆਂ। 2014 'ਚ ਕੇਂਦਰ 'ਚ ਹਿੰਦੂਤਵ ਸਰਕਾਰ ਬਣਦੇ ਸਾਰ ਇਹ ਸਿਲਸਿਲਾ ਹੋਰ ਵੀ ਖੁੱਲ੍ਹ ਕੇ ਸਾਹਮਣੇ ਆ ਗਿਆ। ਮਾਇਆ ਕੋਡਨਾਨੀ, ਬਾਬੂ ਬਜਰੰਗੀ, ਸਾਧਵੀ ਪ੍ਰੱਗਿਆ ਸਿੰਘ ਨੂੰ ਮੈਡੀਕਲ ਆਧਾਰ 'ਤੇ ਜ਼ਮਾਨਤਾਂ ਦੇ ਕੇ ਜੇਲ੍ਹਾਂ ਤੋਂ ਬਾਹਰ ਲਿਆਂਦਾ ਗਿਆ। ਡੀ.ਜੀ.ਵੰਜਾਰਾ ਵਰਗੇ 'ਐਨਕਾਊਂਟਰ ਸਪੈਸ਼ਲਿਸਟਾਂ' ਨੂੰ ਰਿਹਾਅ ਕਰਵਾ ਕੇ ਸਰਕਾਰੀ ਨੌਕਰੀਆਂ 'ਤੇ ਮੁੜ ਬਹਾਲ ਕੀਤਾ ਗਿਆ। ਗੁਲਬਰਗ ਸੁਸਾਇਟੀ ਕੇਸ ਨਾਲ ਸੰਬੰਧਤ ਜ਼ਕੀਆ ਜਾਫ਼ਰੀ ਦੀ ਪਟੀਸ਼ਨ ਸੁਪਰੀਮ ਕੋਰਟ ਵਿਚ ਰੱਦ ਕਰਵਾਈ ਗਈ ਅਤੇ ਨਸਲਕੁਸ਼ੀ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕਾਨੂੰਨੀ ਲੜਾਈ ਲੜਨ ਵਾਲੀ ਕਾਰਕੁਨ ਤੀਸਤਾ ਸੀਤਲਵਾੜ ਤੇ ਗਵਾਹੀ ਦੇਣ ਵਾਲੇ ਸਾਬਕਾ ਡੀ.ਜੀ.ਪੀ. ਆਰ.ਬੀ.ਸ੍ਰੀਕੁਮਾਰ ਨੂੰ ਜੇਲ੍ਹ 'ਚ ਡੱਕਿਆ ਗਿਆ। ਹੁਣ ਬਿਲਕੀਸ ਬਾਨੋ ਦੀ 17 ਸਾਲ ਲੰਮੀ ਕਾਨੂੰਨੀ ਲੜਾਈ ਨੂੰ ਅਸਫ਼ਲ ਬਣਾ ਦਿੱਤਾ ਗਿਆ ਹੈ।

ਇਹ ਨੀਤੀ ਐਨੀ ਘਿਨਾਉਣੀ ਬੇਸ਼ਰਮੀ ਵਾਲੀ ਹੈ ਕਿ ਮੁਜਰਿਮਾਂ ਨੂੰ ਜੇਲ੍ਹਾਂ 'ਤੋਂ ਬਾਹਰ ਹੀ ਨਹੀਂ ਲਿਆਂਦਾ ਜਾਂਦਾ ਸਗੋਂ ਉਨ੍ਹਾਂ ਦੀ ਜਿੱਤ ਦੇ ਬਾਕਾਇਦਾ ਜਸ਼ਨ ਮਨਾਏ ਜਾਂਦੇ ਹਨ। ਬਿਲਕੀਸ ਬਾਨੋ ਕੇਸ ਦੇ 11 ਮੁਜਰਿਮਾਂ ਦਾ ਜੇਲ੍ਹ 'ਚੋਂ ਰਿਹਾਅ ਹੋਣ ਤੋਂ ਬਾਦ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਬਾਕਾਇਦਾ ਮੱਥੇ 'ਤੇ ਤਿਲਕ ਲਾ ਕੇ ਅਤੇ ਗਲਾਂ 'ਚ ਹਾਰ ਪਾ ਕੇ ਸਨਮਾਨ ਕੀਤਾ ਗਿਆ ਅਤੇ ਜਿੱਤ ਦੀ ਖ਼ੁਸ਼ੀ 'ਚ ਮਿਠਾਈ ਵੰਡੀ ਗਈ। ਪੁਲਿਸ ਅਧਿਕਾਰੀ ਡੀ.ਜੀ.ਵੰਜਾਰਾ ਦਾ ਵੀ ਇਸੇ ਤਰ੍ਹਾਂ ਸ਼ਾਹੀ ਸਨਮਾਨ ਕੀਤਾ ਗਿਆ ਸੀ। 2018 'ਚ ਕੇਂਦਰੀ ਮੰਤਰੀ ਜੇਯੰਤ ਸਿਨਹਾ ਵੱਲੋਂ ਝਾਰਖੰਡ ਵਿਚ 8 ਹਜੂਮੀ ਕਾਤਿਲਾਂ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ ਸੀ। ਇਸ ਨੂੰ ਇਕ ਝੂਠਾ ਬਿਰਤਾਂਤ ਸਿਰਜ ਕੇ ਜਾਇਜ਼ ਠਹਿਰਾਇਆ ਜਾਂਦਾ ਹੈ ਕਿ ਇਹ ਸਾਰੇ ਕਾਂਗਰਸ ਪਾਰਟੀ ਵੱਲੋਂ ਝੂਠੇ ਦੋਸ਼ ਲਗਾ ਕੇ ਜੇਲ੍ਹਾਂ 'ਚ ਭਿਜਵਾਏ ਬੇਗੁਨਾਹ ਪੀੜਤ ਹਨ। ਇੰਞ ਇਤਿਹਾਸ ਵਿੱਚੋਂ ਇਸ ਸੱਚ ਨੂੰ ਮਿਟਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਸਾਰੇ ਘਿਨਾਉਣੇ ਜੁਰਮਾਂ ਨੂੰ ਅੰਜਾਮ ਦੇਣ ਵਾਲੇ ਮੁਜਰਿਮ ਸਨ। ਇਹ ਝੂਠ ਸਥਾਪਿਤ ਕੀਤਾ ਜਾ ਰਿਹਾ ਹੈ ਕਿ ਗੁਜਰਾਤ ਕਤਲੇਆਮ ਦੇ ਪੀੜਤਾਂ ਦੀ ਨਿਆਂ ਦੀ ਲੜਾਈ ਹਿੰਦੂਆਂ ਨੂੰ ਬਦਨਾਮ ਕਰਨ ਅਤੇ ਮੋਦੀ ਸਰਕਾਰ ਨੂੰ ਅਸਥਿਰ ਕਰਨ ਦੀ ਡੂੰਘੀ ਸਾਜ਼ਿਸ਼ ਸੀ। ਗੁਜਰਾਤ ਤੋਂ ਭਾਜਪਾ ਦੇ ਵਿਧਾਇਕ ਰੋਲੀ ਵੱਲੋਂ ਤਾਂ ਮੀਡੀਆ ਨਾਲ ਇੰਟਰਵਿਊ ਵਿਚ ਜਨਤਕ ਤੌਰ 'ਤੇ ਇਹ ਕਿਹਾ ਗਿਆ ਹੈ ਕਿ ਇਹ 11 ਮੁਜਰਿਮ "ਚੰਗੇ ਸੰਸਕਾਰਾਂ ਵਾਲੇ ਬ੍ਰਾਹਮਣ ਸਨ", ਇਸ ਲਈ ਇਨ੍ਹਾਂ ਨੂੰ ਜਾਣ-ਬੁੱਝ ਕੇ ਫਸਾਇਆ ਗਿਆ ਹੋਵੇਗਾ। ਯਾਦ ਰਹੇ ਕਿ ਇਹ ਵਿਧਾਇਕ ਉਸ ਪੈਨਲ ਦਾ ਵੀ ਹਿੱਸਾ ਸੀ ਜਿਸ ਨੇ ਸਰਕਾਰ ਨੂੰ ਉਪਰੋਕਤ 11 ਮੁਜਰਿਮਾਂ ਨੂੰ ਰਿਹਾਅ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਜੰਮੂ ਵਿਚ ਬੱਚੀ ਆਸਿਫ਼ਾ ਦੇ ਬਲਾਤਕਾਰੀਆਂ ਦੀ ਹਮਾਇਤ 'ਚ ਭਾਜਪਾ ਦੇ ਦੋ ਮੰਤਰੀਆਂ ਦੀ ਅਗਵਾਈ ਹੇਠ ਤਿਰੰਗੇ ਝੰਡੇ ਚੁੱਕਕੇ ਮੁਜ਼ਾਹਰੇ ਕੀਤੇ ਗਏ ਸਨ। ਯੋਗੀ ਸਰਕਾਰ ਨੇ ਸਵਾਮੀ ਚਿਨਮਿਆਨੰਦ ਉੱਪਰ ਦਰਜ ਬਲਾਤਕਾਰ ਦਾ ਕੇਸ ਵਾਪਸ ਲੈ ਲਿਆ ਸੀ। ਇਸ ਤੋਂ ਵੱਧ ਬੇਸ਼ਰਮੀ ਕੀ ਹੋ ਸਕਦੀ ਹੈ।


ਇਹ ਬੇਸ਼ਰਮੀ ਦਾ ਆਧਾਰ ਵਿਚਾਰਧਾਰਕ ਹੈ। ਹਿੰਦੂਤਵ ਦੇ ਬਾਨੀ ਵੀ.ਡੀ. ਸਾਵਰਕਰ ਨੇ ਮੁਸਲਮਾਨ ਔਰਤਾਂ ਨਾਲ ਬਲਾਤਕਾਰ ਨੂੰ ਬਾਕਾਇਦਾ ਹਥਿਆਰ ਦੇ ਤੌਰ 'ਤੇ ਵਰਤਣ ਦੀ ਵਕਾਲਤ ਕੀਤੀ ਸੀ। ਉਸ ਨੇ 1966 'ਚ ਆਪਣੀ ਮੌਤ ਤੋਂ ਪਹਿਲਾਂ ਲਿਖੀ ਮਰਾਠੀ ਕਿਤਾਬ 'ਹਿੰਦੂ ਇਤਿਹਾਸ ਦੇ ਛੇ ਸ਼ਾਨਾਮੱਤੇ ਯੁਗ' ਵਿਚ ਮਰਾਠਾ ਰਾਜੇ ਸ਼ਿਵਾ ਜੀ ਦੀ ਇਸ ਲਈ ਨਿੰਦਾ ਕੀਤੀ ਸੀ ਕਿ ਉਸ ਨੇ ਕਲਿਆਣ ਦੇ ਮੁਸਲਮਾਨ ਨਵਾਬ ਦੀ ਨੂੰਹ, ਜੋ ਇਕ ਲੜਾਈ 'ਚ ਉਸ ਦੇ ਹੱਥ ਲੱਗ ਗਈ ਸੀ, ਦਾ ਬਲਾਤਕਾਰ ਕਰਨ ਦੀ ਬਜਾਏ ਉਸ ਨੂੰ ਬਾਇੱਜ਼ਤ ਕਿਉਂ ਛੱਡ ਦਿੱਤਾ ਸੀ। (Six Glorious Epochs of Indian History, P. 461, Delhi, Rajdhani Granthagar, 1971.) ਸਾਵਰਕਰ ਨੇ ਬਲਾਤਕਾਰ ਨੂੰ ਜਾਇਜ਼ ਸਿਆਸੀ ਹਥਿਆਰ ਕਰਾਰ ਦਿੰਦਿਆਂ ਕਿਹਾ ਕਿ ਜੇ ਹਿੰਦੂ ਹੁਕਮਰਾਨਾਂ ਨੇ ਪਹਿਲੀਆਂ ਦੋ-ਤਿੰਨ ਸਦੀਆਂ 'ਚ ਹੀ ਹਿੰਦੂ ਔਰਤਾਂ ਦੇ ਅਪਮਾਨ ਦਾ ਬਦਲਾ ਆਪਣੇ ਕਬਜ਼ੇ 'ਚ ਲਈਆਂ ਮੁਸਲਮਾਨ ਔਰਤਾਂ ਨੂੰ ਬੇਪੱਤ ਕਰਕੇ ਲਿਆ ਹੁੰਦਾ ਤਾਂ ਮੁਸਲਮਾਨ ਹੁਕਮਰਾਨਾਂ ਨੇ ਹਿੰਦੂ ਔਰਤਾਂ ਨੂੰ ਅਪਮਾਨਿਤ ਕਰਨ ਤੋਂ ਗੁਰੇਜ਼ ਕਰਨਾ ਸੀ ਅਤੇ ਕਰੋੜਾਂ ਹਿੰਦੂ ਔਰਤਾਂ ਨੇ ਅਪਮਾਨਿਤ ਹੋਣ ਤੋਂ ਬਚ ਜਾਣਾ ਸੀ। ਸਾਵਰਕਰ ਹਿੰਦੂ ਔਰਤਾਂ ਦੇ ਅਪਮਾਨ ਲਈ ਹਿੰਦੂ ਰਾਜਿਆਂ ਦੀ 'ਸ਼ਰਾਫ਼ਤ' ਨੂੰ ਜ਼ਿੰਮੇਵਾਰ ਮੰਨਦਾ ਹੈ। ਗੋਲਵਲਕਰ, ਜਿਸ ਨੂੰ 'ਗੁਰੂ' ਦਾ ਦਰਜਾ ਦਿੱਤਾ ਜਾਂਦਾ ਹੈ, ਨੇ ਆਪਣੀ ਮਸ਼ਹੂਰ ਕਿਤਾਬ 'ਬੰਚ ਆਫ਼ ਥਾਟ' ਵਿਚ ਮੁਸਲਮਾਨਾਂ ਨੂੰ 'ਅੰਦਰੂਨੀ ਖ਼ਤਰਾ' ਕਰਾਰ ਦਿੱਤਾ ਸੀ। ਸਾਵਰਕਰ ਅਤੇ ਗੋਲਵਲਕਰ ਦੀਆਂ 'ਸਿੱਖਿਆਵਾਂ' ਹਿੰਦੂਤਵ ਬਰਗੇਡ ਉੱਪਰ ਡੂੰਘਾ ਪ੍ਰਭਾਵ ਹੈ ਅਤੇ ਇਹ ਉਨ੍ਹਾਂ ਲਈ ਰਾਹ-ਦਰਸਾਵਾ ਹਨ। ਇਸੇ ਕਰਕੇ ਉਨ੍ਹਾਂ ਨੂੰ ਮੁਸਲਮਾਨ ਔਰਤਾਂ ਜਾਂ ਵਿਰੋਧੀ ਖ਼ਿਆਲਾਂ ਵਾਲੀਆਂ ਔਰਤਾਂ ਨੂੰ ਅਪਮਾਨਿਤ, ਜ਼ਲੀਲ ਅਤੇ ਬੇਇੱਜ਼ਤ ਕਰਨ ਤੋਂ ਕੋਈ ਗੁਰੇਜ਼ ਨਹੀਂ ਹੈ। ਗੁਜਰਾਤ ਕਤਲੇਆਮ, ਮੁਜ਼ੱਫ਼ਰਨਗਰ ਹਿੰਸਾ ਆਦਿ ਸਮੇਂ ਹਿੰਦੂਤਵ ਬਰਗੇਡ ਨੇ ਬਲਾਤਕਾਰ ਦਾ ਹਥਿਆਰ ਵਿਆਪਕ ਪੱਧਰ 'ਤੇ ਵਰਤਿਆ। ਹਿੰਦੂਤਵ ਟਰੌਲ ਆਰਮੀ ਮੁਸਲਿਮ ਔਰਤਾਂ ਨੂੰ ਸੋਸ਼ਲ ਮੀਡੀਆ ਉੱਪਰ ਅਪਮਾਨਿਤ ਅਤੇ ਜ਼ਲੀਲ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ। 'ਨਾਰੀ ਸ਼ਕਤੀ' ਬਾਰੇ ਭਾਸ਼ਣਬਾਜ਼ੀ ਕਰਨ ਵਾਲੇ ਨੂੰ ਅੱਜ ਵੀ ਇਸ ਦਾ ਕੋਈ ਪਛਤਾਵਾ ਨਹੀਂ ਹੈ ਕਿ ਉਸ ਦੇ ਰਾਜ ਵਿਚ ਮੁਸਲਮਾਨ ਔਰਤਾਂ ਨੂੰ ਕਿਵੇਂ ਸੜਕਾਂ ਉੱਪਰ ਬੇਪੱਤ ਕੀਤਾ ਗਿਆ। ਉਹ ਤਾਂ ਖ਼ੁਦ ਸੰਸਦ ਵਿਚ ਕਾਂਗਰਸ ਦੀ ਔਰਤ ਆਗੂ ਦੇ ਹਾਸੇ ਦਾ ਮਜ਼ਾਕ ਉਡਾਉਣ 'ਚ ਅਗਵਾਈ ਕਰਦਾ ਹੈ ਅਤੇ ਸੰਸਦ ਮੈਂਬਰ ਮੇਜ ਥਪਥਪਾ ਕੇ ਸਹਿਮਤੀ ਪ੍ਰਗਟਾਉਂਦੇ ਹਨ। ਇਹ ਸਪਸ਼ਟ ਹੈ ਕਿ ਬਲਾਤਕਾਰੀਆਂ ਨੂੰ 'ਸੰਸਕਾਰਾਂ ਵਾਲੇ ਬ੍ਰਾਹਮਣ' ਮੰਨ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਵਿੱਚੋਂ 'ਹਿੰਦੂ ਨਾਇਕ' ਸਿਰਜੇ ਜਾ ਰਹੇ ਹਨ। ਭਗਵਾਂ ਆਈ.ਟੀ.ਸੈੱਲ ਨਾਮਵਰ ਮੁਸਲਿਮ ਔਰਤਾਂ ਦੀ ਆਨਲਾਈਨ ਬੋਲੀ ਲਾ ਕੇ ਉਨ੍ਹਾਂ ਨੂੰ ਅਪਮਾਨਿਤ ਅਤੇ ਜ਼ਲੀਲ ਕਰਨ 'ਚ 'ਰਾਸ਼ਟਰੀ ਗੌਰਵ' ਮਹਿਸੂਸ ਕਰਦਾ ਹੈ।

ਇਹ ਆਰ.ਐੱਸ.ਐੱਸ.-ਭਾਜਪਾ ਵੱਲੋਂ ਆਪਣੇ ਕਾਡਰਾਂ ਨੂੰ ਸਾਫ਼ ਸੰਦੇਸ਼ ਹੈ ਜੇ ਉਹ ਹਜੂਮੀ ਕਤਲਾਂ, ਸਮੂਹਿਕ ਬਲਾਤਕਾਰਾਂ ਅਤੇ ਸਾੜਫੂਕ ਵਰਗੇ ਘਿਨਾਉਣੇ ਜੁਰਮਾਂ ਨੂੰ ਅੰਜਾਮ ਦੇ ਕੇ ਆਉਣਗੇ ਤਾਂ ਉਨ੍ਹਾਂ ਦਾ ਸ਼ਾਹੀ ਸਵਾਗਤ ਹੋਵੇਗਾ ਅਤੇ ਉਨ੍ਹਾਂ ਦਾ ਭਵਿੱਖ ਵੀ ਸੁਨਹਿਰਾ ਹੋਵੇਗਾ। ਹਕੂਮਤ ਦੀ ਸਰਪ੍ਰਸਤੀ ਪ੍ਰਾਪਤ ਬਾਬੂ ਬਜਰੰਗੀ ਵਰਗੇ 'ਸੰਸਕਾਰੀ ਹਿੰਦੂ' ਬੇਕਸੂਰ ਮੁਸਲਮਾਨਾਂ ਨੂੰ ਬੇਕਿਰਕੀ ਨਾਲ ਕਤਲ ਕਰਨ ਅਤੇ ਮੁਸਲਮਾਨ ਔਰਤਾਂ ਦੇ ਢਿੱਡ ਪਾੜ ਕੇ ਭਰੂਣਾਂ ਨੂੰ ਤ੍ਰਿਸ਼ੂਲਾਂ ਉੱਪਰ ਟੰਗਣ ਦੀ ਬਹਾਦਰੀ ਮੀਡੀਆ ਦੇ ਕੈਮਰਿਆਂ ਅੱਗੇ ਬੇਖ਼ੌਫ਼ ਹੋ ਕੇ ਬਿਆਨ ਕਰਦੇ ਹਨ ਅਤੇ ਖ਼ੁਦ ਨੂੰ 'ਮਹਾਰਾਣਾ ਪ੍ਰਤਾਪ' ਸਮਝਦੇ ਹਨ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਜਦੋਂ ਆਪਣੇ ਭਾਸ਼ਣ ਵਿਚ ਔਰਤਾਂ ਦੇ ਸਤਿਕਾਰ ਅਤੇ ਸ਼ਕਤੀਕਰਨ ਦੀ ਗੱਲ ਕਰਦਾ ਹੈ ਤਾਂ ਉਸ ਵਿੱਚੋਂ ਘੱਟਗਿਣਤੀ ਮੁਸਲਮਾਨ ਅਤੇ ਹੋਰ ਦੱਬੇਕੁਚਲੇ ਹਿੱਸਿਆਂ ਦੀਆਂ ਔਰਤਾਂ ਅਤੇ ਹਿੰਦੂਤਵ ਦੀਆਂ ਆਲੋਚਕ ਔਰਤਾਂ ਦਾ ਮਾਣ-ਸਨਮਾਨ ਮਨਫ਼ੀ ਹੈ ਅਤੇ ਉਨ੍ਹਾਂ ਨੂੰ ਨਿਆਂ ਦੀ ਕੋਈ ਉਮੀਦ ਵੀ ਨਹੀਂ ਰੱਖਣੀ ਚਾਹੀਦੀ।



ਕੁਲਦੀਪ ਸਿੰਘ ਦੀਪ (ਡਾ.)
ਦੀਪ ਦੁਨੀਆ
9876820600

# ਅੰਦਰਲੇ ਟਾਵਰ ਕਦ ਡਿੱਗਣਗੇ ?



ਵਹਿਮ ਹੈ ਕਿ ਟਾਵਰਾਂ ਦਾ ਜੋੜਾ ਡਿਗ ਗਿਆ ਹੈ..

ਇਹ ਬਾਹਰ ਦਿਸਦੀ 40 ਮੰਜਿਲਾਂ ਇਮਾਰਤ ਤਾਂ ਮਹਿਜ ਸਾਡੇ ਅੰਦਰ ਉੱਸਰੇ ਖੁਰਾਫਾਤੀ ਟਾਵਰਾਂ ਦਾ ਨਿੱਕਾ ਜਿਹਾ ਝਲਕਾਰਾ ਹੈ। ਹਜਾਰਾਂ-ਲੱਖਾਂ ਦੀ ਗਿਣਤੀ ਵਿਚ ਅਸਲ ਟਾਵਰ ਤਾਂ ਮਨੁੱਖ ਦੇ ਅੰਦਰ ਉੱਸਰਦੇ ਹਨ..

ਮੁਨਾਫਿਆਂ ਦੀ ਜਮੀਨ ਤੇ ਉੱਸਰੇ ਇਹ ਟਾਵਰ ਕਿਸੇ ਨਾਢੂ ਖਾਂ ਦੀ ਕੋਈ ਪਰਵਾਹ ਨਹੀਂ ਕਰਦੇ...ਇਹਨਾਂ ਦੇ ਨਕਸ਼ੇ ਕਿਰਦਾਰਾਂ ਦੀ ਲੁੱਚਤਾ ਦੇ ਕਾਗਜਾਂ ਤੇ ਬਣਦੇ ਹਨ ...ਅਤੇ ਅਯਾਸੀਆਂ ਦੇ ਸੰਦਾਂ ਨਾਲ ਪਾਸ ਹੁੰਦੇ ਹਨ...

'ਰੀਅਲ ਅਸਟੇਟ' ਦੇ ਨਾਂ ਤੇ ਉੱਸਰੀ ਇਹ 'ਫੇਕ ਅਸਟੇਟ' ਵਿਕਾਸ ਦਾ ਜੋ 'ਕੰਕਰੀਟੀ ਮਾਡਲ' ਲੈ ਕੇ ਹੋਂਦ ਵਿਚ ਆਉਂਦੀ ਹੈ, ਉਸ ਦੇ ਖਮਿਆਜੇ ਦਾ ਅੰਦਾਜਾ ਪੈਸਿਆਂ ਨਾਲ ਨਹੀਂ ਲਗਾਇਆ ਜਾ ਸਕਦਾ.. ਕੁਦਰਤ ਦੇ ਸਾਰੇ ਅਸੂਲਾਂ ਨੂੰ ਤਾਰ ਤਾਰ ਕਰਕੇ ਬਣਨ ਵਾਲੀਆਂ ਇਹ ਇਮਾਰਤਾਂ ਸਾਡੇ ਹਿੱਸੇ ਦੇ ਸਾਹਾਂ ਤਕ ਨੂੰ ਡਕਾਰ ਜਾਂਦੀਆਂ ਹਨ...

ਸਾਡੇ ਹਿੱਸੇ ਦੀ ਰੋਸ਼ਨੀ ਨੂੰ ਡੀਕ ਜਾਂਦੀਆਂ ਹਨ ਅਤੇ ਮੁੜ ਮੁਨਾਫਿਆਂ ਦੇ ਜਾਲ ਵਿਚ ਅਜਿਹਾ ਉਲਝਾਉਂਦੀਆਂ ਹਨ ਕਿ ਮਨੁੱਖ ਇਹਨਾਂ ਜੋਗਾ ਹੀ ਰਹਿ ਜਾਂਦਾ ਹੈ।

ਇਹ ਟਾਵਰ ਹਰੀ-ਭਰੀ ਕੁਦਰਤ ਦੀ ਕਬਰ ਤੇ ਉੱਸਰਦੇ ਹਨ ਅਤੇ ਬਹੁਤ ਕੁਝ ਸਾਡੇ ਹਿੱਸੇ ਦਾ ਡਕਾਰ ਜਾਂਦੇ ਹਨ।

ਰੈਣ ਬਸੇਰਾ ਪ੍ਰਦਾਨ ਕਰਨਾ ਤਾਂ ਇਹਨਾਂ ਦਾ ਬਾਹਰ ਦਿੱਸਦਾ ਮੁਖੌਟਾ ਹੈ, ਅੰਦਰੋਂ ਤਾਂ ਇਹ ਕਰੋੜਾਂ-ਅਰਬਾਂ ਰੁਪਏ ਦੇ ਮੁਨਾਫੇ ਦਾ ਭ੍ਰਿਸਟ ਕਾਰੋਬਾਰ ਹੈ, ਜਿਸ ਵਿਚ ਚਿੱਟੇ ਕਪੜਿਆਂ ਦੇ ਖੋਲ ਹੇਠ ਵਿਚਰਦੇ ਕਾਲੇ ਲੋਕਾਂ ਦੀ ਇਕ ਪੂਰੀ ਜਮਾਤ ਸਾਮਿਲ ਹੈ। ਇਸ ਭ੍ਰਿਸਟ ਤੰਤਰ ਵਿਚ ਨੇਤਾ, ਅਫਸਰ ਤੇ ਵੱਡੀਆਂ ਵੱਡੀਆਂ ਕੰਪਨੀਆਂ ਗੱਲ-ਗੱਲ ਤਕ ਫਸੀਆਂ ਹੋਈਆਂ ਹਨ।

ਕੁਦਰਤ ਦੇ ਅਸੂਲਾਂ ਦੇ ਖਿਲਾਫ ਬਣਾਈਆਂ ਇਹ ਗਗਨਚੁੰਬੀ ਇਮਾਰਤਾਂ ਕਦੋ ਸਾਡੇ ਲਈ ਬੰਬ ਬਣ ਜਾਣ, ਇਸ ਦਾ ਕੋਈ ਇਲਮ ਨਹੀਂ ਹੁੰਦਾ...ਇਹਨਾਂ ਵਿੱਚੋਂ ਕਿੰਨੀਆਂ ਹੀ ਭੂਚਾਲ ਦੇ ਇਕ ਝਟਕੇ ਨਾਲ ਢਹਿ ਢੇਰੀ ਹੋ ਜਾਂਦੀਆਂ ਹਨ। ਅਮਰੀਕਾ ਦੇ ਟਵਿਨ ਟਾਵਰਾਂ ਵਾਂਗ ਇਹਨਾਂ ਨੂੰ ਜਹਾਜ-ਬੰਬਾਂ ਨਾਲ ਉਡਾ ਕੇ ਕਦ ਸੈਂਕੜੇ ਲੋਕਾਂ ਦੀ ਕਬਰ ਬਣਾ ਦਿੱਤੀ ਜਾਂਦੀ ਹੈ..ਕੁਝ ਪਤਾ ਨਹੀਂ ਲਗਦਾ..

ਅੱਜਕੱਲ੍ਹ ਗ੍ਰੇਟਰ ਨੋਇਡਾ ਰੀਅਲ ਅਸਟੇਟ ਵਾਲਿਆਂ ਲਈ ਸੋਨੇ ਦੀ ਮੁਰਗੀ ਹੈ। ਅਥਾਰਿਟੀ ਦੀਆਂ ਜੇਬਾਂ ਗਰਮ ਕਰਕੇ ਮਨ ਮਰਜੀ ਦੀਆਂ ਥਾਵਾਂ ਤੇ ਹਰ ਪ੍ਰਕਾਰ ਦੇ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਇਹ ਇਮਾਰਤਾਂ ਉਸਾਰੀਆਂ ਜਾਂਦੀਆਂ ਹਨ। ਜਮੀਨ ਦੀ ਅਲਾਟਮੈਂਟ ਤੋਂ ਲੈ ਕੇ ਨਕਸੇ ਪਾਸ ਕਰਨ ਅਤੇ ਫਿਰ ਸਮਗਰੀ ਦੇ ਨਾਂ ਤੇ ਬਹੁਤ ਵੱਡੇ ਫਰਾਡ ਹੁੰਦੇ ਹਨ।

ਜਿਹੜਾ ਟਾਵਰ ਢਾਹਿਆ ਗਿਆ :

ਇਸ ਦੀ ਸੁਰੂਆਤ 23 ਨਵੰਬਰ 2004 ਵਿਚ ਹੋਈ। ਇਹ ਥਾਂ ਅਸਲ ਵਿਚ ਤਾਂ ਪਾਰਕਾਂ ਲਈ ਛੱਡੀ ਗਈ ਸੀ। ਪਰ ਅਥਾਰਿਟੀ ਨਾਲ ਮਿਲਮਿਲਾ ਕੇ 14 ਟਾਵਰਾਂ ਦਾ ਨਕਸਾ ਪਾਸ ਕਰਕੇ ਨੌਂ ਮੰਜਿਲਾਂ ਇਮਾਰਤ ਬਣਾਉਣ ਦੀ ਪ੍ਰਵਾਨਗੀ ਲੈ ਲਈ ਗਈ। ਇੱਥੋਂ ਫਿਰ ਸੁਰੂ ਹੋਈ ਘਾਲੇ-ਮਾਲੇ ਦੀ ਨਾਪਾਕ ਖੇਡ, ਜਿਸ ਦਾ ਅੰਜਾਮ ਇਹਨਾਂ ਇਮਾਰਤਾਂ ਨੂੰ ਢਾਹੁਣ ਤਕ ਨਿਕਲਿਆ। 2006 ਵਿਚ ਰਿਸਵਤ ਦੇ ਕੇ ਟਾਵਰਾਂ ਦੀ ਗਿਣਤੀ 15 ਕਰਵਾ ਲਈ ਅਤੇ ਮੰਜਿਲਾਂ ਨੌਂ ਤੋਂ ਗਿਆਰਾਂ..

2009 ਵਿਚ 17 ਟਾਵਰਾਂ ਦਾ ਨਕਸਾ ਪਾਸ ਕਰ ਦਿੱਤਾ ਗਿਆ। ਇੰਝ ਕਰਦੇ ਕਰਦੇ 2012 ਤਕ ਇਹਨਾਂ ਟਾਵਰਾਂ ਨੂੰ 40 ਮੰਜਿਲਾਂ ਤਕ ਕਰਨ ਦੀ ਇਜਾਜਤ ਲੈ ਲਈ ਗਈ ਅਤੇ ਇਮਾਰਤ ਦੀ ਉਚਾਈ 121 ਮੀਟਰ ਤਕ ਹੋ ਗਈ। ਫਲੈਟਾਂ ਦੇ ਖਰੀਦਦਾਰਾਂ ਨੇ ਇਸ ਦੇ ਖਿਲਾਫ ਸੰਘਰਸ ਸੂਰੂ ਕੀਤਾ। ਸੰਘਰਸ ਕਮੇਟੀ ਨੋਇਡਾ ਅਥਰਿਟੀ ਕੋਲ ਗਈ। ਪਰ ਉਹਨਾਂ ਦੀ ਮਿਲੀਭੁਗਤ ਨਾਲ ਹੀ ਤਾਂ ਹੋਇਆ ਸੀ ਇਹ ਸਭ ਕੁਝ..ਉਥੋਂ ਕੀ ਮਿਲਣਾ ਸੀ ? ਫੇਰ ਇਲਾਹਬਾਦ ਹਾਈਕੋਰਟ ਪਹੁੰਚ ਕੀਤੀ ਗਈ ਅਤੇ ਕੋਰਟ ਨੇ ਇਸ ਨੂੰ ਗੈਰਕਨੂੰਨੀ ਕਰਾਰ ਦੇ ਕੇ ਤੋੜਨ ਦਾ ਹੁਕਮ ਦਿੱਤਾ। ਫਿਰ ਇਸ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕਰ ਦਿੱਤਾ ਗਿਆ। ਪਰ ਸੁਪਰੀਮ ਕੋਰਟ ਨੇ ਫੈਸਲੇ ਨੂੰ ਬਰਕਰਾਰ ਰਖਦਿਆਂ 22 ਮਈ 2022 ਤਕ ਢਾਹੁਣ ਦਾ ਹੁਕਮ ਦਿੱਤਾ। ਫੇਰ ਤਾਰੀਖ ਅੱਗੇ ਵਧਾ ਲਈ ਗਈ ਅਤੇ ਆਖਰ ਅੱਜ 28 ਅਗਸਤ ਨੂੰ ਭਾਰਤ ਦੀ ਇਮਾਰਤਸਾਜੀ ਦੇ ਇਤਹਾਸ ਦਾ ਇਹ ਵਿੱਲਖਣ ਕਾਰਨਾਮ ਅਸਰਅੰਦਾਜ ਹੋਇਆ ਜਦ ਇਹਨਾਂ ਦੋਵੇਂ ਇਮਾਰਤਾਂ ਨੂੰ 9 ਸੈਕਿੰਡਾਂ ਵਿਚ ਢਾਹ ਦਿੱਤਾ ਗਿਆ। 20 ਕਰੋੜ ਦੇ ਕਰੀਬ ਰੁਪਏ ਤਾਂ ਇਹਨਾਂ ਨੂੰ ਢਾਹੁਣ 'ਤੇ ਖਰਚ ਆਇਆ ਹੈ।

ਬਣਾਇਆ ਤਾਂ ਇਸ ਨੂੰ ਹਰ ਪ੍ਰਕਾਰ ਦੇ ਨਿਯਮ-ਕਨੂੰਨ ਨੂੰ ਦਾਅ ਤੇ ਲਾ ਕੇ ਸੀ ਪਰ ਇਸ ਨੂੰ ਢਾਹੁਣ ਦੀ ਪ੍ਰਕਿਰਿਆ ਬਾਕਮਾਲ ਰਹੀ। ਇਸ ਵਿਚ ਦੇਸ ਦੇ ਇੰਜੀਨੀਅਰਾਂ ਨੇ ਬਹੁਤ ਲਿਆਕਤ ਅਤੇ ਤਕਨੀਕੀ ਸਮਝ ਦਾ ਪ੍ਰਗਟਾਵਾ ਕੀਤਾ। ਲਗਭਗ 35 ਕਿਵੰਟਲ ਐਕਸਪਲੋਜਨ ਸਮੱਗਰੀ ਨੂੰ ਉੱਪਰ ਤੋਂ ਹੇਠਾਂ ਤਕ ਇਸ ਤਰ੍ਹਾਂ ਫਿਟ ਕੀਤਾ ਗਿਆ ਕਿ ਸਾਰੀ ਇਮਾਰਤ ਨੌਂ ਸੈਕਿੰਡਾਂ ਵਿਚ ਆਪਣੀ ਥਾਂ ਤੇ ਹੀ ਧਰਾਸਾਈ ਹੋ ਗਈ। ਆਸੇ ਪਾਸੇ ਦੀ ਕਿਸੇ ਇਮਾਰਤ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਕੋਈ ਦਹਾੜਦਾ ਹੋਇਆ ਵੱਡਾ ਜਿੰਨ ਆਪਣੀ ਥਾਂ ਤੇ ਧਰਤੀ ਤੇ ਬੈਠ ਗਿਆ ਹੋਵੇ। ਹਲਾਂਕਿ ਇਸ ਵਿਚ ਵਰਤੀ ਗਈ ਵਿਸਫੋਟਕ ਸਮੱਗਰੀ ਅਤੇ ਇਸ ਇਮਾਰਤ ਦੇ ਢਹਿਣ ਨਾਲ ਉੱਠੇ ਧੂੰਏ ਦੇ ਗੁਬਾਰ ਦੇ ਭਵਿੱਖ ਵਿਚ ਕੀ ਅਸਰ ਪੈਣਗੇ, ਇਸ ਨੂੰ ਸਮਝਣ ਤੇ ਵਕਤ ਲੱਗੇਗਾ।

ਕੁਤਬਮੀਨਾਰ ਤੋਂ ਵੀ ਉੱਚੇ ਬਣੇ ਇਹਨਾਂ ਦੋਹਾਂ ਟਾਵਰਾਂ ਵਿੱਚੋਂ ਕੁੱਲ 915 ਫਲੈਟ ਸਨ, ਜਿਨ੍ਹਾਂ ਵਿੱਚੋਂ 633 ਬੁੱਕ ਹੋ ਚੁੱਕੇ ਸਨ। ਇਸ ਨੂੰ ਬਣਾਉਣ ਤੇ ਲੱਗਭਗ ਲਾਗਤ 70 ਕਰੋੜ ਸੀ, ਜਦ ਕਿ 180 ਕਰੋੜ ਰੁਪੱਏ ਖਰੀਦਦਾਰਾਂ ਕੋਲੋਂ ਇਸ ਸੁਪਰਟੈਕ ਕੰਪਨੀ ਨੂੰ ਮਿਲ ਚੁੱਕੇ ਸਨ, ਜੋ ਹੁਣ ਕੰਪਨੀ 12 ਫੀਸਦੀ ਬਿਆਜ ਨਾਲ ਵਾਪਿਸ ਕਰੇਗੀ।

ਸਾਢੇ ਸੱਤ ਲੱਖ ਵਰਗ ਫੁੱਟ ਦਾ ਕੁੱਲ ਏਰੀਆ ਸੀ ਅਤੇ ਇਕ ਵਰਗ ਫੁੱਟ ਨੂੰ ਬਣਾਉਣ ਦੀ ਲਾਗਤ 933 ਰੁਪਏ ਵਰਗ ਫੁੱਟ ਆਈ ਸੀ। ਜਦ ਕਿ ਇਕ ਫਲੈਟ ਦੀ ਕੀਮਤ ਇਕ ਕਰੋੜ 13 ਲੱਖ ਦੇ ਕਰੀਬ ਸੀ। ਇਸ ਤਰ੍ਹਾਂ ਬਿਲਡਰ ਨੂੰ ਕੁੱਲ ਕਮਾਈ ਲੱਗਭਗ 1200 ਕਰੋੜ ਹੋਣੀ ਸੀ।

ਇਸ ਨੂੰ ਢਾਹੁਣ ਲਈ ਲੱਗਭਗ 5 ਕਰੋੜ ਰੁਪਏ ਬਿਲਡਰਾਂ ਤੋਂ ਵਸੂਲੇ ਜਾਣਗੇ ਅਤੇ ਇਸ ਦੇ ਮਲਬੇ ਦੇ 15 ਕਰੋੜ ਦੇ ਕਰੀਬ ਰੁਪਏ ਮਿਲਣਗੇ।

ਹੁਣ ਅਸਲੀ ਗੱਲ ?

ਚਾਰ ਸਿਰੜੀ ਬਜੁਰਗਾਂ ਉਦੈ ਭਾਨ, ਐਸ ਕੇ ਸਰਮਾ, ਐਮ ਕੇ ਜੈਨ ਅਤੇ ਰਵੀ ਬਜਾਜ ਦੇ ਯਤਨਾਂ ਨਾਲ 12 ਸਾਲ ਚੱਲੀ ਲੰਮੀ ਕਨੂੰਨੀ ਲੜਾਈ ਤੋਂ ਬਾਅਦ ਇਹ ਭ੍ਰਿਸਟਾਚਾਰ ਦੀ ਸਲਤਨਤ ਤਾਂ ਢਹਿ ਗਈ..

ਪਰ ਥਾਂ ਥਾਂ ਹੁੰਦੀਆਂ ਨਜਾਇਜ ਉਸਾਰੀਆਂ ਵਿਚ ਹੋ ਰਹੇ ਘਪਲੇ ਕਿਵੇਂ ਨੰਗੇ ਹੋਣਗੇ ? ਥਾਂ ਥਾਂ ਉਸਰਦੇ ਪੁੱਲ, ਸਰਕਾਰੀ-ਗੈਰ ਸਰਕਾਰੀ ਇਮਾਰਤਾਂ, ਸਿਕਸ ਲੇਨ ਸੜਕਾਂ ਆਦਿ ਵਿਚ ਸਿਖਰਲੇ ਅਹੁਦੇ ਤੇ ਬੈਠੇ ਨੇਤਾ, ਹੇਠਲੇ ਚਾਪਲੂਸ, ਅਫਸਰਾਂ ਦੀ ਚੰਡਾਲ ਚੌਂਕੜੀ ਅਤੇ ਕਾਰਪੋਰੇਟੀ ਲਾਣਾ ਕਿਸ ਤਰ੍ਹਾਂ ਆਪਣੇ ਹੱਥ ਰੰਗਦਾ ਹੈ ਅਤੇ ਪੂਰੀ ਧੌਂਸ ਨਾਲ ਇਸ ਨੂੰ ਜਸਟੀਫਾਈ ਕਰਦਾ ਹੈ..ਇਹ ਬਹੁਤ ਖਤਰਨਾਕ ਖੇਡ ਹੈ।

ਇਸ ਤੋਂ ਵੀ ਅੱਗਲੀ ਗੱਲ...

ਧਰਤੀ ਤੇ ਤਾਂ ਬਹੁਤ ਕੁਝ ਬਣਾਇਆ ਜਾ ਸਕਦਾ ਹੈ ਅਤੇ ਢਾਹਿਆ ਜਾ ਸਕਦਾ ਹੈ, ਪਰ ਮਨਾਂ ਵਿਚ ਫੈਲੀ ਬਦਇਖਲਾਕੀ ਦਾ ਕੇਸ ਕਿਸ ਅਦਾਲਤ ਵਿਚ ਚੱਲੇਗਾ..ਇਸ ਦੀਆਂ ਗਵਾਹੀਆਂ ਕੌਣ ਦੇਵੇਗਾ ਅਤੇ ਮਨਾਂ ਵਿਚ ਉੱਗੇ ਭ੍ਰਿਸਟਾਚਾਰ ਦੇ ਟਾਵਰ ਕਦ ਡਿੱਗਣਗੇ ?

# ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਜੇਲ੍ਹੀਂ ਡੱਕੇ ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਯਾਦ ਕਰਦਿਆਂ



28 ਅਗਸਤ 2018 ਨੂੰ ਪੁਣੇ ਪੁਲਿਸ ਨੇ ਸੰਘੀ ਬੌਸਾਂ ਦੇ ਇਸ਼ਾਰੇ 'ਤੇ ਦਰਜ ਕੀਤੇ ਝੂਠੇ ਕੇਸ ਤਹਿਤ ਵੱਖ ਵੱਖ ਸ਼ਹਿਰਾਂ ਵਿਚ ਛਾਪਾ ਮਾਰ ਕੇ ਪ੍ਰੋਫੈਸਰ ਵਰਾਵਰਾ ਰਾਓ ਸਮੇਤ ਪੰਜ ਬੁੱਧੀਜੀਵੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਇਸ ਤੋਂ ਪਹਿਲਾਂ ਜੂਨ 2018 'ਚ ਇਸੇ ਕੇਸ ਵਿਚ ਪ੍ਰੋਫੈਸਰ ਸ਼ੋਮਾ ਸੇਨ, ਰੋਨਾ ਵਿਲਸਨ, ਸੁਧੀਰ ਧਾਵਲੇ, ਐਡਵੋਕੇਟ ਸੁਰਿੰਦਰ ਗੈਡਲਿੰਗ, ਮਹੇਸ਼ ਰਾਵਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਦ ਵਿਚ ਕਬੀਰ ਕਲਾ ਮੰਚ ਦੇ ਤਿੰਨ ਕਲਾਕਾਰਾਂ ਅਤੇ ਪ੍ਰੋਫੈਸਰ ਹਨੀ ਬਾਬੂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਪ੍ਰੋਫੈਸਰ ਸਾਈਬਾਬਾ ਅਤੇ ਪ੍ਰਸ਼ਾਂਤ ਰਾਹੀ ਸਮੇਤ ਚਾਰ ਸ਼ਖਸੀਅਤਾਂ ਇਕ ਵੱਖਰੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾ ਕੇ ਪਹਿਲਾਂ ਹੀ ਜੇਲ੍ਹ ਬੰਦ ਕੀਤੇ ਹੋਏ ਸਨ ਜਿਨ੍ਹਾਂ ਵਿੱਚੋਂ ਆਦਿਵਾਸੀ ਕਾਰਕੁੰਨ ਪਾਂਡੂ ਨਰੋਟੇ ਕੁਝ ਦਿਨ ਪਹਿਲਾਂ ਜੇਲ੍ਹ ਪ੍ਰਬੰਧ ਦੇ ਅਣਮਨੁੱਖੀ ਹਾਲਾਤ ਨਾਲ ਜੂਝਦਿਆਂ ਸ਼ਹੀਦ ਹੋ ਗਏ।

ਇਹ ਜ਼ਹੀਨ ਬੁੱਧੀਜੀਵੀ ਅਤੇ ਹੱਕਾਂ ਦੇ ਕਾਰਕੁੰਨ ਚਾਰ ਸਾਲ ਤੋਂ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਡੱਕੇ ਹੋਏ ਹਨ। ਸਿਰਫ਼ ਐਡਵੋਕੇਟ ਸੁਧਾ ਭਾਰਦਵਾਜ ਨੂੰ ਜ਼ਮਾਨਤ ਦਿੱਤੀ ਗਈ ਹੈ। ਸਟੈਨ ਸਵਾਮੀ ਪਿਛਲੇ ਸਾਲ ਜਾਬਰ ਜੇਲ੍ਹ ਪ੍ਰਬੰਧ ਦੇ ਜ਼ੁਲਮਾਂ ਨਾਲ ਜੂਝਦਿਆਂ ਸ਼ਹੀਦ ਹੋ ਗਏ। ਆਓ ਹੱਕਾਂ ਦੇ ਇਨ੍ਹਾਂ ਪਹਿਰੇਦਾਰਾਂ ਦੀ ਘਾਲਣਾ ਨੂੰ ਵੱਧ ਤੋਂ ਵੱਧ ਲੋਕਾਂ ਵਿਚ ਲਿਜਾ ਕੇ ਫਾਸ਼ੀਵਾਦ ਰਾਜ ਵਿਚ ਲੋਕ ਰਾਇ ਖੜ੍ਹੀ ਕਰੀਏ ਅਤੇ ਉਨ੍ਹਾਂ ਦੀ ਰਿਹਾਈ ਲਈ ਆਵਾਜ਼ ਨੂੰ ਹੋਰ ਵੀ ਵਿਸ਼ਾਲ ਅਤੇ ਬੁਲੰਦ ਕਰੀਏ।



ਬਿਲਕੀਸ ਬਾਨੋ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਅੱਜ ਜੰਤਰ ਮੰਤਰ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਅਤੇ ਨਿਆਂ ਦੀ ਮੰਗ ਕੀਤੀ ਗਈ।

# ਚੇਤਨਾ ਦਾ ਵਣਜਾਰਾ ਹੋ ਨਿਬੜਿਆ: ਸਿਖਿਆਰਥੀ ਚੇਤਨਾ ਕੈਂਪ

## ਪੌਣ, ਪਾਣੀ ਅਤੇ ਵਾਤਾਵਰਣ ਜਨ ਚੇਤਨਾ ਨਾਲ ਹੀ ਬਚੇਗਾ: ਵਿਜੈ ਬੰਬੇਲੀ




ਜਲੰਧਰ, (ਬਲਜਿੰਦਰ ਸਿੰਘ) : ਦੇਸ਼ ਭਗਤ ਯਾਦਗਾਰ ਹਾਲ 'ਚ ਪੰਜਾਬ ਭਰ ਤੋਂ ਜੁੜੇ ਸਿਖਿਆਰਥੀਆਂ ਦੇ ਲੱਗੇ ਤਿੰਨ ਰੋਜ਼ਾ ਕੈਂਪ ਦੇ ਸਿਖਰਲੇ ਦਿਹਾੜੇ ਮੌਕੇ ਪੰਜਾਬ 'ਚ ਭਖ਼ਦੇ ਮੁੱਦੇ 'ਪਾਣੀ, ਵਾਤਾਵਰਣ ਅਤੇ ਜਨ ਜੀਵਨ 'ਤੇ ਮਾਰੂ ਹਲਾ' ਵਿਸ਼ੇ ਉਪਰ ਬੋਲਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਮੈਂਬਰ ਵਿਜੈ ਬੰਬੇਲੀ ਨੇ ਕਿਹਾ ਕਿ 'ਪਵਣ ਗੁਰੂ, ਪਾਣੀ ਪੀਤਾ, ਮਾਤਾ ਧਰਤ ਮਹੱਤੁ' ਦੇ ਸ਼ਬਦਾਂ ਨੂੰ ਆਪਣੀ ਬੁੱਕਲ 'ਚ ਸਮੋਈ ਬੈਠੇ ਇਸ ਖਿਤੇ ਅੰਦਰ ਵਸਦੀ ਮਾਨਵ ਜਾਤੀ ਗੰਭੀਰ ਮਿੱਟੀ ਅਤੇ ਜਲ ਸੰਕਟ ਦਾ ਸ਼ਿਕਾਰ ਹੋਣ ਜਾ ਰਹੀ ਹੈ। ਪਾਣੀ; ਸਾਡੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸ਼ਕਤੀ ਹੈ।

ਵਿਜੈ ਬੰਬੇਲੀ ਨੇ ਕਿਹਾ ਕਿ ਖੇਤੀ ਜਾਂ ਰੋਜ਼ ਮਰ੍ਹਾ ਜੀਵਨ ਵਿੱਚ ਵਰਤੇ ਜਾਂਦੇ ਪਾਣੀ ਨੂੰ ਹੀ ਜਲ ਸੰਕਟ ਦਾ ਮੁੱਖ ਕਾਰਨ ਦੱਸਕੇ ਸ਼ਰਾਬ, ਸਾਫ਼ਟ ਡਰਿੰਕਸ, ਕੱਪੜਾ, ਰਸਾਇਣਕ ਆਦਿ ਉਦਯੋਗ ਦੁਆਰਾ ਵਰਤੇ ਜਾਂਦੇ ਬੇਤਹਾਸ਼ਾ ਪਾਣੀ ਕਾਰਨ ਬਣ ਰਹੇ ਸੰਕਟ 'ਤੇ ਪਰਦਾਪੋਸ਼ੀ ਕੀਤੀ ਜਾਂਦੀ ਹੈ। ਜੇ ਮਨੁੱਖ ਨੇ ਜ਼ਿੰਦਾ ਰਹਿਣਾ ਹੈ ਤਾਂ ਸਿਧਾਂਤ ਅਤੇ ਕਾਰਜਸ਼ੈਲੀਆਂ ਸਿਰਫ਼ ਬੰਦੇ ਨੂੰ ਹੀ ਧਿਆਨ ਵਿੱਚ ਨਹੀਂ ਸਗੋਂ ਕੁਦਰਤ ਨੂੰ ਧਿਆਨ ਵਿੱਚ ਰੱਖਕੇ ਘੜਨ ਦੀ ਲੋੜ ਹੈ। ਸੰਸਾਰ ਨਿਜ਼ਾਮ ਨੇ ਜਿਵੇਂ ਕੁਦਰਤੀ ਸੋਮਿਆਂ ਖਾਸ ਕਰਕੇ ਜਲ-ਸੋਮਿਆਂ ਨੂੰ ਕਬਜ਼ੇ ਹੇਠ ਲੈਣ ਲਈ ਮਕੜ-ਜਾਲ ਬੁਣ ਲਿਆ, ਇਸਨੇ ਤੀਜਾ ਮਹਾਂ ਯੁੱਧ ਦਾ ਕਾਰਨ ਪਾਣੀ ਬਣੇਗਾ ਦੇ ਖਦਸ਼ੇ ਨੂੰ ਸੱਚ ਹੋਣ ਵੱਲ ਤੋਰ ਦਿੱਤਾ ਹੈ।

ਉਹਨਾਂ ਬੋਲਦਿਆਂ ਕਿਹਾ ਕਿ ਪਾਣੀ, ਧਰਤੀ, ਜੰਗਲ, ਕੁਦਰਤੀ ਅਨਮੋਲ ਖਜ਼ਾਨਿਆਂ ਉਪਰ ਮੁਨਾਫ਼ੇਖੋਰ ਧੜਵੈਲ ਕੰਪਨੀਆਂ ਮੁਕੰਮਲ ਜੱਫਾ ਮਾਰਨ, ਨਿੱਜੀਕਰਣ ਕਰਕੇ ਲੋਕਾਂ ਦੀ ਰੱਤ ਨਿਚੋੜਨ ਦਾ ਕੰਮ ਵੀ ਉਹਨਾਂ ਵਸਤਾਂ ਦੇ ਸਿਰ 'ਤੇ ਕਰ ਰਹੀਆਂ ਹਨ ਜੋ ਵਸਤਾਂ ਕੁੱਲ ਦੁਨੀਆਂ ਦੇ ਲੋਕਾਂ ਨੂੰ ਕੁਦਰਤ ਨੇ ਦਿੱਤੀਆਂ ਹਨ। ਉਹਨਾਂ ਸਿਖਿਆਰਥੀਆਂ ਨੂੰ ਕਿਹਾ ਕਿ ਸਾਨੂੰ ਜਿਥੇ ਖੁਦ ਜਲ, ਪੌਣ, ਵਾਤਾਵਰਣ ਦੀ ਸਾਂਭ-ਸੰਭਾਲ ਲਈ ਅੱਗੇ ਆਉਣਾ ਚਾਹੀਦਾ ਹੈ, ਓਥੇ ਇਹਨਾਂ ਨੂੰ ਹੜੱਪਣ ਲਈ ਸਰਗਰਮ ਤਾਕਤਾਂ ਤੋਂ ਵੀ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ।

ਇਸ ਉਪਰੰਤ ਸਮੂਹ ਸਿਖਿਆਰਥੀਆਂ ਨੂੰ 'ਪ੍ਰਮਾਣ-ਪੱਤਰ' ਅਤੇ ਕਿਤਾਬਾਂ ਨਾਲ ਸਨਮਾਨਤ ਕੀਤਾ ਗਿਆ। ਕਮੇਟੀ ਦੇ ਕਾਰਜਕਰਨੀ ਸਕੱਤਰ ਡਾ. ਪਰਮਿੰਦਰ ਸਿੰਘ, ਪ੍ਰਧਾਨ ਅਜਮੇਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਦਰਸ਼ਨ ਖਟਕੜ, ਹਰਮੇਸ਼ ਮਾਲੜੀ, ਵਿਜੈ ਬੰਬੇਲੀ, ਚਰੰਜੀ ਲਾਲ ਕੰਗਣੀਵਾਲ, ਪ੍ਰੋ. ਗੋਪਾਲ ਬੁੱਟਰ ਨੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਮੂਹ ਸਿਖਿਆਰਥੀਆਂ ਨੂੰ ਸਨਮਾਨਤ ਕੀਤਾ ਅਤੇ ਹੱਲਾ-ਸ਼ੇਰੀ ਦਿੱਤੀ।

ਇਸ ਮੌਕੇ ਔਕਸਫੋਰਡ ਅਤੇ ਜੰਤਾ ਹਸਪਤਾਲ ਵੱਲੋਂ ਲਗਾਏ ਮੈਡੀਕਲ ਕੈਂਪ ਦੀਆਂ ਸੇਵਾਵਾਂ ਕਾਰਨ ਡਾ. ਸਾਹਿਬਾਨ ਅਤੇ ਸਮੂਹ ਸਟਾਫ਼ ਦਾ ਸਨਮਾਨ ਕੀਤਾ ਗਿਆ। ਕਮੇਟੀ ਦੇ ਕਾਰਜਕਾਰੀ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਪ੍ਰਧਾਨ ਅਜਮੇਰ ਸਿੰਘ ਨੇ ਕੈਂਪ ਦੀ ਸਫ਼ਲਤਾ 'ਤੇ ਤਸੱਲੀ ਪ੍ਰਗਟਾਉਂਦਿਆਂ ਅਜੇਹੇ ਯਤਨ ਭਵਿੱਖ 'ਚ ਜਾਰੀ ਰੱਖਣ ਦਾ ਵਿਸਵਾਸ਼ ਦੁਆਇਆ।

ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ। ਨਵੀਂ ਊਰਜਾ, ਜੋਸ਼, ਉਤਸ਼ਾਹ ਅਤੇ ਸੇਧ ਲੈ ਕੇ ਨੌਜਵਾਨ ਕਾਫ਼ਲੇ ਦੇਸ਼ ਭਗਤ ਯਾਦਗਾਰ ਤੋਂ ਵਿਦਾ ਹੋਏ।

# ਹੀਰੋਸੀਮਾ ਅਤੇ ਨਾਗਾਸਾਕੀ ਹਾਦਸਾ : ਵਿਨਾਸਕਾਰੀ ਲੀਲ੍ਹਾ ਦੇ 77 ਸਾਲ

**- ਲਾਭ ਸਿੰਘ ਅਕਲੀਆ**



ਜਦੋਂ 1943 ਵਿੱਚ ਦੂਜਾ ਵਿਸਵ ਯੁੱਧ ਸਮਾਪਤ ਹੋ ਚੁੱਕਾ ਸੀ ਅਤੇ ਜਪਾਨ ਆਤਮਸਮਰਪਣ ਕਰਨ ਲਈ ਤਿਆਰ ਸੀ। ਤਾਂ ਉਸ ਸਮੇਂ ਅਮਰੀਕੀ ਸਾਮਰਾਜਵਾਦ ਵੱਲੋਂ ਜਪਾਨ ਦੇ ਦੋ ਸਹਿਰਾਂ ਹੀਰੋਸੀਮਾ ਅਤੇ ਨਾਗਾਸਾਕੀ ਉੱਤੇ 6 ਅਤੇ 9 ਅਗਸਤ 1945 ਨੂੰ ਸਵੇਰੇ ਦਿਨ ਚੜ੍ਹਦੇ ਤੋਂ ਪਹਿਲਾਂ ਕ੍ਰਮਵਾਰ 'ਲਿਟਲ ਬੁਆਏ' ਅਤੇ 'ਫੈਟ ਮੈਨ' ਨਾਂ ਦੇ ਦੋ ਪ੍ਰਮਾਣੂੰ ਬੰਬ ਸੁੱਟ ਕੇ ਵਿਨਾਸਕਾਰੀ ਲੀਲ੍ਹਾ ਨੂੰ ਅੰਜਾਮ ਦੇ ਦਿੱਤਾ ਗਿਆ ਸੀ। ਮਿੰਟਾਂ-ਸਕਿੰਟਾਂ ਵਿੱਚ ਲੱਖਾਂ ਲੋਕਾਂ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ ਗਿਆ। ਅਮਰੀਕੀ ਸਾਮਰਾਜਵਾਦ ਪਿਛਲੇ ਕਈ ਸਾਲਾਂ ਤੋਂ ਦੁਨੀਆਂ ਤੋਂ ਛੁਪਾਕੇ 'ਮਨਹੱਟਨ ' ਵਿਖੇ ਪ੍ਰਮਾਣੂੰ ਬੰਬ ਬਨਾਉਣ ਵਿੱਚ ਲੱਗਿਆ ਹੋਇਆ ਸੀ।

ਲੋਕਾਂ ਦੇ ਮਨਾਂ ਵਿੱਚ ਇਹ ਸਵਾਲ ਉੱਠ ਰਹੇ ਸਨ, ਕਿ ਜਦੋਂ ਜਰਮਨੀ, ਇਟਲੀ ਅਤੇ ਜਪਾਨ ਯੁੱਧ ਹਾਰ ਚੁੱਕੇ ਸਨ, ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਦੂਜੀ ਸੰਸਾਰ ਜੰਗ ਜਿੱਤ ਚੁੱਕੇ ਸਨ ਤਾਂ ਅਮਰੀਕਾ ਨੇ ਜਪਾਨ ਵਿੱਚ ਇੰਨੀ ਤਬਾਹੀ ਕਿਓਂ ਮਚਾਈ ? ਕਰੀਬ ਛੇ ਲੱਖ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਕਿਓਂ ਧੱਕਿਆ ? ਅਸਲ ਵਿੱਚ ਵਿਸਵ ਯੁੱਧ ਵਿੱਚ ਹਿਟਲਰ ਦੀ ਅਗਵਾਈ ਵਾਲੇ ਨਾਜੀ ਜਰਮਨੀਆਂ ਦੀ ਹੋਈ ਹਾਰ ਤੋਂ ਬਾਅਦ ਸਟਾਲਿਨ ਦੀ ਅਗਵਾਈ ਹੇਠ ਸਮਾਜਵਾਦੀ ਸੋਵੀਅਤ ਸੰਘ ਜਿੱਤ ਦੇ ਰੂਪ ਵਿੱਚ ਅੱਗੇ ਵਧ ਰਿਹਾ ਸੀ ਅਤੇ ਯੂਰਪੀ ਖਿੱਤੇ ਵਿੱਚ ਵੱਡੀ ਸਮਾਜਵਾਦੀ ਸਕਤੀ ਬਣ ਚੁੱਕਾ ਸੀ। ਪੁਰਾਣੇ ਯੂਰਪ ਦੇ ਬਾਕੀ ਦੇਸਾਂ ਵਿੱਚ ਵੀ ਕਮਿਊਨਿਸਟ ਪਾਰਟੀਆਂ ਨਾਜੀਵਾਦ ਦੇ ਖ਼ਿ?ਲਾਫ ਲੜਦੀਆਂ ਹੋਈਆਂ ਅੱਗੇ ਵਧ ਰਹੀਆਂ ਸਨ ਅਤੇ ਸਮਾਜਵਾਦ ਦੇ ਲਈ ਰਸਤਾ ਅਖਤਿਆਰ ਕਰ ਰਹੀਆਂ ਸਨ। ਜੋ ਵਿਸਵ ਦੇ ਵੱਡੇ ਪੂੰਜੀਪਤੀਆਂ ਲਈ ਵੱਡੀ ਚਣੌਤੀ ਸੀ ਪੂਰੀ ਦੁਨੀਆਂ ਵਿੱਚੋਂ ਸਮਾਜਵਾਦ ਦੀ ਚੜ੍ਹਤ ਨੂੰ ਰੋਕਣ ਲਈ ਅਤੇ ਦੁਨੀਆਂ ਦੀ ਅਮਨ ਪਸੰਦ ਜਨਤਾ ਵਿੱਚ ਦਹਿਸਤ ਪੈਦਾ ਕਰਨ ਲਈ ਅਮਰੀਕੀ ਸਾਮਰਾਜਵਾਦ ਵੱਲੋਂ ਆਪਣੀ ਜਿੱਤ ਦਾ ਝੰਡਾ ਗੱਡਣ ਲਈ ਇਹ ਖੂਨੀ ਕਾਂਡ ਰਚਿਆ ਗਿਆ। ਜੋ ਪਹਿਲਾਂ ਬ੍ਰਿਟੇਨ ਨੇ ਗੱਡਿਆ ਹੋਇਆ ਸੀ। ਇਸੇ ਕਰਕੇ ਅਮਰੀਕੀ ਸਾਮਰਾਜਵਾਦ ਵੱਲੋਂ ਸੋਚੇ-ਸਮਝੇ ਇਹ ਵਿਨਾਸਕਾਰੀ ਲੀਲ੍ਹਾ ਰਚਾਈ ਗਈ। ਇਸ ਤੋਂ ਇਹ ਵੀ ਸਾਫ ਹੋ ਗਿਆ ਸੀ ਕਿ ਇਹ ਪ੍ਰਮਾਣੂੰ ਬੰਬ ਕਿੰਨੀ ਤਬਾਹੀ ਮਚਾ ਸਕਦੇ ਹਨ।

ਜਪਾਨ ਦੀ ਜਨਤਾ ਇਸਦੇ ਭਿਆਨਕ ਅਤੇ ਖਤਰਨਾਕ ਨਤੀਜਿਆਂ ਤੋਂ ਅੱਜ ਵੀ ਪੀੜ੍ਹਤ ਹੈ ਅਤੇ ਕਈ ਸਦੀਆਂ ਤੱਕ ਪੀੜ੍ਹਤ ਰਹੇਗੀ।

ਹੀਰੋਸੀਮਾ ਅਤੇ ਨਾਗਾਸਾਕੀ ਦੇ ਮੰਜਰ ਤੋਂ ਬਾਅਦ ਅਮਰੀਕੀ ਸਾਮਰਾਜਵਾਦ ਕੋਲ ਇਸਤੋਂ ਵੀ ਵੱਡਾ ਭਿਆਨਕ ਹਥਿਆਰਾਂ ਦਾ ਜਖੀਰਾ ਹੈ- ਜਿਸ ਨਾਲ ਇਸ ਧਰਤੀ ਨੂੰ ਕਈ ਵਾਰ ਖਤਮ ਕੀਤਾ ਜਾ ਸਕਦਾ ਹੈ। ਅਮਰੀਕਾ ਦੀ ਪ੍ਰਮਾਣੂੰ ਚਣੌਤੀ ਦਾ ਸਾਹਮਣਾ ਕਰਨ ਲਈ ਹੋਰਨਾਂ ਸਾਮਰਾਜਵਾਦੀ ਸਕਤੀਆਂ ਨੇ ਵੀ ਪ੍ਰਮਾਣੂੰ ਬੰਬਾਂ ਦਾ ਨਿਰਮਾਣ ਕਰਨਾ ਸੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਸੋਵੀਅਤ ਸੰਘ ਅਤੇ ਚੀਨ ਵੱਲੋਂ ਪ੍ਰਮਾਣੂੰ ਬੰਬਾਂ ਦਾ ਨਿਰਮਾਣ ਸੁਰੂ ਕਰ ਦਿੱਤਾ। ਅੱਜ ਰੂਸ ਅਤੇ ਚੀਨ ਕੋਲ ਜੋ ਪ੍ਰਮਾਣੂੰ ਬੰਬਾਂ ਦਾ ਭੰਡਾਰ ਹੈ, ਉਹ ਅਮਰੀਕਾ ਤੋਂ ਵੀ ਕਿਤੇ ਵੱਡਾ ਹੈ। ਅੱਜ ਇਹ ਦੋਵੇਂ ਮੁਲਕ ਅਮਰੀਕੀ ਸਾਮਰਾਜਵਾਦ ਦਾ ਵਿਰੋਧ ਕਰਨ ਦੀ ਬਜਾਏ, ਖੁਦ ਸਾਮਰਾਜਵਾਦੀ ਮਨਸੂਬਿਆਂ ਦਾ ਵੱਡਾ ਸਾਧਨ ਬਣੇ ਹੋਏ ਹਨ।

ਦੁਨੀਆਂ ਦੇ ਕਈ ਵਿਕਾਸਸੀਲ ਮੁਲਕਾਂ ਨੇ ਵੀ ਇਹੀ ਰਸਤਾ ਅਪਣਾ ਲਿਆ ਹੈ। ਭਾਰਤ, ਇਜਰਾਈਲ ਅਤੇ ਪਾਕਿਸਤਾਨ ਵਰਗੇ ਦੇਸਾਂ ਨੇ ਵੀ ਪ੍ਰਮਾਣੂੰ ਹਥਿਆਰਾਂ ਦਾ ਨਿਰਮਾਣ ਕਰ ਲਿਆ ਹੈ, ਜੋ ਕਿਸੇ ਵੀ ਤਰ੍ਹਾਂ ਇਨ੍ਹਾਂ ਦੇਸਾਂ ਦੀ ਜਨਤਾ ਦੇ ਹਿੱਤ ਵਿੱਚ ਨਹੀਂ ਹੈ। ਇਨ੍ਹਾਂ ਦਾ ਇਸਤੇਮਾਲ ਜਨਤਾ ਵਿੱਚ ਫੁੱਟ ਪਾਉਣ, ਹਥਿਆਰਾਂ ਦੀ ਹੋੜ ਨੂੰ ਤੇਜ ਕਰਨ ਅਤੇ ਆਪਣੇ ਸਾਮਰਾਜਵਾਦੀ ਪ੍ਰਭੂਆਂ ਦੇ ਆਰਥਿਕ ਹਿੱਤਾਂ ਦੀ ਪੂਰਤੀ ਲਈ ਕੀਤਾ ਜਾ ਰਿਹਾ ਹੈ।

**ਪ੍ਰਮਾਣੂੰ ਹਥਿਆਰਾਂ ਦੇ ਨਾਲ-ਨਾਲ ਪ੍ਰਮਾਣੂੰ ਊਰਜਾ ਦਾ ਵੀ ਵਿਰੋਧ ਕਰੋ:-**

1950 ਵਿੱਚ ਸਾਮਰਾਜਵਾਦੀ ਮੁਲਕਾਂ ਅੰਦਰ ਪਹਿਲੀ ਵਾਰ ਪ੍ਰਮਾਣੂੰ ਊਰਜਾ ਪਲਾਂਟ ਸਥਾਪਿਤ ਕੀਤੇ ਗਏ ਸਨ। ਓਦੋਂ ਤੋਂ ਹੀ ਯੂਰੇਨੀਅਮ ਦੀ ਖੁਦਾਈ ਅਤੇ ਪ੍ਰਮਾਣੂੰ ਬਿਜਲੀ ਘਰਾਂ ਤੋਂ ਨਿਕਲਣ ਵਾਲੀਆਂ ਖਤਰਨਾਕ ਰੇਡੀਏਸਨ (ਗੈਸਾਂ) ਦਾ ਹਵਾ ਵਿੱਚ ਫੈਲਣ ਕਰਕੇ ਅਤੇ ਇਸ ਤੋਂ ਪੈਦਾ ਹੋਣ ਵਾਲੇ ਖਤਰਿਆਂ ਬਾਰੇ ਸਵਾਲ ਉੱਠਣੇ ਸੁਰੂ ਹੋ ਗਏ ਸਨ। ਇਨ੍ਹਾਂ ਪਲਾਂਟਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਅਤੇ ਇਹਨਾਂ ਪਲਾਂਟਾਂ ਦੇ ਨੇੜੇ - ਤੇੜੇ ਰਹਿਣ ਵਾਲੀ ਵਸੋਂ ਨੂੰ ਇਸਤੋਂ ਹੋਣ ਵਾਲੇ ਤਬਾਹਕੁੰਨ ਪ੍ਰਭਾਵਾਂ ਉੱਪਰ ਉਂਗਲੀ ਉੱਠਣੀ ਸੁਰੂ ਹੋ ਗਈ ਸੀ। ਇਨ੍ਹਾਂ ਪਲਾਂਟਾਂ ਰਾਹੀ ਪੈਦਾ ਹੋ ਰਹੇ ਹਜਾਰਾਂ ਟਨ ਕਚਰੇ ਨੂੰ ਖਪਾਉਣ ਦਾ ਸਵਾਲ ਵੀ ਸੰਸਾਰ ਭਰ ਵਿੱਚ ਗੰਭੀਰ ਬਹਿਸ ਦਾ ਵਿਸਾ ਬਣਿਆ ਹੋਇਆ ਸੀ। ਪ੍ਰੰਤੂ ਉਸ ਸਮੇਂ ਪ੍ਰਮਾਣੂੰ ਲਾਬੀ ਤਾਕਤਵਰ ਬਣ ਚੁੱਕੀ ਸੀ। ਕਈ ਪ੍ਰਮਾਣੂੰ ਵਿਗਿਆਨੀ ਜਿਵੇਂ ਕਿ ਭਾਰਤ ਵਿਚ ਹੋਮੀ ਭਾਵਾ ਪ੍ਰਮਾਣੂੰ ਊਰਜਾ ਦੀ ਲੋੜ ਨੂੰ ਵਧਾ ਚੜ੍ਹਾਕੇ ਪੇਸ ਕਰ ਰਿਹਾ ਸੀ। ਇਸੇ ਤਰ੍ਹਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੀ ਪ੍ਰਮਾਣੂੰ ਊਰਜਾ ਤੇ ਕਾਫੀ ਮੋਹਿਤ ਹੋ ਗਏ ਸਨ।

ਜਦੋਂ 1979 ਵਿੱਚ ਅਮਰੀਕਾ ਦੇ ਸਹਿਰ 'ਥ੍ਰੀ ਮਾਈਲ ਆਈਲੈਂਡ' ਵਿਖੇ ਪ੍ਰਮਾਣੂੰ ਪਲਾਂਟ ਵਿੱਚ ਵੱਡਾ ਹਾਦਸਾ ਵਾਪਰ ਗਿਆ , ਹਜਾਰਾਂ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਅਤੇ ਪ੍ਰਮਾਣੂੰ ਲਾਬੀ ਦੇ ਮੂੰਹ ਤੇ ਕਰਾਰੀ ਚਪੇੜ ਸਾਬਿਤ ਹੋਇਆ। ਇਸੇ ਤਰ੍ਹਾਂ ਸੋਵੀਅਤ ਸੰਘ ਵਿਖੇ 1986 ਵਿੱਚ ਚੇਨਰੋਵਿਲ (ਯੂਕਰੇਨ) ਵਿਖੇ ਪ੍ਰਮਾਣੂੰ ਬਿਜਲੀ ਘਰ ਵਿੱਚ ਹਾਦਸਾ ਵਾਪਰ ਗਿਆ, ਜਿਸ ਨਾਲ ਭਾਰੀ ਤਬਾਹੀ ਮੱਚ ਗਈ । ਤਾਂ ਅਮਰੀਕੀ ਸਾਮਰਾਜਵਾਦ ਅਤੇ ਉਸਦੇ ਦਲਾਲਾਂ ਵਲੋਂ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਇਹ ਸਮਾਜਵਾਦੀ ਪ੍ਰਬੰਧ ਦੇ ਤਕਨੀਕੀ ਪਛੜੇਪਣ ਦੇ ਕਾਰਣ ਵਾਪਰਿਆ ਹੈ। ਹਾਲਾਤ ਫਿਰ ਵੀ ਅਜਿਹੇ ਬਣਾ ਦਿੱਤੇ ਗਏ, ਕਿ ਪ੍ਰਮਾਣੂੰ ਊਰਜਾ ਤੇ ਕੋਈ ਉਸਾਰੂ ਬਹਿਸ ਨਹੀਂ ਹੋਣ ਦਿੱਤੀ ਗਈ। ਸਾਮਰਾਜਵਾਦੀ ਦੇਸਾਂ ਅੰਦਰ ਵਾਤਾਵਰਣ ਮਾਹਿਰਾਂ ਵੱਲੋਂ ਪ੍ਰਮਾਣੂੰ ਊਰਜਾ ਦੇ ਖਿਲਾਫ ਤਿੱਖੇ ਅੰਦੋਲਨ ਸੁਰੂ ਹੋ ਗਏ। ਇਸ ਦਾ ਨਤੀਜਾ ਇਹ ਹੋਇਆ ਕਿ ਅਮਰੀਕਾ ਅਤੇ ਫਰਾਂਸ ਨੇ ਨਵੇਂ ਪਲਾਂਟ ਲਾਉਂਣੇ ਬੰਦ ਕਰ ਦਿੱਤੇ। ਸਾਮਰਾਜਵਾਦੀ ਸਕਤੀਆਂ ਨੇ ਵਿਕਾਸਸੀਲ ਦੇਸਾਂ ਦੇ ਪ੍ਰਮਾਣੂੰ ਮਾਹਿਰਾਂ ਤੇ ਦਲਾਲਾਂ ਨੂੰ ਆਪਣੇ ਪੱਖ ਵਿੱਚ ਕਰਕੇ ਪ੍ਰਮਾਣੂੰ ਸਮੱਗਰੀ ਦਾ ਨਿਰਯਾਤ ਕਰਨਾ ਸੁਰੂ ਕਰ ਦਿੱਤਾ। ਭਾਰਤ ਇਸਦੀ ਸਭ ਤੋਂ ਵੱਡੀ ਉਦਾਹਰਣ ਹੈ। ਭਾਰਤ ਵਿੱਚ ਪ੍ਰਮਾਣੂੰ ਸੰਸਥਾਵਾਂ ਅਤੇ ਵਿਗਿਆਨੀਆਂ ਦੀ ਸੁਰੂ ਤੋਂ ਹੀ ਸੋਵੀਅਤ ਪੱਖੀ ਲਾਬੀ ਮੌਜੂਦ ਰਹੀ ਹੈ। ਜਿਸਨੇ ਦੇਸ ਵਿੱਚ ਸੋਵੀਅਤ ਨਮੂਨੇ ਦੇ ਯੰਤਰ ਲਾਉਣ ਨੂੰ ਤਰਜੀਹ ਦਿੱਤੀ। ਇਹ ਲਾਬੀ ਤਾਮਿਲਨਾਡੂ ਵਿੱਚ 'ਕੁਡਨਕੁਲਮ ' ਵਿਖੇ ਪ੍ਰਮਾਣੂ ਪਲਾਂਟ ਸਥਾਪਿਤ ਕਰਨ ਲਈ ਸਰਗਰਮ ਰਹੀ ਹੈ। ਉਸ ਤੋਂ ਬਾਅਦ ਮਹਾਂਰਾਸਟਰ ਦੇ 'ਜਗਤਪੁਰ,' ਮੱਧ-ਪ੍ਰਦੇਸ ਦੇ 'ਚੁਟਕਾ ', ਹਰਿਆਣਾ ਦੇ ਫਤਿਹਵਾਦ ਜ਼ਿ?ਲ੍ਹੇ ਦੇ 'ਗੋਰਖਪੁਰ' ਤੋਂ ਇਲਾਵਾ ਦੇਸ ਦੇ ਹੋਰਨਾਂ ਦਰਜਨਾਂ ਥਾਵਾਂ 'ਤੇ ਅਜਿਹੇ ਪ੍ਰਮਾਣੂੰ ਬਿਜਲੀ ਪਲਾਂਟ ਲਾਏ ਜਾ ਰਹੇ ਹਨ। ਜੋ ਕਦੇ ਵੀ 'ਪ੍ਰਮਾਣੂੰ ਟਾਈਮ ਬੰਬ' ਬਣ ਸਕਦੇ ਹਨ। ਤਕਨੀਕ ਦੇ ਪੱਖ ਤੋਂ ਵਿਕਸਤ ਸਾਮਰਾਜਵਾਦੀ ਮੁਲਕ 'ਜਪਾਨ', ਜਿੱਥੇ ਗਿਆਰਾਂ ਸਾਲ ਪਹਿਲਾਂ 11 ਮਾਰਚ 2011 ਨੂੰ 'ਫੂਕੂਸੀਮਾਂ' ਵਿਖੇ ਪ੍ਰਮਾਣੂੰ ਪਲਾਂਟ ਵਿੱਚ ਸੁਨਾਮੀ ਦੀ ਵਜ੍ਹਾ ਕਰਕੇ ਭਿਆਨਕ ਹਾਦਸਾ ਵਾਪਰ ਗਿਆ ਸੀ, ਹਵਾ ਵਿੱਚ ਫੈਲੀਆਂ ਹਾਨੀਕਾਰਕ ਰੇਡੀਏਸਨ ਦੇ ਕਾਰਣ ਕੁੱਝ ਹੀ ਘੰਟਿਆਂ ਵਿੱਚ ਹਜਾਰਾਂ ਲੋਕ ਮੌਤ ਦੇ ਮੂੰਹ ਵਿੱਚ ਚਲੇ ਗਏ ਅਤੇ ਲੱਖਾਂ ਲੋਕ ਭਿਆਨਕ ਬੀਮਾਰੀਆ ਦਾ ਸ਼ਿਕਾਰ ਹੋ ਗਏ ਸਨ। ਅੱਜ ਵੀ ਜਹਿਰੀਲੀਆਂ ਗੈਸਾਂ ਤੋਂ ਪ੍ਰਭਾਵਿਤ ਨਵ -ਜਨਮੇ ਬੱਚੇ ਵੱਡੀ ਗਿਣਤੀ ਵਿੱਚ ਵੱਖ-ਵੱਖ ਰੋਗਾਂ ਦੇ ਸ਼ਿਕਾਰ ਪੈਦਾ ਹੋ ਰਹੇ ਹਨ।

ਇਹ ਬਹੁਤ ਵੱਡੀ ਤ੍ਰਾਸਦੀ ਹੈ, ਕਿ ਮੁਨਾਫਾ ਕਮਾਉਣ ਦੀ ਹੋੜ ਵਿੱਚ ਲੱਗੀਆਂ ਸਾਮਰਾਜਵਾਦੀ ਸ਼ਕਤੀਆਂ, ਪ੍ਰਮਾਣੂੰ ਊਰਜਾ ਦੇ ਕਾਰੋਬਾਰ ਵਿੱਚ ਲੱਗੀਆਂ ਬਹੁ- ਰਾਸਟਰੀ ਕੰਪਨੀਆਂ, ਵੱਡੇ ਕਾਰਪੋਰੇਟ ਅਤੇ ਨਵ-ਬਸਤੀਵਾਦੀ ਦੇਸਾਂ ਦੀਆਂ ਦਲਾਲ ਹਾਕਮ ਜਮਾਤਾਂ ਇਸ ਤੋਂ ਨਿਕਲਣ ਵਾਲੇ ਭਿਆਨਕ ਛਿੱਟਿਆਂ ਤੇ ਪਰਦਾ ਪਾ ਰਹੀਆਂ ਹਨ। ਪ੍ਰਮਾਣੂੰ ਪਲਾਂਟਾਂ ਵਿੱਚੋਂ ਨਿਕਲਣ ਵਾਲੀਆਂ ਖਤਰਨਾਕ ਕਿਰਨਾਂ ਅਤੇ ਗਰੀਨ ਹਾਊਸ ਗੈਸਾਂ ਆਮ ਜਨਤਾ ਲਈ ਮੌਤ ਦਾ ਸਬੱਬ ਹਨ। ਸਾਮਰਾਜਵਾਦੀ ਸਕਤੀਆਂ ਆਪਣੇ ਪ੍ਰਮਾਣੂੰ ਹਥਿਆਰਾਂ ਦੇ ਭੰਡਾਰਾਂ ਨੂੰ ਵੀ ਖਤਮ ਕਰਨ ਲਈ ਤਿਆਰ ਨਹੀਂ ਹਨ, ਅਤੇ ਵਿਕਾਸਸੀਲ ਮੁਲਕਾਂ ਵਿੱਚ ਪ੍ਰਮਾਣੂੰ ਊਰਜਾ ਪਲਾਂਟਾਂ ਦਾ ਵੱਡੇ ਪੱਧਰ ਤੇ ਨਿਰਮਾਣ ਕੀਤਾ ਜਾ ਰਿਹਾ ਹੈ। ਜਪਾਨ ਸਮੇਤ ਕਈ ਮੁਲਕ ਆਪਣੇ -ਆਪਣੇ ਪ੍ਰਮਾਣੂ ਬਿਜਲੀ ਘਰ ਬੰਦ ਕਰਨ ਦਾ ਐਲਾਨ ਕਰ ਚੁੱਕੇ ਹਨ। ਉਹੀ ਦੇਸ ਆਪਣਾ ਕੂੜਾ-ਕਬਾੜ ਭਾਰਤ ਵਰਗੇ ਨਵ-ਬਸਤੀਵਾਦੀ ਦੇਸਾਂ ਨੂੰ ਵੇਚਕੇ ਡਾਲਰ ਕਮਾ ਰਹੇ ਹਨ। ਅੱਜ ਪੂਰੀ ਦੁਨੀਆਂ ਪ੍ਰਮਾਣੂੰ ਊਰਜਾ ਅਤੇ ਪ੍ਰਮਾਣੂੰ ਹਥਿਆਰਾਂ ਦੇ ਖਤਰੇ ਤੋਂ ਜਾਗਰੂਕ ਹੋ ਰਹੀ ਹੈ। ਅੱਜ ਵਿਸਵ ਪੱਧਰ 'ਤੇ ਇਸਦੇ ਖ਼ਿ?ਲਾਫ ਆਵਾਜ ਉਠਾਉਣ ਦੀ ਲੋੜ ਹੈ। ਤਾਂ ਕਿ ਪ੍ਰਮਾਣੂੰ ਹਥਿਆਰਾਂ ਅਤੇ ਪ੍ਰਮਾਣੂੰ ਬਿਜਲੀ ਘਰਾਂ ਤੋਂ ਮੁਕਤ ਦੁਨੀਆਂ ਦੀ ਰਚਨਾ ਕੀਤੀ ਜਾ ਸਕੇ ਅਤੇ ਭਵਿੱਖ ਵਿੱਚ ਆਮ ਜਨਤਾ ਨੂੰ ਵਿਨਾਸਕਾਰੀ ਖਤਰਿਆਂ ਤੋਂ ਬਚਾਇਆ ਜਾ ਸਕੇ।

-ਮੋ: 9463610661

# ਮੌਜੂਦਾ ਕਿਸਾਨ ਅੰਦੋਲਨ ਅਤੇ ਇਸ ਦਾ ਮਹੱਤਵ (ਸਫ਼ਾ 1 ਦੀ ਬਾਕੀ)

ਹਕੀਕਤ ਇਹ ਹੈ ਕਿ ਸਰਕਾਰ ਉੱਤਰ ਪ੍ਰਦੇਸ਼ ਵਿਚ ਖਾਸ ਵਰਗ ਦੀਆਂ ਵੋਟਾਂ ਹਾਸਲ ਕਰਨ ਲਈ ਲਖੀਮਪੁਰ ਖੀਰੀ ਕਾਂਡ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੀ ਸ਼ਮੂਲੀਅਤ ਬਾਰੇ ਕੋਈ ਭਰੋਸੇਯੋਗ ਜਾਂਚ ਕਰਵਾਉਣ ਦੀ ਬਜਾਇ ਉਸ ਨੂੰ ਸ਼ਹਿ ਅਤੇ ਸਰਪ੍ਰਸਤੀ ਦੇ ਰਹੀ ਹੈ। ਮੋਦੀ ਵਜ਼ਾਰਤ ਦੀ ਰਾਜਸੀ ਸਰਪ੍ਰਸਤੀ ਨਾਲ ਕਿਸਾਨਾਂ ਦੇ ਕਤਲਾਂ ਦਾ ਸਾਜ਼ਿਸ਼ਘਾੜਾ ਅਜੈ ਮਿਸ਼ਰਾ ਐਨਾ ਹੰਕਾਰਿਆ ਹੋਇਆ ਹੈ ਕਿ ਹਾਲ ਹੀ ਵਿਚ ਉਸ ਨੇ ਆਪਣੇ ਭਾਸ਼ਣ ਵਿਚ ਅੰਦੋਲਨਕਾਰੀ ਕਿਸਾਨਾਂ ਨੂੰ 'ਭੌਂਕ ਰਹੇ ਕੁੱਤੇ' ਕਹਿਣ ਦੀ ਘਿਣਾਉਣੀ ਹਰਕਤ ਕੀਤੀ ਹੈ। ਇਹ ਦਰਅਸਲ ਅਜੈ ਮਿਸ਼ਰਾ ਦੀ ਵਿਅਕਤੀਗਤ ਬਦਜ਼ੁਬਾਨ ਨਹੀਂ ਸਗੋਂ ਮੋਦੀ ਵਜ਼ਾਰਤ ਦੀ ਹਰ ਲੋਕ ਅੰਦੋਲਨ ਨਾਲ ਦੁਸ਼ਮਣੀ ਦਾ ਪ੍ਰਗਟਾਵਾ ਹੈ।

ਦੂਜੇ ਪਾਸੇ ਲਖੀਮਪੁਰ ਖੀਰੀ ਮਾਮਲੇ ਵਿਚ ਬੇਕਸੂਰ ਕਿਸਾਨ ਧਾਰਾ 302 ਤਹਿਤ ਜੇਲ੍ਹ ਵਿਚ ਬੰਦ ਹਨ। ਜਦ ਐਸ.ਆਈ.ਟੀ. ਕਿਸਾਨਾਂ ਦੇ ਕਤਲਾਂ ਨੂੰ 'ਯੋਜਨਾਬੱਧ' ਕਹਿ ਰਹੀ ਹੈ ਤਾਂ ਉਨ੍ਹਾਂ ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨਾ ਬਣਦਾ ਹੈ ਅਤੇ ਉਨ੍ਹਾਂ ਖਿਲਾਫ ਦਰਜ ਕੇਸ ਤੁਰੰਤ ਵਾਪਸ ਲੈਣੇ ਚਾਹੀਦੇ ਹਨ ਪਰ ਸਰਕਾਰੀ ਵਕੀਲ ਅਦਾਲਤ ਵਿਚ ਇਸ ਗੱਲ ਦੀ ਲਗਾਤਾਰ ਪੈਰਵੀ ਕਰ ਰਹੇ ਹਨ ਕਿ ਉਹਨਾਂ ਨੂੰ ਜ਼ਮਾਨਤ ਨਾ ਮਿਲੇ। ਸੰਯੁਕਤ ਕਿਸਾਨ ਮੋਰਚਾ ਨਾਲ ਉੱਤਰ ਪ੍ਰਦੇਸ਼ ਸਰਕਾਰ ਦੇ ਵਾਅਦੇ ਅਨੁਸਾਰ ਵੀ ਜੇਲ੍ਹਾਂ ਵਿਚ ਬੰਦ ਕਿਸਾਨ ਰਿਹਾਅ ਕਰਨੇ ਬਣਦੇ ਸਨ। ਇਹਨਾਂ ਵਿਚ ਉਹ ਕਿਸਾਨ ਸ਼ਾਮਲ ਹਨ ਜਿਨ੍ਹਾਂ ਦੇ ਪਰਿਵਾਰਾਂ ਨੇ ਤਰਾਈ ਇਲਾਕੇ ਦੀਆਂ ਬੇਆਬਾਦ ਜ਼ਮੀਨਾਂ ਆਪਣੀ ਮਿਹਨਤ ਨਾਲ ਉਪਜਾਊ ਬਣਾਈਆਂ। ਸਰਕਾਰ ਨੇ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਅਤੇ ਜ਼ਖਮੀ ਕਿਸਾਨਾਂ ਨੂੰ ਅਜੇ ਤੱਕ ਮੁਆਵਜ਼ਾ ਦੇਣ ਦਾ ਆਪਣਾ ਵਾਅਦਾ ਵੀ ਪੂਰਾ ਨਹੀਂ ਕੀਤਾ।

ਕੇਂਦਰ ਸਰਕਾਰ ਨੇ ਨਵੰਬਰ 2021 ਦੌਰਾਨ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦਾ ਅੰਦੋਲਨ ਖਤਮ ਕਰਵਾਉਣ ਸਮੇਂ ਸੰਯੁਕਤ ਕਿਸਾਨ ਮੋਰਚੇ ਨੂੰ ਲਿਖਤੀ ਭਰੋਸਾ ਦਿੱਤਾ ਸੀ ਕਿ ਸਾਰੀਆਂ ਸਬੰਧਿਤਾਂ ਧਿਰਾਂ ਦੇ ਸ਼ੰਕੇ ਦੂਰ ਕਰਨ ਤੋਂ ਬਾਅਦ ਹੀ ਬਿਜਲੀ ਸੋਧ ਬਿੱਲ ਸੰਸਦ ਵਿਚ ਪੇਸ਼ ਕੀਤਾ ਜਾਵੇਗਾ ਪਰ ਇਸ ਵਾਅਦੇ ਦੇ ਉਲਟ ਕਿਸਾਨਾਂ ਅਤੇ ਵਿਰੋਧੀ ਧਿਰਾਂ ਨਾਲ ਸਲਾਹ-ਮਸ਼ਵਰਾ ਕਰੇ ਬਗੈਰ ਬਿਜਲੀ ਸੋਧ ਬਿੱਲ-2022 ਨੂੰ ਸੰਸਦ ਵਿਚ ਪੇਸ਼ ਕੀਤਾ ਗਿਆ ਹਾਲਾਂਕਿ ਲੋਕਾਂ ਦੇ ਜ਼ਬਰਦਸਤ ਵਿਰੋਧ ਤੋਂ ਬਾਅਦ ਇਹ ਬਿੱਲ ਸੰਸਦ ਦੀ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਗਿਆ। ਬਿਜਲੀ ਸੋਧ ਬਿੱਲ ਜਿੱਥੇ ਬਿਜਲੀ ਸਬਸਿਡੀ ਲੈ ਰਹੇ ਕਿਸਾਨਾਂ, ਮਜ਼ਦੂਰਾਂ ਦਾ ਵਿਰੋਧੀ ਹੈ, ਉੱਥੇ ਹੀ ਇਹ ਮੁਲਕ ਦੇ ਫੈਡਰਲ ਢਾਂਚੇ ਉੱਤੇ ਹਮਲਾ ਹੈ ਜੋ ਇਸ ਖੇਤਰ ਵਿਚ ਰਾਜਾਂ ਦੇ ਅਧਿਕਾਰਾਂ ਨੂੰ ਸੀਮਤ ਕਰ ਦੇਵੇਗਾ।

ਦਿੱਲੀ ਮੋਰਚਾ ਚੁੱਕਣ ਸਮੇਂ ਸਰਕਾਰ ਨੇ ਸੰਯੁਕਤ ਕਿਸਾਨ ਮੋਰਚਾ ਨਾਲ ਐਮ.ਐਸ.ਪੀ. ਦੇ ਮਸਲੇ 'ਤੇ ਕਮੇਟੀ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਹੁਣ ਕਮੇਟੀ ਬਣਾਉਣ ਦੇ ਨਾਮ 'ਤੇ ਸਿਰਫ ਖਾਨਾਪੂਰਤੀ ਕੀਤੀ ਗਈ ਹੈ। ਸੰਘਰਸ਼ਸ਼ੀਲ ਕਿਸਾਨ ਸੰਗਠਨਾਂ ਨੂੰ ਅਣਗੌਲਿਆਂ ਕਰਕੇ ਐਮ.ਐਸ.ਪੀ. ਬਾਰੇ ਕਮੇਟੀ ਵਿਚ ਸਰਕਾਰ ਪੱਖੀ ਸੰਗਠਨਾਂ, ਸਰਕਾਰੀ ਅਧਿਕਾਰੀਆਂ ਦੀ ਭਰਮਾਰ ਨਜ਼ਰ ਆਉਂਦੀ ਹੈ। ਮੁਲਕ ਦੇ ਅੰਨ ਭੰਡਾਰ ਭਰਨ ਵਾਲੇ ਪੰਜਾਬ, ਹਰਿਆਣਾ ਨੂੰ ਇਸ ਕਮੇਟੀ ਵਿਚ ਕੋਈ ਅਹਿਮੀਅਤ ਨਾ ਦੇਣਾ ਕੇਂਦਰ ਸਰਕਾਰ ਦੀ ਗਿਣੀ ਮਿੱਥੀ ਸਾਜ਼ਿਸ਼ ਹੈ। ਸੰਯੁਕਤ ਕਿਸਾਨ ਮੋਰਚਾ ਦੀ ਦਲੀਲ ਬਿਲਕੁੱਲ ਦਰੁਸਤ ਹੈ ਕਿ ਉਸ ਕਮੇਟੀ ਵਿਚ ਜਾਣ ਦੀ ਕੋਈ ਤੁਕ ਨਹੀਂ ਹੈ ਜਿਸ ਵਿਚ ਸਰਕਾਰ ਨੇ ਆਪਣੇ ਬਹੁਗਿਣਤੀ ਮੈਂਬਰਾਂ ਨਾਲ ਆਪਣੀ ਗੱਲ 'ਤੇ ਮੋਹਰ ਲਵਾਉਣੀ ਹੈ। ਅਗਲੀ ਗੱਲ ਇਹ ਕਿ ਇਸ ਕਮੇਟੀ ਕੋਲ ਐਮ.ਐਸ.ਪੀ. ਦੀ ਗਾਰੰਟੀ ਦੇਣ ਦਾ ਕੋਈ ਅਧਿਕਾਰ ਹੈ ਹੀ ਨਹੀਂ ਹੈ। ਜਦ ਮੁਲਕ ਦੇ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਸੰਸਦ ਵਿਚ ਖੜ੍ਹ ਕੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਣ ਤੋਂ ਪੱਲਾ ਝਾੜ ਚੁੱਕੇ ਹਨ ਤਾਂ ਅਜਿਹੀ ਕਮੇਟੀ ਦੀ ਕੋਈ ਤੁਕ ਨਹੀਂ ਬਣਦੀ। ਬਣਦਾ ਤਾਂ ਇਹ ਹੈ ਕਿ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਫਾਰਮੂਲੇ (ਸੀ-2+50 ਫੀਸਦੀ) ਨਾਲ ਸਾਰੀਆਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਦੇਣ ਲਈ ਕਾਨੂੰਨ ਬਣਾਇਆ ਜਾਵੇ।

ਕੇਂਦਰ ਸਰਕਾਰ ਵੱਲੋਂ ਐਮ.ਐਸ.ਪੀ. ਬਾਰੇ ਬਣਾਈ ਕਮੇਟੀ ਅਤੇ ਇਸ ਦਾ ਐਲਾਨਿਆ ਏਜੰਡਾ ਕਿਸਾਨ ਮੰਗਾਂ ਦੇ ਉਲਟ ਹੈ। ਇਸ ਕਮੇਟੀ ਨੂੰ ਰੱਦ ਕਰਕੇ ਸਾਰੀਆਂ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਵਿਕਰੀ ਦੀ ਗਰੰਟੀ ਦੇਣ ਲਈ ਕਮੇਟੀ ਦਾ ਮੁੜ ਗਠਨ ਕਰਨਾ ਬਣਦਾ ਹੈ। ਸਰਕਾਰ ਨੂੰ ਆਪਣੇ ਵਾਅਦੇ ਅਨੁਸਾਰ ਕਿਸਾਨ ਅੰਦੋਲਨ ਦੌਰਾਨ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਕਿਸਾਨਾਂ ਖਿਲਾਫ ਦਰਜ ਸਾਰੇ ਪੁਲਿਸ ਕੇਸ ਵਾਪਸ ਲੈਣੇ ਬਣਦੇ ਸਨ। ਅਜੇ ਤੱਕ ਵੀ ਸਾਰੇ ਕੇਸਾਂ ਦੀ ਵਾਪਸੀ ਨਹੀਂ ਹੋਈ ਹੈ।


ਕਿਸੇ ਸਮੇਂ ਕਿਹਾ ਜਾਂਦਾ ਸੀ- 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਪਰ ਅੱਜ ਦੀ ਤਲਖ ਹਕੀਕਤ ਇਹ ਹੈ ਕਿ ਖੇਤੀਬਾੜੀ ਘਾਟੇ ਵਾਲਾ ਧੰਦਾ ਬਣ ਗਿਆ ਹੈ ਤੇ ਫਸਲੀ ਵੰਨ-ਸੁਵੰਨਤਾ ਨੀਤੀ ਦੀ ਅਣਹੋਂਦ ਕਾਰਨ ਖੇਤੀਬਾੜੀ ਦਾ ਪ੍ਰਚਲਤ ਮਾਡਲ ਮਨੁੱਖ ਅਤੇ ਪੌਣਪਾਣੀ ਦੋਵਾਂ ਲਈ ਘਾਤਕ ਸਾਬਤ ਹੋਇਆ ਹੈ। ਹਰੀ ਕ੍ਰਾਂਤੀ ਦਾ ਮਾਡਲ ਜਿਸ ਖੇਤਰ ਵਿਚ ਲਾਗੂ ਕੀਤਾ, ਅੱਜ ਉਸ ਖੇਤਰ ਵਿਚ ਕਰਜ਼ੇ ਦੇ ਬੋਝ ਕਾਰਨ ਕਿਸਾਨ, ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਇਸ ਲਈ ਕਿਸਾਨ ਸੰਘਰਸ਼ ਦੀ ਮਹੱਤਤਾ ਅੱਜ ਦੇ ਸਮੇਂ ਵਿਚ ਬਹੁਤ ਜ਼ਿਆਦਾ ਹੈ।

ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਸਿੱਟੇ ਵਜੋਂ ਅੱਜ ਪੰਜਾਬ ਵਿਚੋਂ ਬਹੁਤ ਵੱਡੀ ਪੱਧਰ 'ਤੇ ਪਰਵਾਸ ਹੋ ਰਿਹਾ ਹੈ ਤੇ ਵਿਦੇਸ਼ ਜਾਣ ਵਾਲਿਆਂ ਵਿਚ ਸਭ ਤੋਂ ਜ਼ਿਆਦਾ ਕਿਸਾਨਾਂ ਦੇ ਧੀਆਂ-ਪੁੱਤ ਹਨ। ਇਹ ਵੀ ਸੱਚ ਹੈ ਕਿ ਕਿਸਾਨ ਅੰਦੋਲਨ ਨੇ ਇੱਕ ਵਾਰ ਸਾਡੀ ਪਿਛਲੇ ਸਾਲਾਂ ਦੌਰਾਨ ਵਿਦੇਸ਼ ਗਈ ਜਾਂ ਵਿਦੇਸ਼ ਜਾਣ ਦੀ ਕਤਾਰ ਵਿਚ ਲੱਗੀ ਉਸ ਪੀੜ੍ਹੀ ਨੂੰ ਆਪਣੇ ਵੱਲ ਖਿੱਚਿਆ ਹੈ ਅਤੇ ਕਿਸਾਨ ਦੇ ਮਾਣ-ਸਨਮਾਨ ਵਿਚ ਵਾਧਾ ਕੀਤਾ ਹੈ। ਇਸੇ ਲਈ ਇਸ ਦੀ ਅਹਿਮੀਅਤ ਹੈ। ਕਿਸਾਨ ਅੰਦੋਲਨ ਨੇ ਲੋਕਾਂ ਦਾ ਚੇਤਨਾ ਪੱਧਰ ਉੱਪਰ ਚੁੱਕਿਆ ਹੈ ਜਿਸ ਦੇ ਸਿੱਟੇ ਵਜੋਂ ਲੋਕਾਂ ਨੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਬੁਰੀ ਤਰ੍ਹਾਂ ਨਕਾਰਿਆ ਹੈ ਪਰ ਸਿਫਤੀ ਤਬਦੀਲੀ ਲਈ ਅੰਦੋਲਨ ਦੀ ਲਗਾਤਾਰਤਾ ਬਣਾਈ ਰੱਖਣੀ ਬਹੁਤ ਜ਼ਰੂਰੀ ਹੈ। ਅੱਜ ਜਿਸ ਤਰ੍ਹਾਂ ਸਰਕਾਰਾਂ ਵੱਲੋਂ ਸਾਜ਼ਿਸ਼ ਤਹਿਤ ਮੀਡੀਆ ਰਾਹੀਂ ਸਾਡੇ ਨੌਜਵਾਨਾਂ ਸਾਹਮਣੇ ਗੈਂਗਸਟਰਾਂ ਨੂੰ ਹੀਰੋ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਨਸ਼ਿਆਂ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ, ਅਜਿਹੇ ਹਾਲਾਤ ਵਿਚ ਕਿਸਾਨ ਅੰਦੋਲਨ ਨੌਜਵਾਨਾਂ ਦਾ ਸਹੀ ਮਾਰਗ ਦਰਸ਼ਨ ਕਰ ਸਕਦਾ ਹੈ ਤੇ ਪਿਛਲੇ ਵਰ੍ਹੇ ਵਾਂਗ ਸਾਡੇ ਗੀਤਾਂ, ਫਿਲਮਾਂ ਦਾ ਰੁਖ ਬਦਲ ਸਕਦਾ ਹੈ।

ਦੁਨੀਆ ਭਰ ਵਿਚ ਕਿਸਾਨ ਸੰਘਰਸ਼ ਦੀ ਚੜ੍ਹਤ ਦੀ ਅਹਿਮ ਬੁਨਿਆਦ ਇਹ ਵੀ ਬਣੀ ਕਿ ਕਿਸਾਨ ਅੰਦੋਲਨ ਗੁਲਦਸਤੇ ਦੇ ਰੂਪ ਵਿਚ ਸਾਹਮਣੇ ਆਇਆ ਜਿਸ ਵਿਚ ਹਰ ਤਰ੍ਹਾਂ ਦਾ ਫੁੱਲ ਸ਼ਾਮਲ ਹੋਇਆ ਲੇਕਿਨ ਖੇਤੀ ਕਾਨੂੰਨਾਂ ਦੀ ਵਾਪਸੀ ਉਪਰੰਤ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਲੈਣ ਕਾਰਨ ਕਿਸਾਨ ਜਥੇਬੰਦੀਆਂ ਵਿਚ ਆਪਸੀ ਦੂਰੀਆਂ ਪੈਦਾ ਹੋਈਆਂ। ਕੁਝ ਜਥੇਬੰਦੀਆਂ ਮੁੜ ਇੱਕਜੁਟਤਾ ਵਿਚ ਨਜ਼ਰ ਆਈਆਂ ਪਰ ਕੁਝ ਜਥੇਬੰਦੀਆਂ ਅਜੇ ਵੀ ਅਲੱਗ ਤੌਰ 'ਤੇ ਸੰਘਰਸ਼ ਕਰ ਰਹੀਆਂ ਹਨ। ਲਖੀਮਪੁਰ ਖੀਰੀ ਦੇ ਇਕੱਠ ਵਾਂਗ ਜਗਜੀਤ ਸਿੰਘ ਡੱਲੇਵਾਲ ਵਾਲੀ ਧਿਰ ਦਾ ਸੋਮਵਾਰ ਨੂੰ ਜੰਤਰ-ਮੰਤਰ (ਦਿੱਲੀ) ਵਿਚ ਇਕੱਠ ਦੇਖਣ ਨੂੰ ਮਿਲਿਆ ਹੈ।

# ਬਾਬਾ ਨਜ਼ਮੀ ਲਹਿੰਦੇ ਪੰਜਾਬ ਤੋਂ ਅਤੇ ਕੰਵਲਜੀਤ ਖੰਨਾ ਚੜ੍ਹਦੇ ਪੰਜਾਬ ਤੋਂ ਪੁੱਜੇ ਵਿਨੀਪੈਗ ਸਮਾਗਮ 'ਚ







**ਅਦਾਰਾ ਸਰੋਕਾਰਾਂ ਦੀ ਆਵਾਜ਼**

ਪਿਛਲੇ ਲੰਮੇਂ ਸਮੇਂ ਤੋਂ ਕੈਨੇਡਾ ਦੇ ਸਹਿਰ ਵਿਨੀਪੈਗ ਚ ਸਰਗਰਮ ਸਾਹਿਤ ਤੇ ਸਭਿਆਚਾਰਕ ਸਭਾ ਵਲੋਂ ਕਰਵਾਏ ਗਏ ਇਸ ਵਿਸ਼ਾਲ ਭਰਵੀਂ ਹਾਜ਼ਰੀ ਵਾਲੇ ਸਮਾਗਮ ਚ ਵਿਨੀਪੈਗ ਦਾ ਪੰਜਾਬੀ ਭਾਈਚਾਰਾ ਪਰਿਵਾਰਾਂ ਸਮੇਤ ਹਾਜ਼ਰ ਹੋਇਆ। ਸਭਾ ਦੇ ਆਗੂ ਮੰਗਤ ਸਿੰਘ ਸਹੋਤਾ ਦੇ ਮੰਚ ਸੰਚਾਲਨ ਚ ਪਹਿਲਾਂ ਦੋ ਪੁਸਤਕਾਂ 'ਬੜਾ ਕੁਝ ਕਹਿਣ ਕਹਾਣੀਆ' ਲੇਖਕ ਜਗਮੀਤ ਸਿੰਘ ਪੰਧੇਰ, 'ਜਾਨਾਂ ਦੇਸ ਤੋਂ ਵਾਰ ਗਏ ਗਦਰੀ' ਲੇਖਕ ਜਸਦੇਵ ਸਿੰਘ ਲਲਤੋਂ ਸਭਾ ਵਲੋਂ ਮੁੱਖ ਮਹਿਮਾਨਾਂ ਦੀ ਹਾਜ਼ਰੀ 'ਚ ਰਲੀਜ਼ ਕੀਤੀਆਂ ਗਈਆਂ। ਇਸ ਸਮੇਂ ਜਸਬੀਰ ਕੌਰ ਮੰਗੂਵਾਲ, ਡਾਕਟਰ ਪ੍ਰਿਤਪਾਲ ਕੌਰ ਨੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਸਮੇਂ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਨੇ ਮੁੱਖ ਬੁਲਾਰੇ ਵਜੋਂ ਦੇਸ, ਦੁਨੀਆਂ ਦੇ ਹਾਲਾਤ ਬਾਰੇ ਚਰਚਾ ਕਰਦਿਆਂ ਕਿਹਾ ਕਿ ਪੂਰੇ ਸੰਸਾਰ ਦੇ ਬਹੁਗਿਣਤੀ ਦੇਸਾਂ ਦਾ ਅਰਥਚਾਰਾ ਸ੍ਰੀ ਲੰਕਾ ਦੇ ਰਾਹ ਚਲ ਰਿਹਾ ਹੈ। ਸੰਸਾਰ ਬੈਂਕ, ਕੌਮਾਂਤਰੀਮੁਦਰਾ ਫੰਡ ਦੇ ਕਰਜ਼ਿਆਂ ਤੇ ਵਿਆਜ ਨੇ ਗਰੀਬ ਤੇ ਵਿਕਾਸਸੀਲ ਮੁਲਕਾਂ ਦੇ ਅਰਥਚਾਰੇ ਨੂੰ ਅਪਣੇ ਜਕੜਪੰਜੇ 'ਚ ਬੁਰੀ ਤਰ੍ਹਾਂ ਨਾਲ ਜਕੜ ਲਿਆ ਹੈ। ਵਧਦੀ ਮਹਿੰਗਾਈ, ਤੇਲ ਗੈਸ ਕੀਮਤਾਂ 'ਚ ਉੜਕਾਂ ਦੇ ਵਾਧੇ ਨੇ ਤੇ ਖਾਸ ਕਰ ਯੁਕਰੇਨ ਜੰਗ ਅਤੇ ਕੋਵਿਡ ਨੇ ਇਨ੍ਹਾਂ ਵੱਡੀ ਗਿਣਤੀ ਦੇਸਾਂ ਦਾ ਕਚੂਮਰ ਕਢ ਕੇ ਰੱਖ ਦਿੱਤਾ ਹੈ। ਸਿੱਟਾ ਇਨ੍ਹਾਂ ਦੇਸਾਂ 'ਚ ਲੋਕ ਰੋਹ ਨੇ ਕਰਵਟ ਲੈਣੀ ਸ਼ੁਰੂ ਕਰ ਦਿੱਤੀ ਹੈ ਜਿਸਨੂੰ ਇਨਕਲਾਬੀ ਅਗਵਾਈ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੀ ਅਗਵਾਈ 'ਚ ਸਾਮਰਾਜੀ ਕਾਰਪੋਰੇਟ ਹੁਣ ਖਾਧ ਪਦਾਰਥਾਂ ਦੀ ਵਿਸਾਲ ਮੰਡੀ ਤੇ ਕਬਜ਼ਾ ਕਰਨ ਲਈ ਦੁਨੀਆਂ ਭਰ 'ਚ ਜ਼ਮੀਨਾਂ ਖਰੀਦ ਰਹੇ ਹਨ। ਭਾਰਤ 'ਚ ਤਿੰਨ ਖੇਤੀ ਕਨੂੰਨ ਇਸੇ ਲੜੀ ਦਾ ਨਤੀਜਾ ਸਨ। ਸਾਮਰਾਜ ਕਿਸੇ ਵੀ ਹਾਲਤ 'ਚ ਅਪਣੇ ਮੁਨਾਫੇ ਨੂੰ ਆਂਚ ਨਹੀਂ ਆਉਣ ਦੇਣੀ ਚਾਹੁੰਦਾ ਜਿਸ ਲਈ ਉਹ ਨਵੀਆਂ ਨੀਤੀਆਂ ਤੇ ਢੰਗ ਤਰੀਕੇ ਇਜਾਦ ਕਰ ਰਿਹਾ ਹੈ। ਉਨ੍ਹਾਂ ਪ੍ਰਵਾਸੀ ਭਾਰਤੀਆਂ ਵਲੋਂ ਕਿਸਾਨ ਅੰਦੋਲਨ ਚ ਪਾਏ ਸ਼ਾਨਦਾਰ ਯੋਗਦਾਨ ਲਈ ਦੇਸੀ ਪੰਜਾਬੀਆਂ ਵਲੋਂ ਧੰਨਵਾਦ ਕੀਤਾ। ਦੇਸ 'ਚ ਫਿਰਕੂ ਫਾਸੀਵਾਦ ਦੇ ਵੱਡੇ ਖਤਰੇ ਖਾਸਕਾਰ ਸੰਘੀ ਜੁੰਡਲੀ ਵਲੋਂ ਧਾਰਮਿਕ ਘੱਟ ਗਿਣਤੀਆਂ ਵਿਸ਼ੇਸ਼ਕਰ ਮੁਸਲਮਾਨਾਂ ਖਿਲਾਫ ਭੜਕਾਊ ਨਫਰਤ ਪ੍ਰਚਾਰ ਤੇ ਸਾਜ਼ਿਸ਼ੀ ਹਮਲਿਆਂ ਨੂੰ ਇਕ ਚੁਣੌਤੀ ਕਰਾਰ ਦਿੰਦਿਆਂ ਬਿਲਕਸਬਾਨੋ ਕੇਸ ਦਾ ਹਵਾਲਾ ਦਿੰਦਿਆਂ ਜ਼ੋਰਦਾਰ ਆਵਾਜ਼ ਹਰ ਕੋਨੇ 'ਚੋਂ ਉਠਾਉਣ ਦਾ ਦਿੱਤਾ। ਇਸ ਸਮੇਂ ਪਾਕਿਸਤਾਨ ਤੋਂ ਕੈਨੇਡਾ ਫੇਰੀ 'ਤੇ ਆਏ ਉਘੇ ਸ਼ਾਇਰ ਬਾਬਾ ਨਜਮੀ ਨੇ ਆਪਣੇ ਵਿਸ਼ੇਸ਼ ਅੰਦਾਜ਼ 'ਚ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਪੇਸ਼ ਕਰਕੇ ਦੋਹਾਂ ਪੰਜਾਬਾਂ ਦੇ ਸਰੋਤਿਆਂ ਦਾ ਮਨ ਮੋਹ ਲਿਆ। 'ਮਸਜਿਦ ਮੇਰੀ ਤੂੰ ਕਿਓਂ ਢਾਹਵੇਂ, ਮੈਂ ਕਿਓਂ ਤੋੜਾਂ ਮੰਦਰ ਨੂੰ। ਆ ਮਿਲ ਕੇ ਪੜ੍ਹੀਏ ਦੋਵੇਂ ਇਕ ਦੂਜੇ ਦੇ ਅੰਦਰ ਨੂੰ। "ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁੱਕਦਰਾਂ ਦਾ, ਉਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ"। ਸਵਾ ਘੰਟਾ ਚੱਲੇ ਸ਼ਾਇਰੀ ਦੇ ਇਸ ਨਿਰੰਤਰ ਪ੍ਰਵਾਹ ਨੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ ਤੇ ਵਾਰ ਵਾਰ ਪੰਡਾਲ ਜੋਰਦਾਰ ਤਾੜੀਆਂ ਨਾਲ ਗੂੰਜ ਰਿਹਾ। ਕਈ ਸ਼ਖ਼ਸੀਅਤਾਂ ਵਲੋਂ ਬਾਬਾ ਨਜਮੀ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਹਰਨੇਕ ਸਿੰਘ ਧਾਲੀਵਾਲ, ਹਰਿੰਦਰ ਸਿੰਘ ਗਿੱਲ, ਅਵਤਾਰ ਸਿੱਧੂ, ਹਰਦੀਪ ਅਖਾੜਾ, ਡਾ. ਜਸਵਿੰਦਰ, ਸਾਬਕਾ ਵਿਧਾਇਕ ਮਹਿੰਦਰ ਸਿੰਘ ਸਰਾਂ, ਜਗਦੀਸ ਸਿੰਘ, ਮਨਜੀਤ ਬੱਧਨੀ, ਗੁਰਮੀਤ ਸਿੰਘ ਜਗਰਾਓਂ ਆਦਿ ਹਾਜ਼ਰ ਸਨ।




SUPER VISA INSURANCE

ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

* LIFE INSURANCE * CRITICAL ILLNESS INSURANCE * TFSA

* RRSP * RESP * DISABILITY INSURANCE

For More Information Call:

HARCHARAN PARHAR

Cell: 403.681.8689 Email: parharinsurance@gmail.com www.parharinsurance.com



Harpreet Parmar CPA, CGA

Chartered Professional Accountant

• Accounting • Tax • Business Advisory

We also provide

FINTRAC Registration/Compliance Services for Money Exchange Business

FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax

• Incorporation • Payroll • Business Advisory • New Business Startups

• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca

Website: www.hppcorp.ca



Sandhu G Construction Ltd.

Preparation- Shower Base - Water Proof

We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom

ਵਰਕਰ ਦੀ ਤੁਰੰਤ ਲੋੜ


ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ




Harmanjot Dhudike


403-975-0006

Sharmanjot22@gmail.com



# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਾਸਿਕ ਸਮਾਗਮ 'ਚ ਡਾ. ਗਿਆਨ ਸਿੰਘ ਘਈ ਦੀ ਪੁਸਤਕ 'ਮਨੁੱਖਤਾ ਦੇ ਰਹਿਬਰ: ਗੁਰੂ ਨਾਨਕ' ਬਾਰੇ ਹੋਈ ਵਿਚਾਰ-ਚਰਚਾ





ਬਰੈਂਪਟਨ, (ਅਦਾਰਾ ਸਰੋਕਾਰਾਂ ਦੀ ਆਵਾਜ਼) : ਲੰਘੇ ਐਤਵਾਰ 21 ਅਗਸਤ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ 'ਪੰਜਾਬੀ ਭਵਨ ਟੋਰਾਂਟੋ' ਵਿਚ ਆਯੋਜਿਤ ਕੀਤੇ ਗਏ ਮਹੀਨੇਵਾਰ ਸਮਾਗਮ ਵਿਚ ਡਾ. ਗਿਆਨ ਸਿੰਘ ਘਈ ਦੀ ਪੁਸਤਕ 'ਮਨੁੱਖਤਾ ਦੇ ਰਹਿਬਰ: ਗੁਰੂ ਨਾਨਕ' ਬਾਰੇ ਵਿਚਾਰ-ਚਰਚਾ ਕਰਵਾਈ ਗਈ। ਪੁਸਤਕ ਬਾਰੇ ਮੁੱਖ-ਬੁਲਾਰੇ ਡਾ. ਸੁਖਦੇਵ ਸਿੰਘ ਝੰਡ ਅਤੇ ਹਰਚੰਦ ਸਿੰਘ ਬਾਸੀ ਸਨ, ਜਦਕਿ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਸਮਾਗਮ 'ਚ ਮੰਚ-ਸੰਚਾਲਕ ਦੀ ਭੂਮਿਕਾ ਨਿਭਾਅ ਰਹੇ ਮਲੂਕ ਸਿੰਘ ਕਾਹਲੋਂ ਨੇ ਵੀ ਇਸ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਪਾਕਿਸਤਾਨ ਦੀ ਲਾਹੌਰ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਆਸ਼ਿਕ ਰਹੀਲ ਅਤੇ ਕਵਿੱਤਰੀ ਹਰਭਜਨ ਕੌਰ ਗਿੱਲ ਸੁਸ਼ੋਭਿਤ ਸਨ।

ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸੰਘਾ ਵੱਲੋਂ ਸਮਾਗਮ ਵਿਚ ਪਹੁੰਚੇ ਮਹਿਮਾਨਾਂ ਅਤੇ ਸਾਹਿਤ-ਪ੍ਰੇਮੀਆਂ ਦੇ ਰਸਮੀ ਸੁਆਗਤ ਤੋਂ ਬਾਅਦ ਮੰਚ-ਸੰਚਾਲਕ ਵੱਲੋਂ ਡਾ. ਸੁਖਦੇਵ ਸਿੰਘ ਝੰਡ ਨੂੰ ਡਾ. ਗਿਆਨ ਸਿੰਘ ਘਈ ਦੀ ਨਵ-ਪ੍ਰਕਾਸ਼ਿਤ ਪੁਸਤਕ 'ਮਨੁੱਖਤਾ ਦੇ ਰਹਿਬਰ: ਗੁਰੂ ਨਾਨਕ ਬਾਰੇ ਆਪਣੇ ਵਿਚਾਰ ਪੇਸ ਕਰਨ ਲਈ ਕਿਹਾ ਗਿਆ ਜਿਨ੍ਹਾਂ ਨੇ ਇਸ ਦੇ ਬਾਰੇ ਬੋਲਦਿਆਂ ਕਿਹਾ ਕਿ ਕਿਸੇ ਵੀ ਪੁਸਤਕ ਜਾਂ ਰਚਨਾ ਬਾਰੇ ਗੱਲ ਕਰਦਿਆਂ ਉਸ ਦਾ ਵਿਸ਼ਾ-ਵਸਤੂ, ਤਰਤੀਬ ਅਤੇ ਇਨ੍ਹਾਂ ਸਬੰਧੀ ਕੀਤੀ ਜਾਣ ਵਾਲੀ ਟਿੱਪਣੀ ਪ੍ਰਮੁੱਖ ਹੁੰਦੀਆਂ ਹਨ। ਇਸ ਸਬੰਧੀ ਟਿੱਪਣੀ ਕਰਦਿਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਸਾਖੀਆਂ ਦੇ ਹਵਾਲੇ ਦਿੰਦਿਆਂ ਡਾ. ਝੰਡ ਨੇ ਕਿਹਾ ਜਨਮ-ਸਾਖ਼ੀਆਂ ਗੁਰੂ ਨਾਨਕ ਦੇਵ ਜੀ ਨੇ ਜਨਮ ਤੋਂ ਦੋ ਸੌ ਤੋਂ ਤਿੰਨ ਸੌ ਸਾਲ ਬਾਅਦ ਪ੍ਰਕਾਸ਼ਿਤ ਹੋਈਆਂ ਹਨ ਜਿਨ੍ਹਾਂ ਵਿਚਲੀਆਂ ਬਹੁਤ ਸਾਰੀਆਂ ਸਾਖੀਆਂ ਵਿਚ ਗੁਰੂ ਜੀ ਨੂੰ 'ਚਮਤਕਾਰੀ ਅਤੇ ਕਰਾਮਾਤੀ ਮਹਾਂਪੁਰਖ' ਦਰਸਾਇਆ ਗਿਆ ਹੈ ਜੋ ਸਹੀ ਨਹੀਂ ਹੈ, ਕਿਉਂਕਿ ਗੁਰੂ ਸਾਹਿਬ ਨੇ ਤਾਂ ਆਪਣੀ ਚੌਹਾਂ ਉਦਾਸੀਆਂ ਦੌਰਾਨ ਹਜ਼ਾਰਾਂ ਮੀਲ ਪੈਂਡਾ ਤੈਅ ਕਰਕੇ ਖ਼ੁਦ ਧਾਰਮਿਕ ਪਾਖੰਡਾਂ ਦਾ ਪਰਦਾ ਫ਼ਾਸ਼ ਕੀਤਾ ਹੈ।

ਸਮਾਗਮ ਦੇ ਦੂਸਰੇ ਬੁਲਾਰੇ ਹਰਚੰਦ ਸਿੰਘ ਬਾਸੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਬੜੀ ਸਰਲ ਭਾਸ਼ਾ ਵਿਚ ਲਿਖੀ ਗਈ ਡਾ. ਘਈ ਦੀ ਇਹ ਪੁਸਤਕ ਸਕੂਲੀ ਵਿਦਿਆਰਥੀਆਂ ਲਈ ਬੜੀ ਲਾਭਕਾਰੀ ਸਾਬਤ ਹੋਏਗੀ। ਇਸ ਦੌਰਾਨ ਉਨ੍ਹਾਂ ਨੇ ਪੁਸਤਕ ਦੇ ਮੁੱਖ-ਬੰਦ ਲਿਖਣ ਵਾਲੇ ਵਿਦਵਾਨਾਂ ਡਾ. ਧਰਮ ਸਿੰਘ, ਸਾਬਕਾ ਮੁਖੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਬਾਰੇ ਵਿਸ਼ੇਸ਼ ਜ਼ਿਕਰ ਕੀਤਾ।

ਸੰਪਾਦਕੀ-ਮੰਡਲ ਵਿਚ ਸ਼ਾਮਲ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਡਾ. ਘਈ ਨੇ ਗੁਰੂ ਨਾਨਕ ਦੇਵ ਜੀ ਬਾਰੇ ਵਿਦਿਆਰਥੀ ਪੱਧਰ ਦੀ ਇਹ ਪੁਸਤਕ ਲਿਆ ਕੇ ਵਧੀਆ ਉਪਰਾਲਾ ਕੀਤਾ ਹੈ ਅਤੇ ਇਹ ਸਮੇਂ ਦੀ ਲੋੜ ਵੀ ਹੈ ਪਰ ਸਾਡੇ ਵਿਦਵਾਨਾਂ ਨੂੰ ਜਨਮ-ਸਾਖ਼ੀਆਂ ਤੋਂ ਅੱਗੇ ਜਾ ਕੇ ਸੋਚਣ ਅਤੇ ਵਿਚਾਰਨ ਦੀ ਵੀ ਜ਼ਰੂਰਤ ਹੈ। ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਨੇ ਵੀ ਇਸ ਦੌਰਾਨ ਵਿਚ-ਵਿਚਾਲੇ ਇਸ ਪੁਸਤਕ ਬਾਰੇ ਆਪਣੀਆਂ ਟਿੱਪਣੀਆਂ ਦਿੱਤੀਆਂ।

ਸਮਾਗਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਵਿਚ ਸੰਜੀਵ ਕਾਫ਼ਿਰ, ਵਿਨੋਦ ਸ਼ਰਮਾ, ਹਰਮੇਸ਼ ਸਿੰਘ, ਹਰਜੀਤ ਬਾਜਵਾ, ਸੁਰਜੀਤ ਕੌਰ, ਹਰਭਜਨ ਕੌਰ ਗਿੱਲ, ਮਲਵਿੰਦਰ, ਹਰਜਿੰਦਰ ਸਿੰਘ ਭਸੀਨ, ਮਕਸੂਦ ਚੌਧਰੀ, ਹਰਜਸਪ੍ਰੀਤ ਗਿੱਲ, ਹਰਦਿਆਲ ਸਿੰਘ ਝੀਤਾ, ਤਲਵਿੰਦਰ ਸਿੰਘ ਮੰਡ, ਸੁਖਦੇਵ ਸਿੰਘ ਝੰਡ, ਪ੍ਰੋ. ਆਸ਼ਿਕ ਰਹੀਲ, ਹਰਚੰਦ ਬਾਸੀ ਅਤੇ ਪ੍ਰਿੰਸੀਪਲ ਗਿਆਨ ਸਿੰਘ ਘਈ ਨੇ ਆਪਣੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਲੋਕ-ਗਾਇਕ 'ਔਜਲਾ ਬਦਰਰਜ਼' ਦੇ ਸਾਥੀ ਨੇ ਸੁਰੀਲੀ ਆਵਾਜ਼ ਵਿਚ ਆਪਣੇ ਅੰਦਾਜ਼ 'ਚ ਖ਼ੂਬਸੂਰਤ ਗੀਤ ਗਾ ਕੇ ਸਮਾਗਮ ਵਿਚ ਵੱਖਰਾ ਰੰਗ ਬਖੇਰ ਦਿੱਤਾ।

# ਦਵਿੰਦਰ ਮਲਹਾਂਸ ਦੀ ਸੰਪਾਦਿਤ ਪੁਸਤਕ 'ਪੰਜਾਬੀ ਕਹਾਣੀ ਦਾ ਰਾਜ ਕੁਮਾਰ' ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਲੋਕ ਅਰਪਣ

## ਉੱਘੀ ਲੇਖਿਕਾ ਰਮਨਦੀਪ ਵਿਰਕ ਦਾ ਪ੍ਰਸ਼ੰਸ਼ਾ-ਪੱਤਰ ਨਾਲ ਕੀਤਾ ਸਨਮਾਨ





**ਅਦਾਰਾ ਸਰੋਕਾਰਾਂ ਦੀ ਆਵਾਜ਼**

ਪੰਜਾਬੀ ਲਿਖਾਰੀ ਸਭਾ ਤਾਲਾਬੰਦੀ ਖੁੱਲਣ ਤੋਂ ਬਾਅਦ ਬਹੁਤ ਹੀ ਗਰਮਜੋਸ਼ੀ ਨਾਲ ਸਰਗਰਮ ਹੈ, ਜਿੱਥੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਸਫਲਤਾ ਪੂਰਵਕ ਕਰਵਾਇਆ ਗਿਆ ਹੈ। ਉੱਥੇ ਹੀ ਸਾਲ ਭਰ ਤੋਂ ਵੱਖ-ਵੱਖ ਲੇਖਕਾਂ ਦੀਆਂ ਸੱਤ-ਅੱਠ ਪੰਜਾਬੀ ਕਿਤਾਬਾਂ ਵੀ ਲੋਕ ਅਰਪਣ ਕੀਤੀਆਂ ਗਈਆਂ ਹਨ। ਮੀਟਿੰਗ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਆਜ਼ਾਦੀ ਦਿਵਸ ਦੀ ਗੱਲ ਕਰਦਿਆਂ ਮੀਟਿੰਗ ਦਾ ਵੇਰਵਾ ਸਾਂਝਾ ਕੀਤਾ ਤੇ ਪ੍ਰਧਾਨਗੀ ਮੰਡਲ ਵਿੱਚ ਬਿਰਾਜਮਾਨ ਹੋਣ ਲਈ ਪ੍ਰਧਾਨ ਦਵਿੰਦਰ ਮਲਹਾਂਸ, ਉੱਘੀ ਲੇਖਿਕਾ ਰਮਨਦੀਪ ਵਿਰਕ, ਸਾਹਿਤਕ-ਸਮਾਜਿਕ ਸਖਸੀਅਤ ਪ੍ਰੋ: ਪਰਮਜੀਤ ਜੀ ਨੂੰ ਹਾਜ਼ਰੀਨ ਦੀਆਂ ਭਰਪੂਰ ਤਾੜੀਆਂ ਵਿੱਚ ਆਵਾਜ਼ ਦਿੱਤੀ। ਸ਼ੋਕ ਮਤੇ ਸਾਂਝੇ ਕਰਦਿਆਂ ਜੋਰਾਵਰ ਬਾਂਸਲ ਨੇ ਭਾਵੁਕ ਸ਼ਬਦਾਂ ਨਾਲ ਸ਼੍ਰੋਮਣੀ ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਜੀ, ਲੇਖਕ, ਵਿਦਵਾਨ ਸ਼ਾਮ ਸੁੰਦਰ ਜੀ, ਅਦਾਕਾਰ, ਲੇਖਕ, ਰੰਗਕਰਮੀ, ਪ੍ਰੋਫ਼ੈਸਰ ਡਾ ਸੁਰਿੰਦਰ ਸ਼ਰਮਾ ਜੀ ਤੇ ਸੀਨੀਅਰ ਪੱਤਰਕਾਰ ਜੱਸੀ ਫੱਲੇਵਾਲੀਆ ਜੀ ਨੂੰ ਸ਼ਰਧਾ ਦੇ ਅਕੀਦੇ ਭੇਟ ਕੀਤੇ। ਕਹਾਣੀਕਾਰ ਨਾਵਲਕਾਰ ਦਵਿੰਦਰ ਮਲਹਾਂਸ ਵੱਲੋਂ ਸੰਪਾਦਿਤ ਪੁਸਤਕ 'ਪੰਜਾਬੀ ਕਹਾਣੀ ਦਾ ਰਾਜਕੁਮਾਰ' ਬਾਰੇ ਪਰਚਾ ਪੜ੍ਹਦਿਆਂ ਹਰੀਪਾਲ ਜੀ ਨੇ ਇਸ ਕਿਤਾਬ ਦਾ ਬਹੁਤ ਸੁਚੱਜੇ ਢੰਗ ਨਾਲ ਵਿਸ਼ਲੇਸ਼ਣ ਕੀਤਾ ਕਿ ਕੁਝ ਲੇਖਕ ਸਮੇਂ ਦੀ ਪੈਦਾਵਾਰ ਹੁੰਦੇ ਹਨ ਤੇ ਜਤਿੰਦਰ ਹਾਂਸ ਅਵਤਾਰ ਪਾਸ਼ ਵਾਂਗ ਉਸੇ ਲੜੀ ਦਾ ਅਗਲਾ ਹਿੱਸਾ ਹੈ, ਜੋ ਤੰਗੀਆਂ-ਤੁਰਸ਼ੀਆਂ ਦੀ ਜ਼ਿੰਦਗੀ ਜਿਊਂਦੇ ਅਤੇ ਸਮਾਜ ਵੱਲੋਂ ਦੁਰਕਾਰੇ-ਅਣਗੌਲੇ ਲੋਕਾਂ ਦੀ ਫਿਕਰ ਕਰਦਾ ਹੈ, ਉਸ ਦੀਆਂ ਕਹਾਣੀਆਂ ਨਿੱਜੀ ਲੋੜਾਂ ਲਈ ਲੜਦੇ, ਪਿਸਦੇ ਲੋਕਾਂ ਦੀ ਬਾਤ ਪਾਉਂਦੀਆਂ ਹਨ। ਹਰੀਪਾਲ ਜੀ ਨੇ ਕਹਾਣੀਆਂ ਦੇ ਨਾਮ ਤੇ ਉਨ੍ਹਾਂ ਦੇ ਕਿਰਦਾਰਾਂ ਦਾ ਵੇਰਵਾ ਦੇ ਕੇ ਲੇਖਕ ਦੀ ਕਲਮ ਦੀ ਸਿਫਤ ਕੀਤੀ। ਇਸੇ ਸੰਦਰਭ ਵਿੱਚ ਲੇਖਿਕਾ ਗੁਰਚਰਨ ਕੌਰ ਥਿੰਦ ਜੀ ਨੇ ਜਗਦੇਵ ਸਿੱਧੂ ਜੀ ਵੱਲੋਂ ਲਿਖਿਆ, ਕਿਤਾਬ ਦੀ ਪਾਠਕ ਤੀਬਰਤਾ ਵਿੱਚ ਪੜ੍ਹਨ ਲਈ ਹੋਰ ਉਤਸੁਕਤਾ ਪੈਦਾ ਕਰਦਾ ਖ਼ੂਬਸੂਰਤ ਪਰਚਾ ਪੜ੍ਹਦਿਆਂ ਕਿਹਾ ਕਿ ਇੱਕ ਹੀ ਪਰਿਵਾਰ ਵਿੱਚ ਦੋ ਛੈਲ-ਛਬੀਲੇ, ਈਰਖਾ ਮੁਕਤ, ਸਫ਼ਲ ਕਹਾਣੀਕਾਰ, ਨਾਵਲਕਾਰ ਦਾ ਹੋਣਾ ਕਿਸੇ ਅਚੰਭੇ ਤੋਂ ਘੱਟ ਨਹੀਂ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਤੇ ਜਨਰਲ ਸਕੱਤਰ ਜੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।










ਲੇਖਕ-ਹਰੀਪਾਲ
ਪੁਸਤਕ ਚਰਚਾ-ਦਵਿੰਦਰ ਮਲਹਾਂਸ
403 714 4816
403 993 2201

### ਆਦਮਖੋਰ ਪੂੰਜੀਵਾਦ ਦੀਆਂ ਪਰਤਾਂ ਖੋਲਦੀ ਪੁਸਤਕ

# 'ਪੂੰਜੀਵਾਦ ਬਨਾਮ ਧਰਤੀ ਦੀ ਹੋਂਦ'

ਹਰੀਪਾਲ ਬਹੁਪੱਖੀ ਗੰਭੀਰ, ਪ੍ਰਤੀਬੱਧ ਅਤੇ ਸਮਰਥਵਾਨ ਲੇਖਕ ਹੈ, ਭਾਵੇਂ ਉਸ ਦੀਆਂ ਕਵਿਤਾਵਾਂ ਪਹਿਲਾਂ ਅਖਬਾਰਾਂ ਮੈਗਜੀਨਾਂ ਵਿੱਚ ਛਪਦੀਆਂ ਰਹੀਆਂ ਪਰ ਸੰਨ 2004 ਵਿੱਚ ਉਸ ਨੇ 'ਬੰਦ ਘਰਾਂ ਦੇ ਵਾਸੀ' ਕਾਵਿ ਸੰਗ੍ਰਹਿ ਰਾਹੀਂ ਪੰਜਾਬੀ ਸਾਹਿਤ ਜਗਤ ਵਿੱਚ ਪੱਕੇ ਪੈਰੀ ਪ੍ਰਵੇਸ ਕੀਤਾ। 2009 ਵਿੱਚ ਕੈਨੇਡੀਅਨ ਗਜਲ ਸੰਗ੍ਰਹਿ 'ਸ਼ਨੁੱਕ' ਨੂੰ ਸੰਪਾਦਿਕ ਕੀਤਾ।2018 ਵਿੱਚ ਪਹਿਲਾ ਲੇਖ ਸੰਗ੍ਰਹਿ 'ਪੂੰਜੀਵਾਦ ਬਨਾਮ ਕਨੇਡੀਅਨ ਸਮਾਜ' ਛਪੀ। ਜਿਸ ਨੂੰ ਪਾਠਕਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ। ਹਰੀਪਾਲ ਨੇ ਕਹਾਣੀਆਂ 'ਤੇ ਵੀ ਹੱਥ ਅਜਮਾਇਆ। ਇਸ ਤਰ੍ਹਾਂ ਉਸ ਨੇ ਸਹਿਤ ਦੇ ਹਰ ਖੇਤਰ ਵਿੱਚ ਸ਼ਲਾਘਾਯੋਗ ਕੰਮ ਕੀਤਾ।

ਹਰੀਪਾਲ ਉਹ ਲੇਖਕ ਹੈ, ਜੋ ਲਿਖਦਾ ਘੱਟ ਹੈ ਪਰ ਪੜਦਾ ਬਹੁਤ ਜ਼ਿਆਦਾ ਹੈ, ਜੋ ਵੀ ਲਿਖਦਾ ਹੈ ਬਹੁਤ ਹੀ ਬਾਕਮਾਲ ਹੁੰਦਾ ਹੈ। ਉਸਦੀਆਂ ਛੋਟੀਆਂ-ਛੋਟੀਆਂ ਕਵਿਤਾਵਾਂ ਵੱਡੀ ਤੋਂ ਵੱਡੀ ਗੱਲ ਕਰ ਜਾਂਦੀਆਂ ਹਨ। ਉਸ ਨੇ ਕਹਾਣੀਆਂ ਦੀ ਬਹੁਤ ਵਧੀਆ ਲਿਖੀਆਂ ਹਨ।'ਕਾਹਦੀ ਖਾਤਰ' ਉਸ ਦੀ ਸਾਹਕਾਰ ਕਹਾਣੀ ਹੈ। ਜਿਸ ਨੂੰ ਰੇਡੀਓ 'ਤੇ ਵੀ ਪੇਸ਼ ਕੀਤਾ ਗਿਆ ਤੇ ਭਰਵਾਂ ਹੁੰਗਾਰਾ ਮਿਲਿਆ।

ਸਵਾਲ ਪੈਦਾ ਹੁੰਦਾ ਹੈ ਕਿ ਉਹ ਲੇਖ ਲਿਖਣ ਵੱਲ ਕਿਵੇਂ ਆਇਆ। ਜਿੱਥੇ ਤੱਕ ਮੈਂ ਸਮਝਦਾ ਹਾਂ, ਲੇਖ ਵਿਸੇ ਦਾ ਘੇਰਾ ਬਹੁਤ ਹੀ ਵਿਸਾਲ ਹੈ ਤੇ ਉਹ ਸਾਰੇ ਕੁਝ ਨੂੰ ਉਸ ਵਿੱਚ ਇਕੱਠਾ ਕਰ ਲੈਣਾਂ ਚਾਹੁੰਦਾ ਹੈ, ਜੋ ਕਵਿਤਾ ਕਹਾਣੀ ਵਿੱਚ ਮੁਸਕਿਲ ਹੈ। ਦੂਜੀ ਗੱਲ ਘੁੰਮ-ਘੁੰਮਾ ਕੇ ਕਰਨ ਦੀ ਵਜਾਏ ਉਹ ਸਿੱਧੀ-ਸਪਸ਼ੱਟ ਗੱਲ ਕਰਨੀ ਠੀਕ ਸਮਝਦਾ ਹੈ, ਜੋ ਆਮ ਪਾਠਕ ਉੱਤੇ ਜ਼ਿਆਦਾ ਅਸਰਦਾਰ ਹੁੰਦੀ ਹੈ। ਹਰੀਪਾਲ ਜਿਸ ਵਿਸ਼ੇ ਨੂੰ ਛੂੰਹਦਾ ਹੈ। ਉਸ ਨੂੰ ਪੂਰੀ ਤਿਆਰੀ ਨਾਲ ਵੱਖ-ਵੱਖ ਕਿਤਾਬਾਂ ਜਾਂ ਹੋਰ ਗਿਆਨ ਦੇ ਸੋਮਿਆਂ ਤੋਂ ਜਾਣਕਾਰੀ ਇਕੱਠੀ ਕਰਕੇ, ਅੰਕੜਿਆਂ ਸਮੇਤ ਬਹੁਤ ਹੀ ਆਸਾਨ ਭਾਸ਼ਾ ਵਿੱਚ ਤਰਤੀਬਾਰ ਮਾਲਾ ਦੇ ਮਣਕਿਆਂ ਵਾਂਗ ਪਰੋਦਾ ਚਲਾ ਜਾਂਦਾ ਹੈ। ਜ਼ਿਆਦਾਤਰ ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਅਜਿਹੇ ਲੇਖ ਪਾਠਕ ਲਈ ਬੋਰੀਅਤ ਪੈਦਾ ਕਰਦੇ ਹਨ ਪਰ ਹਰੀਪਾਲ ਕਹਾਣੀ ਵਰਗੀ ਰੌਚਿਕਤਾ ਤੇ ਕਵਿਤਾ ਵਰਗੀ ਰਵਾਨਗੀ ਆਪਣੇ ਲੇਖਾਂ ਵਿੱਚ ਬਰਕਰਾਰ ਰੱਖਦਾ ਹੈ।ਪਾਠਕ ਲੰਬੇ-ਲੰਬੇ ਲੇਖ ਆਸਾਨੀ ਨਾਲ ਪੜਦਾ ਚਲਾ ਜਾਂਦਾ ਹੈ। ਸਭ ਤੋਂ ਪਹਿਲਾਂ ਇਸ ਲੇਖਕ ਦੀ ਕਿਤਾਬ 'ਪੂੰਜੀਵਾਦ ਬਨਾਮ ਧਰਤੀ ਦੀ ਹੋਂਦ' ਦੇ ਟਾਇਟਲ ਦੀ ਗੱਲ ਕਰਨੀ ਬਣਦੀ ਹੈ, ਜੋ ਬਹੁਤ ਹੀ ਕਲਾਮਈ ਤਰੀਕੇ ਨਾਲ ਕਿਤਾਬ ਪੜ੍ਹਣ ਲਈ ਖਿੱਚ ਪਾਉਂਦਾ ਹੈ। ਕਿਵੇਂ ਇੱਕ ਖੂੰਖਾਰ ਜਾਨਵਰ ਵਰਗਾ ਮਨੁੱਖ, ਭੱਦਰਪੁਰਸ ਲਿਬਾਸ ਵਿੱਚ ਹੰਕਾਰਿਆ ਹੋਇਆ ਧਨਾਢ, ਧਰਤੀ ਨੂੰ ਚਿਪਸ ਵਿੱਚ ਤੁੰਨ੍ਹ ਕੇ ਮਾਇਆ ਇਕੱਠੀ ਕਰਨ ਵਿੱਚ ਗਲਤਾਨ ਹੈ। ਉਹ ਇਹ ਵੀ ਭੁੱਲ ਬੈਠਾ ਹੈ ਕਿ ਇਸ ਧਰਤੀ ਦਾ ਵਿਨਾਸ ਉਸ ਦੀਆਂ ਆਉਣ ਵਾਲੀਆਂ ਨਸਲਾਂ ਦੇ ਵਿਨਾਸ ਦਾ ਕਾਰਨ ਵੀ ਬਣੇਗਾ, ਜਿੰਨਾਂ ਵਾਸਤੇ ਉਹ ਧਨ ਇਕੱਠਾ ਕਰਨ ਵਿੱਚ ਲੱਗਿਆ ਹੋਇਆ ਹੈ।




ਹਰੀਪਾਲ ਜਿਸ ਵਿਸੇ ਨੂੰ ਹੱਥ ਪਾਉਂਦਾ ਹੈ, ਬਹੁਤ ਹੀ ਬਾਖੂਬੀ ਨਾਲ ਅੰਕੜਿਆਂ ਸਮੇਤ ਕਤਰਾ-ਕਤਰਾ ਇਕੱਠਾ ਕਰਕੇ ਪਾਠਕ ਅੱਗੇ ਧਰ ਦਿੰਦਾ ਹੈ। ਉਦਾਹਰਨ ਵਜੋਂ 'ਪੂੰਜੀਵਾਦ ਬਨਾਮ ਧਰਤੀ ਦੀ ਹੋਂਦ' ਲੇਖ ਵਿਚ ਉਹ ਲਿਖਦਾ ਹੈ ਕਿ ਸਿਰਫ 65% ਦੋਲਤ ਉਪਰ ਪਹਿਲਾਂ ਹੀ 1% ਲੋਕਾਂ ਦਾ ਕਬਜ਼ਾ ਹੈ। ਬਾਕੀ ਬਚੀ 35% ਦੋਲਤ 99% ਲੋਕਾਂ ਦੇ ਕੋਲ ਹੈ। ਹੁਣ 1% ਲੋਕਾਂ ਦੀ ਨਜਰ ਉਸ 35% ਉੱਪਰ ਟਿਕੀ ਹੋਈ ਹੈ ਕਿਉਂਕਿ ਵੱਡੀ ਮੱਛੀ ਹਮੇਸਾ ਛੋਟੀ ਮੱਛੀ ਨੂੰ ਖਾਂਦੀ ਹੈ, ਉਹ ਬਰਾਬਰ ਦੀ ਮੱਛੀ ਜਾਂ ਵੱਡੀ ਮੱਛੀ ਨਾਲ ਟੱਕਰ ਨਹੀਂ ਲਏਗੀ। ਉਹ ਇਸ 99% ਪੂੰਗ ਨੂੰ ਡਕਾਰਨ ਲਈ ਹਰ ਹੀਲਾ ਵਰਤ ਰਹੀ ਹੈ। ਸਰਕਾਰਾਂ ਇਨ੍ਹਾਂ 1% ਲੋਕਾਂ ਦੀਆਂ ਰਖੇਲਾਂ ਹਨ। ਇਸ ਕਰਕੇ ਅਮੀਰ-ਗਰੀਬ ਦਾ ਪਾੜਾ ਬਹੁਤ ਤੇਜੀ ਨਾਲ ਵੱਧ ਰਿਹਾ ਹੈ।

ਲੇਖਕ ਦੀ ਖੂਬੀ ਹੈ, ਉਹ ਸਾਨੂੰ ਸਮੱਸਿਆ ਤੋ ਸੁਚੇਤ ਕਰਦਾ, ਉਸ ਨਾਲ ਜੂਝਣ ਦਾ ਬਲ ਵੀ ਦੱਸਦਾ ਹੋਇਆ ਬਹੁਤ ਹੀ ਖੂਬਸੂਰਤੀ ਨਾਲ ਗੱਲ ਖਤਮ ਕਰਦਾ ਹੈ। ਮਸਲਨ ਇਸ ਧਰਤੀ ਨੂੰ ਬਚਾਉਣ ਲਈ ਪੂੰਜੀਵਾਦ ਸਿਸਟਮ ਨੂੰ ਕਮਜੋਰ ਜਾਂ ਉਸਦਾ ਖਾਤਮਾਂ ਕਰਨਾ ਬਹੁਤ ਜਰੂਰੀ ਹੈ।ਹੁਣ ਸਮਾਂ ਆ ਗਿਆ ਹੈ,ਵੱਡੇ ਘਰਾਂ, ਬਰੇਡਿੰਡ ਕੱਪੜੇ-ਕਾਰਾਂ, ਸੋਸ਼ਲ ਮੀਡੀਆ 'ਤੇ ਭਕਾਈ ਦੇ ਕਲਚਰ ਨੂੰ ਛੱਡ ਕੇ ਸਭ ਨੂੰ ਧਰਤੀ ਨੂੰ ਬਚਾਉਣ ਲਈ ਚੇਤੰਨ ਹੋਣਾ ਚਾਹੀਦਾ ਹੈ। ਲੇਖਕ ਇਸ ਵਰਤਾਰੇ ਨੂੰ ਸਿੱਧਾ ਪਾਠਕ ਦੇ ਘਰ ਨਾਲ ਜੋੜ ਕੇ ਵਾਸਤਾ ਦਿੰਦਾ ਹੈ ਤੇ ਪਾਠਕ ਨੂੰ ਕਟਿਹਰੇ ਵਿੱਚ ਖੜ੍ਹਾ ਕਰ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਜਦ ਇਹ ਲਿਖ ਕੇ ਲੇਖ ਦਾ ਅੰਤ ਕਰਦਾ ਹੈ-"ਧਰਤੀ ਨੂੰ ਬਚਾਉਣ ਲਈ ਚੇਤੰਨ ਹੋਈਏ ਨਹੀਂ ਤਾਂ ਸਾਡੇ ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਸਾਨੂੰ ਕਦੇ ਮੁਆਫ ਨਹੀਂ ਕਰਨਗੇ।" ਲੇਖਕ ਦੀ ਗੱਲ ਸੋਲਾਂ ਆਨੇ ਸਹੀ ਵੀ ਹੈ। ਜਦੋਂ ਸਾਡੇ ਬੁਜਰਗ ਸਾਨੂੰ ਇਹ ਧਰਤੀ ਸੰਭਾਲ ਕੇ ਗਏ ਸੀ, ਉਹ ਤਾਂ ਇਹੋ ਜਿਹੀ ਨਹੀਂ ਸੀ। ਪਿਛਲੇ ਪੱਚੀ-ਤੀਹ ਸਾਲਾਂ ਵਿਚ ਅਸੀਂ ਧਰਤੀ ਦਾ ਸਾਰੇ ਪਾਸੇ ਬਹੁਤ ਨੁਕਸਾਨ ਕਰ ਚੁੱਕੇ ਹਾਂ।

ਖੇਡਾਂ ਸਾਡੀ ਜ਼ਿੰਦਗੀ ਦਾ ਮਹੱਤਵਪੂਰਨ ਅੰਗ ਹਨ। ਇਹਨਾਂ ਉਪਰ ਵੀ ਕੁਝ ਪੂੰਜੀਪਤੀਆਂ ਦਾ ਕਬਜਾ ਹੋ ਗਿਆ। ਆਪਣਾ ਕਾਲਾ ਧਨ ਅਤੇ ਟੈਕਸ ਬਚਾਉਣ ਖਾਤਿਰ ਕਿਸ ਤਰਾਂ ਦੇ ਹੱਥਕੰਡੇ ਅਪਨਾਏ ਜਾਂਦੇ ਹਨ। ਆਮ ਲੋਕਾਂ ਦੇ ਖਾਣ-ਪੀਣ ਰਹਿਣ-ਸਹਿਣ, ਹਰ ਇੱਕ ਪਹਿਲੂ ਦਾ ਰਿਮੋਟ ਪੂੰਜੀਪਤੀ ਦੇ ਹੱਥ ਵਿੱਚ ਚਲਾ ਗਿਆਹੈ। ਇਸ ਤਰ੍ਹਾਂ ਅਮੀਰਾਂ ਦੀਆਂ ਐਸ਼ਪ੍ਰਸਤੀਆਂ ਬਾਰੇ ਲੇਖ ਵਿੱਚ ਲੇਖਕ ਲਿਖਦਾ ਹੈ-' ਦੋ ਹਿੱਸਿਆਂ ਵਿੱਚ ਭੌਅ ਵੰਡੀ ਹੈ, ਇੱਕ ਲੋਕਾਂ ਦੀ ਇੱਕ ਜੋਕਾਂ ਦੀ।' ਇੱਕ ਪਾਸੇ ਤਾਂ ਲੋਕ ਫੁੱਟ-ਪਾਥਾਂ ਉਪਰ ਸੌਣ ਵਾਸਤੇ ਲੜ ਰਹੇ ਹਨ। ਦੂਜੇ ਪਾਸੇ ਅੰਬਾਨੀ-ਅੰਡਾਨੀ ਵਰਗੇ ਧਨਾਢ ਬਿਲੀਅਨ ਡਾਲਰ ਦੇ ਮਕਾਨ ਵਿੱਚ ਨੀਦ ਦੀਆਂ ਗੋਲੀ ਲੈ ਕੇ ਸੌਂਦੇ ਹਨ।

'ਕਾਰਪੁਰੇਸਨ ਦਾ ਰਾਜ' ਲੇਖ ਵਿੱਚ ਲੇਖਕ 'ਚ ਪਹਿਲੇ ਫਿਕਰੇ ਵਿੱਚ ਪੂਰੇ ਲੇਖ ਦੀਆਂ ਪਰਤਾਂ ਖੋਲ੍ਹ ਦਿੰਦਾ ਹੈ, 'ਜਦੋਂ ਕਿਸੇ ਦਾ ਨਫਾ ਹੁੰਦਾ ਹੈ। ਇਸ ਦਾ ਸਿੱਧਾ ਮਤਲਬ ਕਿਸੇ ਹੋਰ ਦਾ ਨੁਕਸਾਨ'। ਲੇਖਕ ਸਾਰੇ ਪੱਤੇ ਦਿਖਾ ਕੇ ਵੀ ਪਾਠਕ ਨੂੰ ਨਾਲ ਜੋੜੀ ਰੱਖਦਾ ਹੈ। ਉਸਨੂੰ ਬਲ ਹੈ ਉਹ ਛੋਟੇ-ਛੋਟੇ ਵੇਰਵਿਆਂ ਰਾਹੀਂ ਰੌਚਿਕਤਾ ਬਰਕਰਾਰ ਰੱਖਦਾ ਹੈ। ਹਰੀਪਾਲ ਚਿੰਤਾ ਜਾਹਰ ਕਰਦਾ ਹੋਇਆ ਲਿਖਦਾ ਹੈ ਕਿ ਬੜੀ ਮੁਸਕਿਲ ਨਾਲ ਸੰਘਰਸ ਕਰਕੇ ਹਫਤੇ ਵਿੱਚ 40 ਘੰਟੇ ਕੰਮ ਕਰਨ ਲਈ ਨਿਯਮ ਬਣੇ ਸਨ ਪਰ ਦਿਖਾਵੇ ਦੀ ਦੌੜ, ਫੁੱਕਰੇਪਨ ਅਤੇ ਫਜੂਲ ਖਰਚੀ ਦੇ ਫਤੂਰ ਨੇ ਸਾਨੂੰ ਹਫਤੇ ਵਿੱਚ 70-80 ਘੰਟਿਆਂ ਦਾ ਕੰਮ ਲਈ ਮਜਬੂਰ ਕਰ ਦਿੱਤਾ ਹੈ। ਨਵੇਂ ਸਰਵੇਖਣ ਮੁਤਾਬਕ 60-70 ਘੰਟੇ ਕੰਮ ਕਰਨ ਵਾਲਿਆਂ ਦੀ 10 ਸਾਲ ਉਮਰ ਘੱਟ ਜਾਂਦੀ ਹੈ। ਜਿਸ ਕਰਕੇ ਉਹ ਰਿਟਾਇਰ ਹੋਏ ਜਾਂ ਉਸ ਤੋ ਪਹਿਲਾਂ ਹੀ ਜਲਦੀ ਤੁਰ ਜਾਦੇ ਹਨ।

ਹਰੀਪਾਲ ਹਰ ਵਿਸੇ ਦੀ ਗਹਿਰਾਈ ਤੱਕ ਉਤਰ ਜਾਂਦਾ ਹੈ। ਜਿਵੇਂ 'ਪਲਾਸਟਿਕ ਪ੍ਰਦੂਸਣ' ਵਿੱਚ ਲਿਖਦਾ ਹੈ ਕਿ ਪਲਾਸਟਿਕ ਘਰਾਂ ਤੋਂ ਖੇਤਾਨਾਂ ਵਿੱਚ ਖੇਤਾਨਾਂ ਤੋਂ ਨਾਲਿਆਂ ਵਿੱਚ ਹੁੰਦਾ ਹੋਇਆ ਨਦੀਆਂ ਨਹਿਰਾਂ ਰਾਹੀਂ ਸਮੁੰਦਰ ਤੱਕ ਪਹੁੰਚ ਜਾਂਦਾ ਹੈ ਤੇ ਕਈ ਸੌ ਸਾਲਾਂ ਵਿੱਚ ਵੀ ਗਲਦਾ ਨਹੀਂ, ਬਹੁਤ ਹੀ ਜਹਿਰੀਲੇ ਕੈਮੀਕਲ ਪਾਣੀ ਵਿਚ ਰਲਾਅ ਦਿੰਦਾ ਹੈ। ਇਹ ਕੈਮੀਕਲ ਫੂਡਚੇਨ ਦਾ ਹਿੱਸਾ ਬਣ ਸਮੁੰਦਰੀ ਜੀਵ ਜੰਤੂਆ ਦੇ ਪੇਟ ਵਿੱਚ ਚਲੇ ਜਾਂਦੇ ਹਨ। ਇਸ ਨਾਲ ਲੱਖਾਂ ਦੀ ਗਿਣਤੀ ਵਿੱਚ ਮੱਛੀਆਂ ਅਤੇ ਸਮੁੰਦਰੀ ਜੀਵ ਮਰ ਜਾਂਦੇ ਹਨ, ਕੁਝ ਬਚ ਵੀ ਜਾਂਦੇ ਹਨ। ਉਹ ਬਚੀ ਹੋਈ ਮੱਛੀ ਮਨੁੱਖ ਦਾ ਭੋਜਨ ਬਣ ਮੁੜ ਉਸਦੇ ਘਰ ਪਰਤਦੀ ਹੈ, ਘਰਾਂ ਤੋਂ ਤੁਰਿਆ ਪਲਾਸਟਿਕ ਆਖਰ ਘਰ ਨੂੰ ਕਿਵੇਂ ਪਰਤਦਾ ਹੈ। ਹੈਰਾਨੀਜਨਕ ਜਾਣਕਾਰੀ ਦੀ ਭਿਆਨਕ ਤਸਵੀਰ ਇਹ ਵੀ ਹੈ ਕਿ ਕੈਲੀਫੋਰਨੀਆ ਅਤੇ ਹਵਾਈ ਤੇ ਵਿਚਕਾਰ ਪਲਾਸਟਿਕ ਦਾ ਫਰਾਂਸ ਦੇ ਅਕਾਰ ਜਿੰਨਾ ਟਾਪੂ ਬਣਿਆ ਪਿਆ ਹੈ। ਇਸ ਤਰ੍ਹਾਂ ਦੇ ਹੋਰ ਚਾਰ ਟਾਪੂ ਹਨ।

ਅਮੀਰ ਦੇਸਾਂ ਦੇ ਮੁਖੌਟੇ ਉਤਾਰ ਦਾ ਹੋਇਆ ਉਹ ਲਿਖਦਾ ਹੈ ਕਿ ਮਜਦੂਰ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਚਲਾ ਜਾਵੇ, ਉਹ ਪਿਸਦਾ ਹੀ ਰਹੇਗਾ। ਜਿੰਨਾ ਚਿਰ ਸਮਾਜਵਾਦ ਨਹੀਂ ਆਉਂਦਾ। ਉਹ ਪੂੰਜੀਵਾਦ ਨੂੰ ਧੁਰੋ ਨਕਾਰਦਾ, ਸਮਾਜਵਾਦ ਇੱਕੋ-ਇੱਕ ਹੱਲ ਦਾ ਨਾਹਰਾ ਦਿੰਦਾ ਹੈ। ਪੂੰਜੀਵਾਦ ਵਰਗੇ ਮਗਰਮੱਛ ਤੋ ਧਰਤੀ ਨੂੰ ਬਚਾਉਣ ਲਈ ਫਿਕਰਮੰਦੀ ਜਾਹਿਰ ਕਰਦਾ ਹੈ।

ਇਸ ਕਿਤਾਬ ਵਿੱਚ 29 ਵੱਖ-ਵੱਖ ਵਿਸ਼ਿਆਂ ਉਪਰ ਲੇਖ ਹਨ। ਜਿਸ ਵਿੱਚ ਬਜੁਰਗਾਂ ਦਾ ਸੀਨੀਅਰ ਹੋਮ ਵਿੱਚ ਰੁੱਲਣਾ। ਸਕੂਲੀ ਬੱਚਿਆਂ ਵਿੱਚ ਭੁੱਖਮਰੀ, ਕੁੜੀਆਂ ਨੂੰ ਬਰਾਬਰ ਦੇ ਹੱਕ, ਪ੍ਰਦੂਸ਼ਿਤ ਵਾਤਾਵਰਨ, ਪੂੰਜੀਵਾਦ ਸਿਸਟਮ ਦੀ ਅੰਨ੍ਹੀ ਲੁੱਟ, ਨਸਲਵਾਦ ਦਾ ਕੈਂਸਰ, ਪੰਡੋਰਾ ਪੇਪਰਜ਼ ਅਤੇ ਟੈਕਸ ਦੇ ਕੋਹਲੂ ਨਾਲ ਪੀੜੇ ਜਾਣ ਵਾਲੇ ਮਨੁੱਖ ਦੇ ਦਰਦਾਂ ਦੀ ਬਾਤ ਪਾਉਂਦਾ ਹੈ। ਹਰੀਪਾਲ ਦੀ ਇਹ ਪੁਸਤਕ ਨਿੱਠ ਕੇ ਪੜ੍ਹਨ ਵਾਲੀ ਹੈ। ਪੰਜਾਬੀ ਸਾਹਿਤ ਜਗਤ ਵਿੱਚ 'ਪੂੰਜੀਵਾਦ ਬਨਾਮ ਧਰਤੀ ਦੀ ਹੋਂਦ' ਲੇਖ ਸੰਗ੍ਰਹਿ ਦਾ ਸਵਾਗਤ ਹੈ।

DM TRANSPORT
ace ACI US&Canada Bonded
**Hiring AZ drivers and owner operator**



Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca

Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

HMP ਐਚ ਐਮ ਪੀ ਪ੍ਰੋਫ਼ੈਸ਼ਨਲ ਕੰਸਟ੍ਰਕਸ਼ਨ ਲਿਮਿਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph. : 403-701-4947

ਪ੍ਰਿੰ. ਸਰਵਣ ਸਿੰਘ

# ਕਬੱਡੀ ਨੂੰ ਕਰੋੜਾਂ ਦਾ ਗੱਫਾ : ਪਾਵੇਲ ਕੁੱਸਾ

2006 ਵਿਚ ਮੈਂ ਲਿਖਿਆ ਸੀ: ਕਬੱਡੀ ਨੂੰ ਡਰੱਗ ਦਾ ਜੱਫਾ। ਫਿਰ 2021 ਵਿਚ ਲਿਖਿਆ: ਕਬੱਡੀ ਡਰੱਗ ਦੇ ਜੱਫੇ ਤੋਂ ਗੁੰਡਾਗਰਦੀ ਦੇ ਜੱਫੇ ਤਕ। ਪਾਵੇਲ ਨੇ ਹੁਣ ਲਿਖਿਆ ਹੈ: ਕਬੱਡੀ ਨੂੰ ਕਰੋੜਾਂ ਦਾ ਜੱਫਾ। ਕਬੱਡੀ ਨੂੰ ਡਰੱਗ ਤੇ ਗੁੰਡਾਗਰਦੀ ਦੇ ਜੱਫਿਆਂ ਪਿੱਛੇ ਅਸਲ ਵਿਚ ਲੋਟੂ ਕਾਰਪੋਰੇਟਾਂ ਦੇ ਬਹੁਕਰੋੜੀ ਜੱਫੇ ਹਨ! ਖੇਡਾਂ ਮਨੁੱਖੀ ਸਰੀਰਕ ਸਮਰੱਥਾ ਦੇ ਪ੍ਰਗਟਾਵਿਆਂ ਰਾਹੀਂ ਸਾਡੀ ਸਰੀਰਕ ਤੇ ਮਾਨਸਿਕ ਤ੍ਰਿਪਤੀ ਦਾ ਸਾਧਨ ਹਨ ਪਰ ਪੈਸੇ ਦੇ ਯੁੱਗ 'ਚ ਮਨੁੱਖੀ ਸਰੀਰਕ ਸਮਰੱਥਾ ਦੀਆਂ ਬੁਲੰਦੀਆਂ ਸਿੱਕਿਆਂ ਦੇ ਅੰਬਾਰ ਮੂਹਰੇ ਬੌਣੀਆਂ ਬਣਾ ਦਿੱਤੀਆਂ ਗਈਆਂ ਹਨ। ਸੁਹਿਰਦ ਖੇਡ ਪ੍ਰੇਮੀ ਨਿਰਾਸ਼ ਹਨ ਜੋ ਸੌਂਕੀਆ ਖਿਡਾਰੀਆਂ ਦੀ ਤਲਾਸ਼ ਕਰਦੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਖਿਡਾਰੀਆਂ ਦੀਆਂ ਡੋਰਾਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਹੱਥਾਂ ਚ ਹਨ। ਖੇਡਾਂ ਨੂੰ ਬਹੁਕੌਮੀ ਕਾਰਪੋਰੇਸ਼ਨਾਂ ਦੇ ਚੁੰਗਲ ਚੋਂ ਮੁਕਤ ਕਰਵਾ ਕੇ ਹੀ ਇਨ੍ਹਾਂ ਨੂੰ ਸਹੀ ਮਾਇਨਿਆਂ ਵਿਚ ਮਾਣਿਆ ਜਾ ਸਕਦਾ ਹੈ। ਜੱਫਿਆਂ ਤੋਂ ਮੁਕਤੀ ਦੇਸੀ ਵਿਦੇਸ਼ੀ ਬਹੁਕੌਮੀ ਕੰਪਨੀਆਂ ਤੇ ਘਰਾਣਿਆਂ ਦੀ ਚੌਧਰ ਦੇ ਖਾਤਮੇ ਨਾਲ ਹੀ ਹੋਣੀ ਹੈ।

ਪਾਵੇਲ ਦਾ ਜਨਮ ਸਾਡੇ ਗੁਆਂਢੀ ਪਿੰਡ ਕੁੱਸਾ ਵਿਚ ਕ੍ਰਿਸਨ ਦਿਆਲ ਅਤੇ ਕੁਲਦੀਪ ਕੌਰ ਦੇ ਘਰ ਹੋਇਆ। ਪਵੇਲ ਦੀ ਪਤਨੀ ਦਾ ਨਾਂ ਸੀਰੀਂ ਹੈ ਤੇ ਪੁੱਤਰ ਦਾ ਸੁਕੀਰਤ। ਪਰਿਵਾਰਕ ਜੀਆਂ ਦੇ ਪੰਜੇ ਨਾਂ ਜਾਤਾਂ ਪਾਤਾਂ ਤੇ ਦੇਸਾਂ ਦੀਆਂ ਹੱਦਾਂ ਉਲੰਘਦੇ ਹਨ। ਪਾਵੇਲ ਕੁੱਸਾ ਅਠੱਤੀ ਸਾਲਾਂ ਦਾ ਇਨਕਲਾਬੀ ਨੌਜੁਆਨ ਹੈ। ਉਸ ਨੇ ਵਿਦਿਆਰਥੀਆਂ, ਕਿਰਤੀਆਂ ਕਿਸਾਨਾਂ ਤੇ ਨੌਜੁਆਨਾਂ ਦੀਆਂ ਜਥੇਬੰਦਕ ਸਰਗਰਮੀਆਂ ਵਿਚ ਚੋਖਾ ਯੋਗਦਾਨ ਪਾਇਆ ਹੈ। ਨਾਲ ਪੰਜਾਬੀ ਤੇ ਅੰਗਰੇਜੀ ਦਾ ਸੂਝਵਾਨ ਪੱਤਰਕਾਰ ਹੈ। ਉਹ ਅਖਬਾਰਾਂ ਵਿਚ ਛਪਦਾ ਹੋਇਆ ਆਪਣੇ ਮੈਗਜੀਨ 'ਸੁਰਖ ਲੀਹ' ਅਤੇ 'ਸਲਾਮ' ਵੀ ਚਲਾ ਰਿਹਾ ਹੈ। ਕਿਸਾਨ ਅੰਦੋਲਨ ਵਿਚ ਉਸ ਨੇ ਯਾਦਗਾਰੀ ਯੋਗਦਾਨ ਪਾਇਆ। ਉਸ ਦਾ ਤਾਇਆ ਓਮ ਪ੍ਰਕਾਸ ਕੁੱਸਾ, 1967 ਵਿਚ ਸੁਰੂ ਹੋਏ ਲਾਜਪਤ ਰਾਏ ਕਾਲਜ ਢੁੱਡੀਕੇ ਦਾ ਸਾਡਾ ਮੁਢਲਾ ਵਿਦਿਆਰਥੀ ਸੀ। ਸਰੀਰੋਂ ਭਾਵੇਂ ਕਮਜੋਰ ਸੀ ਪਰ ਜਦੋਂ ਜੋਸੀਲੀ ਆਵਾਜ ਵਿਚ ਕਵਿਤਾ ਸੁਣਾਉਂਦਾ ਸੀ ਤਾਂ ਹੇਠਲੀ ਉਤੇ ਲਿਆ ਦਿੰਦਾ ਸੀ। ਭਾਸਣ ਰੋਹ ਨਾਲ ਦਿੰਦਾ ਤੇ ਇਨਕਲਾਬ ਜਿੰਦਾਬਾਦ ਦੇ ਨਾਅਰਿਆਂ ਨਾਲ ਕਾਲਜ ਦੀਆਂ ਕੰਧਾਂ ਕੰਬਾਅ ਦਿੰਦਾ। ਉਸ ਨੇ ਆਪਣੀਆਂ ਇਨਕਲਾਬੀ ਕਵਿਤਾਵਾਂ ਦੀ ਪੁਸਤਕ 'ਲੱਪ ਚਿਣਗਾਂ ਦੀ' ਤੇ 'ਜੰਗ ਅਜੇ ਮੁੱਕੀ ਨਹੀਂ' ਛਪਵਾਈਆਂ। ਉਹ ਸਕੂਲਾਂ ਵਿਚ ਅਧਿਆਪਕ ਰਿਹਾ ਅਤੇ ਉਸ ਦੇ ਇਨਕਲਾਬੀ ਬਿਆਨ ਤੇ ਲੇਖ ਅਖਬਾਰਾਂ ਵਿਚ ਛਪਦੇ ਰਹੇ। ਬਦਕਿਸਮਤੀ ਨਾਲ ਉਹ ਜੁਆਨ ਉਮਰੇ ਹੀ ਵਿਛੋੜਾ ਦੇ ਗਿਆ।

ਮੇਰੇ ਬਚਪਨ ਵੇਲੇ ਕੁੱਸਾ ਜਿਲ੍ਹਾ ਫਿਰੋਜਪੁਰ ਦਾ ਨੁੱਕਰੇ ਛਿਪਿਆ ਪਿੰਡ ਸੀ। ਐਨ ਓਵੇਂ ਜਿਵੇਂ ਸਾਡਾ ਪਿੰਡ ਚਕਰ ਜਿਲ੍ਹਾ ਲੁਧਿਆਣੇ ਦਾ ਅਖੀਰਲਾ ਪਿੰਡ ਸੀ। ਸਾਡੇ ਪਿੰਡੋਂ ਨਿਕਲੀ ਕੱਸੀ ਹੀ ਚਕਰ ਅਤੇ ਕੁੱਸੇ ਨੂੰ ਜੋੜਦੀ ਸੀ। ਕੁੱਸਾ ਉਦੋਂ ਗੁਮਨਾਮ ਜਿਹਾ ਪਿੰਡ ਸੀ ਜਿਸ ਨੂੰ ਬਾਅਦ ਵਿਚ ਓਮ ਪ੍ਰਕਾਸ ਕੁੱਸਾ, ਨਾਵਲਕਾਰ ਕਰਮਜੀਤ ਕੁੱਸਾ, ਸਿਵਚਰਨ ਜੱਗੀ ਕੁੱਸਾ, ਇਨਕਲਾਬੀ ਪੱਤਰਕਾਰ ਤੇ ਬੁਲਾਰਾ ਪਾਵੇਲ ਕੁੱਸਾ ਅਤੇ ਕੁਝ ਕਬੱਡੀ ਖਿਡਾਰੀਆਂ ਨੇ ਨਾਮੀ ਪਿੰਡ ਬਣਾਇਆ। ਉਸ ਪਿੰਡ ਵਿਚ ਹਜਾਰਾਂ ਕਿਰਤੀ ਕਿਸਾਨਾਂ ਤੇ ਮਜਦੂਰਾਂ ਦੇ ਜੋੜਮੇਲੇ ਵਿਚ ਗੁਰਸਰਨ ਭਾਅ ਜੀ ਦਾ ਮਿਸਾਲੀ ਮਾਨ ਸਨਮਾਨ ਕੀਤਾ ਗਿਆ। ਪਾਵੇਲ ਨੇ ਆਪਣੇ ਬਾਰੇ ਲਿਖਿਆ:



ਇਨਕਲਾਬੀ ਲਹਿਰ ਵਿਚ ਸਰਗਰਮੀ ਨਾਲ ਕੰਮ ਕਰਨ ਵਾਲੇ ਪਰਿਵਾਰ ਵਿਚ ਮੈਂ ਇਨਕਲਾਬ ਦੀ ਗੁੜਤੀ ਲੈ ਕੇ ਜਨਮਿਆ। ਦਾਦੇ ਦੇ ਆਜ਼ਾਦ ਹਿੰਦ ਫੌਜ ਅੰਦਰ ਕੰਮ ਕਰਨ ਦੀ ਵਿਰਾਸਤ ਤੋਂ ਲੈ ਕੇ ਤਾਏ ਓਮ ਪ੍ਰਕਾਸ਼ ਦੀ ਇਨਕਲਾਬੀ ਸਰਗਰਮੀ ਅਤੇ ਇਨਕਲਾਬੀ ਕਵਿਤਾ ਪਰਿਵਾਰਕ ਪਿਛੋਕੜ ਵਿਚ ਸੀ, ਉਹ ਮੇਰੇ ਜਨਮ ਤੋਂ ਪਹਿਲਾਂ ਗੁਜ਼ਰ ਗਏ ਸਨ। ਮਾਤਾ ਪਿਤਾ ਦੀ ਲੋਕ ਸੰਘਰਸ਼ਾਂ ਵਿਚ ਸਰਗਰਮੀ ਦੌਰਾਨ ਮੇਰੀ ਜ਼ਿੰਦਗੀ ਲੋਕਾਂ ਦੀ ਇਨਕਲਾਬੀ ਲਹਿਰ ਨਾਲ ਇੱਕ-ਮਿੱਕ ਹੋ ਗਈ। ਇਨਕਲਾਬ ਹੀ ਮੇਰਾ ਮਿਸ਼ਨ ਬਣ ਗਿਆ। 1980-90ਵਿਆਂ ਦੀ ਦਹਿਸ਼ਤਗਰਦੀ ਦੇ ਦੌਰ ਵਿਚ ਮੇਰਾ ਬਚਪਨ ਗੁਜ਼ਰਿਆ। ਲੋਕ ਹੱਕਾਂ ਲਈ ਰੈਲੀਆਂ, ਮੁਜ਼ਾਹਰੇ, ਧਰਨੇ, ਨਾਟਕ, ਸਭਿਆਚਾਰਕ ਸਮਾਗਮ ਤੇ ਘਰ ਵਿਚ ਕਾਮਰੇਡੀ ਮੀਟਿੰਗਾਂ ਨੇ ਅਫਸਰ ਬਣਨ ਤੇ ਪੈਸੇ ਕਮਾਉਣ ਵਰਗੀਆਂ ਲਾਲਸਾਵਾਂ ਨੂੰ ਬਚਪਨ ਵਿਚ ਹੀ ਦਫ਼ਨ ਕਰ ਦਿੱਤਾ। ਸਮਾਜ ਲਈ ਜ਼ਿੰਦਗੀ ਜਿਊਣ ਤੋਂ ਬਿਨਾ ਕੋਈ ਮਤਲਬ ਨਾ ਰਿਹਾ। ਬਚਪਨ ਵਿਚ ਗੁਰਸ਼ਰਨ ਸਿੰਘ ਦੇ ਨਾਟਕ ਦੇਖਣ, ਗ਼ਦਰੀ ਬਾਬਿਆਂ ਦੇ ਮੇਲੇ ਜਾਣ ਤੇ ਜੁਝਾਰੂਆਂ ਦੀਆਂ ਤਕਰੀਰਾਂ ਸੁਣਨ ਨੇ ਮਨ 'ਤੇ ਲਕੀਰਾਂ ਉੱਕਰ ਦਿੱਤੀਆਂ ਕਿ ਜ਼ਿੰਦਗੀ ਸਦੀਵੀ ਸੰਘਰਸ ਹੁੰਦੀ ਹੈ। ਬੀਐੱਸਸੀ ਨਾਨ ਮੈਡੀਕਲ, ਬੀਐੱਡ, ਐੱਮਏ ਪੰਜਾਬੀ ਤੇ ਐੱਮਏ ਪੁਲੀਟੀਕਲ ਸਾਇੰਸ ਦੀਆਂ ਅਕੈਡਮਿਕ ਡਿਗਰੀਆਂ ਪਾਸ ਕੀਤੀਆਂ ਪਰ ਪਈਆਂ ਅਜੇ ਕਾਲਜਾਂ ਵਿਚ ਹੀ ਹਨ। ਲੋਕ ਸੰਘਰਸ਼ਾਂ ਦੇ ਕਾਲਜਾਂ ਵਿਚ ਐਸਾ ਦਾਖਲਾ ਲਿਆ ਕਿ ਪਹਿਲਾਂ ਕਾਲਜਾਂ ਵਿਚ ਵਿਦਿਆਰਥੀ ਯੂਨੀਅਨਾਂ ਬਣਾਉਂਦਾ ਰਿਹਾ ਤੇ ਪਿੱਛੋਂ ਕਿਰਤੀ ਲੋਕਾਂ ਦੀਆਂ ਯੂਨੀਅਨਾਂ ਵਿਚ ਕੰਮ ਕਰਨਾ ਹੀ ਮੇਰਾ ਮਿਸ਼ਨ ਹੋ ਗਿਆ। ਘਰਦਿਆਂ ਨੇ ਮੇਰਾ ਨਾਂ ਮੈਕਸਿਮ ਗੋਰਕੀ ਦੇ ਨਾਵਲ 'ਮਾਂ' ਦੇ ਪੁੱਤ ਵਾਲਾ 'ਪਾਵੇਲ' ਜੋ ਰੱਖਿਆ ਸੀ!

ਸਕੂਲੇ ਪੜ੍ਹਦਿਆਂ ਕਈ ਖੇਡਾਂ ਖੇਡਿਆ ਪਰ ਕਾਲਜ ਪਹੁੰਚਦਿਆਂ ਰਸਤਾ ਹੀ ਔਕੜਾਂ ਭਰਿਆ ਫੜ ਲਿਆ। ਉਂਜ ਖੇਡਾਂ ਦੇਖਣ ਤੇ ਖੇਡਾਂ ਖਿਡਾਰੀਆਂ ਬਾਰੇ ਪੜ੍ਹਨ ਦਾ ਸ਼ੌਕ ਬਰਕਰਾਰ ਰਿਹਾ। ਖੇਡਾਂ ਦੇ ਖੇਤਰ ਚ ਚਲਦੀ ਸਿਆਸਤ ਤੇ ਵਪਾਰਕ ਮੁਕਾਬਲੇਬਾਜ਼ੀ ਦੀਆਂ ਪਰਤਾਂ ਫਰੋਲਣ ਲਈ ਕਲਮ ਅਹੁਲਦੀ ਤਾਂ ਹੈ ਪਰ ਹੋਰਨਾਂ ਖੇਤਰਾਂ ਚ ਓਟੀਆਂ ਜ਼ਿੰਮੇਵਾਰੀਆਂ ਇਸ ਪਾਸੇ ਬਹੁਤਾ ਕੁਝ ਲਿਖਣ ਸੋਚਣ ਲਈ ਸਮਾਂ ਨਹੀਂ ਦਿੰਦੀਆਂ। ਅਸਲ ਵਿਚ ਮੈਨੂੰ ਸੁਰਤ ਹੀ ਲੋਕ ਸੰਘਰਸ਼ਾਂ ਚ ਆਈ। ਵਿਦਿਆਰਥੀ ਹੁੰਦਿਆਂ ਵਿਦਿਆਰਥੀ ਜਥੇਬੰਦੀ ਬਣਾਉਣ ਦਾ ਹੰਭਲਾ ਮਾਰਿਆ ਤੇ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਨੂੰ ਮੁੜ ਜਥੇਬੰਦ ਕਰ ਕੇ ਉਸ ਦੇ ਸੂਬਾਈ ਪ੍ਰਧਾਨ ਦੀ ਜ਼ਿੰਮੇਵਾਰੀ ਚੁੱਕੀ। ਪੰਜਾਬ ਦੀ ਵਿਦਿਆਰਥੀ ਲਹਿਰ ਵੱਲੋਂ ਲੜੇ ਸੰਘਰਸ਼ਾਂ ਦੀਆਂ ਮੋਹਰਲੀਆਂ ਕਤਾਰਾਂ ਚ ਰਹਿ ਕੇ ਹਿੱਸਾ ਪਾਇਆ। ਫਿਰ ਨੌਜਵਾਨ ਭਾਰਤ ਸਭਾ ਜਥੇਬੰਦ ਕਰਨ ਚ ਮੋਢੀ ਵਜੋਂ ਕੰਮ ਕੀਤਾ ਅਤੇ ਨੌਜਵਾਨਾਂ ਵਿਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਇਨਕਲਾਬੀ ਵਿਚਾਰਾਂ ਦਾ ਚਾਨਣ ਫੈਲਾਉਣ ਦੇ ਯਤਨ ਕੀਤੇ। ਨੌਜਵਾਨਾਂ ਦੇ ਮਸਲਿਆਂ ਦੀਆਂ ਲਿਖਤਾਂ ਛਾਪਣ ਲਈ 'ਨੌਜਵਾਨ' ਪਰਚਾ ਪ੍ਰਕਾਸ਼ਿਤ ਕੀਤਾ। ਚਾਹੇ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਮਨਾਉਣ ਲਈ ਬਰਨਾਲੇ ਦਾ ਇਤਿਹਾਸਕ ਪ੍ਰੋਗਰਾਮ ਹੋਵੇ, ਚਾਹੇ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਕੁੱਸੇ ਵਿਚ ਜਨਤਕ ਸਲਾਮ ਕਰਨ ਲਈ ਵੱਡਾ ਸਮਾਗਮ ਕੀਤਾ ਹੋਵੇ, ਅਜਮੇਰ ਔਲਖ ਨੂੰ ਬਰਨਾਲੇ ਵਿਚ ਭਾਈ ਲਾਲੋ ਕਲਾ ਸਨਮਾਨ ਦੇਣ ਲਈ ਮਹਾਂ ਸਮਾਗਮ ਰਚਾਇਆ ਹੋਵੇ, ਚਾਹੇ ਨਾਵਲਕਾਰ ਗੁਰਦਿਆਲ ਸਿੰਘ ਦਾ ਜੈਤੋ ਮੰਡੀ ਵਿਚ ਜਨਮ ਦਿਹਾੜਾ ਮਨਾਉਣਾ ਹੋਵੇ, ਇਨ੍ਹਾਂ ਸਭਨਾਂ ਮੇਲਿਆਂ ਤੇ ਦਿਹਾੜਿਆਂ ਨੂੰ ਮਨਾਉਣ, ਇਕੱਠ ਕਰਨ ਤੇ ਲਿਖਣ ਲਿਖਾਉਣ ਦੇ ਹਰ ਤਰ੍ਹਾਂ ਦੇ ਕਾਰਜਾਂ ਵਿਚ ਮੂਹਰੇ ਲੱਗ ਕੇ ਕੰਮ ਕੀਤਾ। ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ ਨਾਂ ਦੀ ਸੰਸਥਾ ਬਣਾਉਣ ਤੇ ਚਲਾਉਣ ਵਾਲੇ ਮੋਢੀਆਂ ਵਿਚ ਸ਼ੁਮਾਰ ਰਿਹਾ। ਇਸ ਸੰਸਥਾ ਰਾਹੀਂ ਲੋਕ ਕਲਾਕਾਰਾਂ ਤੇ ਸਾਹਿਤਕਾਰਾਂ ਨੂੰ ਲੋਕਾਂ ਵੱਲੋਂ ਸਨਮਾਨਤ ਕਰਨ ਦਾ ਵਿਲੱਖਣ ਉੱਦਮ ਕੀਤਾ ਜਾਂਦਾ ਹੈ। ਦਿੱਲੀ ਦੀਆਂ ਬਰੂਹਾਂ ਤੇ ਚੱਲੇ ਇਤਿਹਾਸਕ ਕਿਸਾਨ ਸੰਘਰਸ਼ ਵਿਚ ਵੀ ਖੁੱਭ ਕੇ ਯੋਗਦਾਨ ਪਾਇਆ। ਪੰਜਾਬ ਦੀ ਵੱਡੀ ਕਿਸਾਨ ਜਥੇਬੰਦੀ ਬੀਕੇਯੂ (ਏਕਤਾ)-ਉਗਰਾਹਾਂ ਦੇ ਕੋਆਰਡੀਨੇਟਰ ਵਜੋਂ ਪ੍ਰੈੱਸ ਹਲਕਿਆਂ ਤੇ ਹੋਰਨਾਂ ਜਥੇਬੰਦੀਆਂ ਨਾਲ ਰਾਬਤੇ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਰੋਜ਼ ਉੱਠਦੇ ਰਹੇ ਨਵੇਂ ਸਵਾਲਾਂ 'ਤੇ ਲਗਾਤਾਰ ਕਲਮ ਚੱਲੀ, ਇੰਟਰਵਿਊਜ਼ ਤੇ ਵੀਡੀਓ ਕਲਿੱਪਾਂ ਰਾਹੀਂ ਸੰਘਰਸ਼ ਦੇ ਉਲਝਵੇਂ ਮੋੜਾਂ 'ਤੇ ਆਪਣੇ ਵਿਚਾਰ ਰੱਖੇ।

ਅੱਜ ਕੱਲ੍ਹ ਇਨਕਲਾਬੀ ਮੈਗਜ਼ੀਨ 'ਸੁਰਖ ਲੀਹ' ਦੇ ਸੰਪਾਦਕ ਦੀਆਂ ਜ਼ਿੰਮੇਵਾਰੀਆਂ ਓਟੀਆਂ ਹਨ। ਦੋ ਮਹੀਨਿਆਂ ਬਾਅਦ ਮੈਗਜ਼ੀਨ ਦੇ ਨਾਲ ਕਿਤਾਬਚੇ ਤੇ ਕਿਤਾਬਾਂ ਛਾਪਣ ਦਾ ਕੰਮ ਚੱਲਦਾ ਰਹਿੰਦਾ ਹੈ। 'ਸਲਾਮ' ਨਾਂ ਦਾ ਮੈਗਜ਼ੀਨ ਵੀ ਗਾਹੇ-ਬਗਾਹੇ ਛਾਪਿਆ ਜਾ ਰਿਹੈ। ਰੋਜ਼ਮੱਰਾ ਦੇ ਮਸਲਿਆਂ 'ਤੇ ਚਲੰਤ













ਅਤੇ ਤਿੱਖੀਆਂ ਟਿੱਪਣੀਆਂ ਲਈ ਸੋਸ਼ਲ ਮੀਡੀਆ ’ਤੇ ਕਲਮ ਚੱਲਦੀ ਰਹਿੰਦੀ ਹੈ। ਗੱਲ ਚਾਹੇ ਲਿਖ ਕੇ ਕਹਿਣੀ ਹੋਵੇ ਚਾਹੇ ਬੋਲ ਕੇ, ਦੋਵੇਂ ਤਰ੍ਹਾਂ ਕਹਿ ਲਈਦੀ ਹੈ। ਗੰਭੀਰ ਵਿਸ਼ਿਆਂ ਬਾਰੇ ਲੇਖਾਂ ਨਾਲ ਕਦੇ ਕਦੇ ਕਲਮ ਵਿਚੋਂ ਗੀਤ ਉਗਮਦੇ ਤੇ ਕਵਿਤਾਵਾਂ ਵੀ ਫੁੱਟ ਪੈਂਦੀਆਂ ਹਨ। ਸੰਘਰਸ਼ ਚਾਹੇ ਖੇਤ ਮਜ਼ਦੂਰਾਂ ਦਾ ਹੋਵੇ, ਚਾਹੇ ਅਧਿਆਪਕਾਂ ਦਾ, ਚਾਹੇ ਵਿਦਿਆਰਥੀਆਂ ਜਾਂ ਕਿਸਾਨਾਂ ਦਾ, ਉਹ ਆਪਣਾ ਹੀ ਹੁੰਦਾ ਹੈ। ਖੇਡਾਂ ਵਿਚ ਪੂੰਜੀਵਾਦੀ ਵਪਾਰਕ ਵਰਤਾਰੇ ਬਾਰੇ ਕ੍ਰਿਕਟ ਤੋਂ ਲੈ ਕੇ ਕਬੱਡੀ ਤਕ ਕਈ ਲੇਖ ਲਿਖੇ ਹਨ:

**ਕਬੱਡੀ ਨੂੰ ਕਰੋੜਾਂ ਦਾ ਗੱਫਾ**

ਕੁਝ ਵਰ੍ਹਿਆਂ ਤੋਂ ਕਬੱਡੀ ਦੀ ਖੇਡ ਡਰੱਗ, ਗੁੰਡਾਗਰਦੀ ਤੇ ਕਾਰਪੋਰੇਟੀ ਜੱਫਿਆਂ ਦੀ ਪਕੜ ਵਿਚ ਹੈ। ਉਸ ਨਾਲ ਕਬੱਡੀ ਦੇ ਕਈ ਨਾਮੀ ਖਿਡਾਰੀ ਅਪਾਹਜ ਤੇ ਨਿਪੁੰਸਕ ਹੋ ਚੁੱਕੇ ਹਨ, ਕਈ ਮਰ-ਮੁੱਕ ਗਏ ਹਨ ਤੇ ਕੁਝ ਇਕਨਾਂ ਦੇ ਕਤਲ ਹੋ ਰਹੇ ਹਨ। ਕਿਤੇ ਖੇਡਾਂ ਦੀ ਗੱਲ ਚੱਲੇ ਤਾਂ ਇਹ ਫ਼ਿਕਰ ਖੇਡ ਪ੍ਰੇਮੀਆਂ ਨੂੰ ਵੱਢ ਵੱਢ ਖਾਂਦਾ ਹੈ ਕਿ ਪੰਜਾਬੀਆਂ ਦੀ ਮਕਬੂਲ ਖੇਡ ਕਬੱਡੀ ਹੁਣ ਰੁਲਦੀ ਜਾ ਰਹੀ ਹੈ। ਕਬੱਡੀ ਨੇ ਰੁਲਣਾ ਹੀ ਸੀ ਜਦੋਂ ਕਬੱਡੀ ਖੇਡਣ ਤੇ ਦੇਖਣ ਵਾਲੇ ਹੀ ਰੁਲ਼ੇ ਫਿਰਦੇ ਹੋਣ। ਜਿਹੜੇ ਆਪ ਹੀ ਰੁਲ਼ੇ ਫਿਰਦੇ ਹੋਣ ਉਨ੍ਹਾਂ ਦੀਆਂ ਖੇਡਾਂ ਵੀ ਰੁਲ ਜਾਂਦੀਆਂ ਨੇ ਤੇ ਖੇਡਾਂ ਨਾਲ ਜੁੜੀਆਂ ਰਵਾਇਤਾਂ ਵੀ। ਪੰਜਾਬ ਦੇ ਕਬੱਡੀ ਪ੍ਰੇਮੀਆਂ ਦਾ ਇਹ ਦਰਦ ਸਾਂਝਾ ਹੈ ਕਿ ਹੁਣ ਭਲੇ ਵੇਲਿਆਂ ਵਾਲੀਆਂ ਗੱਲਾਂ ਨਹੀਂ ਰਹੀਆਂ। ਇਹ ਸਰੋਕਾਰ ਵੀ ਸਾਂਝੇ ਹਨ ਕਿ ਸਾਡੀ ਹਰਮਨ ਪਿਆਰੀ ਖੇਡ ਕਬੱਡੀ ਦਾ ਮਾੜਾ ਹਾਲ ਕਿਉਂ ਹੋਇਆ ਪਿਐ? ਕਦੇ ਪੰਜਾਬ ’ਤੇ ਰਾਜ ਕਰਦੇ ਸਿਆਸਤਦਾਨਾਂ ਨੇ ਕਬੱਡੀ ਨੂੰ ਓਲੰਪਿਕ ਖੇਡਾਂ ਵਿਚ ਲੈ ਜਾਣ ਦੇ ਦਾਅਵੇ ਇਉਂ ਕੀਤੇ ਸਨ ਜਿਵੇਂ ਉਹ ਵੋਟਾਂ ਵੇਲੇ ਝੂਠੇ ਵਾਇਦੇ ਕਰਦੇ ਹਨ। ਇਹ ਦਾਅਵੇ ਕਬੱਡੀ ਪ੍ਰੇਮੀਆਂ ਨੂੰ ਸਤਹੀ ਪੱਧਰ ਤੇ ਹੀ ਸਰੂਰ ਦੇਣ ਵਾਲੇ ਸਨ। ਹੋਇਆ ਇਹ ਕਿ ਉਨ੍ਹਾਂ ਨੇ ਕਬੱਡੀ ਪੰਜਾਬ ਚੋਂ ਕਿਧਰੇ ਹੋਰ ਤੋਰ ਦਿੱਤੀ ਜੋ ਓਲੰਪਿਕ ਦਾ ਰਾਹ ਭੁੱਲ ਗਈ। ਹੁਣ ਪੰਜਾਬੀ ਆਪਣੀ ਮਾਂ-ਖੇਡ ਦੀ ਪੁਰਾਣੀ ਚੜ੍ਹਤ ਤਲਾਸ਼ ਰਹੇ ਹਨ। ਵੈਸੇ ਕਬੱਡੀ ਨੇ ਕਰੋੜਾਂ ਦੀ ਹੋ ਜਾਣ ਨਾਲ ਆਮ ਲੋਕਾਂ ਕੋਲ ਰਹਿਣਾ ਵੀ ਕਿੱਥੇ ਸੀ? ਆਖਰ ਕਰੋੜਪਤੀਆਂ ਕੋਲ ਹੀ ਜਾਣਾ ਸੀ ਨਾ!

ਪੰਜਾਬ ਦੀ ਇਸ ਮਕਬੂਲ ਖੇਡ ਦੇ ਅਜਿਹੇ ਹਸ਼ਰ ਲਈ ਕਈ ਵਾਰ ਸਾਡੀਆਂ ਹਕੂਮਤਾਂ ਦੀ ਖੇਡ ਨੀਤੀ ਦੀ ਨਾਕਾਮੀ, ਖੇਡ ਸੰਸਥਾਵਾਂ ਦੀ ਨਾਲਾਇਕੀ, ਖੇਡ ਖੇਤਰ ਵਿਚ ਬੇਲੋੜੀ ਸਿਆਸੀ ਦਖ਼ਲਅੰਦਾਜ਼ੀ ਅਤੇ ਸਰਕਾਰਾਂ ਦੀ ਖੇਡ ਸਭਿਆਚਾਰ ਪ੍ਰਤੀ ਬੇਰੁਖ਼ੀ ਨੂੰ ਜ਼ਿੰਮੇਵਾਰ ਟਿੱਕ ਲਿਆ ਜਾਂਦਾ ਹੈ; ਜਾਂ ਫਿਰ ਸਮਾਜ ਅੰਦਰ ਨਸ਼ਿਆਂ ਦੀ ਮਾਰ, ਗੈਂਗਸਟਰ ਵਰਤਾਰੇ, ਮਾੜੀਆਂ ਖੁਰਾਕਾਂ ਤੇ ਨੌਜਵਾਨਾਂ ਵਿਚ ਸਰੀਰਕ ਖੇਡਾਂ ਲਈ ਘਟਦੀ ਰੁਚੀ ਦਾ ਜ਼ਿਕਰ ਆ ਜਾਂਦਾ ਹੈ। ਬਿਨਾ ਸ਼ੱਕ ਇਹ ਤੇ ਇਨ੍ਹਾਂ ਵਰਗੇ ਹੋਰ ਕਿੰਨੇ ਹੀ ਕਾਰਨਾਂ ਨੇ ਨਾ ਸਿਰਫ ਕਬੱਡੀ ਦਾ ਬੇੜਾ ਡੋਬਣਾ ਸ਼ੁਰੂ ਕੀਤਾ ਹੋਇਐ ਸਗੋਂ ਹੋਰਨਾਂ ਖੇਡਾਂ ਦੇ ਸਿਹਤਮੰਦ ਮਾਹੌਲ ਦੀ ਵੀ ਪੱਟੀ ਮੇਸ ਕਰ ਰੱਖੀ ਹੈ।

ਪੰਜਾਬੀਆਂ ਦੀ ਮਾਂ ਖੇਡ ਕਹੀ ਜਾਂਦੀ ਕਬੱਡੀ ਦੀ ਇਸ ਹੋਣੀ ਨੂੰ ਪੰਜਾਬੀ ਸਮਾਜ ਦੇ ਸਮੁੱਚੇ ਸੰਕਟਾਂ ਤੋਂ ਅਲਹਿਦਾ ਕਰ ਕੇ ਨਹੀਂ ਦੇਖਿਆ ਜਾ ਸਕਦਾ। ਖੇਡਾਂ ਕਿਸੇ ਸਮਾਜ ਦੇ ਸਿਰਫ ਸਰੀਰਕ ਤੌਰ ਤੇ ਸਿਹਤਮੰਦ ਹੋਣ ਦਾ ਪ੍ਰਤੀਕ ਹੀ ਨਹੀਂ ਹੁੰਦੀਆਂ ਸਗੋਂ ਉਹ ਲੋਕਾਂ ਦੀ ਸਮਾਜਿਕ ਸਭਿਆਚਾਰਕ ਜ਼ਿੰਦਗੀ ਦੀ ਟੋਹ ਵੀ ਦਿੰਦੀਆਂ ਹਨ ਕਿਉਂਕਿ ਉਹ ਉਸ ਸਭਿਆਚਾਰਕ ਜੀਵਨ ਦਾ ਅਨਿੱਖੜਵਾਂ ਅੰਗ ਹੁੰਦੀਆਂ ਹਨ। ਉਹ ਕਿਸੇ ਸਮਾਜ ਦੀ ਸਭਿਆਚਾਰਕ ਰਵਾਨਗੀ, ਸਮਾਜਿਕ ਰੁਚੀਆਂ ਤੇ ਕਦਰਾਂ ਕੀਮਤਾਂ ਦਾ ਭੇਤ ਵੀ ਦਿੰਦੀਆਂ ਹਨ। ਖੇਡਾਂ ਤੇ ਹੋਰ ਸਮਾਜਿਕ ਸਭਿਆਚਾਰਕ ਰਵਾਇਤਾਂ, ਉਸੇ ਵਰਤਾਰੇ ਦਾ ਹੀ ਪਰਤੌਅ ਹੁੰਦੀਆਂ ਹਨ ਜੋ ਸਮਾਜ ਜੀਅ ਰਿਹਾ ਹੁੰਦਾ ਅਤੇ ਸਮੂਹਕ ਤੌਰ ਤੇ ਹੰਢਾ ਰਿਹਾ ਹੁੰਦਾ ਹੈ। ਸੰਕਟ ਵਿਚ ਘਿਰੇ ਸਮਾਜਾਂ ਅੰਦਰ ਫਿਰ ਇਨ੍ਹਾਂ ਸਮਾਜਿਕ ਸਭਿਆਚਾਰਕ ਗਤੀਵਿਧੀਆਂ ਦੀ ਹੋਣੀ ਨੂੰ ਸਰਾਪ ਲੱਗ ਜਾਂਦਾ ਹੈ।

ਪਿਛਲੇ ਦਹਾਕਿਆਂ ਵਿਚ ਪੰਜਾਬੀ ਸਮਾਜ ਅੰਦਰ ਅਜਿਹੀਆਂ ਤਬਦੀਲੀਆਂ ਹੋਈਆਂ ਹਨ ਜਿਨ੍ਹਾਂ ਨੇ ਇਸ ਦੇ ਰਵਾਇਤੀ ਪੇਂਡੂ ਜੀਵਨ ਵਿਚ ਬੜੀ ਵੱਡੀ ਉਥਲ-ਪੁਥਲ ਕੀਤੀ ਹੈ। ਕਬੱਡੀ ਦੀ ਖੇਡ ਦੇ ਝੰਬੇ ਜਾਣ ਦੇ ਪ੍ਰਸੰਗ ਚ ਕਹਿਣਾ ਹੋਵੇ ਤਾਂ ਇਹ ਹੁਣ ਹਰੇ ਇਨਕਲਾਬ ਦੇ ਝੰਬੇ ਪੰਜਾਬ ਦਾ ਪਰਤੌਅ ਹੈ ਜਿਸ ਦੀ ਕਬੱਡੀ ਵੀ ਝੰਬੀ ਪਈ ਹੈ। ਪੰਜਾਬ ਬੇਰੁਜ਼ਗਾਰੀ ਦਾ ਵੀ ਝੰਬਿਆ ਹੋਇਆ ਹੈ ਤੇ ਪਰਵਾਸ ਦਾ ਵੀ। ਹਰੇ ਇਨਕਲਾਬ ਦੇ ਇਸ ਮਾਡਲ ਨੇ ਪੰਜਾਬੀਆਂ ਕੋਲੋਂ ਉਹ ਸਿਹਤ ਹੀ ਖੋਹਣੀ ਸ਼ੁਰੂ ਕੀਤੀ ਹੋਈ ਹੈ ਜੀਹਦੇ ਜ਼ੋਰ ’ਤੇ ਕਬੱਡੀ ਖੇਡੀ ਜਾਣੀ ਸੀ। ਡੂੰਘੇ ਹੋ ਰਹੇ ਆਰਥਿਕ ਸਮਾਜਿਕ ਸੰਕਟਾਂ ਨੇ ਉਹ ਮੌਜ ਅਤੇ ਬੇਪਰਵਾਹੀ ਵੀ ਖੋਹ ਲਈ ਹੈ ਜੋ ਕਬੱਡੀ ਖੇਡਣ ਲਈ ਚਾਹੀਦੀ ਸੀ। ਉਸ ਪੇਂਡੂ ਭਾਈਚਾਰੇ ’ਤੇ ਸੱਟ ਮਾਰ ਦਿੱਤੀ ਹੈ ਜਿਥੇ ਇਸ ਖੇਡ ਨੇ ਹੋਰ ਚੜ੍ਹਤ ਹਾਸਲ ਕਰਨੀ ਸੀ। ਸਮੁੱਚਾ ਪੰਜਾਬ ਤੇ ਦੇਸ਼ ਅਜਿਹੇ ਆਰਥਕ ਸਮਾਜਿਕ ਸੰਕਟਾਂ ਚ ਘਿਰਿਆ ਹੋਇਆ ਹੈ ਜਿਹੜੇ ਆਏ ਦਿਨ ਹੋਰ ਡੂੰਘੇ ਹੋ ਰਹੇ ਹਨ। ਸਾਡਾ ਸਭਿਆਚਾਰ, ਆਰਥਿਕਤਾ, ਰਵਾਇਤਾਂ ਤੇ ਖੇਡਾਂ ਸਭ ਕੁਝ ਹੀ ਸਾਮਰਾਜੀ ਪੂੰਜੀ ਦੀ ਜਕੜ ਚ ਆਇਆ ਹੋਇਆ ਹੈ। ਸੋ ਕਬੱਡੀ ਦਾ ਇਹ ਮੰਦੜਾ ਹਾਲ ਪੰਜਾਬੀ ਸਮਾਜ ਦਾ ਕੋਈ ਵਿਕੋਲਿਤਰਾ ਵਰਤਾਰਾ ਨਹੀਂ ਸਗੋਂ ਸਮਾਜ ਅੰਦਰ ਚੱਲ ਰਹੇ ਹੋਰਨਾਂ ਸੰਕਟਾਂ ਦੇ ਅਨੇਕਾਂ ਵਰਤਾਰਿਆਂ ਦਾ ਹੀ ਹਿੱਸਾ ਹੈ।

ਕੁਝ ਦਹਾਕੇ ਪਹਿਲਾਂ ਪੰਜਾਬ ਵਿਚ ਕਬੱਡੀ ਤਾਂ ਬਹੁਤ ਨੌਜਵਾਨ ਖੇਡ ਲੈਂਦੇ ਸਨ ਪਰ ਖੇਡਣ ਦਾ ਚਾਅ ਉਹੀ ਪੂਰਾ ਕਰਦੇ ਸਨ ਜਿਨ੍ਹਾਂ ਦੀਆਂ ਜ਼ਮੀਨੀ ਢੇਰੀਆਂ ਜਾਂ ਹੋਰ ਕਾਰੋਬਾਰ ਤੇ ਜਾਇਦਾਦਾਂ ਖੇਡਣ ਲਈ ਰੀਝ ਪੁਗਾਉਣ ਜੋਗੀ ਢੋਈ ਦਿੰਦੀਆਂ ਸਨ। ਵਿਹੜੇ ਵਾਲਿਆਂ ਦੇ ਜਾਇਦਾਦ ਹੀਣੇ ਮੁੰਡੇ ਪਹਿਲਾਂ ਹੀ ਹਾਰ ਜਾਂਦੇ ਸਨ ਤੇ ਦਿਹਾੜੀਆਂ ਹੀ ਉਨ੍ਹਾਂ ਤੋਂ ਪੁਆਇੰਟ ਲੈ ਜਾਂਦੀਆਂ ਸਨ। ਉਹ ਕਬੱਡੀ ਦੇ ਮੈਦਾਨ ਵਿਚ ਪਹੁੰਚਣ ਤੋਂ ਪਹਿਲਾਂ ਹੀ ਰਿਜ਼ਕ ਦੇ ਫਿਕਰਾਂ ਹੱਥੋਂ ਚਿੱਤ ਹੋ ਜਾਂਦੇ ਸਨ। ਜਿਹੜੇ ਖੇਡਣ ਦਾ ਚਾਅ ਪੂਰਾ ਕਰਦੇ ਸਨ, ਉਸ ਪਰਤ ਦੇ ਸੁਪਨਿਆਂ ਦੀ ਧਰਤੀ ਹੁਣ ਕੈਨੇਡਾ ਜਾਂ ਅਮਰੀਕਾ ਹੈ। ਜਦੋਂ ਕਬੱਡੀ ਦੇ ਖੰਭ ਲਾ ਕੇ ਕੈਨੇਡਾ ਪੁੱਜਿਆ ਜਾ ਸਕਦਾ ਸੀ, ਉਦੋਂ ਕਿੰਨਿਆਂ ਹੀ ਨੌਜਵਾਨਾਂ ਨੇ ਕਬੱਡੀ ਵਿਦੇਸ ਜਾਣ ਕਰਕੇ ਵੀ ਖੇਡੀ। ਮੇਰੇ ਆਪਣੇ ਪਿੰਡ ਦੇ ਮੁੰਡੇ ਜਿਨ੍ਹਾਂ ਨੂੰ ਮੈਂ ਬਚਪਨ ਵਿਚ ਕਬੱਡੀ ਖੇਡਦਿਆਂ ਤੱਕਿਆ ਸੀ, ਉਹਨਾਂ ਵਿਚੋਂ ਕਈ ਕੈਨੇਡਾ ਜਾਂ ਹੋਰਨਾਂ ਵਿਕਸਤ ਮੁਲਕਾਂ ਵਿਚ ਵਸ ਚੁੱਕੇ ਹਨ ਪਰ ਹੁਣ ਤਾਂ ਕੈਨੇਡਾ ਨੂੰ ਉੱਡਣ ਲਈ ਕਬੱਡੀ ਦੇ ਪਰ ਵੀ ਕੁਤਰੇ ਜਾ ਰਹੇ ਹਨ।

ਜਿਹੜੀ ਧਰਤੀ ਉੱਤੇ ਨੌਜਵਾਨਾਂ ਦਾ ਜੀਅ ਨਾ ਲੱਗਦਾ ਹੋਵੇ, ਉਹਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਉਥੇ ਦੀਆਂ ਖੇਡਾਂ ਤੇ ਹੋਰਨਾਂ ਸਭਿਆਚਾਰਕ ਸਰਗਰਮੀਆਂ ਦੀਆਂ ਰਵਾਇਤਾਂ ਦਾ ਹਸ਼ਰ ਕੀ ਹੋਵੇਗਾ? ਇਹਨਾਂ ਹਾਲਤਾਂ ਵਿਚ ਜਿਹੜੀ ਵੀ ਕਬੱਡੀ ਪੰਜਾਬ ਦੇ ਖੇਡ ਮੈਦਾਨਾਂ ਤੇ ਸਟੇਡੀਅਮਾਂ ਵਿਚ ਖੇਡੀ ਜਾ ਰਹੀ ਹੈ, ਉਹ ਪੂਰੀ ਤਰ੍ਹਾਂ ਪੇਸਾਵਰ/ਕਾਰੋਬਾਰ ਵਿਚ ਤਬਦੀਲ ਹੋ ਚੁੱਕੀ ਹੈ। ਇਕੱਲੀ ਕਬੱਡੀ ਹੀ ਨਹੀਂ, ਇਥੇ ਹਰ ਖੇਡ ਕਿਸੇ ਤਰ੍ਹਾਂ ਦੇ ਵਪਾਰ ਵਿਚ ਤਬਦੀਲ ਹੋ ਚੁੱਕੀ ਹੈ। ਉਂਝ ਤਾਂ ਖੇਡਾਂ ਹੀ ਕਿਉਂ, ਨਵ-ਉਦਾਰਵਾਦੀ ਨੀਤੀਆਂ ਦੇ ਇਸ ਦੌਰ ਅੰਦਰ ਪੂੰਜੀ ਦੇ ਤਰਕ ਨੇ ਸਾਡੇ ਹਰ ਸਮਾਜਿਕ ਸਭਿਆਚਾਰਕ ਵਰਤਾਰੇ ਨੂੰ ਆਪਣੀ ਜਕੜ ਚ ਲੈ ਲਿਆ ਹੈ। ਫਿਰ ਕਬੱਡੀ ਕਿਥੋਂ ਬਚਣੀ ਸੀ? ਇਹ ਪੂੰਜੀ ਦਾ ਤਰਕ ਹੈ ਕਿ ਸਾਡੇ ਕਬੱਡੀ ਖਿਡਾਰੀ ਹੁਣ ਯੂਨਾਨ ਵਾਂਗ ਗਲੈਡੀਏਟਰਾਂ ਵਿਚ ਤਬਦੀਲ ਹੋ ਚੁੱਕੇ ਹਨ ਜਿਹੜੇ ਪੈਸੇ ਦੀ ਸਤਰੰਜ ਖੇਡ ਦੇ ਛੋਟੇ ਪਿਆਦੇ ਹਨ। ਉਹਨਾਂ ਨੂੰ ਖਿਡਾਉਣ ਵਾਲੇ ਚਾਹੇ ਨਵੇਂ ਉੱਭਰੇ ਖੇਡ ਪ੍ਰੋਮੋਟਰ ਹੋਣ, ਟੂਰਨਾਮੈਂਟਾਂ ਨੂੰ ਕਾਰੋਬਾਰਾਂ ਦੇ ਅੰਗ ਵਜੋਂ ਵਿਉਂਤਣ ਵਾਲੇ ਵਪਾਰੀ ਹੋਣ, ਨਸ਼ਿਆਂ ਦੇ ਸਮੱਗਲਰ ਹੋਣ ਜਾਂ ਗੈਂਗਸਟਰ ਹੋਣ। ਕਬੱਡੀ ਦੀ ਖੇਡ ਅੰਦਰ ਇਨ੍ਹਾਂ ਸਭਨਾਂ ਨੇ ਇਕੱਠੇ ਹੋ ਕੇ ਇਸ ਨੂੰ ਆਪੋ-ਆਪਣੇ ਮੰਤਵਾਂ ਲਈ ਜਕੜ ਵਿਚ ਲੈ ਲਿਆ ਹੈ। ਇਹ ਸਾਂਝੀ ਜਕੜ ਇਹਨਾਂ ਸਭਨਾਂ ਦੇ ਮੰਤਵਾਂ ਨੂੰ ਹੱਲ ਕਰਦੀ ਹੈ। ਇਸ ਵਧਦੀ ਗਈ ਜਕੜ ਨਾਲ, ਕਬੱਡੀ ਦੇ ਕਰੋੜਾਂ ਦੀ ਹੋਣ ਨਾਲ ਇਹ ਲੋਕਾਂ ਕੋਲੋਂ ਦੂਰ ਹੋ ਰਹੀ ਹੈ।

ਇਸ ਵਰਤਾਰੇ ਦੀ ਲਪੇਟ ਵਿਚ ਆਉਣ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਕਬੱਡੀ ਦੇ ਡਾਲਰਾਂ ਤੇ ਪੌਂਡਾਂ ਦੀ ਹੋ ਜਾਣ ਦਾ ਸਿਲਸਿਲਾ ਸ਼ੁਰੂ ਹੋਇਆ ਸੀ। ਜਦੋਂ ਇਕ-ਇਕ ਰੇਡ ਤੇ ਜੱਫੇ ’ਤੇ ਵਪਾਰੀਆਂ ਨੇ ਪੈਸੇ ਲਾਉਣੇ ਸ਼ੁਰੂ ਕੀਤੇ ਤੇ ਫਿਰ ਵਪਾਰ ਨੇ ਅਜਿਹਾ ਜ਼ੋਰ ਦਿਖਾਇਆ ਕਿ ਰੇਡਾਂ ਪੈਣਾਂ ਤੇ ਜੱਫੇ ਲਾਉਣਾ ਹੀ ਵਪਾਰ ਹੋ ਗਿਆ। ਪੂੰਜੀਵਾਦੀ ਯੁੱਗ ਵਿਚ ਵਿਸ਼ੇਸ਼ ਕਰਕੇ ਨਵ-ਉਦਾਰਵਾਦੀ ਨੀਤੀਆਂ ਦੇ ਦੌਰ ਅੰਦਰ ਖੇਡਾਂ ਦੇ ਵਪਾਰੀਕਰਨ ਦਾ ਸਿਲਸਿਲਾ ਪੂਰੀ ਦੁਨੀਆ ਵਿਚ ਚੱਲਿਆ ਹੋਇਆ ਹੈ। ਕਿਸੇ ਖੇਡ ਪ੍ਰਤੀ ਖਿੱਚ, ਦਰਸਕਾਂ ਦੀ ਘੱਟ/ਵੱਧ ਗਿਣਤੀ ਤੈਅ ਕਰਦੀ ਹੈ ਕਿ ਉਹ ਖੇਡ ਕੰਪਨੀਆਂ ਲਈ ਕਿੰਨੇ ਮੁਨਾਫ਼ੇ ਦਾ ਜ਼ਰੀਆ ਬਣ ਸਕਦੀ ਹੈ। ਪੰਜਾਬ ਵਰਗੇ ਛੋਟੇ ਖਿੱਤੇ ਵਿਚ ਆਬਾਦੀ ਦੀ ਛੋਟੀ ਪ੍ਰਤੀਸ਼ਤ ਵੱਲੋਂ ਖੇਡੀ ਜਾਣ ਵਾਲੀ ਖੇਡ ਕਬੱਡੀ, ਵੱਡੀਆਂ ਕੰਪਨੀਆਂ ਲਈ ਮੁਨਾਫੇ ਪੱਖੋਂ ਖਿੱਚ ਪਾਊ ਨਹੀਂ ਸੀ, ਚਾਹੇ ਬਾਦਲ ਕੇ ਲਾਣੇ ਨੇ ਇਸ ਨੂੰ ਬਣਾਉਣ ਦਾ ਯਤਨ ਵੀ ਕੀਤਾ ਸੀ ਪਰ ਪੰਜਾਬ ਦੇ ਕਾਰੋਬਾਰੀਆਂ ਤੇ ਵਪਾਰੀਆਂ ਲਈ ਪੈਸੇ ਲਾਉਣ ਤੇ ਕਮਾਉਣ ਦਾ ਜ਼ਰੀਆ ਬਣਦੀ ਸੀ ਜੋ ਬਣੀ ਵੀ। ਕਬੱਡੀ ਦੇ ਕਾਰੋਬਾਰ ਵਿਚ ਤਬਦੀਲ ਹੋ ਜਾਣ ਨੇ ਇਸ ਅੰਦਰ ਉਨ੍ਹਾਂ ਸਾਰੀਆਂ ਅਲਾਮਤਾਂ ਦੇ ਸੰਚਾਰ ਦਾ ਰਾਹ ਪੱਧਰਾ ਕਰ ਦਿੱਤਾ ਜਿਹੜੀਆਂ ਅਲਾਮਤਾਂ ਏਸ ਵੇਲੇ ਹੋਰਨਾਂ ਕਾਰੋਬਾਰਾਂ ਵਿਚ ਪ੍ਰਗਟ ਹੋ ਰਹੀਆਂ ਹਨ।

ਵਪਾਰ ਵਜੋਂ ਖੇਡੀ ਜਾ ਰਹੀ ਖੇਡ ਅੰਦਰ ਧੌਂਸ ਦੇ ਜ਼ੋਰ ਵਿਰੋਧੀ ਨੂੰ ਮੁਕਾਬਲੇ ਵਿਚੋਂ ਕੱਢਣ, ਜਿੱਤਣ ਲਈ ਖੇਡ ਮੁਹਾਰਤ ਨਾਲੋਂ ਜ਼ਿਆਦਾ ਬਾਹਰੋਂ ਮੈਨੇਜਮੇਂਟ ਕਰਨ ਦੀ ਸਮਰੱਥਾ ’ਤੇ ਟੇਕ ਰੱਖਣ, ਗੁੰਡਾ ਗਰੋਹਾਂ ਨਾਲ ਗੰਢ-ਤੁੱਪ ਕਰਨ ਤੇ ਮੌਕੇ ਦੀ ਸਮਰੱਥਾ ਦੇ ਵਾਧੇ ਲਈ ਨਸ਼ਿਆਂ ਦਾ ਆਸਰਾ ਲੈਣ ਵਰਗੀਆਂ ਜ਼ਰੂਰਤਾਂ ਪੈਦਾ ਹੁੰਦੀਆਂ ਹਨ। ਖੇਡ ਪ੍ਰੋਮੋਟਰਾਂ ਦੇ ਨਾਂ ਹੇਠ ਕਬੱਡੀ ਦੀ ਖੇਡ ਦਾ ਵੀ ਵਪਾਰੀ ਵਰਗ ਉਭਰਿਆ ਜਿਸ ਨੇ ਸਥਾਨਕ ਸਿਆਸਤਦਾਨਾਂ, ਗੁੰਡਾ ਗਰੋਹਾਂ, ਨਸ਼ਾ ਸਮੱਗਲਰਾਂ ਤੇ ਕਾਰੋਬਾਰੀਆਂ ਦੇ ਵੱਡੇ ਗੱਠਜੋੜ ਦੇ ਚੱਕਰਵਿਊਹ ਵਿਚ ਕਬੱਡੀ ਦੀ ਖੇਡ ਨੂੰ ਬੁਰੀ ਤਰ੍ਹਾਂ ਉਲਝਾ ਦਿੱਤਾ ਤੇ ਖਿਡਾਰੀ ਇਨ੍ਹਾਂ ਸ਼ਕਤੀਆਂ ਦੇ ਮੋਹਰੇ ਬਣ ਕੇ ਰਹਿ ਗਏ ਹਨ। ਕਬੱਡੀ ਦੀ ਖੇਡ ਅੰਦਰ ‘ਪੰਜਾਬੀ ਕਾਰਪੋਰੇਟਾਂ’ ਦੀ ਜਕੜ ਏਨੀ ਪੀਡੀ ਹੋ ਗਈ ਹੈ ਕਿ ਖਿਡਾਰੀਆਂ ਦੀ ਜਗ੍ਹਾ ਸੁੰਗੜ ਕੇ ਰਹਿ ਗਈ ਹੈ। ਇਹ ਉਹੀ ਵਰਤਾਰਾ ਹੈ ਜਿਹੜਾ ਇਸ ਵੇਲੇ ਪੰਜਾਬੀ ਕਲਾ ਜਗਤ ਦੇ ਖੇਤਰ ਅੰਦਰ ਚੱਲ ਰਿਹਾ ਹੈ ਤੇ ਜਿਹੜਾ ਵਪਾਰਕ ਕਾਰੋਬਾਰਾਂ ਲਈ ਲੁਭਾਉਣੀ ਥਾਂ ਬਣਿਆ ਹੋਇਆ ਹੈ। ਕਬੱਡੀ ਦੀ ਖੇਡ ਅੰਦਰ ਇਸ ਗੱਠਜੋੜ ਦਾ ਵਰਤਾਰਾ ਕਿਵੇਂ ਜੜ੍ਹਾਂ ਜਮਾ ਚੁੱਕਾ ਹੈ, ਇਹ ਪੂਰੀ ਕਿਤਾਬ ਦੀ ਸਮੱਗਰੀ ਬਣਦੀ ਹੈ। ਜੇ ਕਹਿਣਾ ਹੋਵੇ ਤਾਂ ਇਹ ਕ੍ਰਿਕਟ ਵਿਚਲੀ ਸੱਟੇਬਾਜ਼ੀ ਦੀ ਦਲਦਲ ਨਾਲੋਂ ਕਿਸੇ ਤਰ੍ਹਾਂ ਪਿੱਛੇ ਨਹੀਂ ਕਿ ਮੈਚ ਹਾਰ ਜਾਣ ਦੇ ਫਰਮਾਨ ਗੈਂਗਸਟਰਾਂ ਵੱਲੋਂ ਆਉਂਦੇ ਹਨ ਤੇ ਕੱਪ ਜਿੱਤਣ ਲਈ ਡਰੱਗ ਡੋਪਿੰਗ ’ਤੇ ਟੇਕ ਕਿੰਨੀ ਜਰੂਰੀ ਹੋ ਚੁੱਕੀ ਹੈ। ਮੈਂ ਚੰਗੀ ਭਲੀ ਕਬੱਡੀ ਖੇਡਣ ਵਾਲਿਆਂ ਦੇ ਮੂੰਹੋਂ ਸੁਣਿਆ ਹੈ ਕਿ ਬਾਈ, ਹੁਣ ਇੱਥੇ ਕਬੱਡੀ ਖੇਡਣਾ ਖ਼ਤਰੇ ਤੋਂ ਖਾਲੀ ਨਹੀਂ। ਕੀ ਲੈਣਾ ਆਪਾਂ, ਬਿਨਾਂ ਖੇਡੇ ਹੀ ਠੀਕ ਆਂ, ਕਿਸੇ ਚੱਜ ਦੇ ਕੰਮ ਕਾਰ ਵੱਲ ਹੋਈਏ। ਇਹ ਕਿੰਨੇ ਹੀ ਸਾਧਾਰਨ ਪੰਜਾਬੀ ਨੌਜਵਾਨ ਖਿਡਾਰੀਆਂ ਦਾ ਦਰਦ ਹੈ ਜਿਹੜੇ ਸਾਫ਼ ਸੁਥਰੀ ਖੇਡ ਖੇਡਣੀ ਚਾਹੁੰਦੇ ਹੋਣ ਕਰਕੇ ਇਸ ਦਲਦਲ ਤੋਂ ਪਾਸੇ ਹੋ ਗਏ। ਅਜਿਹੀਆਂ ਸੱਚਾਈਆਂ ਕਬੱਡੀ ਦੇ ਸੁਹਿਰਦ ਕੋਚਾਂ ਦੀ ਜ਼ਬਾਨ ’ਤੇ ਅਕਸਰ ਆਉਂਦੀਆਂ ਹਨ। ਕਿਸੇ ਵੇਲੇ ਆਪਣਾ ਸਭ ਕੁਝ ਝੋਕ ਕੇ ਖਿਡਾਰੀ ਤਿਆਰ ਕਰਨ ਨੂੰ ਮਿਸ਼ਨ ਵਾਂਗ ਲੈ ਕੇ ਚੱਲਣ ਵਾਲੇ ਕੋਚ ਨਿਰਾਸ਼ਤਾ ਵਿਚ ਇਸ ਖੇਡ ਤੋਂ ਬੇਮੁੱਖ ਹੋ ਚੁੱਕੇ ਹਨ।

ਕਬੱਡੀ ਨੂੰ ਨਿਗਲ ਜਾਣ ਵਾਲੇ ਅਜਿਹੇ ਚੱਕਰਵਿਊਹ ਤੋਂ ਮੁਕਤ ਤਦ ਹੀ ਕਰਵਾਇਆ ਜਾ ਸਕਦਾ ਹੈ ਜੇਕਰ ਇਸ ਨੂੰ ਵਪਾਰਕ ਮੰਤਵਾਂ ਨਾਲੋਂ ਤੋੜ ਦਿੱਤਾ ਜਾਵੇ। ਇਸ ਨੂੰ ਵਪਾਰ ਬਣਾਉਣ ਵਾਲੇ ਗਲੈਮਰ ਤੋਂ ਮੁਕਤ ਕੀਤਾ ਜਾਵੇ। ਇਹ ਸਿਰਫ ਕਬੱਡੀ ਲਈ ਹੀ ਨਹੀਂ, ਕਿਸੇ ਵੀ ਖੇਡ ਲਈ ਸਹੀ ਮਾਰਗ ਹੈ। ਖੇਡ ਨੂੰ ਮਨੁੱਖਾ ਜ਼ਿੰਦਗੀ ਦੀ ਰੋਜ਼ਾਨਾ ਦੀ ਕਿਰਤ ਸਰਗਰਮੀ ਦੇ ਅਮਲ ਨਾਲ ਗੁੰਦਿਆ ਜਾਵੇ, ਉਹ ਖੇਤਾਂ ਬੰਨਿਆਂ ਵਿਚ ਕੰਮ ਕਰਨ ਵਾਲੇ ਕਿਰਤੀਆਂ ਦੇ ਜੁੱਸਿਆਂ ਨੂੰ ਪਰਖਣ ਵਾਲੀ, ਉਨ੍ਹਾਂ ਵਿਚ ਸਿਹਤਮੰਦ ਮੁਕਾਬਲੇਬਾਜ਼ੀ ਪੈਦਾ ਕਰਨ ਵਾਲੀ ਤੇ ਉਹਨਾਂ ਦੇ ਬਾਕੀ ਸਾਥੀਆਂ ਦਾ ਮਨੋਰੰਜਨ ਕਰਨ ਵਾਲੀ ਖੇਡ ਵਜੋਂ ਆਪਣਾ ਸਥਾਨ ਬਣਾਵੇ। ਕਬੱਡੀ ਨੂੰ ਹੁਣ ਉਹੀ ਖੇਡਣਗੇ ਜਿਨ੍ਹਾਂ ਨੇ ਇਸੇ ਪੰਜਾਬ ਵਿਚ ਹੀ ਆਪਣਾ ਭਵਿੱਖ ਬਣਾਉਣਾ ਹੈ। ਉਨ੍ਹਾਂ ਨੂੰ ਇਹ ਪੰਜਾਬ ਆਪਣਾ ਲੱਗਣ ਲੱਗੇ, ਰੁਜ਼ਗਾਰ ਦੀ ਆਸ ਬੱਝਦੀ ਹੋਵੇ, ਜੂਨ ਗੁਜ਼ਾਰੇ ਦਾ ਧਰਵਾਸ ਬਣਦਾ ਹੋਵੇ ਤਾਂ ਕਬੱਡੀ ਦੀਆਂ ਰੇਡਾਂ ਵੀ ਚੜ੍ਹਦੀਆਂ ਤੋਂ ਚੜ੍ਹਦੀਆਂ ਪੈ ਸਕਦੀਆਂ ਹਨ। ਜੇ ਜੂਨ ਗੁਜ਼ਾਰਾ ਨਾ ਹੋਣ ਦੇ ਫ਼ਿਕਰ ਪਹਿਲਾਂ ਹੀ ਜੱਫੇ ਮਾਰੀ ਬੈਠੇ ਹੋਣ ਤਾਂ ਫਿਰ ਰੇਡਾਂ ਕਿੱਥੋਂ ਪੈਣੀਆਂ ਹਨ?

ਕਬੱਡੀ ਦੀ ਪਹਿਲਾਂ ਵਾਲੀ ਸ਼ਾਨ ਦੀ ਬਹਾਲੀ ਲਈ ਬਜਟ, ਗਰਾਂਟਾਂ, ਖੇਡ ਮੈਦਾਨ, ਕੋਚ ਤੇ ਖੁਰਾਕਾਂ ਹੀ ਕਾਫ਼ੀ ਨਹੀਂ ਸਗੋਂ ਇਨ੍ਹਾਂ ਤੋਂ ਵੀ ਪਹਿਲਾਂ ਕਬੱਡੀ ਨੂੰ ਅਖੌਤੀ ਖੇਡ ਪ੍ਰੋਮੋਟਰਾਂ, ਨਸ਼ਾ ਸਮਗਲਰਾਂ, ਗੈਂਗਸਟਰਾਂ ਤੇ ਮੁਨਾਫੇਖੋਰ ਕਾਰੋਬਾਰੀਆਂ ਦੇ ਨਾਪਾਕ ਗੱਠਜੋੜ ਦੇ ਜੱਫੇ ਵਿਚੋਂ ਛੁਡਾਉਣ ਦੀ ਲੋੜ ਹੈ। ਇਸ ਜੱਫੇ ਵਿਚੋਂ ਨਿਕਲਣ ਨਾਲ ਹੀ ਕਬੱਡੀ ਨੂੰ ਚਿੰਬੜੀਆਂ ਅਲਾਮਤਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹਦੇ ਲਈ ਜ਼ਰੂਰੀ ਹੈ ਕਿ ਪੰਜਾਬੀ ਸਮਾਜ ਦੀ ਬਿਹਤਰੀ ਲਈ ਹਰ ਤਰ੍ਹਾਂ ਦੀਆਂ ਹਾਂ ਪੱਖੀ ਸਰਗਰਮ ਤਾਕਤਾਂ ਦੇ ਸਰੋਕਾਰਾਂ ਵਿਚ ਖੇਡਾਂ ਦੇ ਸਰੋਕਾਰ ਵੀ ਆਪਣਾ ਸਥਾਨ ਬਣਾਉਣ। ਕਰੋੜਾਂ ਦੀ ਕਬੱਡੀ ਨੂੰ ਖੇਤਾਂ ਤੇ ਖੇਡ ਮੈਦਾਨਾਂ ਦੀ ਮਿੱਟੀ ਨਾਲ ਜੁੜੀ ਸਾਫ ਸੁਥਰੀ ਖੇਡ ਬਣਾਉਣ ਦਾ ਯਤਨ ਕਰਨ।

# ਕੌਮਾਂਤਰੀ ਪੱਧਰ ਦੀਆਂ ਪ੍ਰਾਪਤੀਆ ਕਰ ਰਹੇ ਹਨ ਕੋਚ ਪਰਮਜੀਤ ਸ਼ਰਮਾ ਦੇ ਵਿਦਿਆਰਥੀ

*–ਤਾਜਾ ਰਾਸਟਰਮੰਡਲ ਖੇਡਾਂ ਵਿੱਚ ਹਰਜਿੰਦਰ ਕੌਰ ਵੱਲੋਂ ਜਿੱਤਿਆ ਕਾਂਸੇ ਦਾ ਤਗਮਾ*



ਬਰਮਿੰਘਮ ਵਿਖੇ ਹੋ ਰਹੀਆਂ ਰਾਸਟਰਮੰਡਲ ਖੇਡਾਂ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥੀ ਖਿਡਾਰੀ ਹਰਜਿੰਦਰ ਕੌਰ ਵੱਲੋਂ ਕਾਂਸੀ ਦਾ ਤਗਮਾ ਜਿੱਤਿਆ ਗਿਆ ਹੈ। ਹਰਜਿੰਦਰ ਕੌਰ ਨੇ ਪੰਜਾਬੀ ਯੂਨੀਵਰਸਿਟੀ ਦੇ ਖੇਡ ਵਿਭਾਗ ਨਾਲ ਸੰਬੰਧਤ ਕੋਚ ਪਰਮਜੀਤ ਸਰਮਾ ਤੋਂ ਸਿਖਲਾਈ ਪ੍ਰਾਪਤ ਕੀਤੀ ਹੈ।

ਅਰਜਨ ਐਵਾਰਡੀ ਕੋਚ ਪਰਮਜੀਤ ਸ਼ਰਮਾ ਖੁਦ ਵੀ ਇੱਕ ਚੋਟੀ ਦੇ ਖਿਡਾਰੀ ਰਹੇ ਹਨ। ਉਨ੍ਹਾਂ 1990 ਦੀਆਂ ਰਾਸਟਰਮੰਡਲ ਖੇਡਾਂ, ਜੋ ਕਿ ਨਿਊਜ਼ੀਲੈਂਡ ਦੇ ਔਕਲੈਂਡ ਵਿਖੇ ਆਯੋਜਿਤ ਹੋਈਆਂ ਸਨ, ਵਿੱਚ ਸੋਨ ਤਗਮੇ ਜਿੱਤ ਕੇ ਭਾਰਤ ਦਾ ਨਾਮ ਰੌਸ਼ਨ ਕੀਤਾ ਸੀ।

ਪਰਮਜੀਤ ਸ਼ਰਮਾ ਇੱਕ ਆਮ ਪਰਿਵਾਰ ਨਾਲ ਸੰਬੰਧ ਰਖਦੇ ਹਨ। ਉਨ੍ਹਾਂ ਦਾ ਜਨਮ 1957 ਵਿੱਚ ਪੰਜਾਬ ਦੇ ਪਠਾਨਕੋਟ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਹੋਇਆ। ਪਰਮਜੀਤ ਸ਼ਰਮਾ ਲਗਭਗ 20 ਸਾਲ ਦੀ ਉਮਰ ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਗਏ ਸਨ। ਉਨ੍ਹਾਂ ਭਾਰਤੀ ਫੌਜ ਵੱਲੋਂ ਵੀ ਬਹੁਤ ਸਾਰੇ ਖੇਡ ਮੁਕਾਬਲਿਆਂ ਵਿੱਚ ਦੇਸ ਦੀ ਪ੍ਰਤੀਨਿਧਤਾ ਕੀਤੀ ਹੈ।

ਆਪਣੇ ਖੇਡਣ ਦੇ ਸੌਕ ਦੀ ਸੁਰੂਆਤ ਬਾਰੇ ਗੱਲ ਕਰਦਿਆਂ ਪਰਮਜੀਤ ਸਰਮਾ ਦਸਦੇ ਹਨ ਕਿ ਫੌਜ ਵਿੱਚ ਪੰਜ ਸੱਤ ਸਾਲ ਰਹਿਣ ਤੋਂ ਬਾਅਦ ਜਦੋਂ ਸਿਪਾਹੀ ਖਿਡਾਰੀਆਂ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਸਨ ਤਾਂ ਉਨ੍ਹਾਂ ਅੰਦਰ ਵੀ ਹੋਰਨਾਂ ਨੂੰ ਦੇਖ ਕੇ ਖੇਡ ਰੁਚੀ ਪੈਦਾ ਹੋਈ। ਉਨ੍ਹਾਂ ਨੇ ਭਾਰ ਚੁੱਕਣ ਦੀ ਖੇਡ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।ਇਸ ਖੇਤਰ ਵਿੱਚ ਸਖਤ ਮਿਹਨਤ ਕਰਨ ਸਦਕਾ ਪਰਮਜੀਤ ਸ਼ਰਮਾ ਨੇ ਭਾਰਤੀ ਫੌਜ ਵਿੱਚ ਰਹਿੰਦਿਆਂ ਬਹੁਤ ਸਾਰੇ ਤਗਮੇ ਪ੍ਰਾਪਤ ਕੀਤੇ। ਫੌਜ ਵਿੱਚ ਰਹਿੰਦਿਆਂ ਹੀ ਪਰਮਜੀਤ ਸ਼ਰਮਾ ਨੇ ਮਹਾਰਾਜਾ ਰਣਜੀਤ ਸਿੰਘ ਖੇਡ ਤਗਮਾ ਜਿੱਤਿਆ। ਇਸ ਤੋਂ ਬਾਅਦ 1990 ਵਿੱਚ ਹੋਣ ਵਾਲੀਆਂ ਰਾਸਟਰਮੰਡਲ ਖੇਡਾਂ ਵਿੱਚ ਪਰਮਜੀਤ ਸ਼ਰਮਾ ਨੂੰ ਭਾਰ ਚੁੱਕਣ ਦੇ ਮੁਕਾਬਲੇ ਵਿੱਚ ਭਾਰਤ ਵੱਲੋਂ ਨਿਊਜ਼ਲੈਂਡ ਵਿੱਚ ਭੇਜਿਆ ਗਿਆ। ਉੱਥੇ ਪਰਮਜੀਤ ਸ਼ਰਮਾ ਨੇ ਆਪਣਾ ਹੁਨਰ ਦਿਖਾਉਂਦਿਆਂ ਸੋਨ ਤਗਮੇ ਹਾਸਿਲ ਕੀਤੇ। ਇਸੇ ਤਰ੍ਹਾਂ ਹੋਰ ਕਈ ਦੇਸ਼ਾਂ ਪਾਕਿਸਤਾਨ, ਨੇਪਾਲ ਵਿੱਚ ਜਾ ਕੇ ਵੀ ਭਾਰਤ ਦਾ ਨਾਮ ਚਮਕਾਇਆ।

ਤਾਜਾ ਰਾਸਟਰਮੰਡਲ ਕਾਂਸੀ ਤਗਮਾ ਜੇਤੂ ਖਿਡਾਰਨ ਹਰਜਿੰਦਰ ਕੌਰ ਨਾਲ ਸੰਪਰਕ ਵਿੱਚ ਆਉਣ ਬਾਰੇ ਪਰਮਜੀਤ ਸਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਆਪਸੀ ਮੁਲਾਕਾਤ ਪਹਿਲੀ ਵਾਰ 2016 ਵਿੱਚ ਉਸ ਸਮੇਂ ਹੋਈ ਜਦੋਂ ਉਹ ਭਾਰ ਚੁੱਕਣ ਦੇ ਮੁਕਾਬਲੇ ਵਿੱਚ ਹਿੱਸਾ ਲੈ ਰਹੀ ਸੀ। ਉਸਦੇ ਖੇਡ ਵਿੱਚ ਦਿਖਾਏ ਗਏ ਜੋਸ਼ ਅਤੇ ਪ੍ਰਤਿਭਾ ਨੂੰ ਦੇਖਦਿਆਂ ਪਰਮਜੀਤ ਸ਼ਰਮਾ ਨੇ ਉਸਨੂੰ ਆਪਣੀ ਅਗਵਾਈ ਹੇਠ ਸਿਖਲਾਈ ਦੇਣ ਦੀ ਪੇਸਕਸ ਕੀਤੀ। ਉਹ ਦਸਦੇ ਹਨ ਕਿ ਹਰਜਿੰਦਰ ਕੌਰ ਪਹਿਲਾਂ ਤੋਂ ਹੀ ਇੱਕ ਵਧੀਆ ਖਿਡਾਰਨ ਸੀ। ਉਹ ਨਾਭਾ ਜ਼ਿਲ੍ਹੇ ਦੇ ਪਿੰਡ ਮੈਹਸ ਦੀ ਰਹਿਣ ਵਾਲੀ ਹੈ। ਆਰਥਿਕ ਪੱਖੋਂ ਹਰਜਿੰਦਰ ਕੌਰ ਦੀ ਹਾਲਤ ਬਹੁਤ ਚੰਗੀ ਨਹੀ ਸੀ ਜਿਸ ਕਰਕੇ ਉਸ ਨੂੰ ਆਪਣੀ ਖੇਡ ਜਾਰੀ ਰੱਖਣ ਵਿੱਚ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਾਲਜ ਵਿੱਚ ਪੜ੍ਹਨ ਸਮੇਂ ਦੌਰਾਨ ਹਰਜਿੰਦਰ ਕੌਰ ਨੇ ਯੂਨੀਵਰਸਿਟੀ, ਅੰਤਰ-ਯੂਨੀਵਰਸਿਟੀ, ਰਾਜ ਤੇ ਰਾਸ਼ਟਰੀ ਪੱਧਰ ਉੱਤੇ ਸੋਨ ਤਗਮੇ ਹਾਸਿਲ ਕੀਤੇ।

ਕੋਚ ਪਰਮਜੀਤ ਸ਼ਰਮਾ ਦੀ ਅਗਵਾਈ ਹੇਠ ਖੇਡਣ ਨਾਲ ਹਰਜਿੰਦਰ ਕੌਰ ਦੀ ਖੇਡ ਵਿੱਚ ਨਿਖਾਰ ਆਇਆ ਅਤੇ ਉਸਨੇ ਹੋਰ ਬਹੁਤ ਸਾਰੇ ਮੁਕਾਬਲਿਆਂ ਵਿੱਚ ਆਪਣਾ ਅਤੇ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ।ਮੌਜੂਦਾ ਸਮੇਂ ਹਰਜਿੰਦਰ ਕੌਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ ਕਾਲਜ ਸ. ਰਜਿੰਦਰ ਸਿੰਘ ਕਾਲਜ ਕਲਿਆਣ ਵਿੱਚ ਆਪਣੀ ਐਮ-ਪੀ.ਐੱਡ. ਦੀ ਪੜ੍ਹਾਈ ਕਰ ਰਹੀ ਹੈ।

ਹਰਜਿੰਦਰ ਕੌਰ ਵੱਲੋਂ ਕੀਤੀ ਇਸ ਤਾਜਾ ਪ੍ਰਾਪਤੀ ਦੇ ਹਵਾਲੇ ਨਾਲ ਪਰਮਜੀਤ ਸ਼ਰਮਾ ਦਾ ਕਹਿਣਾ ਹੈ ਕਿ ਖੇਡ ਇੱਕ ਅਜਿਹੀ ਗਤੀਵਿਧੀ ਹੈ, ਜੋ ਮਨੁੱਖ ਦੇ ਵਾਧੇ ਅਤੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਜਿੱਥੇ ਦੁਨੀਆਂ ਦੇ ਹੋਰ ਵੱਖ-ਵੱਖ ਦੇਸ਼ ਖੇਡਾਂ ਰਾਹੀਂ ਆਪਣੇ ਦੇਸ਼ ਦੇ ਲੋਕਾਂ ਦੀ ਯੋਗਤਾ ਸਾਬਿਤ ਕਰਦੇ ਹਨ ਉੱਥੇ ਹੀ ਭਾਰਤ ਵੀ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਲਗਭਗ ਹਰ ਗਤੀਵਿਧੀ ਵਿੱਚ ਆਪਣਾ ਯੋਗਦਾਨ ਦਿੰਦਾ ਹੈ। ਭਾਵੇਂ ਇਹ ਖੇਡਾਂ ਹੋਣ ਜਾਂ ਫਿਰ ਸੱਭਿਆਚਾਰਿਕ ਗਤੀਵਿਧੀਆਂ, ਓਲੰਪਿਕ ਹੋਵੇ ਜਾਂ ਫਿਰ ਰਾਸਟਰਮੰਡਲ ਖੇਡਾਂ, ਕਿਤੇ ਨਾ ਕਿਤੇ ਭਾਰਤ ਦਾ ਨਾਮ ਜ਼ਰੂਰ ਆਉਂਦਾ ਹੀ ਆਉਂਦਾ ਹੈ।

-ਬਲਵਿੰਦਰ ਸਿੰਘ

# ਆਰ.ਐੱਸ.ਐੱਸ. ਨੇ ਆਜ਼ਾਦੀ ਤੋਂ ਪਹਿਲਾਂ ਹੀ ਭਾਰਤੀ ਲੋਕਤੰਤਰ ਦੀ ਹੱਤਿਆ ਕਰਨ ਦੀ ਯੋਜਨਾ ਬਣਾ ਲਈ ਸੀ

-ਧੀਰੇਂਦਰ ਕੇ ਝਾਅ
ਅਨੁ. : ਬੂਟਾ ਸਿੰਘ ਮਹਿਮੂਦਪੁਰ

9 ਸਤੰਬਰ 1945 ਨੂੰ, ਭਾਰਤ ਦੀ ਆਜ਼ਾਦੀ ਦੀ ਮੁਹਿੰਮ ਸ਼ੁਰੂ ਹੋਣ ਤੋਂ ਠੀਕ ਬਾਦ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਚੋਟੀ ਦੇ ਕਾਰਿੰਦੇ ਆਪਣੇ ਨਾਗਪੁਰ ਸਦਰ-ਮੁਕਾਮ ਵਿਖੇ ਜੁੜੇ ਅਤੇ ਉਨ੍ਹਾਂ ਨੇ ਆਉਣ ਵਾਲੇ ਲੋਕਤੰਤਰ ਨੂੰ ਮਾਰਨ ਦੀਆਂ ਯੋਜਨਾਵਾਂ ’ਤੇ ਚਰਚਾ ਕੀਤੀ। ਇਕ ਪੁਲਿਸ ਰਿਪੋਰਟ ਜਿਸ ਵਿਚ ਇਸ ਮੀਟਿੰਗ ਦੇ ਵੇਰਵਿਆਂ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਹੈ, ਜਿਸਨੂੰ ਮੈਂ ਹੁਣੇ ਜਹੇ ਹੀ ਪਹੁੰਚ ਕਰਕੇ ਦੇਖਿਆ ਹੈ, ਸੰਘ ਦੇ ਬੇਕਿਰਕ ਰਾਜਸੀ ਉਦੇਸ਼ਾਂ ਬਾਰੇ ਹੁਣ ਤੱਕ ਮੌਜੂਦ ਚੋਖੇ ਸਬੂਤਾਂ ’ਚ ਹੋਰ ਵਾਧਾ ਕਰਦੀ ਹੈ।

ਮੀਟਿੰਗ ਵਿਚ ਹੋਏ ਵਿਚਾਰ-ਵਟਾਂਦਰੇ ਨੂੰ ਇਕ ਕਾਪੀ ਵਿਚ ਸਵਾਲਾਂ-ਜਵਾਬਾਂ ਦੇ ਰੂਪ ’ਚ ਹੱਥ ਨਾਲ ਲਿਖਿਆ ਗਿਆ ਸੀ, ਜੋ ਕਿ 30 ਜਨਵਰੀ 1948 ਨੂੰ ਮੋਹਨਦਾਸ ਕਰਮਚੰਦ ਗਾਂਧੀ ਦੇ ਕਤਲ ਤੋਂ ਬਾਦ ਆਰ.ਐੱਸ.ਐੱਸ. ਦੇ ਸਦਰ-ਮੁਕਾਮ ਤੋਂ ਜ਼ਬਤ ਕੀਤੇ ਗਏ ਬਹੁਤ ਸਾਰੇ ਦਸਤਾਵੇਜ਼ਾਂ ਦਾ ਹਿੱਸਾ ਸੀ। ਇਨ੍ਹਾਂ ਸਾਰੇ ਸਾਲਾਂ ’ਚ ਇਹ ਕਾਪੀ ਪੁਰਾਲੇਖਾਂ ਵਿਚ ਦੱਬੀ ਰਹੀ।

ਮੰਨਿਆ ਜਾ ਰਿਹਾ ਹੈ ਕਿ ਮੀਟਿੰਗ ਦਾ ਮਨੋਰਥ ਆਰ.ਐੱਸ.ਐੱਸ. ਦੀ ਯੋਜਨਾ ਨੂੰ ਚੋਟੀ ਦੀ ਲੀਡਰਸ਼ਿਪ ਤੋਂ ਲੈ ਕੇ ਮੁੱਖ ਆਰਗੇਨਾਈਜ਼ਰਾਂ ਅਤੇ ਅਧਿਆਪਕਾਂ ਤੱਕ ਪਹੁੰਚਾਉਣਾ ਸੀ, ਜੋ ਉਸ ਸਮੇਂ ਵਲੰਟੀਅਰਾਂ ਨਾਲ ਬਾਕਾਇਦਾ ਸੰਪਰਕ ਰੱਖਦੇ ਹੋਣ ਕਾਰਨ ਇਸ ਸੰਦੇਸ਼ ਨੂੰ ਹੇਠਾਂ ਤੱਕ ਪਹੁੰਚਾਉਣਗੇ। ਇਹ ਵਰਨਣ 1945 ’ਚ ਹੀ ਰਾਜਸੀ ਸੱਤਾ ਹਥਿਆਉਣ ਅਤੇ ਇਸ ਤਰ੍ਹਾਂ ਭਾਰਤੀ ਰਾਸ਼ਟਰਵਾਦੀਆਂ ਦੀਆਂ ਮੁਲਕ ਨੂੰ ਚੁਣਾਵੀ ਲੋਕਤੰਤਰ ਦੀ ਲੀਹਾਂ ’ਤੇ ਵਿਕਸਿਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦੀ ਸੰਘ ਦੀ ਗੁਪਤ ਖ਼ਵਾਇਸ਼ ਨੂੰ ਦਰਸਾਉਂਦਾ ਹੈ।

ਪੁਲਿਸ ਰਿਪੋਰਟ ਅਨੁਸਾਰ, ਜਿਸ ਵਿਚ ਉਪਰੋਕਤ ਕਾਪੀ ਦਾ ਹਵਾਲਾ ਦਿੱਤਾ ਗਿਆ ਹੈ, ਉਸ ਮੀਟਿੰਗ ’ਚ ਆਰ. ਐੱਸ. ਐੱਸ. ਦੇ ਸਰਵਉੱਚ ਨੇਤਾ ਯਾਨੀ ਭਵਿੱਖ ਦੇ ਸਰਸੰਘਚਾਲਕ ਮਧੂਕਰ ਦੱਤਾਤ੍ਰੇਯ ਦੇਵਰਸ ਦੇ ਨਾਲ-ਨਾਲ ਸੰਘ ਦੇ ਪ੍ਰਮੁੱਖ ਆਰਗੇਨਾਈਜ਼ਰ ਅਤੇ ਅਧਿਆਪਕ ਸ਼ਾਮਿਲ ਹੋਏ, ਜਿਨ੍ਹਾਂ ਵਿਚ “ਪੀ.ਵੀ. ਸਾਵਰਕਰ, ਦੱਤਾ ਵੈਦਿਆ, ਅੰਨਾ ਪਾਂਧਰੀਪਾਂਡੇ, ਬਾਬੂਰਾਓ ਸਾਵਤਕਰ, ਨੰਦਲਾਲ ਵਰਮਾ, ਨਾਨਾ ਨਾਰਲੇ, ਕਸ਼ੀਰਸਾਗਰ, ਮਧੁਕਰ ਓਕ ਅਤੇ ਤਾਤਿਆਜੀ ਸਨ। ਕਾਪੀ ਇਕ ਵਿਚਾਰ-ਚਰਚਾ ਦਾ ਵੇਰਵਾ ਦਿੰਦੀ ਹੈ ਜਿਸ ਵਿਚ ਦੇਵਰਸ ਸਿਆਸਤ ਪ੍ਰਤੀ ਜਥੇਬੰਦੀ ਦੀ ਪਹੁੰਚ ਬਾਰੇ ਸਵਾਲਾਂ ਦੇ ਜਵਾਬ ਦਿੰਦਾ ਹੈ। ਸ਼ੁਰੂ ’ਚ ਹੀ ਕਾਪੀ ਵਿਚ ਇਹ ਦਰਜ ਕੀਤਾ ਗਿਆ ਹੈ ਕਿ ਦੇਵਰਸ ਨੇ ਇਹ ਮੀਟਿੰਗ ਆਗਾਮੀ ਚੋਣਾਂ ਦੇ ਮੱਦੇਨਜਰ ਆਪਣੇ ਵਾਲੰਟੀਅਰਾਂ ਨੂੰ ਸੰਘ ਦੀ ਸਿਆਸਤ ਦੀਆਂ ਬਾਰੀਕੀਆਂ ਨਾਲ ਵਿਚਾਰਧਾਰਕ ਤੌਰ ’ਤੇ ਲੈਸ ਕਰਨ ਦੇ ਸਪੱਸ਼ਟ ਉਦੇਸ਼ ਨਾਲ ਬੁਲਾਈ ਸੀ। ਉਸ ਵਕਤ ਆਰ.ਐੱਸ.ਐੱਸ. ਦੇ ਸਰਸੰਘਚਾਲਕ ਐੱਮਐੱਸ ਗੋਲਵਲਕਰ ਸਨ, ਜੋ ਅੱਜ ਵੀ ਸੰਘ ਵਿਚ ਗੁਰੂ ਜੀ ਵਜੋਂ ਸਤਿਕਾਰੇ ਜਾਂਦੇ ਹਨ। ਪਰ ਆਰ.ਐੱਸ.ਐੱਸ. ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹੋਣਣ ਅਤੇ ਇਸਦੇ ਮੁੱਖ ਪ੍ਰਬੰਧਕਾਂ ਅਤੇ ਅਧਿਆਪਕਾਂ ਨਾਲ ਨਿੱਜੀ ਸੰਪਰਕ ਰੱਖਦੇ ਹੋਣ ਕਾਰਨ ਦੇਵਰਸ ਨੂੰ ਉਸ ਸਮੇਂ ਜਥੇਬੰਦੀਆਂ ਦੀਆਂ ਰਾਜਸੀ ਰਣਨੀਤੀਆਂ ਨੂੰ ਲਾਗੂ ਕਰਾਉਣ ਵਾਲੇ ਮੁੱਖ ਆਗੂ ਵਜੋਂ ਦੇਖਿਆ ਜਾਂਦਾ ਸੀ। ਆਰ. ਐੱਸ. ਐੱਸ. ਦੇ ਜਥੇਬੰਦਕ ਢਾਂਚੇ ਵਿਚ ਇਸ ਖ਼ਾਸ ਦਰਜੇ ਦੇ ਕਾਰਨ ਹੀ ਦੇਵਰਸ 1973 ਵਿਚ ਗੋਲਵਲਕਰ ਦੀ ਮੌਤ ਤੋਂ ਬਾਦ ਬਤੌਰ ਸਰਸੰਘਚਾਲਕ ਉਸ ਦੇ ਜਾਨਸ਼ੀਨ ਬਣੇ।

ਆਪਣੀ ਸ਼ੁਰੂਆਤ ਤੋਂ ਹੀ ਆਰ. ਐੱਸ. ਐੱਸ. ਅਕਸਰ ਆਪਣੇ ਆਪ ਨੂੰ ਇਕ ਸਮਾਜੀ ਅਤੇ ਸੱਭਿਆਚਾਰਕ ਜਥੇਬੰਦੀ ਵਜੋਂ ਪੇਸ਼ ਕਰਦਾ ਆ ਰਿਹਾ ਹੈ। ਇੱਥੋਂ ਤੱਕ ਕਿ 2020 ’ਚ ਵੀ ਮੌਜੂਦਾ ਸਰਸੰਘਚਾਲਕ ਮੋਹਨ ਭਾਗਵਤ ਨੇ ਦਾਅਵਾ ਕੀਤਾ ਕਿ ਸੰਘ ਦਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਪਰ ਇਹ ਤੱਥ ਸ਼ਾਇਦ ਹੀ ਕੋਈ ਗੁੱਝੀ ਗੱਲ ਹੈ ਕਿ ਸਿਆਸਤ ਹਮੇਸ਼ਾ ਆਰ.ਐੱਸ.ਐੱਸ. ਦੇ ਕੰਮ ਦਾ ਧੁਰਾ ਰਹੀ ਹੈ। ਪੁਲਿਸ ਰਿਪੋਰਟ ਵਿਚ ਵੀ ਇਹ ਗੱਲ ਦਰਸਾਈ ਗਈ ਹੈ।

ਪੀ.ਵੀ. ਸਾਵਰਕਰ ਦੇ ਇਕ ਸਵਾਲ ਦੇ ਜਵਾਬ ਵਿਚ ਦੇਵਰਸ ਨੇ ਕਿਹਾ, “ਇਹ ਕਹਿਣਾ ਗ਼ਲਤ ਹੈ ਕਿ ਸਾਡਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।” ਉਸ ਨੇ ਸਪਸ਼ਟ ਕੀਤਾ ਕਿ ਇਕ ਵਾਰ ਗੋਲਵਲਕਰ ਨੇ ਕਿਹਾ ਸੀ ਕਿ ਆਰ.ਐੱਸ.ਐੱਸ. ਦਾ “ਮੌਜੂਦਾ ਸਿਆਸਤ” ਨਾਲ ਕੋਈ ਸਬੰਧ ਨਹੀਂ ਹੈ, ਜਿਸ ਨੂੰ ਦੇਵਰਸ ਨੇ ਚੋਣਾਂ ਲੜਨ ਦੀ ਕੋਸ਼ਿਸ਼ ਦੱਸਿਆ।

ਦੇਵਰਸ ਨੇ ਕਿਹਾ, “ਅੱਜ ਸਾਡੀ ਯੋਜਨਾ ਪੂਰੇ ਭਾਰਤ ਵਿਚ ਰਾਸਟਰੀ ਸਵੈਮ ਸੇਵਕ ਸੰਘ ਨੂੰ ਜਥੇਬੰਦ ਕਰਕੇ ਇਕ ਸ਼ਕਤੀਸ਼ਾਲੀ ਸੰਸਥਾ ਬਣਾਉਣ ਦੀ ਅਤੇ ਇਸ ਤਰ੍ਹਾਂ ਇਕ ਸਰਬ-ਭਾਰਤੀ ਏਕਤਾ ਲਿਆਉਣ ਦੀ, ਅਤੇ ਢੁਕਵੇਂ ਮੌਕੇ ’ਤੇ ਸਾਡੇ ਆਗੂ ਦੇ ਆਦੇਸ਼ ’ਤੇ ਸੱਤਾ ਉੱਪਰ ਕਬਜ਼ਾ ਕਰਨ ਦੀ ਹੈ। ਜ਼ਾਹਿਰ ਹੈ ਕਿ ਇਹ ਸੱਤਾ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਇਸ ਨੂੰ ਕਿਸੇ ਹੋਰ ਖੇਤਰ ਵਿਚ ਨਾ ਵਰਤਿਆ ਜਾਵੇ ਅਤੇ ਸਾਡਾ ਧਿਆਨ ਕਿਸੇ ਹੋਰ ਚੀਜ਼ ਵੱਲ ਨਾ ਭਟਕੇ।

ਮੀਟਿੰਗ ਵਿਚ ਹਿੱਸਾ ਲੈਣ ਵਾਲਿਆਂ ਲਈ ਰਾਜਸੀ ਮਨੋਰਥ ਨੂੰ ਖਿੱਚ ਭਰਪੂਰ ਬਣਾਉਣ ਲਈ ਦੇਵਰਸ ਨੇ ਪ੍ਰਾਚੀਨ ਹਿੰਦੂ ਮਹਾਂਕਾਵਿ ਮਹਾਂਭਾਰਤ ਦੇ ਇਕ ਮਸ਼ਹੂਰ ਕਾਂਡ ਦਾ ਹਵਾਲਾ ਦਿੱਤਾ। ਪਾਂਡਵਾਂ ਅਤੇ ਕੌਰਵਾਂ ਦੇ ਗੁਰੂ ਦਰੋਣਾਚਾਰੀਆ ਨੇ ਆਪਣੇ ਚੇਲਿਆਂ ਨੂੰ ਰੁੱਖ਼ ’ਤੇ ਲੱਕੜ ਦੀ ਚਿੜੀ ’ਤੇ ਆਪਣਾ ਨਿਸ਼ਾਨਾ ਲਗਾਉਣ ਅਤੇ ਉਨ੍ਹਾਂ ਨੂੰ ਇਹ ਦੱਸਣ ਲਈ ਕਿਹਾ ਸੀ ਕਿ ਉਨ੍ਹਾਂ ਨੂੰ ਉੱਥੇ ਕੀ ਨਜ਼ਰ ਆਇਆ ਹੈ। ਵੱਖ-ਵੱਖ ਰਾਜਕੁਮਾਰ ਦ੍ਰਿਸ਼ ਦੇ ਵੱਖੋ-ਵੱਖਰੇ ਤੱਤਾਂ ਦਾ ਵਰਣਨ ਕਰਦੇ ਹਨ, ਪਰ ਅਰਜੁਨ ਕਹਿੰਦਾ ਹੈ ਕਿ ਉਸ ਨੂੰ ਸਿਰਫ਼ ਪੰਛੀ ਦੀ ਅੱਖ ਨਜ਼ਰ ਆਉਂਦੀ ਹੈ। “ਕੀ ਇਸਦਾ ਮਤਲਬ ਇਹ ਹੈ ਕਿ ਅਰਜੁਨ ਇਸ ਗੱਲੋਂ ਬੇਖ਼ਬਰ ਸੀ ਕਿ ਦਰੋਣਾਚਾਰੀਆ ਉਸ ਦੇ ਕੋਲ ਖੜ੍ਹਾ ਸੀ ਅਤੇ ਚਿੜੀ ਰੁੱਖ਼ ’ਤੇ ਬੈਠੀ ਸੀ?” ਦੇਵਰਸ ਨੇ ਉਨ੍ਹਾਂ ਨੂੰ ਪੁੱਛਿਆ। “ਪਰ ਇਸ ਸਭ ਦੇ ਤਹਿਤ ਜਦੋਂ ਨਜ਼ਰ ਕਿਸੇ ਖ਼ਾਸ ਵਸਤੂ ਉੱਪਰ ਟਿਕੀ ਹੁੰਦੀ ਹੈ ਤਾਂ ਇਹ ਜ਼ਰੂਰੀ ਹੈ ਕਿ ਇਸਨੂੰ ਕਿਸੇ ਹੋਰ ਚੀਜ਼ ਵੱਲ ਭਟਕਣ ਨਾ ਦਿੱਤਾ ਜਾਵੇ।”


ਸ਼ਾਇਦ ਦੇਵਰਸ ਸੰਘ ਦੇ ਇਰਾਦਿਆਂ ਦੇ ਕੁਝ ਸ਼ੱਕੀ ਪਹਿਲੂਆਂ ਤੋਂ ਜਾਣੂ ਸੀ। ਇਸ ਲਈ ਉਸਨੇ “ਮੌਜੂਦਾ ਸਿਆਸਤ” ਨੂੰ ਭੰਡਣ ਅਤੇ ਸੰਘ ਦੀ ਯੋਜਨਾ ਦੇ ਹੱਕ ’ਚ ਦਲੀਲ ਦੇਣ ਲਈ ਮਰਾਠਾ ਰਾਜਾ ਅਤੇ ਮਹਾਰਾਸ਼ਟਰ ਦੀ ਸਭ ਤੋਂ ਸਤਿਕਾਰਤ ਰਾਜਸੀ ਹਸਤੀ ਸ਼ਿਵਾ ਜੀ ਦਾ ਹਵਾਲਾ ਦਿੱਤਾ:

‘ਕੀ ਸ਼ਿਵਾ ਜੀ ਨੇ ਮੌਜੂਦਾ ਸਿਆਸਤ ਦੀ ਵਰਤੋਂ ਕਰਕੇ ਔਰੰਗਜੇਬ ਦੇ ਸਾਮਰਾਜ ਦਾ ਤਖ਼ਤਾ ਪਲਟਿਆ ਸੀ? ਮੌਜੂਦਾ ਸਿਆਸਤ ਅੰਗਰੇਜ਼ ਰਾਜ ਦੇ ਨਵੇਂ ਢੰਗ ਕਾਰਨ ਹੋਂਦ ’ਚ ਆਈ ਹੈ। ਅੰਗਰਜ਼ ਰਾਜ ਨੇ ਇਸ ਦੇ ਨੁਕਸਾਂ ਤੋਂ ਗੁਰੇਜ਼ ਕਰਦੇ ਹੋਏ ਰੋਮਨ ਢੰਗ ਅਪਣਾਇਆ। ਗ਼ੁਲਾਮ ਲੋਕਾਂ ਦੀਆਂ ਭਾਵਨਾਵਾਂ ਪੈਦਾ ਹੋਣੀਆਂ ਹੀ ਹਨ, ਇਸ ਲਈ ਉਨ੍ਹਾਂ ਨੇ ਭਾਵਨਾਵਾਂ ਨੂੰ ਖਾਰਜ ਕਰਨ ਲਈ ਇਕ ਨਿਕਾਸ ਦਵਾਰ ਬਣਾਇਆ ਅਤੇ ਕਾਨੂੰਨ ਦੇ ਅਨੁਸਾਰ ਸਭ ਕੁਝ ਕਰਨ ਦਾ ਫ਼ੈਸਲਾ ਕੀਤਾ ... ਮੌਜੂਦਾ ਸਿਆਸਤ ਇਸੇ ਸਿਸਟਮ ਦੀ ਉਪਜ ਹੈ। ਮੌਜੂਦਾ ਸਿਆਸਤ ਦੇ ਫ਼ਲ ਵੀ ਸੀਮਤ ਹਨ, ਜਿਵੇਂ ਕਿ ਟੈਕਸਾਂ ਵਿਚ ਇਕ ਸਧਾਰਨ ਕਟੌਤੀ ਜਾਂ ਕੁਝ ਮਾਮੂਲੀ ਹੱਕਾਂ ਦੀ ਪ੍ਰਾਪਤੀ। ... ਇਹ ਸੋਚਣਾ ਗ਼ਲਤੀ ਸੀ ਕਿ ਕੁਝ ਸੁਧਾਰ ਜਾਂ ਕੁਝ ਅਧਿਕਾਰ ਪ੍ਰਾਪਤ ਕਰਨ ਦਾ ਕੋਈ ਲਾਭ ਹੋਇਆ। ਅੰਗਰੇਜ਼ਾਂ ਨੇ ਇਹ ਸਭ ਆਪਣੇ ਸਵਾਰਥ ਲਈ ਕੀਤਾ ਹੈ।’

ਪਾਂਧਰੀਪਾਂਡੇ ਵੱਲੋਂ ਆਰ.ਐੱਸ.ਐੱਸ. ਨੂੰ ਲੋਕ ਅੰਦੋਲਨ ਵਿਚ ਬਦਲਣ ਬਾਰੇ ਪੁੱਛੇ ਸਵਾਲ ਦੇ ਜਵਾਬ ’ਚ ਦੇਵਰਸ ਨੇ ਕਿਹਾ ਕਿ ਸੰਘ ਦੀ ਯੋਜਨਾ ਹੈਰਾਨੀਜਨਕ ਸੀ। “ਇਹ ਗੱਲ ਨਹੀਂ ਹੈ ਕਿ ਸਭ ਕੁਝ ਯੋਜਨਾ ਅਨੁਸਾਰ ਕੀਤਾ ਗਿਆ ਹੈ,” ਉਸਨੇ ਕਿਹਾ। “ਭਾਵੇਂ ਅਸੀਂ ਸੋਚਦੇ ਹਾਂ ਕਿ ਅਸੀਂ ਕਦਮ-ਦਰ-ਕਦਮ ਕੰਮ ਕਰਾਂਗੇ, ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਅਖ਼ੀਰ ਤੱਕ ਸਾਰੇ ਫੈਕਟਰ ਬਣੇ ਰਹਿਣਗੇ।”

ਰਿਪੋਰਟ ਅਨੁਸਾਰ, ਦੇਵਰਸ ਨੇ ਸਵੈਮ ਸੇਵਕਾਂ ਵੱਲੋਂ ਉਦੋਂ ਤੱਕ ਨਿਭਾਈ ਜਾਣ ਵਾਲੀ ਭੂਮਿਕਾ ਬਾਰੇ ਵੀ ਗੱਲ ਕੀਤੀ ਜਦੋਂ ਤੱਕ ਆਰ.ਐੱਸ.ਐੱਸ. ਸੱਤਾ ’ਤੇ ਕਬਜ਼ਾ ਕਰਨ ਲਈ ਜਥੇਬੰਦਕ ਤੌਰ ’ਤੇ ਤਿਆਰ ਨਹੀਂ ਹੋ ਜਾਂਦਾ। “ਇਹ ਸੰਭਵ ਹੈ ਕਿ ਸਾਨੂੰ ਕੁਝ ਵੀ ਕਰਨ ਦੀ ਲੋੜ ਪਵੇਗੀ,” ਉਸਨੇ ਨਰਲੇ ਦੇ ਇਕ ਸਵਾਲ ਦੇ ਜਵਾਬ ਵਿਚ ਕਿਹਾ। “ਇਹ ਵੀ ਸੰਭਵ ਹੈ ਕਿ ਸੰਘ 5-10 ਲੋਕਾਂ ਨੂੰ ਆਪਣੀ ਸਿਆਸੀ ਪਾਰਟੀ ਬਣਾਉਣ ਲਈ ਕਹਿ ਸਕਦਾ ਹੈ। ਸਭ ਕੁਝ ਸੰਭਵ ਹੈ। ਇਹ ਸਾਡੀ ਆਮ ਯੋਜਨਾ ਹੈ... ਸਾਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਸੀਂ ਮੌਕੇ ਦੇ ਅਨੁਕੂਲ ਖ਼ਾਸ ਕਦਮ ਚੁੱਕਾਂਗੇ... ਨੈਪੋਲੀਅਨ ਦੇ ਇੰਪੀਰੀਅਲ ਗਾਰਡ ਬਾਰੇ ਕਿਹਾ ਜਾਂਦਾ ਹੈ ਕਿ ਢੁਕਵਾਂ ਪਲ ਆਉਣ ਤੱਕ ਉਹ ਉਸ ਨੂੰ ਵੱਧ ਤੋਂ ਵੱਧ ਸੰਭਵ ਖ਼ੁਰਾਕ ਖਵਾਉਂਦਾ ਰਿਹਾ ਸੀ। ਢੁਕਵੇਂ ਸਮੇਂ ’ਤੇ ਉਹ ਹਮਲਾਵਰ ਹੋ ਜਾਂਦਾ ਸੀ। ਕਦੇ ਕਦੇ ਅਸੀਂ ਬੇਸਬਰੇ ਹੋ ਜਾਂਦੇ ਹਾਂ।”

ਦੇਵਰਸ ਨੇ ਕਿਹਾ ਕਿ ਆਰ.ਐੱਸ.ਐੱਸ. ਦੀ ਆਗਾਮੀ ਚੋਣਾਂ ਵਿਚ ਹਿੱਸਾ ਲੈਣ ਦੀ ਕੋਈ ਯੋਜਨਾ ਨਹੀਂ ਹੈ, ਪਰ ਇਸ ਦੇ ਕਾਰਕੁੰਨਾਂ ਨੂੰ ਵੋਟਾਂ ਪਾਉਣੀਆਂ ਚਾਹੀਦੀਆਂ ਹਨ। ਇਹ ਪੁੱਛੇ ਜਾਣ ’ਤੇ ਕਿ ਵਾਲੰਟੀਅਰਾਂ ਨੂੰ ਵੋਟ ਕਿਉਂ ਪਾਉਣੀ ਚਾਹੀਦੀ ਹੈ, ਦੇਵਰਸ ਨੇ ਕਿਹਾ, “ਬਹੁਤ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਦੇ ਅਸੀਂ ਹੱਕ ’ਚ ਨਹੀਂ ਹਾਂ ਪਰ ਫਿਰ ਵੀ ਸਾਨੂੰ ਉਹ ਕੰਮ ਕਰਨੇ ਪੈਣਗੇ। ਅਸੀਂ ਗ਼ੁਲਾਮੀ ਦੇ ਹੱਕ ’ਚ ਨਹੀਂ ਹਾਂ ਪਰ ਫਿਰ ਵੀ ਅਸੀਂ ਇਸ ਵਿਚ ਰਹਿ ਰਹੇ ਹਾਂ। ਚੋਣਾਂ ਦੇ ਮਾਮਲੇ ’ਚ ਵੀ ਅਜਿਹਾ ਹੀ ਹੋਵੇਗਾ।”



[1945 ਦੀ ਪੁਲਿਸ ਰਿਪੋਰਟ ਆਰ.ਐੱਸ.ਐੱਸ. ਦੀ ਸਿਆਸੀ ਸੱਤਾ ਹਾਸਲ ਕਰਨ ਦੀ ਗੁਪਤ ਖ਼ਵਾਇਸ਼ ਨੂੰ ਦਰਸਾਉਂਦੀ ਹੈ। ਸੁਕ੍ਰਿਤੀ ਅੰਨਾ ਸਟੈਨਲੀ ਦੁਆਰਾ ਚਿੱਤਰਣ; ਚਿੱਤਰ ਵਿਕੀਮੀਡੀਆ ਕਾਮਨਜ਼, ਨਹਿਰੂ ਮੈਮੋਰੀਅਲ ਮਿਊਜ਼ੀਅਮ ਲਾਇਬ੍ਰੇਰੀ ਦੇ ਧੰਨਵਾਦ ਸਹਿਤ।]

ਸੰਘ ਦੀ ਲੋਕਤੰਤਰ ਪ੍ਰਤੀ ਦੁਸ਼ਮਣੀ ਦਾ ਇਹ ਸ਼ਾਇਦ ਹੀ ਇਕੋ ਇਕ ਸਬੂਤ ਹੈ। ਜਿਵੇਂ ਕਿ ਮੈਂ ਇਸੇ ਰਸਾਲੇ ਦੀ ਮੁੱਖ ਪੰਨੇ ਦੀ ਆਪਣੀ ਇਕ ਪਿਛਲੀ ਵਿਚ ਆਰ.ਐੱਸ.ਐੱਸ. ਦੇ ਨਾਜ਼ੀਵਾਦ ਨਾਲ ਸੰਬੰਧ ਬਾਰੇ ਲਿਖਿਆ ਸੀ, “1930ਵਿਆਂ ਅਤੇ 1940ਵਿਆਂ ਦੇ ਅਖ਼ੀਰ ’ਚ ਆਰ.ਐੱਸ.ਐੱਸ. ਦੇ ਬਹੁਤ ਸਾਰੇ ਮੈਂਬਰ ਯੂਰਪੀਅਨ ਫਾਸ਼ੀਵਾਦੀਆਂ ਉੱਪਰ ਮੋਹਿਤ ਸਨ। ਸਮਕਾਲੀ ਬਿਰਤਾਂਤ ਦਰਸਾਉਂਦੇ ਹਨ ਕਿ ਉਸ ਸਮੇਂ ਗੋਲਵਲਕਰ ਨੇ ਆਰ.ਐੱਸ.ਐੱਸ. ਨੂੰ ਇਕ ਨਾਜ਼ੀ ਤਰਜ਼ ਦੀ ਮਿਲੀਸ਼ੀਆ ’ਚ ਬਦਲਣ ਦੀ ਕੋਸ਼ਿਸ਼ ਕੀਤੀ, ਜਿਸਦਾ ਉਦੇਸ਼ ਅੰਤ ’ਚ ਆਪਣੇ ਆਪ ਨੂੰ ਹਿਟਲਰ ਦੀ ਤਰ੍ਹਾਂ ਤਾਨਾਸ਼ਾਹ ਮੁਖੀ ਵਜੋਂ ਸਥਾਪਤ ਕਰਨਾ ਸੀ।

ਉਸ ਵਕਤ ਹਾਲਾਂਕਿ ਆਰ. ਐੱਸ. ਐੱਸ. ਸੱਤਾ ’ਤੇ ਕਾਬਜ਼ ਹੋਣ ਦੀ ਆਪਣੀ ਯੋਜਨਾ ਨੂੰ ਲਾਗੂ ਕਰਨ ਵਿਚ ਸਫ਼ਲ ਨਹੀਂ ਹੋ ਸਕਿਆ ਸੀ। ਗਾਂਧੀ ਦੇ ਕਤਲ ਤੋਂ ਬਾਦ ਆਰ.ਐੱਸ.ਐੱਸ. ਉੱਪਰ ਜ਼ੋਰਦਾਰ ਸਰਕਾਰੀ ਸ਼ਿਕੰਜਾ ਕੱਸਿਆ ਗਿਆ ਸੀ। ਡੇਢ ਸਾਲ ਲਈ ਇਸ ’ਤੇ ਪਾਬੰਦੀ ਲੱਗੀ ਰਹੀ ਅਤੇ ਇਸ ਦੇ ਹਜ਼ਾਰਾਂ ਆਗੂਆਂ ਅਤੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੁਲਾਈ 1949 ’ਚ ਪਾਬੰਦੀ ਹਟਾਏ ਜਾਣ ਤੋਂ ਬਾਦ ਇਹ ਸਖ਼ਤ ਬੰਦਿਸ਼ਾਂ ਦੇ ਅਧੀਨ ਪੂਰੀ ਚੌਕਸੀ ਨਾਲ ਆਪਣੇ ਕੰਮ ’ਚ ਜੁੱਟਿਆ ਰਿਹਾ।

ਅੱਜ ਆਪਣੇ ਚੋਣ ਵਿੰਗ, ਭਾਰਤੀ ਜਨਤਾ ਪਾਰਟੀ ਦੇ ਮੁਕੰਮਲ ਸੰਸਦੀ ਬਹੁਮਤ ਨਾਲ ਬਾਗ਼ੋਬਾਗ਼ ਹੋਏ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਪੂਰੀ ਚੜ੍ਹਾਈ ਹੈ। ਭਾਜਪਾ ਦੇ ਸ਼ਾਸਨ ਵਾਲੇ ਰਾਜਾਂ ਵਿਚ ਘੱਟ ਗਿਣਤੀਆਂ ਅਤੇ ਸਿਆਸੀ ਵਿਰੋਧੀਆਂ ਵਿਰੁੱਧ ਤਾਕਤ ਦੀ ਬੇਤਹਾਸ਼ਾ ਵਰਤੋਂ, ਮਨਮਾਨੀਆਂ ਨਜ਼ਰਬੰਦੀਆਂ ਅਤੇ ਸਜ਼ਾ ਦੇਣ ਵਾਲੇ ਤਰੀਕੇ ਨਾ ਸਿਰਫ਼ ਇਹ ਦਰਸਾਉਂਦੇ ਹਨ ਕਿ ਆਰ.ਐੱਸ.ਐੱਸ. ਅਜੇ ਵੀ ਆਪਣੇ ਆਪ ਨੂੰ ਲੋਕਤੰਤਰੀ ਪ੍ਰਣਾਲੀ ਅਨੁਸਾਰ ਢਾਲਣ ਤੋਂ ਅਸਮਰੱਥ ਹੈ, ਸਗੋਂ ਇਹ ਵੀ ਕਿ ਇਹ ਸਿਆਸਤ ਨੂੰ ਵੀ ਵੱਖਰੇ ਨਜ਼ਰੀਏ ਨਾਲ ਦੇਖਦਾ ਹੈ।

# ਵਾਹੀਯੋਗ ਜ਼ਮੀਨ ਦੀ ਦੁਰਵਰਤੋਂ

(ਸ਼ਫ਼ਾ 2 ਦੀ ਬਾਕੀ)

ਪੈਸਾ ਕਮਾਇਆ ਜਾ ਸਕੇ। ਹੁਣ ਗਲਫ਼ ਤਾਂ ਉਹੀ ਖੇਡਣਗੇ ਜਿੰਨਾਂ ਕੋਲ਼ ਵਾਧੂ ਪੈਸਾ ਹੈ ਅਤੇ ਵਾਧੂ ਟਾਈਮ ਹੈ ਆਮ ਲੋਕਾਂ ਨੂੰ ਤਾਂ ਆਪਦਾ ਚੁੱਲ੍ਹਾ ਬਲ਼ਦਾ ਰੱਖਣ ਲਈ ਦਿਹਾੜੀ ਕਰਨੀ ਪੈਂਦੀ ਹੈ, ਉਹਨਾਂ ਕੋਲ਼ ਕਿੱਥੇ ਵਕਤ ਹੈ ਗਲਫ਼ ਖੇਡਣ ਦਾ। ਗਲਫ਼ ਖੇਡਣਾ ਨਾਲ਼ ਸਕਾਚ ਦੀ ਬੋਤਲ ਰੱਖਣੀ ਜਾਣੀ ਦਾਰੂ ਪੀ ਕੇ ਖੇਡਣਾ, ਵਾਹ ਕਿਆ ਗੇਮ ਹੈ।

ਜ਼ਮੀਨ ਦੀ ਦੁਰਵਰਤੋਂ ਦੀ ਆਪਣੇ ਨੇੜੇ ਸਭ ਤੋਂ ਵਧੀਆ ਉਦਾਹਰਣ ਪੰਜਾਬ ਹੈ। ਮਾਲਵੇ ਦਾ ਇਲਾਕਾ ਜਿੱਥੇ ਛੋਲੇ, ਕਪਾਹ, ਮੂੰਗਫਲ਼ੀ ਆਦਿ ਫ਼ਸਲਾਂ ਹੁੰਦੀਆਂ ਸਨ ਅੱਜ ਚੌਲ਼ ਪੈਦਾ ਕਰਦਾ ਹੈ, ਇਸ ਇਲਾਕੇ ਨੂੰ ਚੌਲ਼ਾਂ ਵਾਲ਼ਾ ਬਨਾਉਣ ਲਈ, ਕੁਦਰਤ ਨਾਲ਼ ਪੂਰਾ ਖਿਲਵਾੜ ਕੀਤਾ ਗਿਆ ਹੈ। ਮਾਲਵੇ ਦੀ ਰੇਤਲੀ ਜ਼ਮੀਨ ਵਿੱਚ ਮੀਂਹ ਦਾ ਪਾਣੀ ਰਚ ਜਾਂਦਾ ਸੀ ਜਿਹੜਾ ਧਰਤੀ ਵਿਚਲੇ ਪਾਣੀ ਦੇ ਲੈਵਲ ਨੂੰ ਠੀਕ ਰੱਖਦਾ ਸੀ, ਹੁਣ ਲੋਕ ਬੜੀ ਛੇਤੀ, ਪੀਣ ਵਾਲ਼ੇ ਪਾਣੀ ਨੂੰ ਵੀ ਤਰਸਣਗੇ। ਅੱਜ ਜਿਹੜੀ ਰਸਾਇਣ ਦੇ ਸਿਰ ਤੇ ਉਪਜ ਵਧਾਈ ਜਾ ਰਹੀ ਇਸ ਨੇ ਧਰਤੀ ਨੂੰ ਇੱਕ ਦਿਨ ਬੰਜਰ ਕਰ ਦੇਣਾ ਹੈ ਤੇ ਬੰਜਰ ਹੋਈ ਜ਼ਮੀਨ, ਮੌਸਮ ਦਾ ਹੋਰ ਵਿਗਾੜ ਕਰੇਗੀ। ਦੁਨੀਆਂ ਭਰ ਵਿੱਚ ਮਾਲ ਦੀ ਢੋਆ ਢੁਆਈ ਲਈ ਵੱਡੇ ਹਾਈਵੇਅ ਬਣਾਏ ਜਾ ਰਹੇ ਹਨ ਅਤੇ ਬਹੁਤੇ ਹਾਈਵੇਅ ਖੇਤੀ ਵਾਲ਼ੀ ਜ਼ਮੀਨ ਵਿੱਚੋਂ ਲੰਘਦੇ ਹਨ, ਇਹਨਾਂ ਸ਼ਹਿਰਾਂ ਸੜਕਾਂ ਕਰਕੇ ਹਰ ਸਾਲ 20 ਲੱਖ ਏਕੜ ਖੇਤੀ ਯੋਗ ਜ਼ਮੀਨ ਇਸ ਵਿਕਾਸ ਦੀ ਬਲੀ ਚੜ੍ਹਦੀ ਹੈ। ਫੈਕਟਰੀਆਂ ਨੂੰ ਬਿਜਲੀ ਦੇਣ ਲਈ ਵੱਡੇ ਵੱਡੇ ਡੈਮ ਬਣਾਏ ਜਾ ਰਹੇ ਹਨ। ਜਦ ਵੀ ਕੋਈ ਡੈਮ ਬਣਦਾ ਹੈ ਤਾਂ ਕਿੰਨੇ ਹੀ ਪਿੰਡ ਉਠਾ ਕੇ ਵਾਹੀਯੋਗ ਜ਼ਮੀਨ ਪਾਣੀ ਹੇਠਾਂ ਡੋਬੀ ਜਾਂਦੀ ਹੈ ਅਤੇ ਹਜਾਰਾਂ ਲੱਖਾਂ ਲੋਕਾਂ ਨੂੰ ਬੇਘਰ, ਬੇਰੁਜ਼ਗਾਰ ਕਰ ਦਿੱਤਾ ਜਾਂਦਾ ਹੈ। ਉਹਨਾਂ ਦੇ ਮੁੜ ਵਸੇਬੇ ਬਾਰੇ ਵੀ ਕੋਈ ਕਦਮ ਨਹੀਂ ਚੁੱਕਿਆ ਜਾਂਦਾ। ਜਦ ਵੱਡੇ ਵੱਡੇ ਹਾਈਵੇਅ ਨਿਕਲ਼ਦੇ ਹਨ ਤਾਂ ਸਾਡੀ ਮੰਗ ਸਿਰਫ ਮੁਆਵਜ਼ਾ ਲੈਣ ਤੱਕ ਰਹਿ ਜਾਂਦੀ ਹੈ, ਅਸੀਂ ਇਹ ਨਹੀਂ ਸੋਚਦੇ ਕਿ ਅੱਜ ਦਾ ਲਿਆ ਇੱਕ ਕਰੋੜ ਕੀਲੇ ਦਾ, ਅਸਲ ਕੀਮਤ ਵਿੱਚ 20 ਕੁ ਸਾਲ ਤੱਕ ਕਿੰਨੇ ਦਾ ਰਹਿ ਜਾਵੇਗਾ। ਇਹਨਾਂ ਵੱਡੀਆਂ ਵੱਡੀਆਂ ਸੜਕਾਂ ਤੇ ਅਮੀਰਾਂ ਦੀਆਂ ਕਾਰਾਂ ਚੱਲਣਗੀਆ, ਰਾਮੂ ਦਾ ਰੇਹੜਾ ਤਾਂ ਫਿਰ ਵੀ ਕੱਚੇ ਰਾਹ ਤੇ ਹੀ ਚੱਲੇਗਾ। ਜਿਸ ਤਰ੍ਹਾਂ ਮੈਨੂੰ ਇੱਕ ਕਨੇਡਾ ਦੇ ਨੇਟਿਵ ਮੁੰਡੇ ਨੇ ਦੱਸਿਆ ਕਿ ਬਲੈਕ ਫੁੱਟ ਕੈਲਗਰੀ ਸੜਕ ਕੋਲ ਹਜ਼ਾਰਾਂ ਏਕੜ ਜ਼ਮੀਨ ਸਾਡੇ ਪੁਰਖਿਆਂ ਦੀ ਸੀ ਜਿਹੜੀ ਕਿ ਉਹਨਾਂ ਨੇ ਪੈਨੀਆਂ ਦੇ ਏਕੜ ਦੇ ਹਿਸਾਬ ਵੇਚ ਦਿੱਤੀ ਸੀ ਜਿਸਦੀ ਅੱਜ ਕੀਮਤ ਸੋਨੇ ਨਾਲ਼ ਪੈਂਦੀ ਹੈ। ਯਾਦ ਰਹੇ ਨੋਟ ਤਾਂ ਹਰ ਰੋਜ਼ ਛਪ ਰਹੇ ਹਨ ਪਰ ਜ਼ਮੀਨ ਹਰ ਰੋਜ਼ ਨਵੀਂ ਨਹੀ ਬਣਦੀ। ਪਾਪੂਲੇਸ਼ਨ ਕੰਟਰੋਲ ਦੀ ਗੱਲ ਵੀ ਕੋਈ ਨਹੀਂ ਕਰ ਰਿਹਾ ਕਿਉਂਕਿ ਕਰਪੋਰੇਸ਼ਨਾਂ ਨੂੰ ਤਾਂ ਵਧਦੀ ਹੋਈ ਪਾਪੂਲੇਸ਼ਨ ਦਾ ਹੀ ਫਾਇਦਾ ਹੈ ਕਿਉਂਕਿ ਹਰ ਰੋਜ਼ ਇਹਨਾਂ ਦੀ ਲੁੱਟ ਦੇ ਕੰਮ ਆਉਣ ਲਈ ਨਵੇਂ ਗਾਹਕ ਜੰਮ ਰਹੇ ਹਨ। ਵਧ ਰਹੀ ਪਾਪੂਲੇਸ਼ਨ, ਬੇਸਹੂਰਾ ਵਿਕਾਸ, ਜਿਸਦੇ ਨਾਲ਼ ਵਾਹੀਯੋਗ ਜ਼ਮੀਨ ਹਰ ਰੋਜ਼ ਘਟ ਰਹੀ ਹੈ ਸਾਨੂੰ ਕਿਹੜੇ ਭੁੱਖਮਰੀ ਦੀ ਆਫਤ ਵਿੱਚ ਲੈਕੇ ਜਾਵੇਗਾ, ਸਾਡੇ ਕੋਲ਼ ਇਹ ਸੋਚਣ ਦਾ ਵਕਤ ਨਹੀਂ ਹੈ ਅਜੇ ਤਾਂ ਪੈਸੇ ਦੀ ਚੂਹੇ ਦੌੜ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਹਾਂ, ਅਜੇ ਤਾਂ ਅਸੀਂ ਗਵਾਂਢੀਆਂ ਨਾਲ਼ੋ ਵੱਡਾ ਘਰ ਲੈਣਾ ਹੈ ਤੇ ਉਹਨਾਂ ਨਾਲ਼ੋਂ ਵੱਡੀ ਕਾਰ ਲੈਣ ਦੇ ਚੱਕਰ ਵਿੱਚ ਭੱਜੇ ਫਿਰਦੇ ਹਾਂ।

ਕੁਲਦੀਪ ਬਠਿੰਡਾ

## ਰਾਣਾ ਅਯੂਬ ਦੀ ਕਿਤਾਬ ਗੁਜਰਾਤ ਫ਼ਾਇਲਾਂ:

# ਪਰਦਾਪੋਸ਼ੀ ਦੀ ਚੀਰਫਾੜ, ਇੱਕ ਨਿਧੜਕ ਤੇ ਦਲੇਰ ਪੱਤਰਕਾਰੀ ਦੀ ਮਿਸਾਲ




ਅਜੋਕੇ ਭਾਰਤ ਵਿੱਚ ਜਦ ਅਖੌਤੀ ਪੱਤਰਕਾਰੀ ਦਾ ਵੱਡਾ ਹਿੱਸਾ ਸੱਤਾ ਦੇ ਗਲਿਆਰਿਆਂ ਵਿੱਚ ਖੇਡ ਰਿਹਾ ਹੋਵੇ, ਜਦ ਸਰਕਾਰ ਭਗਤੀ ਹੀ "ਸਿਰਮੌਰ ਪੱਰਤਕਾਰੀ" ਦਾ ਇੱਕੋ-ਇੱਕ ਪੈਮਾਨਾ ਬਣ ਗਿਆ ਹੋਵੇ ਅਤੇ ਇਸਦੇ ਦੂਜੇ ਪਾਸੇ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਤੇ ਕਾਰਿਆਂ ਦੀ ਅਲੋਚਨਾ ਕਰਨ ਵਾਲ਼ੇ ਪੱਤਰਕਾਰਾਂ ਨੂੰ ਦੇਸ਼ਧ੍ਰੋਹੀ ਹੋਣ ਦੇ ਸਰਟੀਫਿਕੇਟ ਵੰਡੇ ਜਾ ਰਹੇ ਹੋਣ। ਜਦ ਸਰਕਾਰ ਪੱਖੀ ਜਾਂ ਵਿਰੋਧੀ ਹੋਣਾ ਦੇਸ਼-ਭਗਤੀ ਦਾ ਸਰਵਉੱਚ ਪੈਮਾਨਾ ਬਣ ਗਿਆ ਹੋਵੇ। ਜਦ ਹਰ ਪਾਸੇ ਜ਼ਬਰ, ਜ਼ੁਲਮ, ਅਨਿਆਂ ਦਾ ਬੋਲਬਾਲਾ ਹੋਵੇ; ਗ਼ਰੀਬਾਂ, ਮਜ਼ਦੂਰਾਂ, ਕਿਰਤੀਆਂ ਸਮੇਤ ਦਲਿਤਾਂ, ਧਾਰਮਿਕ ਤੇ ਕੌਮੀ ਘੱਟ-ਗਿਣਤੀਆਂ 'ਤੇ ਜ਼ਬਰ ਦਾ ਕੁਹਾੜਾ ਵਾਹਿਆ ਜਾ ਰਿਹਾ ਹੋਵੇ; ਲੋਕਾਂ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੋਵੇ, ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲ਼ੇ ਬੁੱਧੀਜੀਵੀਆਂ-ਜਮਹੂਰੀ ਕਾਰਕੁੰਨਾਂ ਨੂੰ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੋਵੇ ਅਤੇ ਸਮਾਜ ਦੇ ਅਖੌਤੀ ਚੌਥੇ ਥੰਮ 'ਮੀਡੀਆ' ਵਿੱਚੋਂ ਅਜਿਹਾ ਬਿਰਤਾਂਤ ਪੂਰੀ ਤਰਾਂ ਨਾ ਸਿਰਫ ਗ਼ੈਰ-ਹਾਜ਼ਰ ਹੋਵੇ ਸਗੋਂ ਇਸ ਤੋਂ ਉਲਟ ਸਰਕਾਰ ਦੀ ਵੱਧ ਤੋਂ ਵੱਧ ਚਾਪਲੂਸੀ ਕਰਨ ਲਈ ਮੁਕਾਬਲਾ ਚੱਲ ਰਿਹਾ ਹੋਵੇ ਤਾਂ ਅਜਿਹੇ ਹਨੇਰੇ ਸਮਿਆਂ ਵਿੱਚ ਪੱਤਰਕਾਰੀ ਦੇ ਖੇਤਰ ਵਿੱਚ ਸੱਚ ਅਤੇ ਨਿਆਂ ਦਾ ਝੰਡਾ ਬੁਲੰਦ ਕਰਨਾ ਬੰਦ ਹਨੇਰੀ ਗਲ਼ੀ ਵਿੱਚੋਂ ਆ ਰਹੀਆਂ ਚਾਨਣ ਦੀਆਂ ਰਿਸ਼ਮਾਂ ਵਾਂਗ ਲੱਗਦਾ ਹੈ। ਅਜਿਹੀ ਹੀ ਮਿਸਾਲ ਸਾਨੂੰ ਪੱਤਰਕਾਰ ਰਾਣਾ ਅਯੂਬ ਦੀ ਸਖ਼ਤ ਮਿਹਨਤ ਕਰਕੇ ਲਿਖੀ ਕਿਤਾਬ 'ਗੁਜਰਾਤ ਫਾਇਲਾਂ' ਪੜਨ ਵਿੱਚ ਦਿਸਦੀ ਹੈ। 2002 'ਚ ਗੁਜਰਾਤ ਵਿੱਚ ਮੁਸਲਮਾਨਾਂ ਦੇ ਕਤਲੇਆਮ ਅਤੇ ਉਸ ਤੋਂ ਬਾਅਦ ਗੁਜਰਾਤ ਵਿੱਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਤੇ ਸਿਆਸੀ ਕਤਲਾਂ ਦੇ ਅਸਲ ਕਾਰਨਾਂ 'ਤੇ ਤੱਥਾਂ ਨੂੰ ਲੋਕਾਂ ਸਾਹਮਣੇ ਲਿਆਉਣ ਦੇ ਉਦੇਸ਼ ਤਹਿਤ 8 ਮਹੀਨੇ ਕੀਤੇ ਸਟਿੰਗ ਅਪ੍ਰੇਸ਼ਨ ਦਾ ਨਤੀਜਾ ਇਹ ਕਿਤਾਬ ਹੈ। ਇਹ ਕਿਤਾਬ 2002-2007 ਸਮੇਂ ਦੀ ਗੁਜਰਾਤ ਸਿਆਸਤ ਦੇ ਉਹਨਾਂ ਪੱਖਾਂ ਜਾਂ ਸੱਚਾਈਆਂ ਨੂੰ ਸਾਹਮਣੇ ਲਿਆਉਂਦੀ ਹੈ ਜਿਹਨਾਂ ਨੂੰ ਸਮੇਂ ਦੀ ਹਕੂਮਤ ਤੇ ਉਹਦੀ ਮਸ਼ਨੀਰੀ ਵੱਲੋਂ ਖੁਰਦ-ਬੁਰਦ ਕਰਨ ਜਾਂ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।

ਰਾਣਾ ਅਯੂਬ ਨੇ 2002 ਦੇ ਗੁਜਰਾਤ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ ਤੇ ਸਿਆਸੀ ਕਤਲਾਂ ਬਾਬਤ ਤੱਥਾਂ ਨੂੰ ਦਬਾਉਣ ਦੀ ਸਾਜਿਸ਼ ਨੂੰ ਬੇਨਕਾਬ ਕਰਨ ਤੇ ਸੱਚਾਈ ਸਾਹਮਣੇ ਲਿਆਉਣ ਦੇ ਮਕਸਦ ਤਹਿਤ 2010-2011 ਵਿੱਚ ਇਹ ਸਟਿੰਗ ਕੀਤਾ। ਇਹਨਾਂ ਕਾਰਿਆਂ ਵਿੱਚ ਉਸ ਸਮੇਂ ਦੀ ਗੁਜਰਾਤ ਦੀ ਮੋਦੀ ਸਰਕਾਰ ਦਾ ਹੱਥ ਹੋਣਾ ਸੀ, ਜਿਸ ਬਾਰੇ ਹੁਣ ਕਾਫੀ ਗੱਲਾਂ ਸਾਫ਼ ਹੋ ਚੁੱਕੀਆਂ ਹਨ। ਪਰ ਵੇਲ਼ੇ ਦੀ ਮੋਦੀ ਸਰਕਾਰ ਨੇ ਮੌਕੇ ਦੇ ਅਫਸਰਾਂ ਨੂੰ ਦਬਾਉਣ, ਲਾਲਚ ਦੇਣ ਜਾਂ ਉਹਨਾਂ ਦੀ ਇਹਨਾਂ ਕਾਰਿਆਂ 'ਚ ਭਾਈਵਾਲੀ ਕਰਕੇ ਇਹ ਤੱਥ ਦਬਾਅ ਦਿੱਤੇ ਅਤੇ 2014 ਵਿੱਚ ਕੇਂਦਰ ਦੀ ਸੱਤਾ ਵਿੱਚ ਆਉਣ ਤੋਂ ਬਾਅਦ ਤਾਂ ਇੱਕ-ਇੱਕ ਕਰਕੇ ਸਾਰੇ ਦੋਸ਼ੀ ਬਰੀ ਵੀ ਕਰਵਾ ਲਏ। ਇਸਦੇ ਤਹਿਤ ਅਮਿਤ ਸ਼ਾਹ ਸਮੇਤ ਬਾਬੂ ਬਜਰੰਗੀ ਵਰਗੇ ਸੰਘ ਦੇ ਗੁੰਡਿਆਂ ਨੂੰ, ਜਿਹਨਾਂ ਨੇ ਸਟਿੰਗ ਅਪ੍ਰੇਸ਼ਨਾਂ ਵਿੱਚ ਮੁਸਲਿਮ ਗਰਭਵਤੀ ਔਰਤਾਂ ਦੇ ਢਿੱਡ ਚੀਰ ਕੇ ਉਹਨਾਂ ਦੇ ਬੱਚੇ ਤਲਵਾਰਾਂ 'ਤੇ ਚੜ੍ਹਾਉਣ ਬਾਬਤ ਸਟਿੰਗ ਅਪ੍ਰੇਸ਼ਨਾਂ ਵਿੱਚ ਬਿਆਨ ਦਿੱਤੇ ਸਨ, ਰਿਹਾਅ ਕਰਵਾ ਲਿਆ ਗਿਆ। ਇਸ ਤੋਂ ਬਾਅਦ ਨਾ ਸਿਰਫ ਇਹਨਾਂ ਕਾਰਿਆਂ ਵਿੱਚ ਸ਼ਾਮਲ ਨੌਕਰਸ਼ਾਹ ਰਿਹਾਅ ਹੋਏ ਸਗੋਂ ਉਹਨਾਂ ਨੂੰ ਤਰੱਕੀਆਂ ਦੇ ਕੇ ਉੱਚੇ ਅਹੁਦਿਆਂ ਨਾਲ਼ ਨਵਾਜਿਆ ਗਿਆ।

ਹਥਲੀ ਕਿਤਾਬ ਅਜਿਹੇ ਹੀ ਸਟਿੰਗ ਅਪ੍ਰੇਸ਼ਨਾਂ ਦੀ ਜਾਣਕਾਰੀ ਹੈ ਜੋ ਰਾਣਾ ਅਯੂਬ ਨੇ ਆਪਣੀ ਪਛਾਣ ਬਦਲ ਕੇ ਉਸ ਸਮੇਂ ਦੀ ਮੋਦੀ ਸਰਕਾਰ ਵਿੱਚ ਰਹੇ ਆਹਲਾ ਅਫਸਰਾਂ, ਸਿਆਸਤਦਾਨਾਂ ਤੇ ਨੌਕਰਸ਼ਾਹਾਂ ਆਦਿ ਦੇ ਕੀਤੇ। ਜਿਹਨਾਂ ਨੇ ਸਮੇਂ-ਸਮੇਂ 'ਤੇ ਬਣੀਆਂ ਤੱਥ-ਖੋਜ ਕਮੇਟੀਆਂ ਅਤੇ ਕਮਿਸ਼ਨਾਂ ਅੱਗੇ ਚੁੱਪੀ ਸਾਧ ਲਈ ਸੀ। ਪਰ ਰਾਣਾ ਅਯੂਬ ਅਜਿਹੇ ਖੁੰਢ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਤੋਂ ਸੱਚ ਕਹਾਉਣ ਵਿੱਚ ਕਾਮਯਾਬ ਰਹੀ। ਉਹ ਲਿਖਦੀ ਹੈ, "ਮੇਰੇ ਕਿੱਤੇ ਦੇ ਸਾਥੀ ਅਸ਼ੀਸ਼ ਖੇਤਾਨ ਨੇ ਜੋ ਕੱਚਾ ਚਿੱਠਾ ਨੰਗਾ ਕੀਤਾ ਸੀ ਉਹਨਾਂ ਵਿੱਚ ਕੰਬਣੀ ਛੇੜਨ ਵਾਲ਼ੇ ਖੁਲਾਸੇ ਕੀਤੇ ਗਏ ਸਨ, ਜਿਸ ਵਿੱਚ ਬਾਬੂ ਬਜਰੰਗੀ ਵਰਗਿਆਂ ਤੇ ਹੋਰ ਸਥਾਨਕ ਭਾਜਪਾ ਆਗੂਆਂ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂਆਂ ਨੇ ਜਦੋਂ 2002 ਕਤਲੋਗ਼ਾਰਤ ਦੇ ਬੇਰਹਿਮ ਵੇਰਵੇ ਹੁੱਬ-ਹੁੱਬ ਕੇ ਦੱਸੇ ਤਾਂ ਉਸਨੇ ਸਟਿੰਗ ਕਰ ਲਏ ਸਨ। ਮੇਰਾ ਵਾਹ ਐਸੇ ਫਸਾਦੀਆਂ ਨਾਲ਼ ਨਹੀਂ ਸੀ ਜਿਹਨਾਂ ਦੀ ਹਊਮੇਂ ਨੂੰ ਥੋੜੇ ਜਿਹੇ ਪੱਠੇ ਪਾਉਣ 'ਤੇ ਹੀ ਉਹ ਆਪਣੀ ਬਹਾਦਰੀ ਦੇ ਕਿੱਸੇ ਸੁਣਾ ਦਿੰਦੇ ਹਨ। ਮੇਰਾ ਵਾਹ ਹੰਢੇ-ਵਰਤੇ ਸੀਨੀਅਰ ਆਈ.ਪੀ.ਐੱਸ. ਅਫਸਰਾਂ ਨਾਲ਼ ਪੈ ਰਿਹਾ ਸੀ ਜਿਹਨਾਂ ਵਿੱਚੋਂ ਬਹੁਤ ਸਾਰਿਆਂ ਨੇ ਰਾਅ ਤੇ ਆਈ.ਬੀ. ਵਿੱਚ ਕਾਮਯਾਬੀ ਨਾਲ਼ ਕੰਮ ਕੀਤਾ ਹੋਇਆ ਸੀ।"

ਰਾਣਾ ਅਯੂਬ ਨੇ ਇਸ ਕੰਮ ਲਈ ਆਪਣੀ ਅਸਲ ਪਛਾਣ ਛੁਪਾ ਲੈਣਾ ਜ਼ਰੂਰੀ ਸਮਝਿਆ ਅਤੇ ਉਸਨੇ ਆਪਣਾ ਨਾਂ ਬਦਲਕੇ ਮੈਥਿਲੀ ਤਿਆਗੀ ਰੱਖ ਲਿਆ ਅਤੇ ਖੁਦ ਨੂੰ ਅਮੈਰਿਕਨ ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ ਦੀ ਇੱਕ ਅਜ਼ਾਦ ਫਿਲਮਕਾਰ ਦੇ ਤੌਰ 'ਤੇ ਪੇਸ਼ ਕੀਤਾ। ਇਸ ਫਰਜ਼ੀ ਭੇਸ ਤਹਿਤ ਉਹ 2010 'ਚ ਗੁਜਰਾਤ ਗਈ ਅਤੇ 2002 ਦੇ ਕਤਲੇਆਮ, ਸਿਆਸੀ ਕਤਲਾਂ ਤੇ ਝੂਠੇ ਪੁਲਿਸ ਮੁਕਾਬਲਿਆਂ ਦੀ ਰਿਪੋਰਟਿੰਗ ਕਰਨੀ ਸ਼ੁਰੂ ਕੀਤੀ ਜੋ 2002-2007 ਦੌਰਾਨ ਗੁਜਰਾਤ ਵਿੱਚ ਮੋਦੀ ਦੀ ਹਕੂਮਤ ਦੌਰਾਨ ਹੋਏ ਸਨ। ਇਹਨਾਂ ਵਾਰਦਾਤਾਂ ਪਿੱਛੇ ਭਾਜਪਾ, ਵਿ.ਹਿ.ਪ੍ਰੀ. ਦੀ ਸ਼ਾਜਿਸ਼ ਬਾਰੇ ਕਿਸੇ ਨੂੰ ਸ਼ੱਕ ਨਹੀਂ ਸੀ ਪਰ ਮੋਦੀ ਹਕੂਮਤ ਨੇ ਇਹਨਾਂ ਸਬੰਧੀ ਤੱਥ ਖੁਰਦ-ਬੁਰਦ ਕਰਨ ਅਤੇ ਗਵਾਹਾਂ ਨੂੰ ਪਲਟਾਉਣ ਕਰਕੇ ਤੱਥਾਂ ਦੀ ਘਾਟ ਸੀ ਜਾਂ ਕਚਹਿਰੀਆਂ ਵਿੱਚ ਇਹਨਾਂ ਦੀ ਸਟੀਕਤਾ ਸ਼ੱਕੀ ਸਿੱਧ ਕਰਕੇ ਅਮਿਤ ਸ਼ਾਹ ਸਮੇਤ ਇਹਨਾਂ ਦੇ ਸਾਰੇ ਨੌਕਰਸ਼ਾਹ ਤੇ ਸਿਆਸਤਦਾਨ ਮਾਮੂਲੀ ਸਜ਼ਾਵਾਂ ਭੁਗਤ ਕੇ ਜਾਂ ਬੇਦੋਸ਼ ਹੋ ਕੇ ਬਰੀ ਹੋ ਗਏ।

2002 'ਚ ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ, ਸੋਹਰਾਬੂਦੀਨ-ਪ੍ਰੋਹਿਤ ਝੂਠਾ ਮੁਕਾਬਲਾ, ਇਸ਼ਰਤ ਜਹਾਂ ਫਰਜ਼ੀ ਮੁਕਾਬਲਾ, ਅਤੇ ਹਰੇਨ ਪਾਂਡਿਆ ਕਤਲ ਕੇਸ ਆਦਿ ਬਾਬਤ ਜਾਣਕਾਰੀਆਂ ਇਸ ਕਿਤਾਬ ਦੀ ਵਿਸ਼ਾ ਸਮੱਗਰੀ ਹਨ। ਇਹਨਾਂ ਕਾਂਡਾਂ ਸਬੰਧੀ ਰਾਣਾ ਅਯੂਬ ਨੇ ਦਹਿਸ਼ਤਗਰਦੀ ਵਿਰੋਧੀ ਜਥੇਬੰਦੀ ਦੇ ਮੁਖੀ ਜੀ.ਐੱਲ. ਸਿੰਘਲ, 2002 'ਚ ਆਈ.ਜੀ. ਰਾਜਕੋਟ ਰਾਜਨ ਪ੍ਰਿਯਾਦਰਸ਼ੀ, ਗੁਜਰਾਤ ਪੁਲਿਸ ਦੀ ਅਧਿਕਾਰੀ ਊਸ਼ਾ ਰਾੜਾ, ਗ੍ਰਹਿ ਸਕੱਤਰ ਅਸ਼ੋਕ ਨਰਾਇਣ, ਗੁਜਰਾਤ ਇੰਟੈਲੀਜੈਂਸ ਦਾ ਮੁਖੀ ਜੀ.ਸੀ. ਰੈਗਰ, ਅਹਿਮਦਾਬਾਦ ਦਾ ਸਾਬਕਾ ਪੁਲਿਸ ਕਮਿਸ਼ਨਰ ਪੀ.ਸੀ. ਪਾਂਡੇ, ਪੁਲਿਸ ਦਾ ਡਾਇਰੈਕਟਰ ਜਨਰਲ ਚਕਰਵਰਤੀ, ਅਹਿਮਦਾਬਾਦ ਤੋਂ ਐਮ.ਐੱਲ.ਏ ਰਹਿ ਚੁੱਕੀ ਮਾਇਆ ਕੋਡਨਾਨੀ, ਗੁਜਰਾਤ ਦੀ ਪਹਿਲੀ ਔਰਤ ਆਈ.ਪੀ.ਐੱਸ. ਗੀਤਾ ਜੌਹਰੀ ਆਦਿ ਨਾਲ਼ ਮਿਲਣੀ ਦੌਰਾਨ ਕੀਤੇ ਉਹਨਾਂ ਦੇ ਸਟਿੰਗ ਦੇ ਖੁਲਾਸੇ ਸਾਹਮਣੇ ਰੱਖੇ ਹਨ।

ਇਹਨਾਂ ਮਿਲਣੀਆਂ 'ਚੋਂ ਬਹੁਤ ਸਾਰੇ ਤੱਥ ਬਾਹਰ ਆਉਂਦੇ ਹਨ। ਉਂਝ ਤਾਂ 167 ਕੁ ਸਫਿਆਂ ਦੀ ਇਹ ਪੂਰੀ ਕਿਤਾਬ ਹੀ ਬਹੁਤ ਜਾਣਕਾਰੀ ਭਰਪੂਰ ਹੈ। ਇਸਦਾ ਪੰਜਾਬੀ ਵਿੱਚ ਬਹੁਤ ਹੀ ਵਧੀਆ ਤੇ ਮਿਆਰੀ ਅਨੁਵਾਦ ਸਾਥੀ ਬੂਟਾ ਸਿੰਘ ਨੇ ਕੀਤਾ ਹੈ। ਆਉ ਕੁਝ ਤੱਥ ਤੇ ਉਦਾਹਰਨਾਂ ਦੇਖਦੇ ਹਾਂ।

2004 'ਚ ਗੁਜਰਾਤ ਪੁਲਿਸ ਨੇ ਚਾਰ ਵਿਅਕਤੀਆਂ ਦਾ ਇਹ ਕਹਿ ਕੇ ਝੂਠਾ ਮੁਕਾਬਲਾ ਬਣਾ ਦਿੱਤਾ ਸੀ ਕਿ ਇਹ ਲਸ਼ਕਰ-ਏ-ਤਾਇਬਾ ਦੇ ਬੰਦੇ ਸਨ ਜੋ ਮੁੱਖ-ਮੰਤਰੀ ਨਰਿੰਦਰ ਮੋਦੀ ਨੂੰ ਮਾਰਨਾ ਚਾਹੁੰਦੇ ਸਨ। ਇਹਨਾਂ ਚਾਰ ਵਿਅਕਤੀਆਂ ਵਿੱਚੋਂ ਇੱਕ 19 ਸਾਲਾ ਕੁੜੀ ਇਸ਼ਰਤ ਜਹਾਂ ਸ਼ਾਮਲ ਸੀ। ਭਾਵੇਂ 2008 ਵਿੱਚ ਗੁਜਰਾਤ ਹਾਈ ਕੋਰਟ ਨੇ ਫੈਸਲਾ ਦਿੱਤ ਸੀ ਕਿ 'ਇਸ਼ਰਤ ਜਹਾਂ ਦਾ ਮੁਕਾਬਲਾ ਫਰਜ਼ੀ ਸੀ'। ਇਸਦੀ ਪੁਸ਼ਟੀ ਰਾਣਾ ਅਯੂਬ ਦੀ ਜੀ.ਐੱਲ ਸਿੰਘਲ ਨਾਲ਼ ਮਿਲ਼ਣੀ ਤੋਂ ਵੀ ਹੁੰਦੀ ਹੈ ਜੋ ਇਸ ਫਰਜ਼ੀ ਮੁਕਾਬਲੇ ਵਿੱਚ ਸ਼ਾਮਲ ਸੀ। ਭਾਵੇਂ ਉਹ ਇਸਨੂੰ 'ਜੋ ਅਸੀਂ ਕੀਤਾ ਸਿਸਟਮ ਲਈ ਕੀਤਾ' ਕਹਿ ਕੇ ਆਪਣੇ ਵੱਲੋਂ ਪੱਲਾ ਝਾੜ ਲੈਂਦਾ ਹੈ ਅਤੇ "ਸੱਤਾ ਵੱਲ਼ੋਂ ਉਸਨੂੰ ਵਰਤ ਕੇ ਸੁੱਟੇ ਜਾਣ ਦੀ ਨੀਤੀ" ਦੀ ਗੱਲ ਕਰਦਾ ਹੈ। ਪਰ ਨਾਲ਼ ਹੀ ਉਹ ਦਸ ਹੋਰ ਫਰਜੀ ਮੁਕਾਬਲੇ ਆਪਣੇ ਵੱਲੋਂ ਕੀਤੇ ਹੋਣ ਦੀ ਗੱਲ ਕਰਦਾ ਹੈ। ਇਸ ਗੱਲਬਾਤ ਤੋਂ ਬਾਅਦ ਭਾਵੇਂ ਰਾਣਾ ਅਯੂਬ ਵੀ ਕੁੱਝ ਸਮੇਂ ਲਈ 'ਇਹਨਾਂ ਆਹਲਾ ਅਫਸਰਾਂ ਨੂੰ ਘਿਣਾਉਣੇ ਤਰੀਕੇ ਨਾਲ਼ ਇਸਤੇਮਾਲ ਕਰਕੇ ਸੁੱਟ ਦੇਣ' ਦਾ ਨੋਟਿਸ ਲਏ ਬਿਨਾਂ ਨਾ ਰਹਿ ਸਕੀ। ਪਰ ਅਸਲ ਵਿੱਚ ਇਹ ਚੋਰਾਂ-ਠੱਗਾਂ ਦਾ ਪੁਲਿਸ-ਸਿਆਸੀ ਗਿਰੋਹ ਹੁੰਦਾ ਹੈ ਜੋ ਪਹਿਲਾਂ ਹਿੱਸੇਪੱਤੀਆਂ ਜਾਂ ਆਪਣੀਆਂ ਗਿਣਤੀਆਂ ਮਿਣਤੀਆਂ ਵਿੱਚੋਂ ਹਰ ਪੁੱਠੇ ਸਿੱਧੇ ਕੰਮ ਵਿੱਚ ਹਿੱਸੇਦਾਰ ਹੁੰਦਾ ਹੈ ਪਰ ਜਦ ਫਸ ਜਾਣ ਤਾਂ ਗੱਲ ਮਾੜੇ 'ਤੇ ਆਉਣੀ ਹੁੰਦੀ ਹੈ। ਇਹੀ ਕੁੱਝ 2008 ਤੋਂ ਬਾਅਦ ਗੁਜਰਾਤ ਵਿੱਚ ਹੋਇਆ। ਹਰੇਨ ਪਾਂਡਿਆ ਕਤਲ, ਇਸ਼ਰਤ ਜਹਾਂ ਮੁਕਾਬਲੇ ਦੇ ਦੋਸ਼ਾਂ ਤਹਿਤ ਅਮਿਤ ਸ਼ਾਹ ਸਮੇਤ ਕਈ ਆਹਲਾ ਅਫਸਰਾਂ ਨੂੰ ਜੇਲ ਹੋਈ। ਜਿਸ ਵਿੱਚ ਅਮਿਤ ਸ਼ਾਹ ਆਪ ਭਾਵੇਂ ਪਹਿਲਾਂ ਬਾਹਰ ਆ ਗਿਆ ਤੇ ਕੁਝ ਅਫ਼ਸਰਾਂ ਨੇ ਜੇਲ ਕੱਟੀ ਪਰ 2014 'ਚ ਕੇਂਦਰ ਵਿੱਚ ਬੀਜੇਪੀ ਦੀ ਸਰਕਾਰ ਬਣਦੇ ਹੀ ਇਹਨਾਂ ਨੌਕਰਸ਼ਾਹਾਂ ਸਮੇਤ ਬਾਬੂ ਬਜਰੰਗੀ ਵਰਗੇ ਵੀ ਰਿਹਾ ਹੋ ਗਏ।

ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਿਵੇਂ ਸਿਆਸਤਦਾਨ ਆਪਣਾ ਲੁੱਟ ਤੰਤਰ ਚਲਾਉਣ ਲਈ ਆਪਣੀ ਜੀ ਹਜ਼ੂਰੀ ਕਰਨ ਵਾਲ਼ੇ ਅਫਸਰਾਂ ਨੂੰ ਨੇੜੇ ਰੱਖਦੇ ਹਨ ਅਤੇ ਜੋ ਇਸ 'ਚ ਹਿੱਸੇਦਾਰ ਨਹੀਂ ਬਣਦੇ ਉਹਨਾਂ ਦੀਆਂ ਪ੍ਰਮੋਸ਼ਨਾਂ ਰੋਕਣਾ, ਉਹਨਾਂ ਨੂੰ ਇਹਨਾਂ ਦੇ ਹਿਸਾਬ ਦੇ "ਚੰਗੇ ਵਿਭਾਗ" ਨਾ ਦੇਣਾ ਆਦਿ ਵਾਪਰਦਾ ਹੈ। ਜਿਵੇਂ ਕਿਤਬ ਵਿੱਚ ਰਾਜਨ ਪ੍ਰਿਯਦਰਸ਼ੀ ਨਾਲ਼ ਗੱਲਬਾਤ ਤੋਂ ਪਤਾ ਲੱਗਦਾ ਹੈ। ਯਾਨੀ ਸਾਰੀ ਨੌਕਰਸ਼ਾਹੀ ਹੀ ਉਸ ਸਮੇਂ ਸਿਆਸਤ ਦੇ ਹੱਥਾਂ 'ਚ ਨਹੀਂ ਖੇਡ ਰਹੀ ਸੀ ਸਗੋਂ ਰਾਜਨ ਵਰਗੇ ਕੁੱਝ ਅਫਸਰ ਸਨ ਜੋ ਇਹਨਾਂ ਕਾਲ਼ੇ ਕਾਰਨਾਮਿਆਂ ਵਿੱਚ ਸਰਕਾਰ ਦੇ ਸੰਗੀ ਨਹੀਂ ਬਣਨਾ ਚਾਹੁੰਦੇ ਸਨ। ਪਰ ਜਾਂਚ ਕਮਿਸ਼ਨਾਂ ਅੱਗੇ ਇਹਨਾਂ ਦਾ ਚੁੱਪੀ ਸਾਧਣਾ, ਇਹਨਾਂ ਦੀ ਅਸਿੱਧੀ ਹਿੱਸੇਦਾਰੀ ਨੂੰ ਸਿੱਧ ਕਰਦਾ ਹੈ। ਭਾਵੇਂ ਕੁੱਝ ਅਫਸਰਾਂ ਨੇ ਗੁਜਰਾਤ ਵਿੱਚ ਮੁਸਲਮਾਨਾਂ ਦੇ ਕਤਲੇਆਮ ਦੌਰਾਨ ਕਈ ਜਾਨਾਂ ਵੀ ਬਚਾਈਆਂ ਸਨ।

ਇਸ਼ਰਤ ਜਹਾਂ ਮਾਮਲੇ ਵਿੱਚ ਇਹਨਾਂ ਗੱਲਾਂਬਾਤਾਂ ਤੋਂ ਪਤਾ ਲੱਗਦਾ ਹੈ ਕਿ ਉਸਦੇ ਫਰਜ਼ੀ ਮੁਕਾਬਲੇ ਤੋਂ ਪਹਿਲਾਂ ਉਹਨਾਂ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਸੀ ਤੇ ਉਹਨਾਂ ਦਾ ਕਤਲ ਕੀਤਾ ਗਿਆ ਸੀ, ਕੋਈ ਮੁਕਾਬਲਾ ਨਹੀਂ ਹੋਇਆ ਸੀ। ਰਾਜਨ ਪ੍ਰਿਯਦਰਸ਼ੀ ਨੇ ਰਾਣਾ ਨੂੰ ਦੱਸਿਆ ਕਿ 'ਉਹ ਕੋਈ ਦਹਿਸ਼ਤਗਰਦ ਨਹੀਂ ਸਨ'। ਕਿਤਾਬ ਦੇ ਪੰਨਾ ਨੰਬਰ 73 'ਤੇ ਰਾਣਾ ਲਿਖਦੀ ਹੈ, "ਗੁਜਰਾਤ ਕਾਡਰ ਦੇ 1988 ਬੈਚ ਦੇ ਆਈ.ਪੀ.ਐੱਸ. ਅਫਸਰ ਦੇ ਬਿਆਨ ਅਨੁਸਾਰ, ਸੰਜੀਵ ਭੱਟ ਉਦੋਂ 'ਉਸ ਮੀਟਿੰਗ ਵਿੱਚ ਸ਼ਾਮਲ ਸੀ ਜੋ ਗੁਜਰਾਤ ਦੇ ਮੁੱਖ ਮੰਤਰੀ ਮੋਦੀ ਨੇ ਸੱਦੀ ਸੀ। ਸ਼੍ਰੀਮਾਨ ਮੋਦੀ ਨੇ ਆਹਲਾ ਪੁਲਿਸ ਅਧਿਕਾਰੀਆਂ ਨੂੰ ਕਿਹਾ ਸੀ ਕਿ 'ਹਿੰਦੂਆਂ ਨੂੰ ਘੱਟਗਿਣਤੀ ਭਾਈਚਾਰੇ ਖਿਲਾਫ ਆਪਣਾ ਗੁੱਸਾ ਕੱਢ ਲੈਣ ਦਿਓ'।" ਅਜਿਹੀ ਪਲਾਨਿੰਗ ਤੋਂ 2002 ਦੇ ਮੁਸਲਮਾਨਾਂ ਦੇ ਕਾਤਲੇਆਮਾਂ ਦੀ ਸੱਚਾਈ ਦਾ ਪਤਾ ਲੱਗਦਾ ਹੈ ਕਿ ਕਿਵੇਂ ਇਹਨਾਂ ਬਰਬਰ ਕਤਲੇਆਮ ਵਿੱਚ ਮੋਦੀ ਸਰਕਾਰ ਸਿੱਧੀ ਸ਼ਾਮਲ ਸੀ।

ਅਸ਼ੋਕ ਨਰਾਇਣ ਨਾਲ਼ ਹੋਈ ਗੱਲ ਤੋਂ ਪਤਾ ਲੱਗਦਾ ਹੈ ਕਿ ਜਿਹਨਾਂ ਕੁੱਝ ਸਰਕਾਰੀ ਅਧਿਕਾਰੀਆਂ ਨੇ ਸਰਕਾਰ ਦਾ ਸਾਥ ਦੇਣ ਦੀ ਚੋਣ ਕੀਤੀ ਉਹਨਾਂ ਨੂੰ ਸਨਮਾਨਿਆ ਗਿਆ। ਕੁੱਝ ਅਧਿਕਾਰੀਆਂ ਨੇ ਕਤਲੇਆਮ ਮਸਲੇ 'ਤੇ ਸਰਕਾਰ ਦਾ ਸਾਥ ਨਹੀਂ ਦਿੱਤਾ। ਇਹਨਾਂ ਅਫਸਰਾਂ ਪ੍ਰਤੀ ਮੋਦੀ ਸਰਕਾਰ ਦਾ ਬਦਲੇਖੋਰ ਰਵੱਈਆ ਅਤੇ ਉਹਨਾਂ ਦੇ ਤਬਾਦਲੇ, ਸਾਰਿਆਂ ਨੂੰ ਸਪੱਸ਼ਟ ਨਜ਼ਰ ਆਉਂਦੇ ਹਨ। ਰਾਹੁਲ ਸ਼ਰਮਾ, ਰਜਨੀਸ਼ ਰਾਏ, ਸਤੀਸ਼ ਵਰਮਾ, ਕੁਲਦੀਪ ਸ਼ਰਮਾ ਆਦਿ ਅਫਸਰਾਂ ਦੇ ਘੱਟ-ਘੱਟ 20 ਸਾਲ ਪੁਰਾਣੇ ਨੁਕਸਦੇਹ ਮਾਮਲੇ ਕੱਢ ਲਏ ਅਤੇ ਉਹਨਾਂ ਖਿਲਾਫ ਇਸਤੇਮਾਲ ਕੀਤੇ ਗਏ। ਇਹ ਉਹ ਅਫਸਰ ਸਨ ਜਿਹਨਾਂ ਨੇ ਉਸ ਵਕਤ ਨਿਆਂ ਦਾ ਪੱਖ ਲੈਣ ਦੀ ਵਾਹ ਲਾਈ ਜਦੋਂ ਗੁਜਰਾਤ ਵਿੱਚ ਨਿਆਂ ਨਿਵਾਣਾਂ ਛੂਹ ਰਿਹਾ ਸੀ।

2002 ਦੇ ਕਤਲੇਆਮ ਦੇ ਹਵਾਲੇ ਨਾਲ਼ ਇਹ ਕਿਤਾਬ ਦਿਖਾਉਂਦੀ ਹੈ ਕਿ ਕਿਵੇਂ ਫਾਸੀਵਾਦੀ ਤੰਤਰ ਕੰਮ ਕਰਦਾ ਹੈ। ਕਿਵੇਂ ਉਸ ਕੁਝ ਸਮੇਂ ਲਈ ਗੁਜਰਾਤ ਦੇ ਸਿਸਟਮ ਨੂੰ ਰਸਸ-ਵਿਹਿਪ੍ਰੀ ਚਲਾ ਰਹੀਆਂ ਸਨ। ਜ਼ੁਬਾਨੀ-ਕਲਾਮੀ ਹੁਕਮ ਆਉਂਦੇ ਸਨ। ਜੋ ਨੌਕਰਸ਼ਾਹ ਇਹਨਾਂ ਦੰਗਾਈਆਂ ਦੀ ਹਾਂ ਵਿੱਚ ਹਾਂ ਮਿਲਾਉਂਦੇ ਸਨ ਉਹਨਾਂ ਨੂੰ ਨਾਲ਼ ਲਿਆ ਗਿਆ ਅਤੇ ਜੋ ਸਹਿਮਤ ਨਾ ਹੁੰਦੇ ਉਹਨਾਂ ਤੋਂ ਹੁਕਮ ਬਾਈਪਾਸ ਕਰ ਦਿੱਤੇ ਜਾਂਦੇ ਸਨ। ਕਿਵੇਂ ਰਾਜ-ਮਸ਼ੀਨਰੀ ਤੇ ਦੰਗਾਈਆਂ ਵਿਚਲਾ ਫਰਕ ਨਾਂ ਦੇ ਬਰਬਾਬਰ ਰਹਿ ਗਿਆ ਸੀ। ਕਿਵੇਂ ਜਾਂਚ ਟੀਮਾਂ ਜਾਂ ਕਮਿਸ਼ਨਾਂ ਵਿੱਚੋਂ ਇਹਨਾਂ ਦੰਗਾਈਆਂ ਦੇ ਦੰਭ ਨੂੰ ਨੰਗਾ ਕਰਦੇ ਸਗੋਂ ਇਹਨਾਂ ਵਿੱਚੋਂ ਬਹੁਤੇ ਅਜ਼ਾਦ ਘੁੰਮਦੇ ਰਹੇ ਅਤੇ ਜੋ ਥੋੜੇ ਬਹੁਤਿਆਂ ਨੂੰ ਸਜ਼ਾਵਾਂ ਵੀ ਹੋਈਆਂ ਉਹਨਾਂ ਨੂੰ 2014 ਵਿੱਚ ਕੇਂਦਰ 'ਚ ਬੀਜੇਪੀ ਦੀ ਸਰਕਾਰ ਬਣਨ ਤੋਂ ਬਾਅਦ ਨਾ ਸਿਰਫ ਬਰੀ ਕੀਤੇ ਗਏ ਸਗੋਂ ਉਹਨਾਂ ਦਾ ਨਾਇਕਾਂ ਵਾਂਗ ਸੁਆਗਤ ਕੀਤਾ ਗਿਆ। ਕਿਤਾਬ ਦੀ ਭੂਮਿਕਾ ਵਿੱਚ ਇਸ ਬਾਰੇ ਸਾਥੀ ਬੂਟਾ ਸਿੰਘ ਨੇ ਠੀਕ ਲਿਖਿਆ ਹੈ:

"ਇਸ ਦੌਰ ਦੀ ਇੱਕ ਘੋਰ ਸਦਮਾਜਨਕ ਤ੍ਰਾਸਦੀ ਹੈ ਕਿ ਜੋ ਮੁਜਰਿਮ ਜੇਲ ਵਿੱਚ ਹੋਣੇ ਚਾਹੀਦੇ ਸਨ ਉਹ ਸਗੋਂ ਇਸ ਵਕਤ ਤਰੱਕੀ ਪਾ ਕੇ ਰਾਜ ਦੇ ਉੱਚੇ ਅਹੁਦਿਆਂ 'ਤੇ ਬੈਠੇ ਹਨ, ਦੇਸ਼ ਭਗਤੀ ਦੇ ਸਭ ਤੋਂ ਵੱਡੇ ਠੇਕੇਦਾਰ ਬਣੇ ਹੋਏ ਹਨ ਅਤੇ ਮੁਲਕ ਦੀ ਹੋਣੀ ਤੈਅ ਕਰਨ ਦੇ ਫੈਸਲੇ ਲੈ ਰਹੇ ਹਨ। ਇਸਦਾ ਨਿਆਂ ਦੇ ਅਮਲ ਉੱਪਰ ਕਿਸ ਤਰਾਂ ਦਾ ਖਤਰਨਾਕ ਪ੍ਰਭਾਵ ਹੈ, ਉਹ ਅਦਾਲਤੀ ਪ੍ਰਬੰਧਾਂ ਵੱਲੋਂ ਕਾਤਲਾਂ/ਮੁਰਜਿਮਾਂ ਨੂੰ ਜ਼ਮਾਨਤਾਂ, ਰਿਹਾਈਆਂ ਅਤੇ ਬੇਗੁਨਾਹ ਹੋਣ ਦੇ ਧੜਾਧੜ ਜਾਰੀ ਕੀਤੇ ਸਰਟੀਫਿਕੇਟਾਂ ਦੇ ਹਾਲੀਆ ਸਿਲਸਿਲੇ ਤੋਂ ਸਾਫ ਦੇਖਿਆ ਜਾ ਸਕਦਾ ਹੈ। ਕਨੂੰਨੀ ਅਮਲ ਦੀਆਂ ਧੱਜੀਆਂ ਉਡਾਉਣ ਵਾਲ਼ੇ ਜਿਹੜੇ ਪੁਲਿਸ ਅਫਸਰਾਂ ਅਤੇ ਭਗਵਾਂ ਆਗੂਆਂ ਨੂੰ ਕਿਸੇ ਕਾਰਨ ਜੇਲ ਜਾਣਾ ਪੈ ਗਿਆ ਸੀ, 2014 'ਤੇ ਕੇਂਦਰ ਵਿੱਚ ਭਾਜਪਾ ਦੇ ਸੱਤਾਧਾਰੀ ਹੋਣ ਤੋਂ ਬਾਅਦ ਉਹ ਸਾਰੇ ਇੱਕ-ਇੱਕ ਕਰਕੇ ਬਰੀ ਹੋ ਗਏ ਅਤੇ ਨਾਇਕਾਂ ਵਾਂਗ ਸਨਮਾਨੇ ਜਾ ਰਹੇ ਹਨ। ਸੰਘ ਪਰਿਵਾਰ ਲਈ ਭਾਵੇਂ ਉਸ ਮੁੱਦੇ ਦਾ ਨਿਆਂਇਕ ਨਿਤਾਰਾ ਹੋ ਚੁੱਕਾ ਹੈ ਪਰ ਇਨਸਾਨੀਅਤ ਦੇ ਦਰਦਮੰਦਾਂ ਦੀ ਇਨਸਾਫ ਲਈ ਲੜਾਈ ਨਾ ਸਿਰਫ ਜਾਰੀ ਹੈ ਸਗੋਂ ਅੱਜ ਇਹ ਹੋਰ ਵੀ ਅਹਿਮੀਅਤ ਅਖ਼ਤਿਆਰ ਕਰ ਗਈ ਹੈ। ਇਹਨਾਂ ਹਾਲਤਾਂ ਵਿੱਚ ਸੱਚ ਨੂੰ ਸਾਹਮਣੇ ਲਿਆਉਣ ਅਤੇ ਤੱਥਾਂ ਨੂੰ ਵਾਰ-ਵਾਰ ਦੁਹਰਾਉਣ ਦੀ ਬੇਹੱਦ ਜਰੂਰਤ ਹੈ। ਅਦਾਲਤੀ ਨਿਆਂ ਤੋਂ ਪਾਰ ਅਸਲ ਨਿਆਂ ਲੋਕ-ਰਾਇ ਹੈ ਜਿਸਨੂੰ ਉਸਾਰਨ ਵਿੱਚ ਸੱਚ ਨੂੰ ਕਹਿਣ ਵਾਲ਼ੇ ਜਾਗਦੀ ਜਮੀਰ ਵਾਲ਼ੇ ਚਿੰਤਨਸ਼ੀਲ ਤੇ ਜਾਗਰੁਕ ਲੋਕ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਲੋਕ ਰਾਇ ਫਿਰ ਹਿਟਲਰਾਂ ਨੂੰ ਇਤਿਹਾਸ ਵਿੱਚ ਉਹਨਾਂ ਦੀ ਅਸਲ ਜਗਾ ਦਿਖਾਉਂਦੀ ਹੈ। ਨੰਗਾ ਅਨਿਆਂ ਇਸ ਪ੍ਰਬੰਧ ਦੀ ਫਿਤਰਤ ਵੀ ਹੈ ਅਤੇ ਦਸਤੂਰ ਵੀ, ਹਥਲੀ ਕਿਤਾਬ ਲੋਕ ਸੰਘਰਸ਼ਾਂ ਰਾਹੀਂ ਨਿਆਂ ਦੀ ਉਮੀਦ ਵਿੱਚ ਮਜ਼ਲੂਮਾਂ ਦੀ ਨਿਹਚਾ ਲਈ ਸਹਾਰਾ ਬਣਦੀ ਹੈ।"

ਹਰ ਨਿਆਂ ਤੇ ਜਮਹੂਰੀਅਤ ਪਸੰਦ ਸ਼ਹਿਰੀ ਨੂੰ ਇਹ ਕਿਤਾਬ ਜਰੂਰ ਪੜਨੀ ਚਾਹੀਦੀ ਹੈ। ਸਾਥੀ ਬੂਟਾ ਸਿੰਘ ਨੇ ਅਜਿਹੀ ਵਡਮੁੱਲੀ ਕਿਤਾਬ ਦਾ ਪੰਜਾਬੀ ਭਾਸ਼ਾ ਵਿੱਚ ਮਿਆਰੀ ਉਲੱਥਾ ਕਰਕੇ ਨਿਆਂ ਦਾ ਝੰਡਾ ਬੁਲੰਦ ਕਰਨ ਵਾਲ਼ੇ ਲੋਕਾਂ ਲਈ ਸੱਚੀਓਂ ਬਹੁਤ ਵੱਡਾ ਕਾਰਜ ਕੀਤਾ ਹੈ।

ਲਲਕਾਰ 'ਚੋਂ ਧੰਨਵਾਦ ਸਹਿਤ

# ਸੇਰਾਂ ਨਾਲ ਭਿੜਨਾ ਪਿਆ ਸਿੱਖ ਕਿਸਾਨਾਂ ਨੂੰ ਯੂ.ਪੀ ਦੀ ਤਰਾਈ ਆਬਾਦ ਕਰਨ ਵੇਲੇ



*ਸਰਦਾਰ ਗੁਰਪ੍ਰੀਤ ਸਿੰਘ ਮੰਡਿਆਣੀ ਦਾ ਤੱਥ ਭਰਪੂਰ ਲੇਖ*

ਯੂ.ਪੀ ਚ ਤਰਾਈ ਦਾ ਖੇਤੀ ਖਾਤਰ ਸਿੱਖਾਂ ਵੱਲੋਂ ਅਬਾਦ ਕੀਤਾ ਜਾ ਰਿਹਾ ਜੰਗਲੀ ਇਲਾਕਾ ਤੇ ਸੰਨ 1955. ਅੰਗਰੇਜਾਂ ਵੱਲੋਂ ਜੰਗਲੀ ਜਾਨਵਰਾਂ ਦੀ ਰੱਖ ਖਾਤਰ ਮਖ਼ਸੂਸ ਰੱਖੇ ਗਏ ਤਰਾਈ ਦੇ ਜੰਗਲਾਂ ਨੂੰ ਖੇਤੀ ਲਾਇਕ ਬਨਾਉਣ ਦੀ ਵਿਉਂਤ ਤੇ ਅੰਗਰੇਜਾਂ ਦੇ ਇੱਥੋਂ ਰੁਖਸਤ ਹੋਣ ਤੋਂ ਫੌਰਨ ਬਾਅਦ ਅਮਲ ਸ਼ੁਰੂ ਹੋ ਗਿਆ ਸੀ। ਇੱਥੇ 99 ਸਾਲਾ ਪਟਾ-ਨਾਮੇ ਵਾਲੀ ਅਲਾਟਮੈਂਟ ਸਭ ਵਾਸਤੇ ਖੋਲੀ ਗਈ ਪਰ ਪੰਜਾਬੀਆਂ ਤੋਂ ਇਲਾਵਾ ਹੋਰ ਕਿਸੇ ਨੇ ਇਹ ਸਕੀਮ ਚ ਕੋਈ ਦਿਲਚਸਪੀ ਨਾ ਦਿਖਾਈ ਅਸਲ ਮਾਇਨਿਆਂ ਚ ਹੌਸਲਾ ਨਾ ਕੀਤਾ। ਸੋ ਮੁਢਲੇ 10 ਸਾਲਾਂ ਦੌਰਨ ਖੇਤੀ ਖਾਤਰ ਪੈਲੀ ਦੀ ਅਲਾਟਮੈਂਟ ਲੈਣ ਵਾਲੇ ਸੌ ਫੀਸਦ ਪੰਜਾਬੀ ਸੀ ਤੇ ਉਹ ਵੀ ਸੌ ਫੀਸਦ ਸਿੱਖ। ਇਹਨਾਂ ਚੋਂ ਬਹੁ ਫੀਸਦੀ ਜੱਟ ਸੀ ਕੁਝ ਰਾਏ ਸਿੱਖ ਤੇ ਕੰਬੋ ਸਿੱਖ ਵੀ ਸੀਗੇ। ਭਾਵੇਂ ਜੰਗਲ 'ਚ ਜਾ ਵਸਣ ਦਾ ਫੈਸਲਾ ਲੈਣਾ ਹੀ ਦਲੇਰੀ ਵਾਲਾ ਕਦਮ ਸੀ ਪਰ ਇਹਨਾਂ ਚੋਂ ਵੱਡੀ ਗਿਣਤੀ ਚ ਲੋਕ ਇੱਥੇ ਦਰਪੇਸ ਔਕੁੜਾਂ ਤੋਂ ਤੰਗ ਆ ਕੇ ਅਲਾਟਮੈਂਟ ਛੱਡ ਪੰਜਾਬ ਵਾਪਸ ਪਰਤ ਗਏ। ਬਹੁਤ ਸਾਰੇ ਇੱਥੇ ਸਿਰਫ ਕੁਝ ਦਿਨ ਹੀ ਰਹੇ। ਅਲਾਟਮੈਂਟ ਕਰਾ ਕੇ ਪੰਜਾਬ ਗਏ ਕਈ ਬੰਦਿਆਂ ਦੇ ਪਰਿਵਾਰਾਂ ਨੇ ਜੰਗਲ ਦੇ ਖੌਫਨਾਕ ਹਾਲਾਤ ਸੁਣ ਕੇ ਪਰਿਵਾਰ ਮੁਖੀਆਂ ਨੂੰ ਯੂ ਪੀ ਵਾਪਸ ਮੁੜਨ ਹੀ ਨਹੀਂ ਦਿੱਤਾ।

ਅਪ੍ਰੈਲ 1993 ਪੰਜਾਬੀ ਟ੍ਰਿਬਿਊਨ ਅਖਬਾਰ ਚ ਤਰਾਈ 'ਚ ਵਸੇ ਇੱਕ ਪੰਜਾਬੀ ਤਿਰਲੋਕ ਮਨਸੂਰ ਵੱਲੋਂ ਲਿਖੀ ਇੱਕ ਲੇਖ ਲੜੀ 'ਚ ਉਹਨਾਂ ਦੱਸਿਆ ਕਿ ਸਾਡੇ ਪਿੰਡ ਦੇ ਚਾਰ ਪਰਿਵਾਰ ਨੈਨੀਤਾਲ ਜ਼ਿਲੇ ਦੀ ਕਿੱਛਾ ਤਹਿਸੀਲ ਚ ਅਲਾਟਮੈਂਟ ਹੋਈ ਪੈਲੀ ਤੇ ਪਹੁੰਚਣ ਖਾਤਰ ਰਾਹ ਚ ਪੈਂਦੀ ਇੱਕ ਨਦੀ ਪਾਰ ਕਰਨ ਲੱਗੇ ਤਾਂ ਸਾਡੇ ਪਰਿਵਾਰ ਤੋਂ ਇਲਾਵਾ ਬਾਕੀ ਤਿੰਨ ਪਰਿਵਾਰ ਗਲ-ਗਲ ਡੂੰਘੇ ਪਾਣੀ ਵਾਲੀ ਨਦੀ ਦੇ ਅੱਧ ਵਿਚਕਾਰੋਂ ਹੀ ਪਿੱਛੇ ਮੁੜ ਗਏ। ਤਿਰਲੋਕ ਮਨਸੂਰ ਲਿਖਦੇ ਹਨ ਕਿ ਮੇਰੇ ਬਾਪੂ ਨੇ ਉਹਨਾ ਨੂੰ ਨਦੀ ਪਾਰ ਕਰਨ ਖਾਤਰ ਇਹ ਕਹਿੰਦਿਆਂ ਬਥੇਰਾ ਜੋਰ ਲਾਇਆ ਕਿ ਤੁਸੀਂ ਇੱਕ ਵਰ ਪੈਲੀ ਤਾਂ ਦੇਖ ਆਓ। ਪਰ ਉਹ ਪਰਿਵਾਰ ਕਹਿੰਦੇ ਕਿ ਅਜੇ ਤਾਂ ਇੱਕ ਨਦੀ ਹੀ ਦੇਖੀ ਹੈ ਰਾਹ ਚ ਇਹੋ ਜਹੀਆਂ ਨਦੀਆਂ ਹੋਰ ਪਤਾ ਨਹੀਂ ਕਿੰਨੀਆਂ ਹੋਣਗੀਆਂ, "ਖਸਮਾ ਨੂੰ ਖਾਵੇ ਪੈਲੀ ਅਸੀਂ ਆਪ ਡੁੱਬ ਮਰਨ ਨਾਲੋਂ ਪੈਲੀ ਡੁੱਬੀ ਹੀ ਚੰਗੀ ਹੈ" ਆਖ ਕੇ ਉਹਨੀ ਪੈਰੀਂ ਹੀ ਪੈਲੀ ਛੱਡ ਮੁੜ ਪੰਜਾਬ ਦੇ ਰਾਹ ਪੈ ਗਏ। ਅਲਾਟ ਹੋਈ ਪੈਲੀ ਛੱਡ ਕੇ ਪੰਜਾਬ ਪਰਤਣ ਵਾਲੇ ਇਹਦੇ ਨਾਲ ਮਿਲਦੇ ਜੁਲਦੇ ਹੋਰ ਵਾਕਿਆਤ ਉਸ ਲੇਖ ਲੜੀ ਚ ਵੀ ਮਿਲਦੇ ਨੇ ਤੇ ਮੈਂ ਆਪਦੇ ਨਾਨੇ ਤੋਂ ਵੀ ਸੁਣੇ ਹੋਏ ਨੇ। ਮੋਟੇ ਅੰਦਾਜੇ ਮੁਤਾਬਿਕ ਲਗਭਗ ਅੱਧੇ ਲੋਕ ਔਖਿਆਈਆਂ ਨਾ ਝੱਲ ਸਕਣ ਕਾਰਨ ਹੀ ਪੰਜਾਬ ਵਾਪਸ ਆ ਗਏ ਸੀ ਪਹਿਲੇ ਸਾਲ ਚ ਹੀ। ਚਲੋ ਹੁਣ ਗੱਲ ਕਰੀਏ ਓਹਨਾ ਸਿਰੜੀਆਂ ਦੀ ਜੇਹੜੇ ਰੱਬ ਤੇ ਭਰੋਸਾ ਕਰਕੇ 'ਜੋ ਹੋਊ ਦੇਖੀ ਜਾਊ' ਕਹਿ ਕੇ ਜੰਗਲ ਚ ਬੈਠੇ ਰਹੇ। ਬਿਨਾ ਕਿਸੇ ਟਰੈਕਟਰ, ਬਿਨਾ ਕਿਸੇ ਅਸਲੇ ਤੇ ਬਿਨਾ ਛੱਤ ਤੋਂ ਸੇਰਾਂ ਵਾਲੇ ਜੰਗਲਾਂ ਚ ਜਾ ਬੈਠਣਾ ਪਹਾੜ ਜਿੱਡੇ ਜਿਗਰੇ ਤੋਂ ਬਿਨਾ ਮੁਮਕਿਨ ਨਹੀਂ ਸੀ। ਜ਼ਮੀਨਾਂ ਦੇ ਕਬਜੇ ਲੈਣ ਮਗਰੋਂ ਖੇਤੀ ਵਾਸਤੇ ਟਰੈਕਟਰ ਤੇ ਸੇਰਾਂ ਤੇ ਹੋਰ ਜਨਵਰਾਂ ਤੋਂ ਬਚਾਅ ਵਾਸਤੇ ਅਸਲਾ ਮੁਢਲੀ ਲੋੜ ਸੀ, ਜਿਸ ਵਾਸਤੇ ਪੈਸਾ ਚਾਹੀਦਾ ਸੀ ਇਹਦੇ ਖਾਤਰ ਕਿਸੇ ਨੇ ਪੰਜਾਬ ਵਿਚਲੀ ਪੈਲੀ ਗਹਿਣੇ ਧਰੀ, ਕਿਸੇ ਨੇ ਘਰੇਲੂ ਟੂਮ-ਛੱਲਾ ਵੇਚਿਆ, ਮਾਲ-ਡੰਗਰ ਵੇਚੇ ਸੋ ਲੋਕਾਂ ਕਿਮੇ ਨਾ ਕਿਮੇ ਇਹਦਾ ਇੰਤਜਾਮ ਵੀ ਕੀਤਾ, ਜਿਹੜਾ ਖੁਦ ਨਹੀਂ ਕਰ ਸਕਿਆ ਉਹਨੇ ਕਿਸੇ ਨਾਲ ਹਿੱਸੇਦਾਰੀ ਕੀਤੀ। ਇੱਕ ਦੋ ਸਾਲਾਂ ਵਿੱਚ ਜਦੋਂ ਇਨਾ ਲੋਕਾਂ ਨੇ ਕੱਚੀਆਂ ਕੰਧਾਂ ਵਾਲੇ ਬਾਂਸ-ਫੂਸ ਦੀਆਂ ਛੱਤਾਂ ਵਾਲੇ ਆਸਰੇ ਖੜੇ ਕਰ ਲਏ ਤਾਂ ਹੀ ਜਾ ਕੇ ਪੰਜਾਬ ਤੋਂ ਆਪਦੇ ਟੱਬਰ ਟੀਹਰ ਤਰਾਈ ਚ ਲੈ ਕੇ ਗਏ। ਮੇਰੇ ਨਾਨਾ ਜੀ 1948 ਚ ਆਪ ਗਏ ਤੇ ਟੱਬਰ ਨੂੰ 1950 ਚ ਲੈ ਕੇ ਗਏ। ਤਰਾਈ ਪਹਾੜ ਦੀਆਂ ਜੜਾਂ ਚ ਪੈਂਦੇ ਨਦੀਆਂ ਨਾਲਿਆਂ ਵਾਲੇ ਮੈਦਾਨੀ ਜੰਗਲ ਨੂੰ ਕਿਹਾ ਜਾਂਦਾ ਹੈ। ਉਸ ਵੇਲੇ ਤਰਾਈ ਦੀ ਲੰਬਾਈ ਲਗਭਗ 300 ਅਤੇ ਔਸਤ ਚੌੜਾਈ ਲਗਭਗ 60 ਕਿੱਲੋਮੀਟਰ ਸੀ.. ਮੁਸਕਿਲਾਂ ਬਿਆਨੋ ਬਾਹਰੀਆਂ ਸੀ। ਸੇਰਾਂ, ਚੀਤਿਆਂ ਸਮੇਤ ਕੋਈ ਅਜਿਹਾ ਜੰਗਲੀ ਜਾਨਵਰ ਨਹੀਂ ਸੀ ਜੋ ਉੱਥੇ ਨਾ ਹੋਵੇ ਮਨੁੱਖਾਂ ਨੂੰ ਮਾਰਨ ਵਾਲੇ ਵੀ ਤੇ ਫਸਲਾਂ ਉਜਾੜਨ ਵਾਲੇ ਜਾਨਵਰ ਵੀ। ਸੱਪਾਂ-ਸਰਾਲਾਂ, ਮੱਛਰਾਂ ਤੇ ਲਹੂ ਪੀਣੀਆਂ ਜੋਕਾਂ ਦਾ ਕੋਈ ਅੰਤ ਨਹੀਂ ਸੀ। ਜੂਨ-ਜੁਲਾਈ-ਅਗਸਤ ਤਿੰਨ ਮਹੀਨੇ ਲਗਾਤਾਰ ਮੀਂਹ ਪੈਣ ਕਾਰਨ ਨਦੀਆਂ ਦਾ ਪਾਣੀ ਚੜ੍ਹਿਆ ਰਹਿੰਦਾ ਸੀ ਜੀਹਦੀ ਵਜਾਹ ਕਰਕੇ ਸਹਿਰ ਨਹੀਂ ਸੀ ਜਾਇਆ ਜਾ ਸਕਦਾ। ਨਾ ਬੱਚਿਆਂ ਦੀ ਭੜਾਈ ਦਾ ਕੋਈ ਇੰਤਜਾਮ ਸੀ ਤੇ ਨਾ ਹੀ ਇਲਾਜ ਦਾ ਇੱਥੋਂ ਤੱਕ ਕਿ ਮਲੇਰੀਏ ਦਾ ਇਲਾਜ ਵੀ ਦੂਰ ਸੀ। ਦਸ ਪੰਦਰਾਂ ਸਾਲਾਂ ਦੀ ਜੱਦੋ ਜਹਿਦ ਤੋਂ ਬਾਅਦ ਜਦੋਂ ਜ਼ਿੰਦਗੀ ਦੀ ਗੱਡੀ ਪਟੜੀ ਤੇ ਚੜਨ ਲੱਗੀ, ਜੰਗਲਾਂ ਦੇ ਮੰਗਲ ਬਣ ਗਏ ਵੱਡੇ-ਵੱਡੇ ਟਰੈਕਟਰ ਆ ਗਏ ਛੱਪਰਾਂ ਦੀ ਥਾਂ ਪੱਕੇ ਮਕਾਨ ਉਸਰ ਗਏ ਤਾਂ ਬੱਸ ਉਦੋਂ ਤੋਂ ਹੀ ਇੰਨਾ ਦੇ ਸਿਰ ਤੇ ਉਜਾੜੇ ਦੀ ਆਹਟ ਦਸਤਕ ਦੇਣ ਲੱਗੀ ਕੋਈ ਨਾ ਕੋਈ ਕਾਨੂੰਨੀ ਢੁੱਚਰਾਂ ਖੜ੍ਹੀਆਂ ਕਰਕੇ ਇਨਾਂ ਦੇ ਜਮੀਨੀ ਕਬਜ਼ਿਆਂ ਨੂੰ ਗੈਰ ਕਨੂੰਨੀ ਕਰਾਰ ਦਿੱਤਾ ਜਾਣਾ ਸੁਰੂ ਹੋ ਗਿਆ।

ਉਜਾੜੇ ਦੀ ਪਹਿਲੀ ਦਸਤਕ ਨੈਨੀਤਾਲ (ਹੁਣ ਊਧਮ ਸਿੰਘ ਨਗਰ) ਜਿਲੇ ਦੀ ਤਹਿਸੀਲ ਬਾਜਪੁਰ, ਬੇਰੀਆਂ ਦੌਲਤ ਤੇ ਬਰੈਹਣੀ ਦੇ ਵਿਚਕਾਰ ਪੈਂਦੇ ਰਾਏ ਸਿੱਖਾਂ ਦੇ ਫਾਰਮ ਥਾਪਾ ਨਗਲਾ ਵਿੱਚ ਦੇਖਣ ਨੂੰ ਮਿਲੀ। ਪੱਕਾ ਸੰਨ ਤਾਂ ਪਤਾ ਨਹੀਂ ਅੰਦਾਜੇ ਮੁਤਾਬਕ 1963 ਦੀ ਗੱਲ ਹੈ, ਖੇਤੀ ਕਰ ਰਹੇ ਰਾਏ ਸਿੱਖ ਕਿਸਾਨਾਂ ਦੇ ਫਾਰਮ ਥਾਪਾ ਨਗਲਾ ਨੂੰ ਕਾਗਜਾਂ 'ਚ ਬੰਜਰ ਲਿਖ ਕੇ ਇਹਦੀ ਅਲਾਟਮੈਂਟ ਪਹਾੜੀਆ ਦੇ ਨਾਂਅ ਚਾੜ ਦਿੱਤੀ, ਇਸੇ ਬਹਾਨੇ ਸਰਕਾਰੀ ਅਫਸਰ ਰਾਏ ਸਿੱਖ ਕਿਸਾਨਾਂ ਤੋਂ ਕਬਜਾ ਪਹਾੜੀਆਂ ਨੂੰ ਦਿਵਾਉਣ ਖਾਤਰ ਪੁੱਜੇ ਪਰ ਕਿਸਾਨ ਇਹ ਆਖ ਕੇ ਕਬਜਾ ਛੱਡਣਾ ਇਨਕਾਰੀ ਸਨ ਕਿ ਖੇਤੀ ਪੈਦਾਵਾਰ ਦੇ ਰਹੀ ਜਮੀਨ ਨੂੰ ਰਿਕਾਰਡ 'ਚ ਬੰਜਰ ਲਿਖਣਾ ਕਾਨੂੰਨੀ ਹੇਰਾ ਫੇਰੀ ਹੈ। ਜਦੋਂ ਥੋੜ੍ਹੀ ਪੁਲਿਸ ਫੋਰਸ ਦੀ ਪੇਸ ਨਾ ਗਈ ਤਾਂ ਪੀ ਏ ਸੀ ਪੁਲਿਸ ਨੇ ਆ ਕੇ ਕਿਸਾਨਾਂ ਤੇ ਗੋਲੀ ਚਲਾਈ ਜੀਹਦੇ ਇੱਕ ਰਾਏ ਸਿੱਖ ਸ੍ਰ. ਸੁੰਦਰ ਸਿੰਘ ਮਾਰਿਆ ਗਿਆ ਤੇ ਕਈ ਫੱਟੜ ਹੋਏ। ਇਹਦੇ ਰੋਸ ਵਜੋਂ ਬਾਜਪੁਰ ਨੇੜੇ ਕਾਲਾਢੂੰਗੀ ਰੋਡ ਪੈਂਦੇ ਰਣਜੀਤ ਨਗਰ ਫਾਰਮ ਤੇ ਤਰਾਈ ਦੇ ਸਿੱਖਾਂ ਦਾ ਇੱਕ ਵੱਡਾ ਇਕੱਠ ਹੋਇਆ ਸੀ। ਇਹ ਫਾਰਮ ਫਰੀਦਕੋਟ ਜ਼ਿਲੇ ਦੇ ਸ੍ਰ ਹਰਚੰਦ ਸਿੰਘ ਬਰਾੜ ਦਾ ਸੀ ਜੋ ਕਿ ਲੰਮਾ ਸਮਾਂ ਪੰਜਾਬ ਤੋਂ ਬਾਹਰਲੇ ਸਿੱਖਾਂ ਵਾਲੇ ਕੋਟੇ ਚੋਂ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਪਟਡ ਮੈਂਬਰ ਵੀ ਰਹੇ। ਸਿੱਖਾਂ ਦੇ ਇਸ ਇਕੱਠ ਚ ਪੰਜਾਬ ਦੀ ਅਕਾਲੀ ਲੀਡਰਸ਼ਿਪ ਵੀ ਪਹੁੰਚੀ ਸੀ। ਇਸ ਇਕੱਠ ਹੋਣ, ਇੱਕ ਸਹੀਦੀ ਤੇ ਅਕਾਲੀ ਲੀਡਰਸ਼ਿਪ ਵੱਲੌਂ ਸਿੱਖਾਂ ਦੀ ਪਿੱਠ ਤੇ ਆ ਖਲੋਣ ਦੇ ਸਿੱਟੇ ਵਜੋਂ ਥਾਪਾ ਨਗਲਾ ਦੇ ਕਿਸਾਨਾਂ ਤੋਂ ਕਬਜਾ ਖੋਹਣ ਦੇ ਅਮਲ ਨੂੰ ਠੱਲ ਪੈ ਗਈ ਸੀ ਜੋ ਅੱਜ ਤੱਕ ਜਾਰੀ ਹੈ। ਜਿਓਂ ਜਿਓਂ ਤਰਾਈ ਦੇ ਜੰਗਲਾਂ ਦੀ ਥਾਂ ਤੇ ਸੋਹਣੀਆਂ ਫਸਲਾਂ ਵਾਲੇ ਫਾਰਮ ਬਣਦੇ ਗਏ ਤਿਓਂ ਤਿਓਂ ਹੀ ਇਸ ਖੁਸਹਾਲੀ ਨੂੰ ਦੇਖ ਕੇ ਪਹਾੜੀ ਲੋਕਾਂ ਦੀ ਅੱਖ ਮੈਲੀ ਹੁੰਦੀ ਗਈ 'ਤਰਾਈ ਤੋ ਹਮਾਰੀ ਹੈ, ਯੇਹ ਤੋ ਹਮਾਰਾ (ਪਹਾੜ ਦਾ) ਆਂਗਨ ਹੈ' ਵਰਗੀਆਂ ਗੱਲਾਂ ਪਹਾੜੀਆਂ ਦੇ ਮੂੰਹੋਂ ਸੁਣੀਆਂ ਜਾਣ ਲੱਗੀਆਂ। ਐਚ ਐਨ ਬਹੁਗੁਣਾ, ਨਰਾਇਣ ਦੱਤ ਤਿਵਾੜੀ ਵਰਗੇ ਜਦੋਂ ਜਦੋਂ ਵੀ ਯੂ ਪੀ ਦੇ ਮੁੱਖ ਮੰਤਰੀ ਬਣੇ ਉਦੋਂ ਉਦੋਂ ਹੀ ਤਰਾਈ ਦੇ ਕਿਸਾਨਾਂ ਤੇ ਨਵੇਂ ਕਾਨੂੰਨ, ਰੂਲਾਂ ਦੀ ਆੜ ਲੈ ਕੇ ਸ਼ਿਕੰਜਾ ਵੱਧ ਕਸਿਆ ਜਾਂਦਾ ਰਿਹਾ।

ਇਕੱਲੇ ਇਕੱਲੇ ਕਿਸਾਨ ਨਿੱਜੀ ਤੌਰ ਤੇ ਕੋਰਟ ਕਚੈਹਰੀਆਂ ਦਾ ਸਹਾਰਾ ਲੈ ਕੇ ਵਕਤ ਟਪਾਈ ਕਰਦੇ ਰਹੇ। ਤਰਾਈ ਦਾ ਇੱਕ ਵੀ ਕਿਸਾਨ ਅਜਿਹਾ ਨਹੀਂ ਹੋਣਾ ਜੀਹਨੂੰ ਅਪਦੀ ਜਮੀਨ ਬਚਾਉਣ ਖਾਤਰ ਘੱਟੋ ਘੱਟ ਹਾਈ ਕੋਰਟ ਤੱਕ ਨਾ ਜਾਣਾ ਪਿਆ ਹੋਵੇ ਵਕੀਲ ਆਪਣੀ ਫੀਸ ਤੋਂ ਇਲਾਵਾ ਹੁਕਮ ਸੁਨਉਣ ਵਾਲੇ ਅਫਸਰਾਂ ਨੂੰ ਦੇਣ ਖਾਤਰ ਵੀ ਪੈਸੇ ਲੈਂਦੇ ਰਹਿੰਦੇ ਸੀ, ਪਟਵਾਰੀਆਂ, ਤਹਿਸੀਲਦਾਰਾਂ ਦੀਆਂ ਰਿਸ਼ਵਤਾਂ ਇਹਤੋਂ ਇਲਾਵਾ ਹੁੰਦੀਆਂ ਸੀ। 1996 ਚ ਫੌਤ ਹੋਏ ਮੇਰੇ ਨਾਨਾ ਜੀ ਮੈਨੂੰ ਦਸਦੇ ਹੰਦੇ ਸੀ ਜਿੰਨੇ ਭਾਅ ਦੀਆਂ ਸਾਡੀਆਂ ਜਮੀਨਾਂ ਨੇ ਓਨਾਂ ਹੀ ਖਰਚਾ ਇਹਨਾ ਨੂੰ ਬਚਾਉਣ ਤੇ ਹੋ ਗਿਆ ਹੈ ਸਾਡਾ! ਮੁਕੱਦਮੇਬਾਜੀਆਂ ਅਤੇ ਰਿਸਵਤਾਂ ਦੇ ਰਾਹ। ਨੈਨੀਤਾਲ ਜ਼ਿਲ੍ਹਾ ਕਚਹਿਰੀਆਂ 'ਚ ਮੈਂ ਖੁਦ ਦੇਖੀਆਂ ਨੇ ਜਿੱਥੇ 80 ਫੀਸਦੀ ਪੱਗਾਂ ਵਾਲੇ ਹੁੰਦੇ ਸੀ ਜਿੰਨਾ 'ਚ ਕੋਈ ਫੌਜਦਾਰੀ ਮੁਕੱਦਮੇ ਵਾਲਾ ਨਾ ਹੋ ਕੇ ਜਮੀਨੀ ਝਗੜਿਆਂ ਦੀਆਂ ਤਰੀਕਾਂ ਤੇ ਆਏ ਹੁੰਦੇ ਸੀ। ਡੀ ਸੀ ਤੇ ਕਮਿਸਨਰ ਦੀ ਮਾਲ ਅਦਾਲਤ ਵੀ ਇੱਥੇ ਹੀ ਹੁੰਦੀ ਸੀ। ਨੈਨੀਤਾਲ ਤਰੀਕ ਭੁਗਤਣ ਵਾਸਤੇ ਇੱਕ ਦਿਨ ਪਹਿਲਾਂ ਘਰੋਂ ਤੁਰਨਾ ਪੈਂਦਾ ਸੀ ਤੇ ਇੱਕ ਦਿਨ ਬਾਅਦ ਹੀ ਮੁੜਿਆ ਜਾ ਸਕਦਾ ਸੀ। ਰੇਲ ਗੱਡੀ ਰਾਹੀਂ ਪਹਿਲਾਂ ਕਾਠਗੋਦਾਮ ਤੱਕ ਤੇ ਇੱਥੋਂ ਨੈਨੀਤਾਲ ਦਾ 35 ਕਿੱਲੋਮੀਟਰ ਪਹਾੜੀ ਸਫਰ ਬੱਸ ਜਾਂ ਟੈਕਸੀ ਰਾਹੀਂ ਕਰਨਾ ਪੈਂਦਾ ਸੀ, ਬੱਸ ਸਰਵਿਸ ਤਾਂ ਅੱਜ ਵੀ ਬਹੁਤ ਘੱਟ ਹੈ ਦੋ ਰਾਤਾਂ ਹੋਟਲ ਚ ਕੱਟਣੀਆਂ ਪੈਂਦੀਆਂ ਸੀ ਸਿਰਫ ਇੱਕ ਤਰੀਕ ਭੁਗਤਣ ਖਾਤਰ। ਇਹੀ ਹਾਲ ਹਾਈ ਕੋਰਟ ਚ ਜਾਣ ਵੇਲੇ ਹੁੰਦਾ ਸੀ, ਯੂ ਪੀ ਦਾ ਸੂਬਾਈ ਹੈੱਡ ਕੁਆਟਰ ਲਖਨਊ, ਨੈਨੀਤਾਲ ਤੋਂ 400 ਕਿੱਲੋਮੀਟਰ ਸੀ ਪਰ ਹਾਈ ਕੋਰਟ ਉਹਤੋਂ ਵੀ 200 ਕਿੱਲੋਮੀਟਰ ਅਗਾਂਹ ਇਲਾਹਾਬਾਦ 'ਚ ਸੀ, ਸੋ ਤੁਸੀਂ ਖੁਦ ਅੰਦਾਜਾ ਲਾ ਸਕਦੇ ਹੋਂ ਕਿ ਅਦਾਲਤੀ ਗੇੜੇ ਕਿੰਨੇ ਮਹਿੰਗੇ ਪੈਂਦੇ ਹੋਣਗੇ। ਜਮੀਨੀ ਮੁਕੱਦਮਿਆਂ ਚ ਦੂਜੀ ਧਿਰ ਸੂਬਾ ਸਰਕਾਰ ਹੀ ਹੁੰਦੀ ਸੀ।

ਅਕਤੂਬਰ 1985 ਚ ਬੀਬੀ ਮਾਇਆਵਤੀ ਦੀ ਸੂਬਾ ਸਰਕਾਰ ਨੇ ਨੈਨੀਤਾਲ ਜ਼ਿਲੇ 'ਚ ਪੈਂਦੇ ਤਰਾਈ ਵਾਲੇ ਇਲਾਕੇ ਦਾ ਊਧਮ ਸਿੰਘ ਨਗਰ ਵੱਖਰਾ ਜਿਲਾ ਬਣਾ ਦਿੱਤਾ ਜੀਹਦੇ ਨਾਲ ਮੈਦਾਨੀ ਇਲਾਕੇ ਵਾਲਿਆਂ ਨੂੰ ਕੁਸ ਸੁਖ ਦਾ ਸਾਹ ਆਇਆ। ਪਰ ਪੰਜਾਬੀਆਂ ਦੀ ਇਹ ਖੁਸੀ ਬਹੁਤਾ ਚਿਰ ਨਾ ਰਹਿ ਸਕੀ। 1997 ਚ ਅਟੱਲ ਬਿਹਾਰੀ ਦੀ ਕੇਂਦਰ ਸਰਕਾਰ ਨੇ ਯੂ ਪੀ ਦੇ ਪਹਾੜੀ ਇਲਾਕੇ ਨੂੰ ਅੱਡ ਕਰਕੇ ਵੱਖਰਾ ਉੱਤਰਾਖੰਡ ਸੂਬਾ ਬਨਾਉਣ ਦੀ ਸਕੀਮ ਨਸਰ ਕਰਦਿਆਂ ਸੌ ਫੀਸਦੀ ਮੈਦਾਨੀ ਜਿਲੇ ਊਧਮ ਸਿੰਘ ਨਗਰ ਨੂੰ ਵੀ ਪਹਾੜੀ ਸੂਬੇ ਉੱਤਰਾਖੰਡ ਚ ਧੱਕਣ ਦਾ ਐਲਾਨ ਕਰ ਦਿੱਤਾ। ਬੱਸ! ਪਹਾੜ ਚ ਧੱਕੇ ਜਾਣ ਦੀ ਗੱਲ ਸੁਣਦਿਆਂ ਊਧਮ ਸਿੰਘ ਨਗਰ ਦੇ ਸਿੱਖਾਂ ਦੇ ਸਿਰ ਫਿਕਰਾਂ ਦਾ ਪਹਾੜ ਟੁੱਟ ਪਿਆ। ਉਹ ਜਾਣਦੇ ਸੀ ਕਿ ਪਹਾੜੀ ਸਾਡੇ ਨਾਲ ਖਾਰ ਰੱਖਦੇ ਨੇ, ਜਦੋਂ-ਜਦੋਂ ਵੀ ਮੁੱਖ ਮੰਤਰੀ ਪਹਾੜੀ ਬਣਦੇ ਰਹੇ ਨੇ ਉਦੋਂ ਉਦੋਂ ਹੀ ਸਰਕਾਰਾਂ ਨੇ ਉਹਨਾਂ ਨੂੰ ਹੋਰ ਤੰਗ ਕੀਤਾ ਹੈ, ਪਹਾੜੀ ਸੂਬਾ ਕਾਇਮ ਹੋਣ ਮਗਰੋਂ ਤਾਂ ਸੁੱਧ ਪਹਾੜੀਆਂ ਦਾ ਹੀ ਰਾਜ ਹੋ ਜਾਣਾ ਹੈ। ਇਹ ਉਹਨਾ ਦੇ ਫਿਕਰ ਦੀ ਵਜਾਹ ਸੀ। 1998 'ਚ ਕੇਂਦਰ ਸਰਕਾਰ ਨੇ ਉੱਤਰਾਖੰਡ ਸੂਬਾ ਕਾਇਮ ਕਰਨ ਵਾਲਾ ਬਿੱਲ ਲੋਕ ਸਭਾ ਚ ਪੇਸ ਕੀਤਾ ਪਰ ਪਾਸ ਹੋਣ ਤੋਂ ਪਹਿਲਾਂ ਹੀ ਸਰਕਾਰ ਟੁੱਟ ਗਈ ਤੇ ਲੋਕ ਸਭਾ ਵੀ ਨਾਲ ਹੀ ਭੰਗ ਹੋ ਗਈ। ਨਵੀਂ ਇਲੈਕਸਨ ਮਗਰੋਂ ਫੇਰ ਭਾਰਤੀ ਜਨਤਾ ਵਾਲੀ ਅਟੱਲ ਬਿਹਾਰੀ ਵਾਜਪਾਈ ਸਰਕਾਰ ਮੁੜ ਬਣ ਗਈ। ਨਵੰਬਰ 2000 'ਚ ਉੱਤਰਾਖੰਡ ਸੂਬਾ ਬਣ ਗਿਆ ਤੇ ਸਿੱਖਾਂ ਦੇ ਤਿੱਖੀ ਮੁਖ਼ਾਲਫਤ ਦੇ ਬਾਵਜੂਦ ਊਧਮ ਸਿੰਘ ਨਗਰ ਜਿਲਾ ਵੀ ਉੱਤਰਾਖੰਡ ਚ ਸਾਮਲ ਕਰ ਦਿੱਤਾ ਗਿਆ। 1997 'ਚ ਊਧਮ ਸਿੰਘ ਜਿਲੇ ਨੂੰ ਉੱਤਰਾਖੰਡ 'ਚ ਸ਼ਾਮਲ ਕਰਨ ਦੇ ਐਲਾਨ ਤੋਂ ਲੈ ਕੇ ਨਵੰਬਰ 2000 ਚ ਇਹਦੇ ਤੇ ਅਮਲ ਹੋਣ ਤੱਕ ਦੇ ਤਿੰਨ ਸਾਲਾਂ 'ਚ ਇੱਥੋਂ ਦੇ ਸਿੱਖ ਲਗਾਤਾਰ ਹਾਲ ਪਾਰਿਆ ਕਰਦੇ ਰਹੇ ਤੇ ਉਹਨਾ ਦੇ ਕਈ ਵਫਦ, ਦੁਨੀਆ ਭਰ ਦੇ ਸਿੱਖਾਂ ਦੀ ਨੁਮਾਇੰਦਾ ਜਮਾਤ ਅਖਵਾਉਂਦੇ ਤੇ ਦਿੱਲੀ ਵਾਲੀ ਵਾਜਪਾਈ ਸਰਕਾਰ 'ਚ ਹਿੱਸੇਦਾਰ ਸਰੋਮਣੀ ਅਕਾਲੀ ਦਲ ਦੇ ਭਰਦਾਨ ਤੇ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ ਸਿੰਘ ਬਾਦਲ ਨੂੰ ਵੀ ਮਿਲੇ। ਇਹਨੂ ਤਰਾਈ ਦੇ ਸਿੱਖਾਂ ਨਾਲ ਧੱਕਾ ਮੰਨ ਕੇ ਤਿੰਨ ਸਾਲ ਇਹ ਮਾਮਲਾ ਭਖਿਆ ਰਿਹਾ। ਬਾਦਲ ਸਾਹਿਬ ਅਤੇ ਅਕਾਲੀ ਦਲ ਦੇ ਵੱਡੇ ਲੀਡਰਾਂ ਵੱਲੋਂ ਦਿੱਤੇ ਗਏ ਭਰੋਸੇ ਵੀ ਤਿੰਨ ਸਾਲ ਲਗਾਤਾਰ ਅਖਬਾਰਾਂ ਵਿੱਚ ਛਪਦੇ ਰਹੇ ਕਿ ਊਧਮ ਸਿੰਘ ਨਗਰ ਨੂੰ ਉੱਤਰਾਖੰਡ ਵਿੱਚ ਨਹੀਂ ਜਾਣ ਦਿੱਤਾ ਜਾਵੇਗਾ।

ਪੰਜਾਬ 'ਚ ਬਾਦਲ ਸਾਹਿਬ ਦੇ ਸਿਆਸੀ ਵਿਰੋਧੀਆਂ ਵੱਲੋਂ ਵੀ ਇਸ ਮਾਮਲੇ ਤੇ ਬਾਦਲ ਸਾਹਿਬ ਤੇ ਗੈਰ ਗੰਭੀਰ ਹੋਣ ਦੇ ਇਲਜਾਮ ਵੀ ਲਗਾਤਾਰ ਤਿੰਨ ਸਾਲ ਅਖਬਾਰਾਂ ਦੀਆਂ ਖਬਰਾਂ ਬਣਦੇ ਰਹੇ। ਪੰਜਾਬ 'ਚ ਕੋਈ ਵੀ ਛੋਟਾ ਵੱਡਾ ਸਿਆਸੀ ਇਕੱਠ ਅਜਿਹਾ ਨਹੀਂ ਸੀ ਹੁੰਦਾ ਜੀਹਦੇ ਚ ਇਹ ਮਾਮਲਾ ਪੂਰੀ ਸ਼ਿੱਦਤ ਨਾਲ ਨਾ ਉਭਾਰਿਆ ਜਾਂਦਾ ਹੋਵੇ। ਸੈਂਟਰ ਸਰਕਾਰ ਵੱਲੋਂ ਇਸ ਮਾਮਲੇ ਤੇ ਕੇਂਦਰੀ ਵਜੀਰ ਮਿਸਟਰ ਜਾਰਜ ਫਰਨਾਂਡੇਸ ਦੀ ਭਰਦਾਨਗੀ ਹੇਠ ਇੱਕ ਕਮੇਟੀ ਬਣਾਈ ਜੀਹਦੇ ਮੈਂਬਰ ਸ੍ਰ. ਪ੍ਰਕਾਸ ਸਿੰਘ ਬਾਦਲ ਅਤੇ ਯੂ ਪੀ ਦੇ ਮੁੱਖ ਮੰਤਰੀ ਸ੍ਰੀ ਕਲਿਆਣ ਸਿੰਘ ਸਨ। ਜਦੋਂ ਇੱਕ ਸਾਮ ਮੈਨੂੰ ਪਤਾ ਲੱਗਿਆ ਕਿ ਇਹ ਕਮੇਟੀ ਜਾਇਜਾ ਲੈਣ ਲਈ ਭਲਕੇ ਸਵੇਰੇ ਸਵੇਰੇ ਪੰਤਨਗਰ ਯੂਨੀਵਰਸਿਟੀ ਚ ਪਹੁੰਚ ਰਹੀ ਹੈ ਤਾਂ ਕੁਝ ਘੰਟਿਆਂ ਦੇ ਨੋਟਿਸ ਤੇ ਹੀ ਲਗਭਗ 50 ਹਜਾਰ ਊਧਮ ਸਿੰਘ ਨਗਰ ਜਿਲੇ ਦੇ ਸਿੱਖ ਉੱਥੇ ਇਹ ਦੱਸਣ ਵਾਸਤੇ ਇਕੱਠੇ ਹੋ ਗਏ ਕਿ ਅਸੀਂ ਉੱਤਰਾਖੰਡ ਚ ਨਹੀਂ ਜਾਣਾ ਚਾਹੁੰਦੇ। ਹੈਲੀਕਾਪਟਰ ਰਾਹੀਂ ਪੁੱਜੀ ਇਹ ਕਮੇਟੀ ਕਿਸੇ ਦੀ ਗੱਲ ਸੁਣੇ ਤੋਂ ਬਿਨਾ ਹੀ ਵਾਪਸ ਮੁੜ ਆਈ ਸੀ, ਹਾਲਾਂਕਿ ਇਹ ਲੋਕ ਆਪਦੀ ਮੰਗ ਦੇ ਹੱਕ ਵਿੱਚ ਊਧਮ ਸਿੰਘ ਨਗਰ ਜਿਲੇ ਦੀਆਂ 93 ਫੀਸਦ ਪੰਚਾਇਤਾਂ ਵੱਲੋਂ ਪਾਸ ਕੀਤੇ ਗਏ ਮਤੇ ਕਮੇਟੀ ਨੂੰ ਦਿਖਾਉਣ ਖਾਤਰ ਨਾਲ ਲੈ ਕੇ ਗਏ ਸੀ। ਇਹ ਗੱਲਾਂ ਦਾ ਜ਼ਿਕਰ ਕਰਨ ਦਾ ਮਤਲਬ ਇਹ ਦੱਸਣਾ ਹੈ ਤਰਾਈ ਦੇ ਸਿੱਖਾਂ ਨੇ ਆਪਦੀਆਂ ਜਮੀਨਾ ਵਾਲੇ ਇਲਾਕੇ ਨੂੰ ਉੱਤਰਾਖੰਡ ਵਿੱਚ ਜਾਣੋ ਰੋਕਣ ਲਈ ਕਿੰਨੀ ਵਾਹ ਲਾਈ ਸੀ। ਇਹ ਕੰਮ ਸੈਂਟਰ ਦੀ ਅਟੱਲ ਬਿਹਾਰੀ ਸਰਕਾਰ ਦੇ ਹੱਥ ਵੱਸ ਸੀ ਜੀਹਦੇ ਵਿੱਚ ਸਰੋਮਣੀ ਅਕਾਲੀ ਦਲ ਹਿੱਸੇਦਾਰ ਸੀ ਤੇ ਵਾਜਪਾਈ ਵਾਲੀ ਪਾਰਟੀ ਬੀ ਜੇ ਪੀ ਪੰਜਾਬ ਵਾਲੀ ਬਾਦਲ ਸਰਕਾਰ 'ਚ ਭਾਈਵਾਲ ਸੀ। ਉਸ ਵੇਲੇ ਦੀਆਂ ਸਿਆਸੀ ਲੋੜਾਂ ਮੁਤਾਬਕ ਬੀ ਜੇ ਪੀ ਵੱਲੋਂ ਅਕਾਲੀ ਦਲ ਨੂੰ ਨਰਾਜ ਕਰਨਾ ਵਾਰਾ ਨਹੀਂ ਸੀ ਖਾਂਦਾ। ਸੋ ਤਰਾਈ ਦੇ ਸਿੱਖਾਂ ਦੀ ਸਾਰੀ ਟੇਕ ਬਾਦਲ ਸਾਹਿਬ ਤੇ ਹੀ ਸੀ।

ਬਾਦਲ ਸਾਹਿਬ ਕੋਲ ਉਨ੍ਹਾਂ ਨੇ ਕਿਸ ਕਦਰ ਹਾਲ ਪਾਹਰਿਆ ਕੀਤੀ ਜੀਹਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਜਦੋਂ 1997 'ਚ ਤਰਾਈ ਦੇ ਸਿੱਖਾਂ ਦਾ ਇੱਕ ਵਫਦ ਬਾਦਲ ਸਾਹਿਬ ਨੂੰ ਮਿਲਣ ਚੰਡੀਗੜ੍ਹ ਆਇਆ ਤਾਂ ਉੱਥੇ ਇੱਕ ਮਨ ਗੁੰਨੇ ਜਾਣ ਵਾਲੀ ਘਟਨਾ ਸਾਹਮਣੇ ਆਈ। ਵਫਦ 'ਚ ਸਾਮਲ ਬਾਜਪੁਰ ਤਹਿਸੀਲ ਵਿਚਲੇ ਛੇਤਰੀ ਫਾਰਮ ਦੇ ਕਿਸਾਨ ਸ੍ਰ ਹਰਨੇਕ ਸਿੰਘ ਰੰਧਾਵਾ ਸਨ ਆਫ ਸ੍ਰ ਕੁੰਦਨ ਸਿੰਘ ਰੰਧਾਵਾ ਨੇ ਅਪਦੀ ਪੱਗ ਲਾਹ ਬਾਦਲ ਸਾਹਿਬ ਮੂਹਰੇ ਪਏ ਮੇਜ ਤੇ ਰੱਖ ਕੇ ਬਾਦਲ ਸਾਹਿਬ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ "ਸਰਦਾਰਾ ! ਰੱਬ ਦੇ ਵਾਸਤੇ ਸਾਨੂੰ ਬਚਾ ਲੈ!! ਸਾਡੀ ਪੱਗ ਦੀ ਸਲਾਮਤੀ ਹੁਣ ਤੇਰੇ ਹੱਥ-ਵੱਸ ਹੈ। ਸਾਡੀਆਂ ਆਉਂਦੀਆਂ ਨਸਲਾਂ ਤੇਰਾ ਅਹਿਸਾਨ ਚੇਤੇ ਰੱਖਣਗੀਆਂ ".. ਹੁਣ ਗੱਲ ਕਰੀਏ ਮੁੱਢ ਚ ਛੇੜੇ ਗਏ ਸੇਰ ਮਾਰਨ ਵਾਲੇ ਵਾਅਕੇ ਦੀ। ਇਹ ਘਟਨਾ ਤਾਂ ਥੋੜੇ ਲਫਜਾਂ ਵਿੱਚ ਹੀ ਲਿਖੀ ਜਾ ਸਕਦੀ ਸੀ ਪਰ ਇਹਦੀ ਅਹਿਮੀਅਤ ਦੱਸਣ ਲਈ ਇਹਦੀ ਬੈਕ-ਗਰਾਉਂਡ ਦੇਣੀ ਜਰੂਰੀ ਸੀ। ਇਹ ਦੱਸਣਾ ਜਰੂਰੀ ਸੀ ਕਿ ਊਧਮ ਸਿੰਘ ਨਗਰ ਜਿਲੇ ਦੇ ਸਿੱਖ ਉਤਰਾਖੰਡ ਵੱਲ ਤਾਂ ਨਹੀਂ ਸੀ ਜਾਣਾ ਚਾਹੁੰਦੇ ਕਿ ਉੱਥੇ ਉਹਨਾ ਨੂੰ ਆਪਦੀਆਂ ਜਮੀਨਾਂ ਖੁੱਸਣ ਦਾ ਡਰ ਸਤਾ ਰਿਹਾ ਸੀ। ਜਦੋਂ ਉਹਨਾਂ ਦੇ ਹੱਕ ਚ ਬਿਆਨਬਾਜੀ ਹੁੰਦੀ ਸੀ ਤਾਂ ਜਮੀਨਾਂ ਖੁੱਸਣ ਵਾਲੇ ਨਜਰੀਏ ਤੋਂ ਹੀ ਹੁੰਦੀ ਸੀ। ਜਮੀਨਾਂ ਤੇ ਸਿੱਖਾਂ ਦਾ ਹੱਕ ਹੋਣ ਦੀ ਵਜਾਹਤ ਇਹ ਕਹਿ ਕੇ ਕੀਤੀ ਜਾਂਦੀ ਸੀ ਕਿ ਸਿੱਖਾਂ ਨੇ ਸੇਰਾਂ ਨਾਲ ਲੜ ਕੇ ਇਹ ਜਮੀਨਾਂ ਅਬਾਦ ਕੀਤੀਆਂ ਨੇ। ਸੋ ਊਧਮ ਸਿੰਘ ਨਗਰ ਜਿਲੇ ਬਾਬਤ 1997 ਤੋਂ 2000 ਤੱਕ ਲਗਾਤਾਰ ਤਿੰਨ ਸਾਲ ਲਗਾਤਾਰ ਛਪੀਆਂ ਖਬਰਾਂ ਚ ਕੋਈ ਖਬਰ ਅੱਜ ਅਜਿਹੀ ਨਹੀਂ ਸੀ ਜੀਹਦੇ ਚ ਸਿੱਖਾਂ ਵੱਲੋਂ ਸੇਰਾਂ ਮੂਹਰੇ ਹਿੱਕਾਂ ਡਾਹੁਣ ਜਾਂ ਸੇਰਾਂ ਮੁਕਾਬਲਿਆਂ ਦਾ ਜ਼ਿਕਰ ਨਾ ਹੋਵੇ। ਹੁਣ ਵੀ ਜਦੋਂ ਉੱਤਰਾਖੰਡ ਸੂਬੇ 'ਚ ਸਿੱਖਾਂ ਨੂੰ ਜ਼ਮੀਨਾਂ 'ਚੋਂ ਬੇਦਖਲ ਕਰਨ ਦੀ ਖਬਰ ਆਉਂਦੀ ਹੈ ਤਾਂ ਇਹਦੀ ਨਿਖੇਧੀ ਕਰਨ ਵਾਲੇ ਬਿਆਨਾਂ ਵਿੱਚ ਸੇਰਾਂ ਨਾਲ ਮੁਕਾਬਲੇ ਦਾ ਜ਼ਿਕਰ ਲਾਜ਼ਮੀ ਹੁੰਦਾ ਹੈ। ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕਾਂ ਦੇ ਮਨ ਨੂੰ ਇਹ ਗੱਲ ਨਾ ਜਚੇ ਕਿ ਲੋਕ ਆਪਦੀ ਮਰਜ਼ੀ ਨਾਲ ਅਜਿਹੇ ਜੰਗਲ ਚ ਜਾ ਵਸਣ ਜਿੱਥੇ ਸ਼ਰੇਆਮ ਹੀ ਤੁਰੇ ਫਿਰਦੇ ਹੋਣ। ਇਸੇ ਗੱਲ ਦੀ ਤਸਦੀਕ ਕਰਨ ਖਾਤਰ ਹੀ ਹੈ ਸੇਰ ਮਾਰਨ ਵਾਲਾ ਇਹ ਵਾਅਕਾ। ਮੇਰੇ ਨਾਨਾ ਜੀ ਸ੍ਰ ਜਗੀਰ ਸਿੰਘ ਗਰੇਵਾਲ ਦਾ ਜੱਦੀ ਪਿੰਡ ਲੁਦੇਹਾਣੇ ਜਿਲੇ ਚ ਗੁੱਜਰਵਾਲ ਸੀ ਜੋ ਫੌਜ ਵਿੱਚੋਂ 1948 'ਚ ਜਮਾਂਦਾਰ ਰੈਂਕ ਦੀ ਪੈਨਸਨ ਆਏ ਸਨ ਤੇ ਉਨਾਂ ਤੋ ਇੱਕ ਸਾਲ ਪਹਿਲਾਂ ਉਹਨਾਂ ਦੀ ਹੀ ਫੌਜੀ ਯੂਨਿਟ ਵਾਲੇ ਇੱਕ ਦੋਸਤ ਤੇ ਲੁਦੇਹਾਣੇ ਜਿਲੇ 'ਚ ਪੈਂਦੇ ਪਿੰਡ ਕਣੇਚ ਦੇ ਸ੍ਰ ਬਚਨ ਸਿੰਘ ਭੰਡਾਲ ਵੀ ਜਮਾਂਦਾਰ ਰੈਂਕ ਦੀ ਪੈਨਸ਼ਨ ਆਏ। ਦੋਵਾਂ ਨੇ ਰਲ ਕੇ ਨੈਨੀਤਾਲ ਜਿਲੇ ਦੀ ਤਹਿਸੀਲ ਬਾਜਪੁਰ 'ਚ ਜਮੀਨ ਅਲਾਟ ਕਰਵਾ ਲਈ 1948 ਵਿੱਚ ਹੀ ਜਿੱਥੇ ਅੱਜ-ਕੱਲ੍ਹ ਸੰਤੋਸਪੁਰ ਫਾਰਮ ਹੈ, ਮੇਰਾ ਜਨਮ ਵੀ 1960 ਨੂੰ ਇੱਥੇ ਹੀ ਹੋਇਆ।

ਛੋਟੇ ਹੁੰਦਿਆਂ ਹੀ ਮਾਤਾ ਤੋਂ ਨਾਨਕੀਂ ਆਮ ਫਿਰਦੇ ਸੇਰਾਂ ਦੀਆਂ ਗੱਲਾਂ ਸੁਨਣ ਨੂੰ ਮਿਲਦੀਆਂ ਹੁੰਦੀਆਂ ਸੀ। ਇਹ ਵੀ ਸੁਣਦੇ ਹੁੰਦੇ ਸੀ ਓਥੇ ਸੇਰਾਂ ਨੂੰ ਡਰਾਉਣ ਲਈ ਅੱਗ ਬਾਲਕੇ ਘਰਾਂ ਨੇੜੇ ਰੱਖਦੇ ਹੁੰਦੇ ਸੀ, ਲਾਲਟੈਣਾਂ ਵੀ ਸਾਰੀ ਸਾਰੀ ਰਾਤ ਜਗਾ ਕੇ ਰੱਖਣੀਆਂ ਪੈਂਦੀਆਂ ਸੀ ਕਿਉਂਕਿ ਸੇਰ ਅੱਗ ਤੋਂ ਡਰਦਾ ਹੈ। 1955 ਦੀ ਗੱਲ ਹੈ 2 ਕਿੱਲੋਮੀਟਰ ਦੂਰ ਵਸਦਾ ਇੱਕ ਰਾਏ ਸਿੱਖ ਸ੍ਰ ਅਰਜਣ ਸਿੰਘ ਮੇਰੇ ਨਾਨਾ ਜੀ ਕੋਲ ਆਇਆ ਤੇ ਕਹਿਣ ਲੱਗਿਆ ਕਿ, "ਜਮਾਂਦਾਰ ਸਾਹਿਬ! ਇੱਕ ਸੇਰ ਤੋਂ ਅਸੀਂ ਬਹੁਤ ਤੰਗ ਆਏ ਬੈਠੇ ਹਾਂ। ਨਿੱਤ ਸਾਡੇ ਇੱਕ ਡੰਗਰ ਨੂੰ ਖਾ ਜਾਂਦਾ ਹੈ। ਅੱਜ ਇੱਕ ਵੱਛੇ ਨੂੰ ਫੜ ਲਿਆ ਸੀ, ਅਸੀਂ ਮਸਾਂ ਰੌਲਾ ਗੌਲਾ ਕਰ ਕੇ ਇੱਕ ਵਾਰ ਵੱਛਾ ਤਾਂ ਛੁਡਾ ਲਿਆ ਸੋ ਤੁਸੀਂ ਮੇਹਰਬਾਨੀ ਕਰਕੇ ਇਹਦਾ ਪੱਕਾ ਹੱਲ ਕਰੋ। ਤੁਹਾਡੇ ਕੋਲ ਅਸਲਾ ਜੋ ਹੈ।" ਮੇਰੇ ਨਾਨੇ ਨੇ ਆਪਦੇ ਭਾਈਵਾਲ ਜਮਾਂਦਾਰ ਸ੍ਰ ਬਚਨ ਸਿੰਘ ਦੇ 16 ਸਾਲਾ ਅਣਦਾੜ੍ਹੀਏ ਬੇਟੇ ਸ੍ਰ ਭੁਪਿੰਦਰ ਸਿੰਘ ਨੂੰ ਨਾਲ

ਲਿਆ ਤੇ ਸ੍ਰ ਅਰਜਣ ਸਿੰਘ ਨਾਲ ਹੋ ਤੁਰੇ। ਦੋਵਾਂ ਕੋਲ 1948 'ਚ ਖਰੀਦੀਆਂ ਇੰਡੀਅਨ ਔਰਡੀਨੈਂਸ ਕੰਪਨੀ ਦੀਆਂ 12 ਬੋਰ ਦੋਨਾਲੀ ਰਫਲਾਂ ਤੇ ਐਲੀ ਅਲਫਾਮੈਕਸ ਕੰਪਨੀ ਵਾਲੇ ਬਰਤਾਨੀਆ ਚ ਬਣੇ ਹੋਏ ਐਲ ਜੀ ਕਾਰਤੂਸ ਸੀਗੇ। ਅੱਗੇ ਜਾ ਇੱਕ ਕੰਬੋ ਸਿੱਖ ਬਰੈਹਣੀ ਵਾਲੇ ਸ੍ਰ. ਅਮਰ ਸਿੰਘ ਨੂੰ ਵੀ ਨਾਲ ਲਿਆ ਉਹਨਾ ਕੋਲ ਵੀ ਦੋ ਨਾਲੀ ਬਾਰਾਂ ਬੋਰ ਦੀ ਬੰਦੂਕ ਸੀ। ਜਿੱਥੇ ਸੇਰ ਨੇ ਵੱਛਾ ਜਖਮੀ ਕੀਤਾ ਸੀ ਉਹਦੇ ਨੇੜੇ ਹੀ ਦੋ ਦਰੱਖਤਾਂ ਤੇ ਬਾਂਸਾਂ ਦਾ ਮਚਾਨ ਬੰਨ ਲਿਆ। ਜਖਮੀ ਵੱਛਾ ਘੜੀਸ ਕੇ ਇਹ ਸੋਚ ਮਚਾਨ ਦੇ ਨੇੜੇ ਕਰ ਲਿਆ ਕੇ ਸੇਰ ਜਖਮੀ ਸ਼ਿਕਾਰ ਨੂੰ ਖਾਣ ਵਾਸਤੇ ਮੁੜ ਉਸੇ ਜਗਾਹ ਤੇ ਆਊਗਾ। ਫੇਰ ਤਿੰਨੇ ਜਾਣੇ ਖਾਣ-ਪੀਣ ਦਾ ਰਾਸਣ ਤੇ ਅਸਲਾ ਚੱਕ ਕੇ ਮਚਾਨ ਉੱਤੇ ਚੜ ਬੈਠੇ। ਇਹ ਜਗਾਹ ਬਾਜਪੁਰ-ਕਾਲਾਢੂੰਘੀ ਰੋਡ ਤੇ ਬਰੈਹਣੀ ਚੌਂਕ ਨੇੜੇ ਪੈਂਦੀ ਹੈ। ਰਾਤ ਵੇਲੇ ਸੇਰ ਮੁੜ ਆਇਆ ਤੇ ਜਖਮੀ ਵੱਛੇ ਨੂੰ ਮੂੰਹ ਪਾ ਲਿਆ। ਵੱਛੇ ਨੇ ਵੀ ਕੁਸ ਚੀਕ ਚਿਹਾੜਾ ਪਾਇਆ ਤਾਂ ਮਚਾਨ ਵਾਲੇ ਅਲਰਟ ਹੋਏ। ਟਾਰਚ ਦੀ ਲਾਇਟ ਮਾਰੀ ਤਾਂ ਸੇਰ ਨਜਰ ਆਇਆ। ਸ੍ਰ. ਅਮਰ ਸਿੰਘ ਨੇ ਫੌਰਨ ਇੱਕ ਫਾਇਰ ਸੇਰ ਵੱਲ ਮਾਰਿਆ ਜੋ ਨਿਸਨਿਓਂ ਖੁੰਜ ਗਿਆ। ਐਧਰ ਓਧਰ ਲਾਈਟ ਮਾਰ ਕੇ ਦੇਖੀ ਤਾਂ ਸੇਰ ਕਿਧਰੇ ਨਜਰ ਨਾ ਆਇਆ। ਸਵੇਰੇ ਮੂੰਹ-ਹਨੇਰੇ ਮਚਾਨ ਤੋਂ ਪਹਿਲਾਂ ਭੁਪਿੰਦਰ ਸਿੰਘ ਆਪਦੀ ਤੇ ਜਗੀਰ ਸਿੰਘ ਦੀ ਰਫਲ ਲੈ ਕੇ ਹੇਠਾਂ ਉੱਤਰੇ ਫੇਰ ਅਮਰ ਸਿੰਘ ਉੱਤਰੇ। ਭੁਪਿੰਦਰ ਸਿੰਘ ਨੇ ਅਮਰ ਸਿੰਘ ਨੂੰ ਕਿਹਾ ਆਓ ਆਪਾਂ ਏਧਰ ਓਧਰ ਨਿਗਾ ਮਾਰ ਕੇ ਦੇਖੀਏ, ਹੋ ਸਕਦਾ ਹੈ ਕਿ ਰਾਤ ਵਾਲੇ ਫਾਇਰ ਨਾਲ ਸੇਰ ਕਿਤੇ ਜ਼ਖ਼ਮੀ ਹਾਲਤ ਵਿੱਚ ਨਾ ਪਿਆ ਹੋਵੇ ਪਰ ਅਮਰ ਸਿੰਘ ਨੇ ਇਸ ਸੰਭਾਵਨਾ ਨੂੰ ਮਜਾਕ ਵਜੋਂ ਲਿਆ।

ਸ਼ੇਰ ਦੀ ਇਹ ਫਿਤਰਤ ਹੈ ਕਿ ਉਹ ਘਾਤ ਲਾ ਕੇ ਹਮਲਾ ਕਰਦਾ ਹੈ। ਬਿੱਲੀ ਵਾਂਗੂੰ ਸ਼ਿਕਾਰ ਦੇ ਨੇੜੇ ਵੀ ਦੱਬਵੇਂ ਪੈਰੀਂ ਜਾਂਦਾ ਹੈ ਜੇ ਸ਼ਿਕਾਰ ਖੁਦ ਓਹਦੇ ਵੱਲ ਨੂੰ ਆ ਰਿਹਾ ਹੋਵੇ ਤਾਂ ਓਨਾ ਚਿਰ ਕੋਈ ਹਿਲ-ਜੁਲ ਨਹੀਂ ਕਰਦਾ ਜਿੰਨਾ ਚਿਰ ਓਹਦੀ ਐਨ ਮਾਰ ਹੇਠ ਨਾ ਆ ਜਾਵੇ। ਅਮਰ ਸਿੰਘ ਨਾਲ ਅਜੇ ਗੱਲ ਹੋ ਹੀ ਰਹੀ ਸੀ ਇਸੇ ਦੌਰਾਨ ਭੁਪਿੰਦਰ ਸਿੰਘ ਨੂੰ ਘਾਹ-ਫੂਸ ਚ ਬੈਠਾ ਸੇਰ ਨਜ਼ਰ ਪੈ ਗਿਆ ਤੇ ਉਹਨੇ ਜਗੀਰ ਸਿੰਘ ਵਾਲੀ ਰਫਲ ਇੱਕ ਪਾਸੇ ਸਿੱਟ ਆਪਦੀ ਰਫਲ ਨਾਲ ਇੱਕ-ਦਮ ਸੇਰ ਤੇ ਦੋ ਗੋਲੀਆਂ ਦਾਗ ਦਿੱਤੀਆਂ ਤੇ ਸੇਰ ਉੱਠ ਖੜਾ ਹੋਇਆ ਇੰਨੇ ਨੂੰ ਅਮਰ ਸਿੰਘ ਨੇ ਵੀ ਸੇਰ ਤੇ ਦੋ ਫਾਇਰ ਕੀਤੇ ਜੋ ਉਹਦੇ ਵੱਜ ਵੀ ਗਏ ਪਰ ਸੇਰ ਮਰਿਆ ਨਾ। ਬੰਦੂਕਾਂ 'ਚ ਦੁਬਾਰਾ ਕਾਰਤੂਸ ਪਾਉਣ ਦਾ ਟਾਈਮ ਹੀ ਨਹੀਂ ਸੀ ਕਿਉਂਕਿ ਸੇਰ ਤਾਂ ਉਨਾਂ ਦੇ ਜਮਾਂ ਹੀ ਨੇੜੇ ਆ ਚੁੱਕਿਆ ਸੀ। ਓਸ ਪਲ ਤਾਂ ਦੋਵਾਂ ਨੂੰ ਆਪਦਾ ਕੰਮ ਤਮਾਮ ਹੁੰਦਾ ਜਾਪਿਆ, ਪਰ ਓਹਨਾ ਦੇ ਕੁਝ ਸਕਿੰਟ ਬਾਅਦ ਜਗੀਰ ਸਿੰਘ ਵੀ ਮਚਾਨ ਤੋਂ ਉੱਤਰ ਚੁੱਕੇ ਸਨ ਪਰ ਉਹ ਖਾਲੀ ਹੱਥ ਸਨ ਕਿਓਂਕਿ ਉਹਨਾ ਦੀ ਰਫਲ ਤਾਂ ਭੁਪਿੰਦਰ ਸਿੰਘ ਪਹਿਲਾਂ ਹੀ ਨਾਲ ਲੈ ਕੇ ਥੱਲੇ ਉਤਰੇ ਸੀ। ਭੁਪਿੰਦਰ ਸਿੰਘ ਨੇ ਆਪਦੀ ਰਫਲ ਨਾਲ ਸੇਰ ਤੇ ਫਾਇਰ ਕਰਨ ਵੇਲੇ ਧਰਤੀ ਤੇ ਸਿੱਟ ਦਿੱਤੀ ਸੀ ਜੋ ਜਗੀਰ ਸਿੰਘ ਨੂੰ ਨਜਰ ਆਈ ਤੇ ਉਹਨਾ ਨੇ ਚੱਕ ਲਈ। ਸ਼ੇਰ ਜਗੀਰ ਸਿੰਘ ਤੋਂ ਸਿਰਫ 10 (ਦੱਸ) ਫੁੱਟ ਦੂਰੀ ਤੇ ਆ ਚੁੱਕਿਆ ਸੀ ਤੇ ਓਹਨੇ ਜੇਤੂ ਅੰਦਾਜ ਚ ਬੜਕ ਮਾਰਨ ਵਾਸਤੇ ਮੂੰਹ ਅੱਡ ਲਿਆ, ਉਸੇ ਪਲ ਜਗੀਰ ਸਿੰਘ ਵੱਲੋਂ ਕੀਤਾ ਹੋਇਆ ਫਾਇਰ ਸੇਰ ਦੇ ਸੰਘ ਚ ਵੱਜਿਆ ਤੇ ਉਹ ਥਾਏਂ ਢੇਰੀ ਹੋ ਗਿਆ। ਜੇ ਫਾਇਰ ਹੋਣ ਚ ਇੱਕ ਸਕਿੰਟ ਦੇ ਦਸਵੇਂ ਹਿੱਸੇ ਜਿੰਨੀ ਵੀ ਦੇਰ ਹੋ ਜਾਂਦੀ ਤਾਂ ਜਗੀਰ ਸਿੰਘ ਦਾ ਸੇਰ ਹੱਥੋਂ ਮਰਨਾ ਤਾਂ ਤੈਅ ਹੈ ਸੀ ਹੋ ਸਕਦਾ ਸੇਰ ਬਾਕੀ ਦੋਵਾਂ ਜਣਿਆਂ ਨੂੰ ਵੀ ਨਾ ਛੱਡਦਾ। ਇਹ ਵਾਅਕਾ ਸਭ ਤੋਂ ਪਹਿਲਾਂ ਮੈਂ ਛੋਟੇ ਹੁੰਦੇ ਆਪਦੀ ਮਾਤਾ ਸਰਦਾਰਨੀ ਗੁਰਦਿਆਲ ਕੌਰ ਤੋਂ ਸੁਣਿਆ ਸੀ, ਵੱਡਾ ਹੋ ਕੇ ਆਪਦੇ ਨਾਨੇ ਸ੍ਰ ਜਗੀਰ ਸਿੰਘ ਤੋਂ। ਮੇਰੇ ਨਾਨਾ ਜੀ ਨਾਲ ਸੇਰ ਮਾਰਨ ਵਾਲੇ ਸਾਰੇ ਔਪਰੇਸਨ 'ਚ ਖੁਦ ਸਾਮਲ ਹੋਏ ਸਾਬਕਾ ਸਰਪੰਚ ਸ੍ਰ ਭੁਪਿੰਦਰ ਸਿੰਘ ਅੱਜ ਕੱਲ ਬਾਜਪੁਰ ਤਹਿਸੀਲ ਦੇ ਸੰਤੋਸਪੁਰ ਫਾਰਮ ਚ ਰਹਿ ਰਹੇ ਹਨ, ਆਪਦੀ ਯਾਦਾਸਤ ਰੀਫਰੈਸ ਕਰਨ ਵਾਸਤੇ 65 ਸਾਲ ਪੁਰਾਣੀ ਸਾਰੀ ਗੱਲ ਬਾਤ ਇੱਕ ਵਾਰ ਉਹਨਾਂ ਦੀ ਹੀ ਜੁਬਾਨੀ ਹਾਲੀਆ ਦਿਨਾਂ ਦੌਰਾਨ ਹੀ ਸੁਣੀ ਹੈ। ਬਾਜਪੁਰ ਨੇੜੇ ਬਿਰਾਹਾ ਫਾਰਮ ਵਾਲੇ 70 ਸਾਲਾ ਸ੍ਰ ਬਲਜਿੰਦਰ ਸਿੰਘ ਸੋਹੀ ਦੱਸਦੇ ਹਨ ਕਿ ਇੱਥੇ ਸੇਰਾਂ ਚੀਤਿਆਂ ਦਾ ਘੁੰਮਣਾ ਫਿਰਨਾ ਤਾਂ ਆਮ ਗੱਲ ਸੀ। ਬਾਜਪੁਰ ਨੇੜੇ ਰਾਣਾ ਫਾਰਮ ਦੇ ਜੰਮਪਲ ਪੰਜਾਬ ਦੇ ਵਜੀਰ ਸ੍ਰ ਗੁਰਜੀਤ ਸਿੰਘ ਰਾਣਾ 1953 'ਚ ਜਦੋਂ ਬਚਪਨ ਵੇਲੇ ਆਪਣੀ ਮਾਤਾ ਸਰਦਾਰਨੀ ਰਾਣਾ ਰਤਨ ਕੌਰ ਨਾਲ ਰਾਤ ਵੇਲੇ ਮੰਜੇ ਤੇ ਪਏ ਸਨ ਤਾਂ ਇੱਕ ਚੀਤੇ ਨੇ ਆ ਕੇ ਮਾਤਾ ਦੇ ਪੈਰ ਨੂੰ ਬੁਰਕ ਮਾਰਿਆ, ਚੀਕ ਚਿਹਾੜਾ ਸੁਣ ਕੇ ਇਕੱਠੇ ਹੋਏ ਬੰਦਿਆਂ ਕਰਕੇ ਬਚਾ ਹੋ ਗਿਆ। ਬਲਜਿੰਦਰ ਸਿੰਘ ਸੋਹੀ ਨੇ ਦੱਸਿਆ ਕਿ, "ਸਾਡੇ ਕਈ ਡੰਗਰ ਸੇਰਾਂ ਨੇ ਖਾ ਲਏ ਸੀ, ਇੱਕ ਵਾਰ 1955 'ਚ ਸ਼ਿਕਾਰ ਕਰ ਰਹੇ ਅੰਗਰੇਜ ਇੱਕ ਸੇਰ ਮਾਰ ਕੇ ਸਾਡੇ ਵੇਹੜੇ ਵਿੱਚ ਘੜੀਸ ਲਿਆਏ ਸੀ ਤੇ ਜੀਹਦੀ ਲੰਬਾਈ ਉਚਾਈ ਦੀ ਬਕਾਇਦਾ ਪੈਮਾਇਸ ਕੀਤੀ ਸੀ। ਮੈਂ ਤੇ ਹੋਰ ਜੁਆਕਾਂ ਨੇ ਮਰੇ ਪਏ ਸੇਰ ਦੇ ਸੋਟੀਆਂ ਵੀ ਮਾਰੀਆਂ ਸੀ।"

ਸ੍ਰ. ਬਲਜਿੰਦਰ ਸਿੰਘ ਦੱਸਦੇ ਹਨ ਕਿ ਉਹਨਾ ਦੇ ਸਹੁਰਾ ਸਾਹਿਬ ਨਮੂਨਾ ਫਾਰਮ ਵਾਲੇ ਸ੍ਰ ਅਮਰ ਸਿੰਘ ਧਨੋਆ ਨੇ ਆਪਦੇ ਭਰਾਵਾਂ ਸ੍ਰ ਕਰਤਾਰ ਸਿੰਘ ਤੇ ਸ੍ਰ ਚੰਦਾ ਸਿੰਘ ਨਾਲ ਰਲ ਕੇ ਇੱਕ ਸੇਰ ਮਾਰਿਆ ਸੀ। ਰਾਹ ਖਹਿੜੇ ਜਾਂਦਿਆਂ ਨੂੰ ਸੇਰ ਅਕਸਰ ਹੀ ਟੱਕਰ ਜਾਂਦੇ ਹੁੰਦੇ ਸੀ। ਇਹ ਤਾਂ ਬਾਜਪੁਰ ਦੇ 4-5 ਕਿੱਲੋਮੀਟਰ ਦਾਇਰੇ ਦੀਆਂ ਕਹਾਣੀਆਂ ਨੇ ਉਹ ਵੀ ਸਾਰੀਆਂ ਨਹੀਂ। ਸਮੁੱਚੀ ਤਰਾਈ ਚ ਸੇਰਾਂ ਵੱਲੋਂ ਮਾਰ ਦੇਣ ਜਖਮੀਂ ਕਰਨ ਜਾਂ ਬੰਦਿਆਂ ਵੱਲੋਂ ਸੇਰਾਂ ਨੂੰ ਮਾਰਨ ਦੀਆਂ ਸੈਂਕੜੇ ਕਹਾਣੀਆਂ ਹੋਰ ਵੀ ਹੋਣਗੀਆਂ। ਸੋ ਸਲਾਮ ਹੈ ! ਸੇਰਾਂ ਵਰਗੇ ਜਿਗਰਿਆਂ ਵਾਲੇ ਸਾਡੇ ਓਹਨਾਂ ਵਡਾਰੂਆਂ ਨੂੰ ਜਿਨਾਂ ਨੇ ਸੇਰਾਂ ਮੂਹਰੇ ਹਿੱਕਾਂ ਡਾਹ ਕੇ ਜੰਗਲ ਅਬਾਦ ਕਰ ਦਿਖਾਇਆ।

# ਜੰਗਲਾਤ ਅਧਿਕਾਰ ਐਕਟ 2006 ਵਿੱਚ ਸਰਮਾਏਦਾਰਾ ਪੱਖੀ ਸੋਧਾਂ

## *ਜੰਗਲਾਂ ਅਤੇ ਆਦਿਵਾਸੀ ਵਸੋਂ ਦੇ ਉਜਾੜੇ ਦਾ ਇੱਕ ਹੋਰ ਸਰਕਾਰੀ ਫ਼ਰਮਾਨ*

**ਅਮਨ ਸੰਤ ਨਗਰ**



ਭਾਰਤ ਦੀ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ 'ਜੰਗਲਾਤ ਅਧਿਕਾਰ ਐਕਟ 2006' ਵਿੱਚ ਸੋਧਾਂ ਕਰਨ ਲਈ ਕੁੱਝ ਨਵੇਂ ਨੇਮ ਤਜਵੀਜ਼ ਕੀਤੇ ਗਏ ਹਨ। ਕੇਂਦਰੀ ਵਾਤਾਵਰਨ ਮੰਤਰਾਲਾ ਇਸ ਸਬੰਧੀ ਬਿੱਲ ਲਿਆ ਰਿਹਾ ਹੈ। ਸ਼ਰੇਆਮ ਆਦਿਵਾਸੀ ਲੋਕਾਂ ਦੇ ਹਿੱਤਾਂ ਵਿਰੁੱਧ ਕੀਤੀਆਂ ਜਾ ਰਹੀਆਂ ਇਹ ਸੋਧਾਂ ਜੰਗਲਾਂ ਅਤੇ ਉਸ 'ਤੇ ਨਿਰਭਰ ਲੋਕਾਂ ਦੀ ਹੋਂਦ ਲਈ ਤਬਾਹਕੁੰਨ ਸਾਬਤ ਹੋਣਗੀਆਂ। ਦਰਅਸਲ ਇਹ ਬਦਲਾਅ ਸਿਰਫ ਵੱਡੀਆਂ ਸਰਮਾਏਦਾਰਾਂ ਗਿਰਝਾਂ ਦੀ ਸੇਵਾ ਲਈ ਕੀਤੇ ਜਾ ਰਹੇ ਹਨ। ਅਸਲ ਵਿੱਚ ਜੰਗਲਾਂ ਦੀ ਸਮੂਹਕ ਮਾਲਕੀ ਨੂੰ ਉਥੋਂ ਦੇ ਲੋਕਾਂ ਕੋਲ਼ੋਂ ਖੋਹ ਕੇ ਨਿੱਜੀ ਖਾਣ ਅਤੇ ਦਵਾ ਕੰਪਨੀਆਂ ਦੇ ਸਪੁਰਦ ਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਸੇ ਮਕਸਦ ਤਹਿਤ ਹੀ ਕੇਂਦਰੀ ਵਾਤਾਵਰਨ ਮੰਤਰਾਲਾ ਜੰਗਲਾਤ ਅਧਿਕਾਰ ਐਕਟ 2006 ਵਿੱਚ ਸੋਧਾਂ ਕਰਨ ਲਈ ਪੱਬਾਂ ਭਾਰ ਹੋਇਆ ਫਿਰਦਾ ਹੈ। ਮੋਦੀ ਸਰਕਾਰ ਇੱਕ ਪਾਸੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਆਦੀਵਾਸੀਆਂ ਦੇ ਮਸੀਹੇ ਵਜੋਂ ਪੇਸ਼ ਕਰ ਰਹੀ ਹੈ ਅਤੇ ਨਾਲ਼ ਹੀ ਕਬਾਇਲੀ ਲੋਕਾਂ ਦੇ ਸਾਰੇ ਹੱਕਾਂ ਇੱਥੋਂ ਤੱਕ ਕਿ ਜ਼ਿੰਦਗੀ ਜਿਉਣ ਦੇ ਹੱਕ ਉੱਤੇ ਦਾਤਰੀ ਫੇਰਦੇ ਹੋਏ, ਸਰਮਾਏਦਾਰਾਂ ਨੂੰ ਲਾਭ ਪਹੁੰਚਾਉਣ ਖਾਤਰ, ਜੰਗਲਾਂ ਦੇ ਅਥਾਹ ਸੋਮਿਆਂ ਨੂੰ ਲੁੱਟਣ ਦੀ ਸਰਮਾਏਦਾਰਾਂ ਨੂੰ ਖੁੱਲ੍ਹੀ ਛੋਟ ਦੇ ਰਹੀ ਹੈ।

ਲਗਭਗ 20 ਕਰੋੜ ਲੋਕ ਇਹਨਾਂ ਜੰਗਲਾਂ ਵਿੱਚ ਰਹਿੰਦੇ ਹਨ। ਇਹਨਾਂ 20 ਕਰੋੜ ਲੋਕਾਂ ਲਈ ਇਹ ਜੰਗਲ ਉਹਨਾਂ ਦਾ ਘਰ ਹਨ, ਉਹਨਾਂ ਦੀ ਹੋਂਦ ਦੀ ਸ਼ਰਤ ਹਨ, ਇੱਕ ਤਰ੍ਹਾਂ ਨਾਲ਼ ਕਹਿ ਲਈਏ ਕਿ ਇਹਨਾਂ ਲੋਕਾਂ ਦਾ ਜੰਗਲਾਂ ਨਾਲ਼ੋਂ ਨਾੜੂ ਅਜੇ ਟੁੱਟਾ ਨਹੀਂ। ਇਹਨਾਂ ਜੰਗਲਾਂ ਦਾ ਉਜਾੜਾ ਕਰਨਾ ਇੱਕ ਤਰ੍ਹਾਂ ਨਾਲ਼ ਉਹਨਾਂ ਦੀ ਹੋਂਦ ਨੂੰ ਮਿਟਾਉਣਾ ਹੈ। ਲਗਭਗ 10 ਕਰੋੜ ਲੋਕਾਂ ਦੀ ਅਬਾਦੀ ਅਜਿਹੀ ਵੀ ਹੈ ਜੋ ਅਸਿੱਧੇ ਤੌਰ 'ਤੇ ਜੰਗਲਾਂ ਉੱਤੇ ਨਿਰਭਰ ਹੈ। ਇਸ ਲਈ ਜੰਗਲਾਂ ਵਿੱਚ ਰਹਿਣ ਵਾਲ਼ੇ ਆਦਿਵਾਸੀ ਹੀ ਇੱਥੋਂ ਦੇ ਸਾਰੇ ਜੈਵਿਕ-ਭੌਤਿਕ ਸਰੋਤਾਂ ਦੇ ਅਸਲ ਰਾਖੇ ਅਤੇ ਹੱਕਦਾਰ ਹਨ। ਇਹਨਾਂ ਜੰਗਲਾਂ ਵਿੱਚ ਵੱਸਦੇ ਆਦਿਵਾਸੀ ਕਬੀਲਿਆਂ ਅਤੇ ਇਹਨਾਂ 'ਤੇ ਨਿਰਭਰ ਹੋਰ ਵਸੋਂ ਲਈ, ਹੇਠੋਂ ਲੋਕਾਂ ਦੇ ਤਿੱਖੇ ਵਿਰੋਧ ਕਾਰਨ, ਜੰਗਲਾਤ ਅਧਿਕਾਰ ਐਕਟ 2006 ਬਣਾ ਤਾਂ ਦਿੱਤਾ ਗਿਆ ਸੀ ਪਰ ਪ੍ਰਾਈਵੇਟ ਕੰਪਨੀਆਂ ਵੱਲੋਂ ਕਬਾਇਲੀ ਲੋਕਾਂ ਦਾ ਉਜਾੜਾ ਲਗਾਤਾਰ ਜਾਰੀ ਹੀ ਰਿਹਾ ਅਤੇ ਹੁਣ ਨਵੀਆਂ ਸੋਧਾਂ ਕਰਕੇ ਇਸ ਉਜਾੜੇ ਦੀ ਪ੍ਰਕਿਰਿਆ ਨੂੰ ਹੋਰ ਜਰਬਾਂ ਦਿੱਤੀਆਂ ਜਾ ਰਹੀਆਂ ਹਨ।

ਵਾਤਾਵਰਨ ਮੰਤਰਾਲੇ ਨੇ ਜੰਗਲਾਤ ਅਧਿਕਾਰ ਐਕਟ 2006 ਦੀ ਕੋਈ ਪਰਵਾਹ ਨਾ ਕਰਦੇ ਹੋਏ ਨਵੇਂ ਨੇਮ 6 (ਬੀ) () ਨੂੰ ਸ਼ਾਮਲ ਕੀਤਾ ਹੈ, ਜਿਸ ਤਹਿਤ ਜੰਗਲ ਦੀ ਜ਼ਮੀਨ ਦੀ ਵਰਤੋਂ ਜਾਂ ਇਸ 'ਤੇ ਕਬਜ਼ਾ ਕਰਨ ਲਈ, ਜੰਗਲੀ ਸਰੋਤਾਂ ਦੀ ਵਰਤੋਂ ਲਈ ਗ੍ਰਾਮ ਸਭਾਵਾਂ ਦੀ ਸਹਿਮਤੀ ਲੈਣਾ ਜਰੂਰੀ ਨਹੀਂ ਹੋਵੇਗਾ। ਜ਼ਿਲ੍ਹਾ ਕਲੈਕਟਰ ਸਿੱਧਾ ਹੀ ਜੰਗਲ ਦੀ ਜ਼ਮੀਨ ਕੌਡੀਆਂ ਦੇ ਭਾਅ ਪ੍ਰਾਈਵੇਟ ਕੰਪਨੀਆਂ ਨੂੰ ਦੇ ਸਕਦਾ ਹੈ ਅਤੇ ਉੱਥੋਂ ਦੀ ਸਥਾਨਕ ਅਬਾਦੀ ਜਾਂ ਗ੍ਰਾਮ ਸਭਾਵਾਂ ਕਨੂੰਨੀ ਤੌਰ 'ਤੇ ਇਸ ਵਿੱਚ ਕੋਈ ਦਖ਼ਲ ਨਹੀਂ ਦੇ ਸਕਦੀਆਂ। ਨਾਲ਼ ਹੀ ਇਸੇ ਕਨੂੰਨ ਤਹਿਤ ਹੀ ਇਹ ਜ਼ਮੀਨ ਖਰੀਦਣ ਵਾਲ਼ੀਆਂ ਕੰਪਨੀਆਂ ਨੂੰ ਜੰਗਲੀ ਜੀਵਾਂ ਦਾ ਉਜਾੜਾ ਕਰਨ, ਦਰੱਖ਼ਤਾਂ ਦੀ ਕਟਾਈ ਕਰਕੇ ਉੱਥੇ ਇਮਾਰਤਾਂ ਉਸਾਰਨ, ਖਾਣਾਂ ਪੁੱਟਣ ਆਦਿ ਦੀ ਪੂਰੀ ਖੁੱਲ੍ਹ ਹੋਵੇਗੀ।

ਬਸਤੀਵਾਦੀ ਭਾਰਤ ਵਿੱਚ ਰੇਲਵੇ ਦੇ ਆਉਣ ਤੋਂ ਸਿਰਫ 3 ਸਾਲ ਦੇ ਅੰਦਰ ਹੀ 1856 ਵਿੱਚ ਲਾਰਡ ਡਲਹੌਜੀ ਨੇ ਅੰਗਰੇਜਾਂ ਲਈ ਲੱਕੜ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਜੰਗਲਾਤ ਮਾਮਲਿਆਂ ਸਬੰਧੀ ਇੱਕ ਠੋਸ ਨੀਤੀ ਬਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ ਸੀ। 1865 ਵਿੱਚ ਹੀ ਅੰਗਰੇਜਾਂ ਵੱਲੋਂ ਬਣਾਏ 'ਭਾਰਤੀ ਜੰਗਲਾਤ ਐਕਟ 1865' ਨੇ ਭਾਰਤ ਦੇ ਜੰਗਲਾਂ ਉੱਤੇ ਬ੍ਰਿਟਿਸ਼ ਬਸਤੀਵਾਦੀਆਂ ਦੀ ਦਾਅਵੇਦਾਰੀ ਐਲਾਨ ਦਿੱਤੀ ਸੀ। ਇਸ ਤੋਂ ਮਗਰੋਂ 1878 ਦਾ ਜੰਗਲਾਤ ਐਕਟ ਲਿਆਂਦਾ ਗਿਆ ਜਿਸਨੇ ਇੱਕ ਸਮੂਹਕ ਅਧਿਕਾਰ ਵਜੋਂ ਸਦੀਆਂ ਪੁਰਾਣੇ ਜੰਗਲਾਂ ਦੀ ਲੋਕਾਂ ਵੱਲੋਂ ਕੀਤੀ ਜਾਂਦੀ ਰਵਾਇਤੀ ਵਰਤੋਂ ਨੂੰ ਨਕਾਰ ਕੇ ਜੰਗਲਾਂ ਉੱਤੇ ਬਸਤੀਵਾਦੀ ਸਰਕਾਰਾਂ ਦੀ ਮਾਲਕੀ ਨੂੰ ਸਥਾਪਤ ਕੀਤਾ। ਭਾਰਤੀ ਜੰਗਲਾਤ ਐਕਟ-1878 ਤਹਿਤ ਭਾਰਤ ਦੇ ਜੰਗਲਾਂ ਵਿਚਲੇ ਕੁਦਰਤੀ ਸੋਮਿਆਂ ਨੂੰ ਅੰਗਰੇਜ ਹਾਕਮਾਂ ਨੇ ਰੱਜ ਕੇ ਲੁੱਟਿਆ ਜਿਸਦੇ ਨਤੀਜੇ ਵਜੋਂ 1950 ਆਉਂਦਿਆਂ-ਆਉਂਦਿਆਂ ਭਾਰਤ ਵਿੱਚ 60 ਫੀਸਦੀ ਜੰਗਲਾਂ ਦਾ ਖਾਤਮਾ ਹੋ ਗਿਆ। ਏਨਾ ਹੀ ਨਹੀਂ ਇਸ ਨੇ ਭਾਰਤੀ ਉਪ ਮਹਾਂਦੀਪ ਦੇ ਮਾਨਸੂਨ ਦੇ ਪੈਟਰਨ ਨੂੰ ਹੀ ਬਦਲ ਕੇ ਰੱਖ਼ ਦਿੱਤਾ, ਜਿਸ ਕਾਰਨ ਸੋਕਾ, ਅਕਾਲ ਆਦਿ ਇੱਥੋਂ ਦੇ ਲੋਕਾਂ ਦੀ ਹੋਣੀ ਬਣ ਗਏ। ਅਖੀਰ ਜੰਗਲਾਂ ਦੀ ਕਟਾਈ ਨੂੰ ਰੋਕਣ ਅਤੇ ਜੰਗਲਾਂ ਦੀ ਸੰਭਾਲ਼ ਲਈ 'ਜੰਗਲਾਤ ਸੰਭਾਲ ਐਕਟ-1980' ਪਾਸ ਕੀਤਾ ਗਿਆ। ਪਰ ਅਜ਼ਾਦੀ ਤੋਂ ਬਾਅਦ ਲਿਆਂਦੇ ਸਾਰੇ ਕਨੂੰਨਾਂ ਵਿੱਚੋਂ 'ਕੌਮੀ ਜੰਗਲਾਤ ਨੀਤੀ-1988' ਨੇ ਪਹਿਲੀਆਂ ਦੇ ਮੁਕਾਬਲੇ ਜੰਗਲਾਂ ਦੇ ਪ੍ਰਬੰਧਨ ਪ੍ਰਤੀ ਪਹੁੰਚ ਵਿੱਚ ਮਾੜੀ ਮੋਟੀ ਗੁਣਾਤਮਕ ਤਬਦੀਲੀ ਲਿਆਂਦੀ।

ਇਹ ਨੀਤੀ ਆਦਿਵਾਸੀ ਕਬਾਇਲੀ ਲੋਕਾਂ ਅਤੇ ਹੋਰ ਜੰਗਲ ਦੇ ਵਸਨੀਕਾਂ ਨੂੰ ਉੱਥੋਂ ਦੀ ਜ਼ਮੀਨ ਦਾ ਹੱਕ, ਉੱਥੋਂ ਦੇ ਸੋਮਿਆਂ ਨੂੰ ਵਰਤਣ ਦਾ ਹੱਕ ਅਤੇ ਜੰਗਲ ਦੀ ਸਾਂਭ ਸੰਭਾਲ ਦਾ ਹੱਕ ਦਿੰਦੀ ਸੀ। ਇਸ ਤੋਂ ਬਾਅਦ 'ਅਨੁਸੂਚਿਤ ਕਬੀਲੇ ਅਤੇ ਹੋਰ ਜੰਗਲੀ ਨਿਵਾਸੀ (ਜੰਗਲ ਅਧਿਕਾਰਾਂ ਦੀ ਮਾਨਤਾ) ਐਕਟ-2006' ਲਿਆਂਦਾ ਗਿਆ ਜਿਸਨੂੰ ਹੀ 'ਜੰਗਲਾਤ ਅਧਿਕਾਰ ਐਕਟ 2006' ਵਜੋਂ ਜਾਣਿਆ ਜਾਣ ਲੱਗਾ ਅਤੇ ਇਸੇ ਵਿੱਚ ਹੁਣ ਸਰਮਾਏਦਾਰਾ ਪੱਖੀ ਸੋਧਾਂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਪਹਿਲਾਂ ਜੰਗਲਾਂ ਦੀ ਸਰਮਾਏਦਾਰਾਂ ਵੱਲੋਂ ਆਪਣੇ ਮੁਨਾਫੇ ਲਈ ਕੀਤੀ ਜਾਂਦੀ ਤਬਾਹੀ ਉੱਤੇ ਜੋ ਮਾੜੀਆਂ ਮੋਟੀਆਂ ਕਨੂੰਨੀ ਰੋਕਾਂ ਸਨ ਉਹ ਵੀ ਮੋਦੀ ਸਰਕਾਰ ਪੂਰੀ ਤਰ੍ਹਾਂ ਹਟਾਉਣ ਜਾ ਰਹੀ ਹੈ ਅਤੇ ਅੰਗਰੇਜਾਂ ਵੇਲ਼ੇ ਵਾਂਗਰ ਹੀ ਇੱਥੋਂ ਦੇ ਹਾਕਮਾਂ ਨੂੰ ਬਿਨਾਂ ਕਿਸੇ ਜਵਾਬਦੇਹੀ ਤੋਂ ਜੰਗਲਾਂ ਨੂੰ ਲੁੱਟਣ ਦੀ ਪੂਰੀ ਖੁੱਲ੍ਹ ਦੇਣ ਜਾ ਰਹੀ ਹੈ।

ਜੰਗਲਾਤ ਅਧਿਕਾਰ ਐਕਟ-2006 ਆਦਿਵਾਸੀ ਕਬਾਇਲੀ ਭਾਈਚਾਰਿਆਂ ਅਤੇ ਹੋਰ ਜੰਗਲ ਦੇ ਵਸਨੀਕਾਂ ਦੇ ਵਣ ਸਰੋਤਾਂ ਉੱਤੇ ਹੱਕਾਂ ਨੂੰ ਮਾਨਤਾ ਦਿੰਦਾ ਹੈ। ਇਹ ਉਹ ਸਰੋਤ ਹਨ ਜਿਹਨਾਂ ਉੱਤੇ ਇਹਨਾਂ ਦੀ ਰੋਜ਼ੀ ਰੋਟੀ, ਰਹਿਣ ਸਹਿਣ, ਸਮਾਜਕ ਸੱਭਿਆਚਾਰਕ ਲੋੜਾਂ ਆਦਿ ਸਭ ਕੁੱਝ ਨਿਰਭਰ ਕਰਦਾ ਹੈ। ਪਰ ਧਾਰਾ 6 (1ਏ) ਅਤੇ (1ਬੀ) ਨੂੰ ਜੋੜ ਕੇ ਕੀਤੀ ਜਾ ਰਹੀ ਸੋਧ ਇਹਨਾਂ ਲੋਕਾਂ ਤੋਂ ਇਹ ਸਾਰੇ ਹੱਕ ਖੋਹ ਲਵੇਗੀ। ਸਰਮਾਏਦਾਰਾਂ ਦੇ ਹੀ ਬਣਾਏ ਕੌਮਾਂਤਰੀ ਨੇਮਾਂ ਤਹਿਤ ਵੀ ਇਹ ਗਲਤ ਹੈ ਅਤੇ ਜੈਵਿਕ ਵੰਨ-ਸੁਵੰਨਤਾ ਸਬੰਧੀ ਸੰਯੁਕਤ ਰਾਸ਼ਟਰ ਦੀ ਕਨਵੈਨਸ਼ਨ ਦੇ ਅਸੂਲਾਂ ਦੇ ਵੀ ਉਲਟ ਹੈ। ਆਪਣੇ ਇਸ ਲੋਕ ਦੋਖੀ ਚਰਿੱਤਰ ਵਿੱਚ ਮੋਦੀ ਸਰਕਾਰ ਅੰਗਰੇਜ਼ਾਂ ਨਾਲ਼ੋਂ ਕਿਤੇ ਅੱਗੇ ਨਿੱਕਲ਼ ਗਈ ਹੈ।

ਭਾਰਤੀ ਜੰਗਲ਼ ਪੌਦਿਆਂ ਅਤੇ ਜੰਗਲੀ ਜਾਨਵਰਾਂ ਆਦਿ ਦੀਆਂ ਲਗਭਗ 17,000 ਪ੍ਰਜਾਤੀਆਂ ਦਾ ਘਰ ਹਨ। ਜੀਵ ਵਿਗਿਆਨੀਆਂ ਅਤੇ ਹੋਰ ਕਨੂੰਨੀ ਮਾਹਰਾਂ ਮੁਤਾਬਕ ਵੀ ਇਹ ਨਵੀਆਂ ਸੋਧਾਂ ਜੈਵਕ ਵੰਨ-ਸੁਵੰਨਤਾ ਲਈ ਨੁਕਸਾਨਦੇਹ ਸਾਬਤ ਹੋਣਗੀਆਂ। ਸੰਵਿਧਾਨ ਵਿੱਚ ਦਰਜ ਜੰਗਲਾਤ ਅਧਿਕਾਰ ਐਕਟ 2006 ਮੁਤਾਬਕ ਵੀ ਵੇਖੀਏ ਤਾਂ ਜੰਗਲ ਦੀ ਕਟਾਈ ਕਰਨਾ ਕੁਦਰਤੀ ਬਨਸਪਤੀ ਅਤੇ ਹੋਰ ਜੀਵ ਜੰਤੂਆ ਆਦਿ ਨੂੰ ਤਬਾਹ ਕਰਨ ਦੇ ਤੁੱਲ ਹੈ। ਪਰ ਲਗਾਤਾਰ ਮੁਨਾਫੇ ਵਿੱਚੋਂ ਸਾਹ ਲੈਂਦੇ ਸਰਮਾਏ, ਅਤੇ ਸੰਕਟ ਵਿੱਚ ਫਸੀ ਸਰਮਾਏਦਾਰੀ ਨੂੰ ਤਾਂ ਬੱਸ ਕਿਤਿਓਂ ਵੀ ਮੁਨਾਫਾ ਨਜ਼ਰ ਆਉਣਾ ਚਾਹੀਦਾ ਹੈ, ਸੰਵਿਧਾਨ ਦਾ ਕੀ ਹੈ, ਇਹ ਤਾਂ ਬਣਾਇਆ ਹੀ ਇਸ ਪ੍ਰਬੰਧ ਦੀ ਰਾਖੀ ਲਈ ਗਿਆ ਹੈ, ਤੇ ਜੇ ਕਿਸੇ ਤਰ੍ਹਾਂ ਇਹ ਰੋਕ ਬਣੇਗਾ ਤਾਂ ਕਨੂੰਨਾਂ ਨੂੰ ਸੋਧਾ ਲਾ ਦਿੱਤਾ ਜਾਵੇਗਾ। 'ਕਾਰੋਬਾਰ ਲਈ ਸੌਖ' ਦਾ ਰਾਗ ਅਲਾਪਣ ਵਾਲ਼ੀ ਮੋਦੀ ਸਰਕਾਰ ਨੇ ਤਾਂ ਸਰਮਾਏਦਾਰਾਂ ਲਈ ਸੌਖ ਕਰਨੀ ਹੈ, ਫਿਰ ਸੰਵਿਧਾਨ ਦੀ ਕੀ ਮਜਾਲ ਕਿ ਵਿੱਚ ਦਖ਼ਲ ਦੇ ਦੇਵੇ। ਮੋਦੀ ਨੇ ਖੁਦ 1920 ਵਿੱਚ ਬਣੀ ਸਰਮਾਏਦਾਰਾਂ ਦੀ ਸੰਸਥਾ ਐਸੋਚੈਮ ਦੇ ਮੈਂਬਰ ਸਰਮਾਏਦਾਰਾਂ ਨੂੰ ਆਪਣੇ ਇੱਕ ਭਾਸ਼ਣ ਵਿੱਚ ਕਿਹਾ ਸੀ ਕਿ ਅੰਗਰੇਜਾਂ ਵੇਲ਼ੇ ਤਾਂ ਤੁਹਾਡੇ ਉੱਤੇ ਹੋ ਸਕਦਾ ਕੋਈ ਰੋਕਾਂ ਹੋਣ ਪਰ ਮੋਦੀ ਰਾਜ ਵਿੱਚ ਮਨਮਰਜੀਆਂ ਕਰਨ ਦੀ ਤੁਹਾਨੂੰ ਪੂਰੀ ਖੁੱਲ੍ਹ ਹੋਵੇਗੀ। ਆਪਣੇ ਇਸ ਵਾਅਦੇ ਨੂੰ ਪੂਰੇ ਕਰਦੇ ਹੋਏ ਮੋਦੀ ਹਕੂਮਤ ਦੇ ਕੇਂਦਰੀ ਵਣ ਮੰਤਰਾਲੇ ਨੇ ਜੰਗਲਾਂ ਦੇ ਜ਼ਮੀਨ ਸਬੰਧੀ ਫੈਸਲਿਆਂ ਲਈ ਗ੍ਰਾਮ ਸਭਾਵਾਂ, ਸੂਬਾ ਸਰਕਾਰਾਂ, ਅਤੇ ਵੱਖ-ਵੱਖ (ਪ੍ਰਭਾਵਿਤ) ਲੋਕ ਕਮੇਟੀਆਂ ਦੀ ਥਾਂ "ਲਚਕੀਲਾ ਪ੍ਰਬੰਧ" ਬਣਾ ਦਿੱਤਾ ਹੈ, ਜਿਸ ਦੇ ਨੁਮਾਇੰਦੇ ਚੁਣੇ ਨਹੀਂ ਜਾਣਗੇ ਸਗੋਂ ਉੱਤੋਂ ਥੋਪੇ ਜਾਣਗੇ। ਸੰਖੇਪ ਵਿੱਚ ਕਹੀਏ ਤਾਂ ਇਹਨਾਂ ਦੀ ਬੋਲੀ ਬੋਲਣ ਵਾਲ਼ੀ ਅਫ਼ਸਰਸ਼ਾਹੀ ਹੀ ਸਾਰੇ ਫੈਸਲੇ ਲਏਗੀ।

ਭਾਵੇਂ ਸਰਵਉੱਚ ਅਦਾਲਤ ਦੇ ਹੀ ਇੱਕ ਪੁਰਾਣੇ ਫੈਸਲੇ ਮੁਤਾਬਕ ਇਸ ਸਭ ਕਾਸੇ ਲਈ ਗ੍ਰਾਮ ਸਭਾ ਦੀ ਮਨਜ਼ੂਰੀ ਲੈਣੀ ਲਾਜ਼ਮੀ ਹੈ। ਅਮਲੀ ਤੌਰ'ਤੇ ਵੇਖਿਆ ਜਾਵੇ ਤਾਂ ਸਰਕਾਰ ਦੀ ਨੀਤ 2010 ਵਿੱਚ ਹੀ ਪਤਾ ਲੱਗ ਗਈ ਸੀ ਜਦੋਂ ਕਬਾਇਲੀ ਮਾਮਲਿਆਂ ਦੇ ਨੋਡਲ ਅਦਾਰੇ ਵੱਲੋਂ ਜਾਰੀ ਰਿਪੋਰਟ ਵਿੱਚ ਸਾਫ਼ ਖੁਲਾਸਾ ਹੋਇਆ ਸੀ ਕਿ ਜੰਗਲਾਤ ਅਧਿਕਾਰ ਐਕਟ 2006 ਤਹਿਤ 29 ਲੱਖ ਦਾਅਵੇਦਾਰਾਂ ਵਿੱਚੋਂ ਸਿਰਫ 46,149 (ਸਿਰਫ 1.6%) ਨੂੰ ਹੀ ਭਾਈਚਾਰਕ ਹੱਕ ਹਾਸਲ ਹੋਏ ਅਤੇ ਉਹਨਾਂ ਵਿੱਚੋਂ ਵੀ ਬਹੁਤਿਆਂ ਨੂੰ ਮਾਮੂਲੀ ਜੰਗਲ ਉਪਜਾਂ (ਮਾਇਨਰ ਫੋਰੇਸਟ ਪ੍ਰੋਡਿਉਸ) ਉੱਤੇ ਵੀ ਕੋਈ ਹੱਕ ਹਾਸਲ ਨਹੀਂ ਸੀ।


ਸਰਮਾਏਦਾਰਾ ਗਿਰਝਾਂ ਦੇ ਮੁਨਾਫ਼ਿਆਂ ਖਾਤਰ ਸਰਕਾਰਾਂ ਇਹਨਾਂ ਜੰਗਲਾਂ ਨੂੰ ਉਜਾੜ ਕੇ, ਨਾ ਸਿਰਫ ਕੁਦਰਤੀ ਵੰਨ ਸੁਵੰਨਤਾ ਦੇ ਏਡੇ ਵੱਡੇ ਸੋਮਿਆਂ ਦਾ ਹੀ ਉਜਾੜਾ ਕਰ ਰਹੀਆਂ ਹਨ ਸਗੋਂ ਇਸ ਉੱਤੇ ਨਿਰਭਰ ਕਰੋੜਾਂ ਦੀ ਅਬਾਦੀ ਦਾ ਵੀ ਉਜਾੜਾ ਕਰ ਰਹੀਆਂ ਹਨ। ਇਸ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਦਹਿਸ਼ਤਗਰਦੀ ਦੇ ਖਾਤਮੇ ਦੇ ਨਾਮ 'ਤੇ ਅਦਿਵਾਸੀਆਂ ਉੱਪਰ ਜਬਰ ਢਾਹੁਣ ਲਈ ਬਣਾਏ ਸਲਵਾ ਜੁਡੂਮ ਵੱਲੋਂ ਕੀਤੇ ਅਣਮਨੁੱਖੀ ਕਾਰੇ ਨੂੰ ਕੋਈ ਭੁਲਾ ਨਹੀਂ ਸਕਦਾ, ਜੋ ਸਰਕਾਰੀ ਦਹਿਸ਼ਤਗਰਦੀ ਦੀ ਸਿੱਧੀ-ਸਿੱਧੀ ਮਿਸਾਲ ਹੈ। ਆਦਿਵਾਸੀਆਂ ਦੇ ਸੈਂਕੜਿਆਂ ਪਿੰਡਾਂ ਨੂੰ ਅੱਗ ਲਾ ਕੇ ਸਾੜ ਦਿੱਤਾ ਜਾਂਦਾ ਰਿਹਾ ਹੈ। ਕਬਾਇਲੀ ਲੋਕਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਵਾਲ਼ੇ ਬੁੱਧੀਜੀਵੀਆਂ, ਪੱਤਰਕਾਰਾਂ, ਸਮਾਜਕ ਕਾਰਕੁਨਾਂ ਨੂੰ ਜੇਲੀਂ ਡੱਕ ਦਿੱਤਾ ਜਾਂਦਾ ਹੈ ਜਾਂ ਮਾਰ ਦਿੱਤਾ ਜਾਂਦਾ ਹੈ ਜਿਸ ਵਿੱਚ ਸੁਪਰੀਮ ਕੋਰਟ ਸਰਕਾਰ ਦੇ ਮੋਢੇ ਨਾਲ਼ ਮੋਢਾ ਲਾ ਕੇ ਖੜ੍ਹਾ ਹੈ ਜਿਸਦੀ ਸਭ ਤੋਂ ਤਾਜਾ ਮਿਸਾਲ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੂੰ ਸੁਣਾਈ ਗਈ ਸਜ਼ਾ ਹੈ। ਸਰਮਾਏਦਾਰਾਂ ਖਾਤਰ ਜੰਗਲਾਂ ਦਾ ਇਹ ਉਜਾੜਾ ਕਰਨ ਵਿੱਚ ਕੋਈ ਵੀ ਸਰਕਾਰ ਪਿੱਛੇ ਨਹੀਂ। ਪੰਜਾਬ ਵਿੱਚ ਕਾਂਗਰਸ ਵੱਲੋਂ ਲੁਧਿਆਣਾ ਦੇ ਮੱਤੇਵਾੜਾ ਜੰਗਲ ਨੂੰ ਉਜਾੜਨ ਦਾ ਫਤਵਾ ਤਿਆਰ ਕੀਤਾ ਗਿਆ ਸੀ ਜਿਸਨੂੰ ਪਿੱਛੇ ਜਿਹੇ ਮੌਕੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਮਲੀ ਜਾਮਾ ਪਵਾ ਦਿੱਤਾ ਸੀ ਪਰ ਪੰਜਾਬ ਦੇ ਲੋਕਾਂ ਦੇ ਰੋਹ ਅੱਗੇ ਝੁਕਦੇ ਹੋਏ ਇਸਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ। ਜੰਗਲਾਂ ਨੂੰ ਅਕਸਰ "ਧਰਤੀ ਦੇ ਫੇਫੜੇ" ਕਿਹਾ ਜਾਂਦਾ ਹੈ। ਮੁੱਠੀ ਕੁ ਸਰਮਾਏਦਾਰਾਂ ਦੇ ਮੁਨਾਫੇ ਖਾਤਰ ਇਹਨਾਂ ਦਾ ਉਜਾੜਾ ਕਰਨ ਦਾ ਹੱਕ ਕਿਸੇ ਨੂੰ ਨਹੀਂ ਦਿੱਤਾ ਜਾ ਸਕਦਾ। ਸਰਕਾਰ ਨੂੰ ਜੰਗਲਾਤ ਅਧਿਕਾਰ ਐਕਟ-2006 ਵਿੱਚ ਪ੍ਰਸਤਾਵਿਤ ਸੋਧਾਂ ਨੂੰ ਫੌਰਨ ਵਾਪਸ ਲੈਣਾ ਚਾਹੀਦਾ ਹੈ, ਜਿਹਨਾਂ ਦਾ ਉਦੇਸ਼ ਜੰਗਲਾਂ ਅਤੇ ਆਦਿਵਾਸੀਆਂ ਦਾ ਉਜਾੜਾ ਕਰਕੇ ਵੱਡੇ ਖਨਨ, ਫਾਰਮਾ ਉਦਯੋਗਾਂ ਨੂੰ ਲਾਭ ਪਹੁੰਚਾਉਣਾ ਹੈ। ਕੁਦਰਤ ਅਤੇ ਮਨੁੱਖਤਾ ਦੇ ਦੋਖੀ ਹਰ ਤਰ੍ਹਾਂ ਦੇ ਕਨੂੰਨਾਂ ਖਿਲਾਫ ਡਟਣਾ, ਇਹਨਾਂ ਵਿਰੁੱਧ ਆਵਾਜ਼ ਬੁਲੰਦ ਕਰਨਾ ਹਰ ਸੰਵੇਦਨਸ਼ੀਲ, ਇਨਸਾਫਪਸੰਦ ਵਿਅਕਤੀ ਦਾ ਫਰਜ ਹੈ।

# ਪਾਕਿਸਤਾਨ ਵਿਰੁੱਧ ਮੁਸਲਮਾਨਾਂ ਦੇ ਸੰਘਰਸ਼ ਦੀ ਸ਼ਾਨਾਮੱਤੀ ਵਿਰਾਸਤ



ਬੂਟਾ ਸਿੰਘ
ਮਹਿਮੂਦਪੁਰ
94634-74342





2014 'ਚ ਆਰ.ਐੱਸ.ਐੱਸ.-ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਦ ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਪਾਕਿਸਤਾਨ ਹਮਾਇਤੀ ਕਰਾਰ ਦੇਣ ਦਾ ਬਿਰਤਾਂਤ ਵਿਆਪਕ ਜ਼ਹਿਰੀਲੀ ਮੁਹਿੰਮ ਦਾ ਰੂਪ ਅਖ਼ਤਿਆਰ ਕਰ ਚੁੱਕਾ ਹੈ। ਗੁਜਰਾਤ, ਉੱਤਰ ਪ੍ਰਦੇਸ਼ ਵਰਗੇ ਰਾਜਾਂ 'ਚ ਜਿੱਥੇ ਮੁਸਲਮਾਨ ਹਿੰਦੂ ਜਨੂੰਨੀਆਂ ਦੇ ਹਮਲਿਆਂ ਅਤੇ ਦੰਗਿਆਂ ਕਾਰਨ ਅਸੁਰੱਖਿਆ ਮਹਿਸੂਸ ਕਰਦਿਆਂ ਮਿਸੀ ਵਸੋਂ ਵਾਲੇ ਇਲਾਕੇ ਛੱਡ ਕੇ ਮੁਸਲਿਮ ਬਹੁਗਿਣਤੀ ਬਸਤੀਆਂ 'ਚ ਜਾ ਕੇ ਵਸ ਗਏ, ਉਨ੍ਹਾਂ ਨੂੰ ਵਿਅੰਗ ਅਤੇ ਨਫ਼ਰਤ ਨਾਲ ਪਾਕਿਸਤਾਨ ਕਿਹਾ ਜਾਂਦਾ ਹੈ। ਜ਼ਹਿਰੀਲੇ ਫਿਰਕੂ ਪ੍ਰਚਾਰ ਪ੍ਰਭਾਵ ਕਾਰਨ ਆਟੋ ਜਾਂ ਟੈਕਸੀ ਵਾਲੇ ਵੀ ਉਨ੍ਹਾਂ ਬਸਤੀਆਂ 'ਚ ਸਵਾਰੀਆਂ ਲੈ ਕੇ ਨਹੀਂ ਜਾਂਦੇ। ਇਹ ਆਰ.ਐੱਸ.ਐੱਸ. ਨਾਲ ਸੰਬੰਧਤ ਜਥੇਬੰਦੀਆਂ ਵੱਲੋਂ ਦਹਾਕਿਆਂ ਤੋਂ ਸਿਰਜੇ ਜਾ ਰਹੇ ਮੁਸਲਿਮ ਵਿਰੋਧੀ ਜ਼ਹਿਰੀਲੇ ਬਿਰਤਾਂਤ ਦਾ ਸਿੱਟਾ ਹੈ। ਹਿੰਦੂਤਵ ਆਗੂ ਅਤੇ ਆਪੇ ਬਣੇ ਹਿੰਦੂ ਸੰਤ-ਮਹੰਤ ਮੁਸਲਮਾਨਾਂ ਨੂੰ ਅਕਸਰ ਹੀ ਦੇਸ਼ਧ੍ਰੋਹੀ ਅਤੇ ਪਾਕਿਸਤਾਨ ਦੇ ਹਮਾਇਤੀ ਦੱਸਦੇ ਹਨ ਕਿਉਂਕਿ ਇਹ ਬਿਰਤਾਂਤ ਉਨ੍ਹਾਂ ਦੇ ਹਿੰਦੂ ਰਾਸ਼ਟਰ ਦੇ ਰਾਜਨੀਤਕ ਏਜੰਡੇ ਨੂੰ ਅੱਗੇ ਵਧਾਉਣ ਦਾ ਕਾਰਗਰ ਸੰਦ ਹੈ। ਝੂਠਾ ਬਿਰਤਾਂਤ ਲੋਕ ਮਨਾਂ 'ਚ ਕੁੱਟ-ਕੁੱਟ ਕੇ ਇਹ ਭਰਨ ਦੀ ਕੋਸ਼ਿਸ਼ ਕਰਦਾ ਹੈ ਕਿ ਭਾਰਤ 'ਚ ਰਹਿ ਰਹੇ ਮੁਸਲਮਾਨ ਮੁਲਕ ਪ੍ਰਤੀ ਵਫ਼ਾਦਾਰ ਨਹੀਂ ਹਨ, ਇਸ ਕਰਕੇ ਉਨ੍ਹਾਂ ਉੱਪਰ ਯਕੀਨ ਨਹੀਂ ਕੀਤਾ ਜਾ ਸਕਦਾ। ਸੰਘ ਦੇ ਪ੍ਰਮੁੱਖ ਆਗੂ ਕਦੇ ਵੀ ਇਸ ਬਿਰਤਾਂਤ ਦਾ ਵਿਰੋਧ ਨਹੀਂ ਕਰਦੇ। ਉਨ੍ਹਾਂ ਦਾ ਕੰਮ ਕਿਉਂਕਿ 'ਹਾਸ਼ੀਏ ਵਾਲੇ ਅਨਸਰ' ਹੀ ਕਰੀ ਜਾ ਰਹੇ ਹਨ, ਇਸ ਕਰਕੇ ਉਨ੍ਹਾਂ ਲਈ ਇਹ ਜਵਾਬਦੇਹੀ ਤੋਂ ਬਚਣ ਦਾ ਸੌਖਾ ਤਰੀਕਾ ਹੈ।

ਇਸ ਬਿਰਤਾਂਤ ਦੀ ਬੁਨਿਆਦ ਸਾਵਰਕਰ, ਗੋਲਵਲਕਰ ਵਰਗੇ ਹਿੰਦੂਤਵੀ ਸਿਧਾਂਤਕਾਰਾਂ ਵੱਲੋਂ 20ਵੀਂ ਸਦੀ ਦੇ ਸ਼ੁਰੂ 'ਚ ਹੀ ਰੱਖ ਦਿੱਤੀ ਗਈ ਸੀ। ਸਾਵਰਕਰ ਨੇ ਸਾਰੇ ਧਾਰਮਿਕ ਫਿਰਕਿਆਂ ਨੂੰ ਸਮੋਣ ਵਾਲੇ ਸਾਂਝੇ ਭਾਰਤ ਦੀ ਧਾਰਨਾ ਨੂੰ ਰੱਦ ਕੀਤਾ। ਬਾਲ ਗੰਗਾਧਰ ਤਿਲਕ ਵਰਗੇ ਆਗੂ ਪਹਿਲਾਂ ਹੀ ਹਿੰਦੂ ਰਾਸ਼ਟਰ ਦੀ ਵਕਾਲਤ ਕਰਦੇ ਸਨ। ਇਸ ਦੇ ਪ੍ਰਤੀਕਰਮ ਵਜੋਂ ਜਿਨਾਹ ਨੇ ਵੀ ਧਰਮ ਦੇ ਆਧਾਰ 'ਤੇ ਵੱਖਰਾ ਮੁਲਕ ਬਣਾਉਣ ਦੀ ਮੰਗ ਜ਼ੋਰ-ਸ਼ੋਰ ਨਾਲ ਕਰਨੀ ਸ਼ੁਰੂ ਕਰ ਦਿੱਤੀ। ਇਸ ਫਿਰਕੂ ਸਿਆਸਤ ਕਾਰਨ 1947 'ਚ ਪਾਕਿਸਤਾਨ ਅਤੇ ਭਾਰਤ ਦੋ ਮੁਲਕ ਬਣ ਗਏ। ਇਸ ਤੋਂ ਬਾਦ ਹਿੰਦੂਤਵ ਬਰਗੇਡ ਨੇ ਮੁਸਲਮਾਨ ਭਾਈਚਾਰੇ ਵਿਰੁੱਧ ਹਮਲਾ ਹੋਰ ਤਿੱਖਾ ਕਰ ਦਿੱਤਾ। ਐੱਮ.ਐੱਸ.ਗੋਲਵਲਕਰ ਨੇ ਆਪਣੀ ਮਸ਼ਹੂਰ ਕਿਤਾਬ 'ਬੰਚ ਆਫ਼ ਥਾਟਸ', ਜਿਸ ਨੂੰ ਆਰ.ਐੱਸ.ਐੱਸ. ਦਾ ਪਵਿੱਤਰ ਗ੍ਰੰਥ ਮੰਨਿਆ ਜਾਂਦਾ ਹੈ, ਦੇ ਅਧਿਆਏ 'ਅੰਦਰੂਨੀ ਖ਼ਤਰੇ' ਵਿਚ ਭਾਰਤੀ ਮੁਸਲਮਾਨਾਂ ਨੂੰ ਪਹਿਲੇ ਨੰਬਰ ਦਾ ਖ਼ਤਰਾ ਕਰਾਰ ਦਿੰਦਿਆਂ ਲਿਖਿਆ, 'ਅੱਜ ਵੀ ਕਈ ਲੋਕ ਇਹ ਕਹਿੰਦੇ ਦੇਖੇ ਜਾਂਦੇ ਹਨ ਕਿ 'ਹੁਣ ਕੋਈ ਮੁਸਲਿਮ ਮਸਲਾ ਨਹੀਂ ਹੈ। ਉਹ ਦੰਗਾਈ ਅਨਸਰ ਜਿਨ੍ਹਾਂ ਨੇ ਪਾਕਿਸਤਾਨ ਦੀ ਹਮਾਇਤ ਕੀਤੀ ਸੀ, ਉਹ ਸਾਰੇ ਜਾ ਚੁੱਕੇ ਹਨ। ਇੱਥੇ ਬਚੇ ਮੁਸਲਮਾਨ ਮੁਲਕ ਦੇ ਪ੍ਰਤੀ ਵਫ਼ਾਦਾਰ ਹਨ। ਹੁਣ ਉਹਨਾਂ ਦੇ ਕੋਲ ਕਿਤੇ ਜਾਣ ਦੀ ਕੋਈ ਜਗ੍ਹਾ ਨਹੀਂ ਬਚੀ ਹੈ ਅਤੇ ਉਹ ਮੁਲਕ ਦੇ ਪ੍ਰਤੀ ਨਿਹਚਾਵਾਨ ਰਹਿਣ ਲਈ ਮਜਬੂਰ ਹਨ।' ... ਜੇ ਅਸੀਂ ਇਹ ਵਿਸ਼ਵਾਸ ਕਰ ਲਈਏ ਕਿ ਪਾਕਿਸਤਾਨ ਬਣ ਜਾਣ ਤੋਂ ਬਾਦ ਉਹ ਰਾਤੋ-ਰਾਤ ਦੇਸ਼ਭਗਤ ਹੋ ਜਾਣਗੇ, ਤਾਂ ਇਹ ਆਪਣੇ ਆਪ ਨੂੰ ਆਤਮਘਾਤੀ ਰੂਪ 'ਚ ਭਰਮ ਵਿਚ ਰੱਖਣ ਬਰਾਬਰ ਹੈ। ਇਸ ਦੇ ਉਲਟ ਪਾਕਿਸਤਾਨ ਬਣ ਜਾਣ ਨਾਲ ਮੁਸਲਿਮ ਖ਼ਤਰਾ ਸੈਂਕੜੇ ਗੁਣਾ ਵਧ ਗਿਆ ਹੈ। ਉਹ ਭਵਿੱਖ ਵਿਚ ਸਾਡੇ ਖ਼ਿਲਾਫ਼ ਹਮਲਾਵਰ ਯੋਜਨਾਵਾਂ ਦੇ ਲਈ ਇਕ ਪਲੈਟਫਾਰਮ ਸਿੱਧ ਹੋ ਸਕਦੇ ਹਨ।' ਗੋਲਵਲਕਰ ਅੱਗੇ ਕਹਿੰਦਾ ਹੈ, 'ਮੁਲਕ ਵਿਚ ਬਹੁਤ ਥਾਵਾਂ ਮੁਸਲਮਾਨ ਬਹੁਗਿਣਤੀ ਵਾਲੀਆਂ ਹਨ, ਜੋ ਮਿੰਨੀ (ਛੋਟੇ) ਪਾਕਿਸਤਾਨ ਦੀ ਤਰ੍ਹਾਂ ਹਨ।... ਸਾਡੀ ਧਰਤੀ ਉੱਪਰ ਇਹ ਮੁਸਲਿਮ ਬਹੁਗਿਣਤੀ ਵਾਲੇ ਖੇਤਰ ਸਦਾ ਪਾਕਿਸਤਾਨ ਹਮਾਇਤੀ ਤੱਤ ਦੇ ਰੂਪ ਵਿਚ ਮੌਜੂਦ ਹਨ।... ਕੁਲ ਮਿਲਾ ਕੇ ਇਹ ਕਿ ਹਰ ਥਾਂ ਤੋਂ ਮੁਸਲਮਾਨ ਟਰਾਂਸਮੀਟਰ ਦੇ ਜ਼ਰੀਏ ਪਾਕਿਸਤਾਨ ਦੇ ਸੰਪਰਕ ਬਣੇ ਹੋਏ ਹਨ..।' ਇਹ ਵਿਚਾਰ ਹਿੰਦੂਤਵ ਬਰਗੇਡ ਦੀ ਸਮੁੱਚੇ ਮੁਸਲਮਾਨ ਭਾਈਚਾਰੇ ਪ੍ਰਤੀ ਦੁਸ਼ਮਣੀ ਦਾ ਆਧਾਰ ਹਨ। ਬੇਸ਼ੱਕ 2018 'ਚ ਸੰਘ ਦੇ ਸੁਪਰੀਮੋ ਮੋਹਣ ਭਾਗਵਤ ਨੇ ਇਹ ਸਪਸ਼ਟੀਕਰਨ ਦਿੰਦਿਆਂ 'ਬੰਚ ਆਫ਼ ਥਾਟ' ਦੇ ਵਿਵਾਦਪੂਰਨ ਹਿੱਸਿਆਂ ਨਾਲੋਂ ਵਿੱਥ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ ਕਿ 'ਉਹ ਖ਼ਾਸ ਪ੍ਰਸਥਿਤੀਆਂ 'ਚ ਬੋਲਿਆ ਗਿਆ ਸੀ, ਸੰਘ ਬੰਦ ਸੰਗਠਨ ਨਹੀਂ ਹੈ, ਸਮਾਂ ਬਦਲਦਾ ਹੈ, ਸਾਡੀ ਸੋਚ ਬਦਲਦੀ ਹੈ', ਪਰ ਵਿਹਾਰਕ ਅਮਲ 'ਚ ਮੁਸਲਿਮ ਵਿਰੋਧੀ ਨਫ਼ਰਤ ਸਗੋਂ ਹੋਰ ਤਿੱਖੀ ਹੋਈ ਹੈ। ਇਸ ਨੂੰ ਹੁਣ ਰਾਜਸੀ ਅਤੇ ਰਾਜਕੀ ਸਰਪ੍ਰਸਤੀ ਹਾਸਲ ਹੈ।

ਇਕ ਸਮੁੱਚੇ ਭਾਈਚਾਰੇ ਨੂੰ, ਜਿਸ ਦੀ ਜੰਗੇ-ਆਜ਼ਾਦੀ ਵਿਚ ਹਿੱਸਾ ਲੈਣ ਅਤੇ ਪਾਕਿਸਤਾਨ ਬਣਾਏ ਜਾਣ ਦਾ ਵਿਰੋਧ ਕਰਨ ਦੀ ਸ਼ਾਨਾਮੱਤੀ ਵਿਰਾਸਤ ਹੈ, ਹਿੰਦੂਤਵ ਬਰਗੇਡ ਦੇਸ਼ਧ੍ਰੋਹੀ ਬਣਾ ਕੇ ਪੇਸ਼ ਕਰ ਰਿਹਾ ਹੈ ਜਿਸ ਦੀ ਮੁਲਕ ਨੂੰ ਆਜ਼ਾਦ ਕਰਾਉਣ 'ਚ ਆਪਣੀ ਕੋਈ ਦੇਸ਼ਪ੍ਰੇਮੀ ਭੂਮਿਕਾ ਨਹੀਂ ਹੈ। ਦਰਅਸਲ ਸੰਘ ਪਰਿਵਾਰ ਤਾਂ ਖ਼ੁਦ ਐਸਾ ਸਮੂਹ ਹੈ ਜਿਸ ਦੇ ਸਾਵਰਕਰ ਵਰਗੇ ਪ੍ਰਮੁੱਖ ਆਗੂਆਂ/ਸਿਧਾਂਤਕਾਰਾਂ ਨੇ ਜੇਲ੍ਹਾਂ ਦੀਆਂ ਸਖ਼ਤੀਆਂ ਤੇ ਸਜ਼ਾਵਾਂ ਤੋਂ ਬਚਣ ਲਈ ਅੰਗਰੇਜ਼ ਹਕੂਮਤ ਨੂੰ ਮਾਫ਼ੀਨਾਮੇ ਲਿਖਣ ਨੂੰ ਤਰਜ਼ੀਹ ਦਿੱਤੀ। ਹਿੰਦੂਤਵ ਆਗੂ ਤਾਂ ਹਿੰਦੂਆਂ ਨੂੰ ਇਹ ਸਿੱਖਿਆ ਦਿੰਦੇ ਸਨ ਕਿ ਸਾਨੂੰ ਆਪਣੀ ਤਾਕਤ ਜੰਗੇ-ਆਜ਼ਾਦੀ ਦੀ ਲੜਾਈ ਵਿਚ ਜ਼ਾਇਆ ਨਹੀਂ ਕਰਨੀ ਚਾਹੀਦੀ ਸਗੋਂ ਅੰਗਰੇਜ਼ਾਂ ਦੇ ਭਾਰਤ ਛੱਡਣ ਸਮੇਂ ਮੁਸਲਮਾਨਾਂ ਤੋਂ ਸਦੀਵੀ ਅਪਮਾਨ ਦਾ ਬਦਲਾ ਲੈਣ ਲਈ ਢੁਕਵੇਂ ਸਮੇਂ ਲਈ ਬਚਾ ਕੇ ਰੱਖਣੀ ਚਾਹੀਦੀ ਹੈ। ਇਸ ਤੋਂ ਵਧੇਰੇ ਸਿਤਮ-ਜ਼ਰੀਫ਼ੀ ਕੀ ਹੋ ਸਕਦੀ ਹੈ ਕਿ ਐਸੇ ਘਿਣਾਉਣੇ ਦੇਸ਼ਧ੍ਰੋਹੀ ਕਿਰਦਾਰ ਵਾਲੀ ਤਾਕਤ ਇਹ ਫ਼ਤਵੇ ਦੇ ਰਹੀ ਹੈ ਕਿ ਮੁਲਕ ਦੀ ਵੰਡ ਸਮੇਂ ਜਿਨ੍ਹਾਂ ਮੁਸਲਮਾਨਾਂ ਨੇ ਪਾਕਿਸਤਾਨ ਚਲੇ ਜਾਣ ਦੀ ਬਜਾਏ ਭਾਰਤ ਵਿਚ ਰਹਿਣ ਨੂੰ ਤਰਜ਼ੀਹ ਦਿੱਤੀ, ਉਨ੍ਹਾਂ ਦੀ ਮੁਲਕ ਪ੍ਰਤੀ ਵਫ਼ਾਦਾਰੀ ਸ਼ੱਕੀ ਹੈ।

ਇਸ ਕੂੜ ਨੂੰ ਆਧਾਰ ਮੁਹੱਈਆ ਕਰਨ 'ਚ ਵੱਡੀ ਭੂਮਿਕਾ ਪੱਖਪਾਤੀ ਇਤਿਹਾਸਕਾਰੀ ਦੀ ਵੀ ਹੈ ਜਿਸ ਨੇ ਮਜ਼੍ਹਬ ਦੇ ਆਧਾਰ 'ਤੇ ਵੱਖਰਾ ਮੁਲਕ ਪਾਕਿਸਤਾਨ ਬਜਾਏ ਜਾਣ ਦਾ ਡੱਟ ਕੇ ਵਿਰੋਧ ਕਰਨ ਵਾਲੇ ਮੁਸਲਮਾਨਾਂ ਦੀ ਭੂਮਿਕਾ ਨੂੰ ਇਤਿਹਾਸ 'ਚੋਂ ਮਨਫ਼ੀ ਕੀਤਾ। ਇਹ ਅੱਧਾ-ਸੱਚ ਸਥਾਪਿਤ ਕਰ ਦਿੱਤਾ ਗਿਆ ਕਿ ਕਾਂਗਰਸੀ ਆਗੂ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੇ ਥੋੜ੍ਹੇ ਜਹੇ ਮੁਸਲਮਾਨ ਹੀ ਵੰਡ ਦੇ ਖ਼ਿਲਾਫ਼ ਸਨ। ਬਾਕੀ ਮੁਸਲਮਾਨ ਤਾਂ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਦੇ ਹਮਾਇਤੀ ਸਨ। ਦੂਜੇ ਪਾਸੇ, ਇਤਿਹਾਸਕਾਰਾਂ ਨੇ ਆਪਣੇ ਦੋਹਰੇ ਪੈਮਾਨੇ ਅਨੁਸਾਰ ਇਕ ਹੋਰ ਤੱਥ ਨੂੰ ਵੀ ਚਲਾਕੀ ਨਾਲ ਨਜ਼ਰਅੰਦਾਜ਼ ਕੀਤਾ ਹੈ। ਉਹ ਇਹ ਕਿ ਬਹੁਤ ਸਾਰੇ ਹਿੰਦੂ ਰਾਸ਼ਟਰਵਾਦੀ ਆਗੂ ਸਨ, ਜਿਵੇਂ ਲਾਲਾ ਲਾਜਪਤ ਰਾਏ, ਬਾਲ ਗੰਗਾਧਰ ਤਿਲਕ, ਲਾਲਾ ਹਰਦਿਆਲ, ਮਦਨ ਮੋਹਨ ਮਾਲਵੀਆ, ਐੱਮ.ਆਰ.ਜੈਅਕਰ, ਐੱਨ.ਸੀ.ਕੇਲਕਰ, ਸਵਾਮੀ ਸ਼ਰਧਾਨੰਦ ਵਗੈਰਾ ਜੋ ਸਾਂਝੇ ਭਾਰਤ ਨੂੰ ਸਵੀਕਾਰ ਨਹੀਂ ਕਰਦੇ ਸਨ ਸਗੋਂ ਉਹ ਭਾਰਤ ਨੂੰ ਆਪਣੇ ਇਸ ਵਿਸ਼ਵਾਸ ਅਨੁਸਾਰ ਹਿੰਦੂ ਰਾਸ਼ਟਰ ਬਣਾਉਣ ਲਈ ਵਚਨਬੱਧ ਸਨ ਕਿ ਭਾਰਤ ਤਾਂ ਆਦਿ-ਕਾਲ ਤੋਂ ਹੀ ਹਿੰਦੂ ਰਾਸ਼ਟਰ ਹੈ। ਜਿਨਾਹ ਉੱਪਰ ਤਾਂ 'ਦੋ ਕੌਮ-ਸਿਧਾਂਤ' ਦੇ ਆਧਾਰ 'ਤੇ ਵੱਖਰਾ ਪਾਕਿਸਤਾਨ ਬਣਾਉਣ ਲਈ ਫਿਰਕਾਪ੍ਰਸਤ ਹੋਣ ਦਾ ਠੱਪਾ ਲਗਾਇਆ ਜਾਂਦਾ ਹੈ, ਜੋ ਕਿ ਸਹੀ ਵੀ ਹੈ, ਪਰ ਸਾਂਝੇ ਭਾਰਤ ਦਾ ਵਿਰੋਧ ਕਰਨ ਵਾਲੇ ਹਿੰਦੂ ਫਿਰਕਾਪ੍ਰਸਤ ਆਗੂਆਂ ਦੀ ਬਹੁਗਿਣਤੀ ਫਿਰਕਾਪ੍ਰਸਤੀ ਨੂੰ ਰਾਸ਼ਟਰਵਾਦ ਹੇਠ ਲੁਕੋ ਲਿਆ ਜਾਂਦਾ ਹੈ। ਮੁਸਲਮਾਨਾਂ ਅਤੇ ਹਿੰਦੂ ਆਗੂਆਂ ਲਈ ਇਤਿਹਾਸਕਾਰਾਂ ਦੇ ਪੈਮਾਨੇ ਵੱਖੋ-ਵੱਖਰੇ ਹਨ।

ਇਸ ਤੋਂ ਵੀ ਮਹੱਤਵਪੂਰਨ ਇਹ ਗੱਲ ਹੈ ਕਿ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੁਹਿੰਮ ਦਾ ਵਿਰੋਧ ਕਰਨ ਵਾਲੇ ਮੁਸਲਮਾਨਾਂ ਦਾ ਕਦੇ ਜ਼ਿਕਰ ਹੀ ਨਹੀਂ ਕੀਤਾ ਜਾਂਦਾ। ਇਤਿਹਾਸ ਦੇ ਅਣਗੌਲੇ ਪੰਨੇ ਦੱਸਦੇ ਹਨ ਕਿ ਉਦੋਂ ਬਹੁਤ ਵੱਡੀ ਤਾਦਾਦ 'ਚ ਐਸੇ ਮੁਸਲਮਾਨ ਸਨ ਜਿਨ੍ਹਾਂ ਨੇ ਪਾਕਿਸਤਾਨ ਬਣਾਏ ਜਾਣ ਦੇ ਮੁਸਲਿਮ ਲੀਗੀ ਏਜੰਡੇ ਦਾ ਪੁਰਜ਼ੋਰ ਵਿਰੋਧ ਕੀਤਾ। ਜੋ ਮੁਸਲਮਾਨ ਪਾਕਿਸਤਾਨ ਜਾਣ ਲਈ ਮਜਬੂਰ ਹੋ ਗਏ ਉਨ੍ਹਾਂ 'ਚੋਂ ਵੀ ਜ਼ਿਆਦਾਤਰ ਨੂੰ ਮੁੱਖ ਤੌਰ 'ਤੇ ਮਜ਼੍ਹਬੀ ਜਨੂੰਨੀਆਂ ਵੱਲੋਂ ਕੀਤੇ ਜਾ ਰਹੇ ਕਤਲੇਆਮ, ਮਾਰਧਾੜ ਅਤੇ ਮੁਸਲਮਾਨ ਔਰਤਾਂ ਦੇ ਬਲਾਤਕਾਰਾਂ ਨਾਲ ਪੈਦਾ ਕੀਤੀ ਅਸੁਰੱਖਿਆ ਕਾਰਨ ਘਰ-ਬਾਰ ਛੱਡ ਕੇ ਜਾਣਾ ਪਿਆ। ਜੋ ਮੁਸਲਮਾਨ ਭਾਰਤ ਵਿਚ ਹੀ ਰਹੇ ਉਹ ਵੀ ਪਾਕਿਸਤਾਨ ਜਾ ਸਕਦੇ ਸਨ। ਜੇ ਉਹ ਨਹੀਂ ਗਏ ਤਾਂ ਉਨ੍ਹਾਂ ਵੱਲੋਂ ਅਜਿਹਾ ਆਪਣੇ ਵਤਨ ਨਾਲ ਪ੍ਰੇਮ ਕਾਰਨ ਕੀਤਾ ਗਿਆ। ਉਨ੍ਹਾਂ ਸਾਹਮਣੇ ਵੀ ਪਾਕਿਸਤਾਨ ਜਾਣ ਜਾਂ ਭਾਰਤ ਵਿਚ ਰਹਿਣ ਦੇ ਦੋਨੋਂ ਰਸਤੇ ਖੁੱਲ੍ਹੇ ਸਨ। ਜਿਨ੍ਹਾਂ ਨੇ ਧਰਮਤੰਤਰੀ ਰਾਜ ਪਾਕਿਸਤਾਨ 'ਚ ਜਾਣ ਦੀ ਬਜਾਏ ਭਾਰਤ ਵਿਚ ਰਹਿਣ ਨੂੰ ਤਰਜ਼ੀਹ ਦਿੱਤੀ, ਉਨ੍ਹਾਂ ਨੂੰ ਦੇਸ਼ਧ੍ਰੋਹੀ ਕਹਿਣਾ ਇਕ ਦੁਸ਼ਟ ਏਜੰਡੇ ਤੋਂ ਵੱਧ ਕੁਝ ਨਹੀਂ ਹੈ।

ਜੰਗੇ-ਆਜ਼ਾਦੀ ਵਿਚ ਮੁਸਲਮਾਨ ਭਾਈਚਾਰੇ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਈਸਟ ਇੰਡੀਆ ਕੰਪਨੀ ਦੇ ਬਸਤੀਵਾਦੀ ਕਬਜ਼ੇ ਵਿਰੁੱਧ 1857 ਦੇ ਜਿਸ ਗ਼ਦਰ ਨੂੰ ਪਹਿਲੀ ਜੰਗੇ-ਆਜ਼ਾਦੀ ਕਿਹਾ ਜਾਂਦਾ ਹੈ, ਉਸ ਵਿਚ ਬਹੁਤ ਸਾਰੀਆਂ ਉੱਘੀਆਂ ਮੁਸਲਮਾਨ ਸ਼ਖਸੀਅਤਾਂ ਨੇ ਨਾ ਸਿਰਫ਼ ਅਗਵਾਈ ਕੀਤੀ ਸਗੋਂ ਲੜਦਿਆਂ ਹੋਇਆਂ ਆਪਣੀਆਂ ਜਾਨਾਂ ਵੀ ਕੁਰਬਾਨ ਕੀਤੀਆਂ। ਉਨ੍ਹਾਂ ਦੀ ਵਤਨਪ੍ਰੇਮੀ ਭੂਮਿਕਾ ਐਨੀ ਪ੍ਰਭਾਵਸ਼ਾਲੀ ਸੀ ਕਿ ਹਿੰਦੂਤਵ ਦੇ ਬਾਨੀ ਵੀ.ਡੀ. ਸਾਵਰਕਰ ਨੇ ਵੀ 1907 'ਚ ਲਿਖੀ ਆਪਣੀ ਕਿਤਾਬ 'ਭਾਰਤ ਦੀ ਪਹਿਲੀ ਜੰਗੇ-ਆਜ਼ਾਦੀ' ਵਿਚ ਵਤਨਪ੍ਰੇਮੀ ਮੁਸਲਮਾਨਾਂ ਦੀ ਆਗੂ ਭੂਮਿਕਾ ਨੂੰ ਬੇਹੱਦ ਸਲਾਹਿਆ ਸੀ। ਉਸ ਨੇ ਲਿਖਿਆ, 'ਹਿੰਦੂ-ਮੁਸਲਮਾਨ ਦੋਨੋਂ ਆਪਣੇ ਮੁਲਕ ਦੀ ਸੁਤੰਤਰਤਾ ਦੇ ਲਈ ਮੋਢੇ ਨਾਲ ਮੋਢਾ ਜੋੜ ਕੇ ਲੜੇ, ਤਾਂ ਜੁ ਮੁਲਕ ਦੇ ਆਜ਼ਾਦ ਹੋਣ ਤੋਂ ਬਾਦ ਸਾਂਝੇ ਭਾਰਤ ਵਿਚ ਭਾਰਤੀ ਹਾਕਮਾਂ ਅਤੇ ਰਾਜਕੁਮਾਰਾਂ ਦੀ ਸਰਕਾਰ ਬਣਾਈ ਜਾ ਸਕੇ।' ਨਾਨਾ ਸਾਹਿਬ (ਜੋ ਗ਼ਦਰ ਦੀ ਯੋਜਨਾ ਬਣਾਉਣ ਵਾਲਿਆਂ 'ਚ ਨਹੀਂ ਸੀ ਪਰ ਜੋ ਸਿਪਾਹੀਆਂ ਦੀ ਬਗ਼ਾਵਤ ਦਾ ਆਗੂ ਬਣ ਗਿਆ) ਦੇ ਵਿਸ਼ਵਾਸਪਾਤਰ ਅਤੇ ਯੁੱਧਨੀਤੀ ਦੇ ਮਾਹਰ ਅਜ਼ੀਮਉੱਲ੍ਹਾ ਖ਼ਾਨ ਸਨ। ਈਸਟ ਇੰਡੀਆ ਕੰਪਨੀ ਦੇ ਰਾਜ ਵਿਰੁੱਧ ਗ਼ਦਰ ਦੀ ਯੋਜਨਾ ਬਣਾਉਣ 'ਚ ਉਸ ਦੀ ਭੂਮਿਕਾ ਬਾਰੇ ਸਾਵਰਕਰ ਨੇ ਲਿਖਿਆ, '1857 ਦੇ ਇਨਕਲਾਬੀ ਯੁੱਧ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲਿਆਂ 'ਚ ਅਜ਼ੀਮਉੱਲ੍ਹਾ ਖ਼ਾਨ ਦਾ ਨਾਮ ਯਾਦ ਰੱਖਣ ਲਾਇਕ ਹੈ। ਸੁਤੰਤਰਤਾ ਦਾ ਵਿਚਾਰ ਸਭ ਤੋਂ ਪਹਿਲਾਂ ਦੇਣ ਵਾਲੇ ਬੁੱਧੀਮਾਨ ਲੋਕਾਂ ਵਿਚ ਅਜ਼ੀਮਉੱਲ੍ਹਾ ਨੂੰ ਮਹੱਤਵਪੂਰਨ ਸਥਾਨ ਦੇਣਾ ਜ਼ਰੂਰੀ ਹੈ ਅਤੇ ਉਨ੍ਹਾਂ ਵੱਖਰੀਆਂ-ਵੱਖਰੀਆਂ ਯੋਜਨਾਵਾਂ ਦਰਮਿਆਨ, ਜਿਨ੍ਹਾਂ ਦੇ ਸਹਾਰੇ ਗ਼ਦਰ ਵੱਖ-ਵੱਖ ਪੜਾਵਾਂ 'ਚ ਅੱਗੇ ਵਧਿਆ, ਅਜ਼ੀਮਉੱਲ੍ਹਾ ਖ਼ਾਨ ਦੀ ਰਣਨੀਤੀ ਉੱਪਰ ਖ਼ਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ।' ਇਕ ਹੋਰ ਉੱਘੀ ਸ਼ਖਸੀਅਤ ਅਹਿਮਦ ਸ਼ਾਹ ਬਾਰੇ ਸਾਵਰਕਰ ਨੇ ਲਿਖਿਆ, 'ਮਹਾਨ ਅਤੇ ਸੰਤ ਸੁਭਾਅ ਦੇ ਅਹਿਮਦ ਸ਼ਾਹ ਨੇ ਬਹੁਤ ਹੁਸ਼ਿਆਰੀ ਨਾਲ ਲਖਨਊ ਅਤੇ ਆਗਰਾ ਦੇ ਹਰ ਹਿੱਸੇ ਵਿਚ ਜਿਹਾਦ ਦਾ ਸੰਦੇਸ਼ ਫੈਲਾ ਦਿੱਤਾ। ਜਗਦੀਸ਼ਪੁਰ ਦੇ ਨਾਇਕ ਕੁੰਵਰ ਸਿੰਘ ਸੂਬੇ ਦੀ ਕਮਾਨ ਸਾਂਭ ਚੁੱਕੇ ਸਨ ਅਤੇ ਨਾਨਾ ਦੀ ਸਲਾਹ ਨਾਲ ਯੁੱਧ ਦਾ ਸਮਾਨ ਜਮ੍ਹਾ ਕਰਨ ਵਿਚ ਮਸਰੂਫ਼ ਸਨ। ਜਿਹਾਦ ਦੇ ਇਹੀ ਬੀਜ ਪਟਨਾ ਵਿਚ ਵੀ ਪੁੰਗਰ ਚੁੱਕੇ ਸਨ, ਜਿੱਥੇ ਪੂਰੇ ਸ਼ਹਿਰ ਵਿਚ ਇਨਕਲਾਬੀ ਦਲ ਦਾ ਬਸੇਰਾ ਸੀ। ਮੌਲਵੀ, ਪੰਡਿਤ, ਜਗੀਰਦਾਰ, ਕਿਸਾਨ, ਵਪਾਰੀ, ਵਕੀਲ, ਵਿਦਿਆਰਥੀ ਅਤੇ ਤਮਾਮ ਜਾਤੀਆਂ ਅਤੇ ਸਮਾਜ ਸਵਦੇਸ਼ ਅਤੇ ਧਰਮ ਦੇ ਲਈ ਆਪਣੀਆਂ ਜਾਨਾਂ ਵਾਰਨ ਲਈ ਤੱਤਪਰ ਸਨ।'

ਬਾਦ ਵਿਚ ਕਾਲੇ ਪਾਣੀ ਜੇਲ੍ਹ ਦੀ ਕੈਦ ਨੇ ਸਾਵਰਕਰ ਦੀ ਸੋਚ ਬਦਲ ਦਿੱਤੀ। ਸਾਵਰਕਰ ਅੰਗਰੇਜ਼ ਰਾਜ ਦਾ ਵਫ਼ਾਦਾਰ ਬਣ ਗਿਆ। ਮੁਲਕ ਦੀ ਆਜ਼ਾਦੀ ਦਾ ਮਿਸ਼ਨ ਤਿਆਗ ਕੇ ਉਸ ਨੇ ਹਿੰਦੂ ਰਾਸ਼ਟਰ ਬਣਾਉਣ ਲਈ ਹਿੰਦੂਤਵ ਦੀ ਨੀਂਹ ਰੱਖੀ। ਹਿੰਦੂਤਵ ਦੇ ਬਾਨੀ ਆਗੂਆਂ ਨੇ ਮੁਸਲਮਾਨਾਂ ਦੀ ਵਤਨ ਪ੍ਰਤੀ ਵਫ਼ਾਦਾਰੀ ਨੂੰ ਸ਼ੱਕੀ ਕਹਿਣਾ ਸ਼ੁਰੂ ਕਰ ਦਿੱਤਾ। ਦਰਅਸਲ, 'ਦੋ ਕੌਮਾਂ' ਦਾ ਸਿਧਾਂਤ ਸਭ ਤੋਂ ਪਹਿਲਾਂ ਜਿਨਾਹ ਨੇ ਨਹੀਂ ਸਗੋਂ ਸਾਵਰਕਰ ਨੇ ਪੇਸ਼ ਕੀਤਾ। ਉਸ ਨੇ ਕਿਹਾ, 'ਅੱਜ ਇਹ ਬਿਲਕੁਲ ਨਹੀਂ ਮੰਨਿਆ ਜਾ ਸਕਦਾ ਕਿ ਹਿੰਦੁਸਤਾਨ ਏਕਤਾ ਵਿਚ ਪਰੋਇਆ ਹੋਇਆ ਰਾਸ਼ਟਰ ਹੈ, ਇਸ ਦੇ ਉਲਟ ਹਿੰਦੁਸਤਾਨ ਵਿਚ ਮੁੱਖ ਤੌਰ 'ਤੇ ਦੋ ਰਾਸ਼ਟਰ ਹਨ, ਹਿੰਦੂ ਅਤੇ ਮੁਸਲਮਾਨ।'

ਇਕ ਪਾਸੇ ਹਿੰਦੂ ਫਿਰਕਾਪ੍ਰਸਤ ਅਤੇ ਮੁਸਲਿਮ ਲੀਗ 'ਦੋ-ਕੌਮ ਸਿਧਾਂਤ' ਰਾਹੀਂ ਆਜ਼ਾਦੀ ਦੇ ਅੰਦੋਲਨ ਨੂੰ ਸੱਟ ਮਾਰ ਰਹੇ ਹਨ, ਦੂਜੇ ਪਾਸੇ ਸੱਚੀਆਂ ਵਤਨਪ੍ਰੇਮੀ ਤਾਕਤਾਂ ਇਕਜੁੱਟ ਭਾਰਤ ਲਈ ਲੜ ਰਹੀਆਂ ਸਨ। ਗ਼ਦਰੀ ਆਗੂ ਰਹਿਮਤ ਅਲੀ, ਪ੍ਰੋਫੈਸਰ ਬਰਕਤਉੱਲਾ, ਖ਼ਿਲਾਫ਼ਤ ਲਹਿਰ ਤੋਂ ਕਮਿਊਨਿਸਟ ਬਣੇ ਇਨਕਲਾਬੀਆਂ ਅਤੇ ਕਾਕੋਰੀ ਕਾਂਡ ਦੇ ਸ਼ਹੀਦ ਅਸ਼ਫ਼ਾਕਉੱਲ੍ਹਾ ਖ਼ਾਨ ਵਰਗਿਆਂ ਦੀ ਸ਼ਾਨਦਾਰ ਵਿਰਾਸਤ ਸੀ। ਆਜ਼ਾਦ ਮੁਸਲਿਮ ਕਾਨਫਰੰਸ ਮੁਸਲਿਮ ਲੀਗ ਦੀ ਪਾਟਕਪਾਊ ਸਿਆਸਤ ਵਿਰੁੱਧ ਵਿਸ਼ਾਲ ਆਧਾਰ ਵਾਲਾ ਅੰਦੋਲਨ ਸੀ। ਇਸ ਨੂੰ ਆਲ ਪਾਰਟੀਜ਼ ਸ਼ੀਆ ਕਾਨਫਰੰਸ ਅਤੇ ਹੋਰ ਇਸਲਾਮਿਕ ਸੰਸਥਾਵਾਂ ਅੱਲਾ ਬਖ਼ਸ਼ ਅਤੇ ਅਨੇਕਾਂ ਹੋਰ ਉੱਘੇ ਇਸਲਾਮਿਕ ਵਿਦਵਾਨਾਂ ਨੇ ਮਿਲਕੇ ਜਥੇਬੰਦ ਕੀਤਾ ਸੀ। ਮਸ਼ਹੂਰ ਵਿਦਵਾਨ, ਸਾਹਿਤਕਾਰ ਅਤੇ ਸ਼ਾਇਰ ਮੌਲਾਨਾ ਹਸਰਤ ਮੋਹਾਨੀ, ਪ੍ਰਮੁੱਖ ਕਾਂਗਰਸੀ ਆਗੂ ਡਾ. ਮੁਖ਼ਤਾਰ ਅਹਿਮਦ ਅੰਸਾਰੀ ਜਿਸ ਨੇ ਮੌਲਾਨਾ ਮਹਮੂਦੁਲ ਹਸਨ, ਹਕੀਮ ਅਜਮਲ ਖ਼ਾਨ, ਅਬਦੁੱਲ ਮਜੀਦ ਖ਼ਵਾਜਾ ਅਤੇ ਮੌਲਾਨਾ ਮੁਹੰਮਦ ਅਲੀ ਦੇ ਨਾਲ ਮਿਲ ਕੇ ਧਰਮਨਿਰਪੇਖ ਅਤੇ ਮਿਲੀਜੁਲੀ ਵਿਚਾਰਧਾਰਾ ਉੱਪਰ ਆਧਾਰਤ ਮੁਸਲਿਮ ਤਾਲੀਮੀ ਸੰਸਥਾ ਜਾਮੀਆ ਮਿਲੀਆ ਇਸਲਾਮੀਆ ਦੀ ਸਥਾਪਨਾ ਕੀਤੀ ਜੋ 'ਦੋ-ਕੌਮ ਨਜ਼ਰੀਏ' ਨੂੰ ਨਾਮਨਜ਼ੂਰ ਕਰਨ ਦੀ ਭਾਰਤੀ ਮੁਸਲਮਾਨਾਂ ਦੀ ਦ੍ਰਿੜ ਇੱਛਾ ਦੀ ਪ੍ਰਤੀਕ ਸੀ, ਪਾਕਿਸਤਾਨ : ਦ ਪ੍ਰਾਬਲਮਜ਼ ਆਫ਼ ਇੰਡੀਆ ਦੇ ਲੇਖਕ ਸ਼ੌਕਤਉੱਲ੍ਹਾ ਅੰਸਾਰੀ, ਖ਼ਾਨ ਅਬਦੁੱਲ ਗੱਫ਼ਾਰ ਖ਼ਾਨ ਉਰਫ਼ ਸਰਹੱਦੀ ਗਾਂਧੀ, ਉੱਘੇ ਪੱਤਰਕਾਰ ਸਈਦ ਅਬਦੁੱਲ੍ਹਾ ਬਰੇਲਵੀ, ਸਿੱਖਿਆ ਦੇ ਖੇਤਰ 'ਚ ਚੋਖਾ ਯੋਗਦਾਨ ਪਾਉਣ ਵਾਲੇ ਐਡਵੋਕੇਟ ਅਬਦੁੱਲ ਮਜੀਦ ਖ਼ਵਾਜਾ, ਜੰਮੂ-ਕਸ਼ਮੀਰ ਮੁਸਲਿਮ ਕਾਨਫਰੰਸ ਦੇ ਸੰਸਥਾਪਕ ਸ਼ੇਖ ਮੁਹੰਮਦ ਅਬਦੁੱਲਾ, ਜਮੀਅਤ ਉਲਮਾ-ਏ-ਹਿੰਦ (ਆਰਗੇਨਾਈਜੇਸ਼ਨ ਆਫ਼ ਇੰਡੀਅਨ ਇਸਲਾਮਿਕ ਸਕਾਲਰਜ਼) ਦੀ ਸਥਾਪਨਾ ਕਰਨ ਵਾਲੇ ਪ੍ਰਮੁੱਖ ਮੁਸਲਿਮ ਵਿਦਵਾਨ ਮੌਲਾਨਾ ਮਹਿਮੂਦ ਹਸਨ ਦੇਵਬੰਦੀ, ਮੌਲਾਨਾ ਸਈਦ ਹੁਸੈਨ ਅਹਿਮਦ ਮਦਨੀ, ਮੌਲਾਨਾ ਅਹਿਮਦ ਸਈਦ ਦੇਹਲਵੀ, ਮੁਫ਼ਤੀ ਕਿਫ਼ਾਇਤਉੱਲ੍ਹਾ ਦੇਹਲਵੀ, ਮੁਫ਼ਤੀ ਮੁਹੰਮਦ ਨਈਮ ਲੁਧਿਆਣਵੀ, ਮੌਲਾਨਾ ਅਹਿਮਦ ਅਲੀ ਲਾਹੌਰੀ, ਮੌਲਾਨਾ ਬਸੀਰ ਅਹਿਮਦ ਭੱਟ, ਮੌਲਾਨਾ ਸਈਦ ਗੁਲ ਬਾਦਸ਼ਾਹ, ਮੌਲਾਨਾ ਹਿਫ਼ਜ਼ੁਰਰਹਿਮਾਨ ਸਿਓਹਾਰਵੀ, ਮੌਲਾਨਾ ਅਬਦੁੱਲ ਬਾਰੀ ਫ਼ਿਰੰਗੀ ਮਹਲੀ ਅਤੇ ਹੋਰ ਬਹੁਤ ਸਾਰੇ, ਮੁੱਖ ਤੌਰ 'ਤੇ ਅਸ਼ਰਫ਼ ਵਰਗ (ਉੱਚ ਜਾਤੀ ਮੁਸਲਮਾਨਾਂ) ਦੇ ਜਾਤਪਾਤੀ ਦਾਬੇ ਦਾ ਸ਼ਿਕਾਰ ਦਸਤਕਾਰਾਂ, ਕਾਰੀਗਰਾਂ, ਬੁਣਕਰਾਂ ਅਤੇ ਹੋਰ ਕਿਰਤੀਆਂ ਦੀ ਜਥੇਬੰਦੀ ਆਲ ਇੰਡੀਆ ਮੋਮਿਨ ਕਾਨਫਰੰਸ ਜਿਸ ਦੇ ਪ੍ਰਧਾਨ ਜ਼ਹੀਰੂਦੀਨ ਸਨ, ਲੋਕ ਆਧਾਰ ਵਾਲੀ ਜਥੇਬੰਦੀ ਮਜਲਿਸੇ-ਅਹਰਾਰੇ-ਇਸਲਾਮ, ਮੌਲਾਨਾ ਹਬੀਬਉਰਰਹਿਮਾਨ ਲੁਧਿਆਣਵੀ ਦੀ ਅਗਵਾਈ ਹੇਠਲਾ 'ਲੁਧਿਆਣਵੀ ਉਲਮਾ' ਨਾਂ ਦਾ ਮੁਸਲਮਾਨ ਵਿਦਵਾਨਾਂ ਦਾ ਗਰੁੱਪ,

ਪਾਕਿਸਤਾਨ ਵਿਰੋਧੀ ਮਕਬੂਲ ਬੁਲਾਰੇ ਅਤਾਉੱਲ੍ਹਾ ਬੁਖ਼ਾਰੀ, ਕ੍ਰਿਸ਼ਕ ਪਰਜਾ ਪਾਰਟੀ ਬੰਗਾਲ, ਸੁੰਨੀ ਮੁਸਲਮਾਨਾਂ ਦੀ ਸੁਧਾਰਵਾਦੀ-ਰੂੜ੍ਹੀਵਾਦੀ ਸੰਪਰਦਾਇ ਅਹਲੇ-ਹਦੀਸ, ਅੰਜੁਮਨੇ-ਵਤਨ (ਬਲੂਚਿਸਤਾਨ) ਜਿਸ ਦੇ ਆਗੂ ਖ਼ਾਨ ਅਬਦੁੱਸਮਦ ਖ਼ਾਨ ਉਰਫ਼ ਬਲੂਚੀ ਗਾਂਧੀ ਸਨ, ਦੱਖਣੀ ਭਾਰਤ 'ਚ ਸਾਊਥ ਇੰਡੀਅਨ ਐਂਟੀ-ਸੈਪਰੇਸ਼ਨ ਕਾਨਫਰੰਸ, ਮਾਲਾਬਾਰ ਦੇ ਮੁਸਲਿਮ ਆਗੂ ਮੁਹੰਮਦ ਅਬਦੁਰਰਹਿਮਾਨ ਅਤੇ ਉਸ ਦੇ ਸਾਥੀ ਈ. ਮੁਈਦੂ ਮੌਲਵੀ। ਇਹ ਉਹ ਉੱਘੀਆਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਸਨ ਜੋ ਸਾਂਝੀ ਸੰਸਕ੍ਰਿਤੀ ਵਾਲੇ ਭਾਰਤ ਦਾ ਝੰਡਾ ਬੁਲੰਦ ਕਰਦੇ ਸਨ ਅਤੇ ਮਜ਼੍ਹਬੀ ਆਧਾਰ 'ਤੇ ਭਾਰਤੀ ਲੋਕਾਂ ਨੂੰ ਆਪਸ ਵਿਚ ਵੰਡਣ ਦੇ ਸਖ਼ਤ ਖ਼ਿਲਾਫ਼ ਸਨ। ਇਨ੍ਹਾਂ ਸਾਰਿਆਂ ਨੇ ਆਪਣੀਆਂ ਸੰਵਾਦ ਰਚਾਊ ਲਿਖਤਾਂ, ਭਾਸ਼ਣਾਂ, ਸ਼ਾਇਰੀ ਅਤੇ ਹੋਰ ਸਾਹਿਤਿਕ ਮਾਧਿਅਮਾਂ, ਕਾਨਫਰੰਸਾਂ ਅਤੇ ਪ੍ਰਚਾਰ ਮੁਹਿੰਮਾਂ ਰਾਹੀਂ ਮੁਸਲਿਮ ਲੀਗ ਦੇ 'ਦੋ-ਕੌਮ ਨਜ਼ਰੀਏ' ਦਾ ਡੱਟ ਕੇ ਵਿਰੋਧ ਕੀਤਾ। ਆਈ.ਪੀ.ਆਈ. ਦੇ ਫ਼ਕੀਰ ਮਿਰਜ਼ਾ ਅਲੀ ਖਾਨ ਨੇ ਅੰਗਰੇਜ਼ਾਂ ਨਾਲ ਲੜਨ ਲਈ ਫੌਜ ਖੜੀ ਕੀਤੀ, ਵੰਡ ਨੂੰ ਰੋਕਣ ਦੀ ਕੋਸਸਿ ਕੀਤੀ ਅਤੇ 1947 ਤੋਂ ਬਅਦ ਪਾਕਿਸਤਾਨ ਵਿਰੁੱਧ ਜੰਗ ਛੇੜੀ ਅਤੇ ਨਹਿਰੂ ਨੇ ਕਸਮੀਰ ਨੂੰ ਪਾਕਿਸਤਾਨ ਤੋਂ ਆਜਾਦ ਕਰਵਾਉਣ ਲਈ ਹਥਿਆਰਾਂ ਨਾਲ ਆਪਣੀ ਮਿਲਿਸ਼ੀਆ ਦੀ ਮਦਦ ਕਰਨ ਲਈ ਕਿਹਾ। ਉਹ ਨੇਤਾਜੀ ਸੁਭਾਸ ਬੋਸ ਦਾ ਸਹਿਯੋਗੀ ਸੀ। ਬਦੇਸ਼ਾਂ 'ਚ ਵੀ ਪਾਕਿਸਤਾਨ ਬਣਾਏ ਜਾਣ ਦਾ ਵਿਰੋਧ ਕਰਨ ਵਾਲੀਆਂ ਕਈ ਮੁਸਲਿਮ ਸੰਸਥਾਵਾਂ ਸਰਗਰਮ ਸਨ।

ਭਾਰਤ ਦੀ ਵੰਡ ਦਾ ਵਿਰੋਧ ਕਰਨ ਵਾਲੇ ਆਗੂਆਂ 'ਚ ਇਕ ਸਿਰਕੱਢ ਸ਼ਖ਼ਸੀਅਤ ਅੱਲ੍ਹਾ ਬਖ਼ਸ਼ ਸੂਮਰੋ ਸੀ ਜਿਸ ਦਾ ਕਦੇ ਜ਼ਿਕਰ ਨਹੀਂ ਕੀਤਾ ਜਾਂਦਾ। ਉਹ ਵੱਡੇ ਜਗੀਰਦਾਰ-ਠੇਕੇਦਾਰ ਸਿੰਧੀ ਪਰਿਵਾਰ 'ਚੋਂ ਸੀ। ਉਹ 1926 'ਚ ਬੰਬਈ ਵਿਧਾਨ ਪਰੀਸ਼ਦ ਦੇ ਮੈਂਬਰ ਚੁਣਿਆ ਗਿਆ। ਉਸ ਨੇ 1934 ਵਿਚ ਸਿੰਧ ਪੀਪਲਜ਼ ਪਾਰਟੀ ਬਣਾਈ, ਜੋ ਬਾਦ ਵਿਚ 'ਇਤਿਹਾਦ' (ਯਾਨੀ ਏਕਤਾ) ਪਾਰਟੀ ਦੇ ਨਾਂ ਨਾਲ ਜਾਣੀ ਗਈ। ਉਹ ਇਕ ਪ੍ਰਭਾਵਸ਼ਾਲੀ ਸਿਆਸਤਦਾਨ ਸੀ ਅਤੇ ਦੋ ਵਾਰ ਸਿੰਧ ਦੇ ਪ੍ਰਧਾਨ ਮੰਤਰੀ (ਉਸ ਵਕਤ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਕਿਹਾ ਜਾਂਦਾ ਸੀ) ਬਣੇ। ਪਹਿਲੀ ਵਾਰ 23 ਮਾਰਚ 1938 ਤੋਂ 18 ਅਪ੍ਰੈਲ 1940 ਤੱਕ ਅਤੇ ਦੂਜੀ ਵਾਰ 7 ਮਾਰਚ 1941 ਤੋਂ 14 ਅਕਤੂਬਰ 1942 ਤੱਕ। ਅੰਗਰੇਜ਼ ਹਕੂਮਤ ਦੀਆਂ ਜਾਬਰ ਨੀਤੀਆਂ ਦੇ ਵਿਰੋਧ 'ਚ ਅਕਤੂਬਰ 1942 'ਚ ਅੱਲ੍ਹਾ ਬਖ਼ਸ਼ ਵੱਲੋਂ ਖ਼ਾਨ ਬਹਾਦਰ ਅਤੇ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ (ਓਬੀਈ) ਦੇ ਖ਼ਿਤਾਬ ਮੋੜਨ ਤੋਂ ਬਾਦ ਅੰਗਰੇਜ਼ ਹਕੂਮਤ ਨੇ ਉਸ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ। 14 ਮਈ 1943 ਨੂੰ ਪੇਸ਼ੇਵਰ ਕਾਤਿਲਾਂ ਕੋਲੋਂ ਉਸ ਦਾ ਕਤਲ ਕਰਵਾ ਦਿੱਤਾ ਗਿਆ। ਇਹ ਮੁਸਲਿਮ ਲੀਗ ਦੀ ਸਾਜ਼ਿਸ਼ ਸੀ ਅਤੇ ਕਾਤਿਲਾਂ ਦਾ ਮੁਸਲਿਮ ਲੀਗ ਨਾਲ ਸੰਬੰਧ ਜੱਗ ਜ਼ਾਹਿਰ ਸੀ। ਪਰ ਅੰਗਰੇਜ਼ ਹਕੂਮਤ ਦੀ ਮਿਲੀਭੁਗਤ ਕਾਰਨ ਅਦਾਲਤ ਵਿਚ ਇਹ ਸਾਬਤ ਨਹੀਂ ਕੀਤਾ ਜਾ ਸਕਿਆ ਅਤੇ ਸਾਜ਼ਿਸ਼ਘਾੜੇ ਬਰੀ ਹੋ ਗਏ।

ਅੱਲ੍ਹਾ ਬਖ਼ਸ਼ ਨੇ ਜਿਨਾਹ ਦੇ 'ਦੋ-ਕੌਮ ਨਜ਼ਰੀਏ' ਦਾ ਵਿਚਾਰਧਾਰਕ ਅਤੇ ਜ਼ਮੀਨੀ ਪੱਧਰ 'ਤੇ ਡੱਟ ਕੇ ਵਿਰੋਧ ਕਰਦਿਆਂ ਮੁਸਲਿਮ ਲੀਗ ਦੀ ਪਾਕਿਸਤਾਨ ਬਣਾਉਣ ਦੀ ਮੁਹਿਮ ਵਿਰੁੱਧ ਪੂਰੇ ਮੁਲਕ 'ਚ ਦੇਸ਼ਪ੍ਰੇਮੀ ਮੁਸਲਮਾਨਾਂ, ਖ਼ਾਸ ਕਰਕੇ ਪਿਛੜੇ ਮੁਸਲਮਾਨਾਂ ਨੂੰ 'ਆਜ਼ਾਦ ਮੁਸਲਿਮ ਕਾਨਫਰੰਸ' ਦੇ ਝੰਡੇ ਹੇਠ ਜਥੇਬੰਦ ਕੀਤਾ। ਇਹ ਜਥੇਬੰਦੀ ਮੁਸਲਿਮ ਲੀਗ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਆਜ਼ਾਦ ਪਛਾਣ ਰੱਖਦੀ ਸੀ। ਮੁਸਲਿਮ ਲੀਗ ਵੱਲੋਂ 23 ਮਾਰਚ 1940 ਨੂੰ 'ਪਾਕਿਸਤਾਨ ਦਾ ਮਤਾ' ਪਾਸ ਕੀਤੇ ਜਾਣ 'ਤੇ ਅੱਲ੍ਹਾ ਬਖ਼ਸ਼ ਵੱਲੋਂ 27 ਤੋਂ 30 ਅਪ੍ਰੈਲ ਤੱਕ ਦਿੱਲੀ ਵਿਚ ਪਾਕਿਸਤਾਨ ਵਿਰੋਧੀ ਕਾਨਫਰੰਸ ਜਥੇਬੰਦ ਕੀਤੀ ਗਈ ਜਿਸ ਵਿਚ ਮੁਲਕ ਦੇ ਹਰ ਹਿੱਸੇ ਤੋਂ ਲੱਗਭੱਗ 1400 ਨੁਮਾਇੰਦੇ ਸ਼ਾਮਲ ਹੋਏ। ਸੰਯੁਕਤ ਪ੍ਰਾਂਤ, ਬਿਹਾਰ, ਕੇਂਦਰੀ ਪ੍ਰਾਂਤ, ਪੰਜਾਬ, ਸਿੰਧ, ਉੱਤਰ-ਪੱਛਮੀ ਸਰਹੱਦੀ ਸੂਬਾ, ਮਦਰਾਸ, ਉੜੀਸਾ, ਬੰਗਾਲ, ਮਾਲਾਬਾਰ, ਬਲੂਚਿਸਤਾਨ, ਦਿੱਲੀ, ਅਸਾਮ, ਰਾਜਸਥਾਨ, ਕਸ਼ਮੀਰ, ਹੈਦਰਾਬਾਦ ਸਮੇਤ ਹੋਰ ਕਈ ਰਿਆਸਤਾਂ/ਰਾਜਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਸ਼ਮੂਲੀਅਤ ਨਾਲ ਇਹ ਸੱਚਮੁੱਚ ਆਲ ਇੰਡੀਆ ਸਰੂਪ ਵਾਲੀ ਕਾਨਫਰੰਸ ਸੀ। ਕੰਮਾਂ ਦੀ ਭਰਮਾਰ ਕਾਰਨ, ਲੋਕਾਂ ਦੀ ਹਿੱਸੇਦਾਰੀ ਅਤੇ ਅਪਾਰ ਉਤਸ਼ਾਹ ਦੇ ਮੱਦੇਨਜ਼ਰ ਕਾਨਫਰੰਸ ਦਾ ਸਮਾਂ ਇਕ ਦਿਨ ਹੋਰ ਵਧਾਉਣਾ ਪਿਆ ਸੀ। ਇਸ ਨੁਮਾਇੰਦਾ ਕਾਨਫਰੰਸ ਵਿਚ ਆਲ ਇੰਡੀਆ ਜਮੀਅਤ ਉਲਮਾ, ਆਲ ਇੰਡੀਆ ਮਜਲਿਸੇ ਅਹਰਾਰ, ਆਲ ਇੰਡੀਆ ਸ਼ੀਆ ਪਾਲਿਟੀਕਲ ਕਾਨਫਰੰਸ, ਖ਼ੁਦਾਈ ਖ਼ਿਦਮਤਗਾਰ, ਬੰਗਾਲ ਕ੍ਰਿਸ਼ਕ ਪਰਜਾ ਪਾਰਟੀ, ਆਲ ਇੰਡੀਆ ਮੁਸਲਿਮ ਪਾਰਲੀਆਮੈਂਟਰੀ ਬੋਰਡ, ਅੰਜੁਮਨੇ-ਵਤਨ, ਬਲੂਚਿਸਤਾਨ, ਜਮੀਅਤ ਅਹਲੇ-ਹਦੀਸ ਆਦਿ ਜਥੇਬੰਦੀਆਂ ਸ਼ਾਮਲ ਹੋਈਆਂ। ਇਹ ਮੁੱਖ ਤੌਰ 'ਤੇ ਮੁਸਲਮਾਨਾਂ ਦੀਆਂ ਪਿਛੜੀ ਜਾਤੀਆਂ ਅਤੇ ਕੰਮਕਾਜੀ ਵਰਗ ਦੀਆਂ ਜਥੇਬੰਦੀਆਂ ਦੀ ਕਾਨਫਰੰਸ ਸੀ। ਕਾਨਫਰੰਸ ਵਿਚ ਲੋਕਾਂ ਦੀ ਸ਼ਮੂਲੀਅਤ ਨੂੰ ਦੇਖ ਕੇ ਮੁਸਲਿਮ ਲੀਗ ਪੱਖੀ ਬਰਤਾਨਵੀ ਪ੍ਰੈੱਸ ਨੂੰ ਵੀ ਮੰਨਣਾ ਪਿਆ ਕਿ 'ਆਜ਼ਾਦ ਮੁਸਲਿਮ ਕਾਨਫਰੰਸ' ਭਾਰਤੀ ਮੁਸਲਮਾਨਾਂ ਦੀ ਸਭ ਤੋਂ ਭਰੋਸੇਯੋਗ ਨੁਮਾਇੰਦਾ ਹੈ। ਮਸ਼ਹੂਰ ਲੇਖਕ ਬਿਲਫ੍ਰੈੱਡ ਕੈਂਟਵੈੱਲ ਸਮਿੱਥ ਅਨੁਸਾਰ ਇਹ 'ਭਾਰਤੀ ਮੁਸਲਮਾਨਾਂ ਦੇ ਬਹੁਮੱਤ' ਦੀ ਨੁਮਾਇੰਦਗੀ ਕਰਦੀ ਸੀ। 5 ਹਜ਼ਾਰ ਔਰਤਾਂ ਸਮੇਤ 50 ਹਜ਼ਾਰ ਦੀ ਸਮਰੱਥਾ ਵਾਲਾ ਪੰਡਾਲ ਵਿਸ਼ਾਲ ਇਕੱਠ ਅੱਗੇ ਛੋਟਾ ਰਹਿ ਗਿਆ ਅਤੇ ਪੰਡਾਲ ਹੋਰ ਵਧਾਉਣਾ ਪਿਆ। ਮੁੱਖ ਗੇਟ ਨੂੰ ਬੇਹੱਦ ਖ਼ੂਬਸੂਰਤ ਸ਼ੈਲੀ ਵਿਚ ਲਿਖੀਆਂ ਕੁਰਆਨ ਦੀਆਂ ਆਇਤਾਂ ਨਾਲ ਸਜਾਇਆ ਗਿਆ ਸੀ, ਜਦਕਿ ਪੰਡਾਲ ਦੇ ਅੰਦਰ ਹੁੱਬੇ-ਵਤਨ ਯਾਨੀ ਦੇਸ਼ਪ੍ਰੇਮ ਨਾਲ ਲਬਰੇਜ਼ ਸਤਰਾਂ ਲਿਖੀਆਂ ਹੋਈਆਂ ਸਨ। ਪ੍ਰੈੱਸ ਦੇ ਦਰਮਿਆਨੇ ਅੰਦਾਜ਼ੇ ਅਨੁਸਾਰ ਵੀ 26 ਅਪ੍ਰੈਲ ਨੂੰ ਕੱਢੇ ਗਏ ਵਿਸ਼ਾਲ ਜਲੂਸ ਵਿਚ 50 ਹਜ਼ਾਰ ਮੁਸਲਮਾਨ ਸ਼ਾਮਿਲ ਸਨ। ਹਜ਼ਾਰਾਂ ਹੋਰ ਮੁਸਲਮਾਨ ਆਪਣੇ ਘਰਾਂ ਅੱਗੇ ਇਸ ਦੇ ਸਵਾਗਤ ਲਈ ਖੜ੍ਹੇ ਸਨ। ਜਿਨਾਹ ਦੀ ਲੀਗ ਨੂੰ ਛੱਡ ਕੇ ਪੂਰੇ ਮੁਲਕ ਵਿਚ ਮੁਸਲਮਾਨਾਂ ਦੀਆਂ ਤਮਾਮ ਨੁਮਾਇੰਦਾ ਜਥੇਬੰਦੀਆਂ ਦਾ ਜੋਸ਼-ਖ਼ਰੋਸ਼ ਨਾਲ ਆਜ਼ਾਦ ਕਾਨਫਰੰਸ ਅਤੇ ਇਸ ਦੇ ਮਕਸਦ ਨਾਲ ਜੁੜਨਾ ਛੋਟੀ ਗੱਲ ਨਹੀਂ ਸੀ। ਮੁਸਲਿਮ ਲੀਗ ਨੇ ਅੱਲ੍ਹਾ ਬਖ਼ਸ਼ ਨੂੰ ਕਾਲੇ ਝੰਡੇ ਦਿਖਾਉਣ ਦੀ ਯੋਜਨਾ ਬਣਾਈ ਸੀ ਲੇਕਿਨ ਉਸ ਦੇ ਹੱਕ ਵਿਚ ਅਵਾਮ ਦਾ ਉਤਸ਼ਾਹ ਦੇਖ ਕੇ ਲੀਗੀਆਂ ਨੂੰ ਆਪਣਾ ਇਰਾਦਾ ਤਿਆਗਣਾ ਪਿਆ। ਇਸ ਮੌਕੇ ਅੱਲਾ ਬਖ਼ਸ਼ ਨੇ ਐਲਾਨ ਕੀਤਾ 'ਕੋਈ ਵੱਖਰਾ ਜਾਂ ਵਿਸ਼ੇਸ਼ ਇਲਾਕਾ ਨਹੀਂ ਸਗੋਂ ਪੂਰਾ ਭਾਰਤ ਦੇਸ਼ ਭਾਰਤੀ ਮੁਸਲਮਾਨਾਂ ਦੀ ਮਾਂਭੂਮੀ ਹੈ। ਕਿਸੇ ਵੀ ਹਿੰਦੂ ਜਾਂ ਮੁਸਲਮਾਨ ਨੂੰ ਇਸ ਦਾ ਹੱਕ ਨਹੀਂ ਹੈ ਕਿ ਉਹ ਉਨ੍ਹਾਂ ਨੂੰ ਇਸ ਮਾਦਰੇ-ਵਤਨ ਦੇ ਇਕ ਇੰਚ ਹਿੱਸੇ ਤੋਂ ਵੀ ਜੁਦਾ ਕਰ ਸਕੇ। ਪੂਰਾ ਭਾਰਤ ਸਾਡੀ ਮਾਂਭੂਮੀ ਹੈ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਅਸੀਂ ਹੋਰ ਭਾਰਤੀਆਂ ਦੀ ਤਰ੍ਹਾਂ ਹੀ ਹਮਸਫ਼ਰ ਰਹੇ ਹਾਂ।' ਜਿਸ ਮੁਸਲਮਾਨ ਭਾਈਚਾਰੇ ਨੂੰ ਹਿੰਦੂਤਵ ਆਗੂ ਪਾਕਿਸਤਾਨ ਦੇ ਹਮਾਇਤੀ ਦੱਸਦੇ ਹਨ ਇਹ ਕਾਨਫਰੰਸ ਉਨ੍ਹਾਂ ਦੀਆਂ ਭਾਰਤ ਬਾਰੇ ਵਤਨਪ੍ਰੇਮੀ ਭਾਵਨਾਵਾਂ ਦੀ ਠੋਸ ਨੁਮਾਇੰਦਗੀ ਕਰਦੀ ਸੀ।

ਇਹ ਇਤਿਹਾਸਕ ਤੱਥ ਦਰਸਾਉਂਦੇ ਹਨ ਕਿ ਹਿੰਦੂਤਵ ਬਰਗੇਡ ਦਾ ਦੇਸ਼ਭਗਤੀ ਦਾ ਦਾਅਵਾ ਕਿੰਨਾ ਝੂਠਾ ਹੈ ਅਤੇ ਜਿਸ ਮੁਸਲਮਾਨ ਭਾਈਚਾਰੇ ਦੀ ਵਫ਼ਾਦਾਰੀ ਨੂੰ ਉਹ ਸ਼ੱਕੀ ਕਰਾਰ ਦੇਕੇ ਭੰਡਦੇ ਹਨ ਉਨ੍ਹਾਂ ਦੀ ਵਤਨਪ੍ਰੇਮ ਦੀ ਬੁਨਿਆਦ ਕਿੰਨੀ ਪੱਕੀ ਹੈ ਅਤੇ ਵਤਨਪ੍ਰੇਮ ਦੀ ਵਿਰਾਸਤ ਕਿੰਨੀ ਸ਼ਾਨਾਂਮੱਤੀ ਹੈ।

**26 ਅਗਸਤ ਤੋਂ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਲਈ ਵਿਸ਼ੇਸ਼**

# ਦੁਰਗਾ ਭਾਬੀ ਨੂੰ ਸਮਰਪਤ: ਸਿੱਖਿਆਰਥੀ ਚੇਤਨਾ ਕੈਂਪ ਦਾ ਮਹੱਤਵ

**-ਅਮੋਲਕ ਸਿੰਘ**

ਉੱਤਰ ਪ੍ਰਦੇਸ਼ 'ਚ ਜਨਮੀ, ਲਾਹੌਰ 'ਚ ਕੰਮ ਕਰਨ, ਵਿਆਹੁਤਾ ਜੀਵਨ ਬਤੀਤ ਕਰਨ ਵਾਲੀ, ਉੱਤਰ ਪ੍ਰਦੇਸ਼ ਦੇ ਹੀ ਸ਼ਹਿਰ ਗਾਜ਼ੀਆਬਾਦ ਦੀ ਮਿੱਟੀ 'ਚ ਸਦਾ ਦੀ ਨੀਂਦ ਸੌਂ ਜਾਣ ਵਾਲੀ, ਸ਼ਹੀਦ ਭਗਵਤੀ ਚਰਨ ਵੋਹਰਾ ਦੀ ਜੀਵਨ ਸਾਥਣ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਜਤਿਨ ਦਾਸ ਸਨਿਆਲ ਅਤੇ ਬੀ.ਕੇ.ਦੱਤ ਵਰਗੇ ਆਜ਼ਾਦੀ ਸੰਗਰਾਮੀਆਂ ਦੇ ਕਾਫ਼ਲੇ 'ਚ ਸ਼ਾਮਲ, ਮੁਹੱਬਤ ਭਰੇ ਅੰਦਾਜ਼ ਨਾਲ ਦੁਰਗਾ ਭਾਬੀ ਕਰਕੇ ਜਾਣੀ ਜਾਂਦੀ, ਦੁਰਗਾ ਵਤੀ ਦੇਵੀ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਚ ਤਿੰਨ ਦਿਨ-ਰਾਤ ਦੇ ਲੱਗ ਰਹੇ ਸਿਖਿਆਰਥੀ ਚੇਤਨਾ ਕੈਂਪ ਵਿੱਚ ਪੰਜਾਬ ਦੀਆਂ ਮੁਟਿਆਰਾ ਅਤੇ ਗੱਭਰੂ ਮਿਲਕੇ ਸਿਜਦਾ ਕਰਨਗੇ।

ਦੇਸ਼ ਭਗਤ ਯਾਦਗਾਰ ਹਾਲ 'ਚ ਹਰ ਸਾਲ ਲੱਗਦਾ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਇਸ ਵਾਰ ਦੁਰਗਾ ਭਾਬੀ ਨੂੰ ਸਮਰਪਤ ਕੀਤੇ ਜਾਣ ਦਾ ਗਹਿਰਾ ਇਤਿਹਾਸਕ ਮਹੱਤਵ ਹੈ। ਅਜੋਕੇ ਸਮੇਂ ਰਾਜ ਭਾਗ 'ਤੇ ਕਾਬਜ਼ ਸ਼ਕਤੀਆਂ ਨੂੰ ਲੋਕ ਇਤਿਹਾਸ ਅਤੇ ਲੋਕ ਨਾਇਕਾਂ ਤੋਂ ਭੈਅ ਆਉਂਦਾ ਹੈ। ਮੁਲਕ ਅੰਦਰ ਸਾਮਰਾਜਵਾਦ ਅਤੇ ਦੇਸੀ ਰੱਤ-ਪੀਣੀਆਂ ਹਾਵੀ ਤਾਕਤਾਂ, ਧਾਰਮਕ ਫ਼ਿਰਕੇਦਾਰਾਨਾ, ਜਾਤ-ਪਾਤੀ, ਇਲਾਕਾਈ ਵੰਡੀਆਂ ਪਾ ਕੇ ਮੁਲਕ ਦੇ ਲੋਕਾਂ ਦੀ ਤੀਜੀ ਅੱਖ ਬੰਦ ਰੱਖਣ ਦੇ ਰੱਸੇ ਪੈੜੇ ਵੱਟ ਰਹੀਆਂ ਹਨ। ਖ਼ਰੀ ਆਜ਼ਾਦੀ, ਜਮਹੂਰੀਅਤ, ਸਾਂਝੀਵਾਲਤਾ ਅਤੇ ਨਿਆਂ ਭਰੇ ਸਮਾਜ ਦੀ ਪ੍ਰਾਪਤੀ ਲਈ ਸੰਘਰਸ਼ ਦੇ ਸਾਰੇ ਰਾਹ ਡੱਕਣ ਲੋਚਦੀਆਂ ਹਨ।

ਅੱਜ ਜਦੋਂ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ, ਉਦੇਸ਼ਾਂ ਅਤੇ ਮਿਸਾਲੀ ਜੀਵਨ ਸੰਗਰਾਮ ਨੇ ਲੋਕ ਮਨਾਂ 'ਤੇ ਅਮਿੱਟ ਛਾਪ ਛੱਡੀ ਹੋਈ ਹੈ। ਇਹ ਲੋਕ-ਦੋਖੀ ਤਾਕਤਾਂ ਨੂੰ ਫੁੱਟੀ ਅੱਖ ਨਹੀਂ ਭਾਉਂਦਾ। ਉਹਨਾਂ ਨੇ ਹਰ ਸੰਭਵ ਢੰਗ ਨਾਲ ਸ਼ਹੀਦ ਭਗਤ ਸਿੰਘ ਅਤੇ ਦੁਰਗਾ ਭਾਬੀ ਖਿਲਾਫ਼ ਅਪਮਾਨਜਨਕ ਟਿੱਪਣੀਆਂ ਕਰਨ ਦਾ ਧੰਦਾ ਪੂਰੀ ਬੇਹਯਾਈ ਨਾਲ ਫੜਿਆ ਹੋਇਆ ਹੈ। ਅਜੇਹੀਆਂ ਨਿਰਅਧਾਰ, ਤੱਥ-ਹੀਣ, ਮਨਘੜਤ ਘਾੜਤਾਂ ਘੜਨ ਵਾਲਿਆਂ ਦੇ ਮਨਸ਼ਿਆਂ ਤੋਂ ਇਤਿਹਾਸ ਦੇ ਵਾਰਸ ਬਹੁਤ ਖ਼ਬਰਦਾਰ ਹਨ। ਅਜੇਹੇ ਕੂੜ-ਪ੍ਰਚਾਰਕਾਂ ਨਾਲ ਕਿਸੇ ਗੰਭੀਰ ਸੰਵਾਦ ਦੀ ਵੀ ਕੋਈ ਵਾਜਬ ਜ਼ਮੀਨ ਨਹੀਂ। ਇਸ ਦੀ ਬਜਾਏ ਆਪਣੇ ਲੋਕਾਂ ਨੂੰ 'ਜਾਗਦੇ ਰਹੋ!' ਦਾ ਹੋਕਾ ਸਮੇਂ ਸਮੇਂ ਦਿੰਦੇ ਰਹਿਣਾ ਲਾਜ਼ਮੀ ਹੈ। ਇਸ ਲਈ ਅਜੇਹੇ ਤੱਤਾਂ ਨਾਲ ਹੀ ਦਸਤ ਪੰਜਾ ਲੈਣ ਦੀ ਉਲਝੇ ਰਹਿਣ ਦੀ ਬਜਾਏ ਸਾਡੀ ਚਿੰਤਨ, ਚੇਤਨਾ ਅਤੇ ਪ੍ਰਚਾਰ-ਪਸਾਰ ਦਾ ਸਰੋਕਾਰ ਆਪਣੇ ਲੋਕਾਂ ਨੂੰ ਆਪਣੇ ਮਹਿਬੂਬ ਸ਼ਹੀਦਾਂ ਅਤੇ ਸੰਗਰਾਮੀਆਂ ਦੇ ਦ੍ਰਿੜ ਸਿਦਕਵਾਨ ਅਤੇ ਕੁਰਬਾਨੀਆਂ ਭਰੇ ਮਾਰਗ 'ਤੇ ਤੁਰਦੇ ਜਾਣ ਲਈ ਪ੍ਰੇਰਿਤ ਕਰਨਾ ਹੈ।

ਇਸ ਵਾਰ ਦੇਸ਼ ਭਗਤ ਯਾਦਗਾਰ ਹਾਲ 'ਚ 26, 27 ਅਤੇ 28 ਅਗਸਤ ਨੂੰ ਲੱਗ ਰਿਹਾ ਸਿਖਿਆਰਥੀ ਚੇਤਨਾ ਕੈਂਪ ਹੈ। ਇਸ ਕੈਂਪ ਦਾ ਆਗਾਜ਼ ਦੁਰਗਾ ਭਾਬੀ ਦੀ ਲਾਮਿਸਾਲ ਦੇਣ ਨੂੰ ਖੜ੍ਹੇ ਹੋ ਕੇ ਸਲਾਮ ਕਰਨ ਅਤੇ ਸ਼ਮ੍ਹਾ ਰੌਸ਼ਨ ਕਰਨ ਨਾਲ ਹੋਵੇਗਾ।

ਦੁਰਗਾ ਭਾਬੀ ਦਾ ਜਨਮ 7 ਅਕਤੂਬਰ 1907 ਨੂੰ ਪਰਿਆਗਰਾਜ (ਯੂ.ਪੀ.) ਵਿੱਚ ਹੋਇਆ। ਦੁਰਗਾ ਦਾ ਵਿਆਹ ਭਗਵਤੀ ਚਰਨ ਵੋਹਰਾ ਨਾਲ ਹੋਇਆ, ਜੋ ਲਾਹੌਰ ਦਾ ਖਾਂਦਾ ਪੀਂਦਾ ਪਰਿਵਾਰ ਸੀ। ਭਗਵਤੀ ਚਰਨ ਵੋਹਰਾ ਅਤੇ ਉਸਦੇ ਸੰਗੀ ਸਾਥੀ ਭਗਤ ਸਿੰਘ, ਰਾਜਗੁਰੂ, ਸੁਖਦੇਵ, ਬੀ.ਕੇ.ਦੱਤ ਆਦਿ ਨੇ ਜਦੋਂ ਹਿੰਦੋਸਤਾਨੀ ਸੋਸਲਿਸਟ ਰੀਪਬਲੀਕਨ ਐਸੋਸੀਏਸ਼ਨ ਅਤੇ ਨੌਜਵਾਨ ਭਾਰਤ ਸਭਾ ਵਿੱਚ ਸਰਗਰਮੀ ਨਾਲ ਕੰਮ ਕੀਤਾ, ਉਸ ਸਮੇਂ ਦੁਰਗਾ ਦੇਵੀ ਵੀ ਉਹਨਾਂ ਵਿਚਾਰਾਂ ਅਤੇ ਆਦਰਸ਼ਾਂ ਦੀ ਰੌਸ਼ਨ ਮਸ਼ਾਲ ਲੈ ਕੇ ਆਜ਼ਾਦੀ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰ ਪਈ। ਨੌਜਵਾਨ ਭਾਰਤ ਸਭਾ ਦੇ ਜੁਝਾਰੂਆਂ ਦਾ ਇਸ ਘਰ ਬਹੁਤ ਆਉਣ ਜਾਣ ਸੀ। ਸਾਰੇ ਨਿੱਘੀ ਮੁਹੱਬਤ ਅਤੇ ਅਦਬ ਨਾਲ ਦੁਰਗਾ ਦੇਵੀ ਨੂੰ 'ਦੁਰਗਾ ਭਾਬੀ' ਕਹਿ ਕੇ ਬੁਲਾਇਆ ਕਰਦੇ ਸਨ। ਉਹ ਖ਼ੁਦ ਨੌਜਵਾਨ ਭਾਰਤ ਸਭਾ ਦੀਆਂ ਸਰਗਰਮੀਆਂ 'ਚ ਡਟਕੇ ਸ਼ਾਮਲ ਹੋਇਆ ਕਰਦੀ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜਦੋਂ 11ਵੀਂ ਬਰਸੀ 16 ਨਵੰਬਰ 1926 ਨੂੰ ਲਾਹੌਰ ਵਿੱਚ ਨੌਜਵਾਨ ਭਾਰਤ ਸਭਾ ਵੱਲੋਂ ਮਨਾਈ ਗਈ ਉਸ ਸਮਾਗਮ ਵਿੱਚ ਵੀ ਦੁਰਗਾ ਭਾਬੀ ਨੇ ਆਪਣੀ ਅਹਿਮ ਭੂਮਿਕਾ ਨਿਭਾਈ। ਜਦੋਂ ਲਾਹੌਰ ਅੰਦਰ ਸਾਂਡਰਸ ਕਤਲ ਕਾਂਡ ਉਪਰੰਤ ਰਾਤ ਨੂੰ ਹੀ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਲਾਹੌਰ ਦੀਆਂ ਕੰਧਾਂ 'ਤੇ ਇਸ਼ਤਿਹਾਰ ਲਗਾ ਕੇ ਇਸ ਕਾਂਡ ਬਾਰੇ ਆਪਣਾ ਪੱਖ ਲੋਕਾਂ ਅੱਗੇ ਰੱਖਿਆ।



ਇਸ ਘਟਨਾ ਤੋਂ ਦੋ ਦਿਨ ਬਾਅਦ ਰੂਪੋਸ਼ ਹੋ ਕੇ ਭਗਤ ਸਿੰਘ ਜਦੋਂ ਸੁਖਦੇਵ ਦੇ ਨਾਲ ਦੁਰਗਾ ਦੇ ਘਰ ਗਏ ਤਾਂ ਪਹਿਲੇ ਨਜ਼ਰ ਉਹ ਪਹਿਚਾਣ ਨਾ ਸਕੇ। ਸੁਖਦੇਵ ਨੇ ਕਿਹਾ ਕਿ ਜੇ ਦੁਰਗਾ ਹੀ ਨਹੀਂ ਪਹਿਚਾਣ ਸਕੀ ਫ਼ਿਰ ਹੋਰ ਕੌਣ ਪਹਿਚਾਣੇਗਾ। ਦੁਰਗਾ ਦੇਵੀ ਬੇਗ਼ਮ ਬਣੀ, ਹੈਟ ਵਾਲਾ ਭਗਤ ਸਿੰਘ 'ਸਾਹਿਬ' ਅਤੇ ਰਾਜਗੁਰੂ ਬਣਿਆ 'ਕੁਲੀ'। ਉਹ ਰੇਲਵੇ ਸਟੇਸ਼ਨ 'ਤੇ ਪੁੱਜੇ। ਰਾਜਗੁਰੂ ਰਾਹ ਵਿੱਚ ਉਤਰ ਗਿਆ। ਦੁਰਗਾ ਦੇਵੀ ਨੇ ਭਗਵਤੀ ਨੂੰ ਤਾਰ ਕੀਤੀ ਕਿ,"ਮੈਂ ਭਰਾ ਦੇ ਨਾਲ ਆ ਰਹੀ ਹਾਂ।" ਉਹ ਹਾਵੜਾ ਰੇਲਵੇ ਸਟੇਸ਼ਨ ਕਲਕੱਤਾ ਪੁੱਜੇ। ਭਗਵਤੀ ਚਰਨ ਵੋਹਰਾ ਨੂੰ ਇਸ ਕਹਾਣੀ ਦਾ ਅਜੇ ਪਤਾ ਨਹੀਂ ਸੀ। ਉਹ ਦੁਰਗਾ ਦੀ ਗੋਦ ਚੁੱਕੇ ਆਪਣੇ ਪੁੱਤ ਸਚਿੰਦਰ ਅਤੇ ਨਾਲ਼ ਭਗਤ ਸਿੰਘ ਨੂੰ ਦੇਖ ਕੇ ਹੈਰਾਨ ਅਤੇ ਖ਼ਾਸ ਕਰਕੇ ਦੁਰਗਾ ਦੀ ਭੂਮਿਕਾ ਤੋਂ ਬੇਹੱਦ ਖ਼ੁਸ਼ ਹੋਏ।

ਇਹ ਵੀ ਜ਼ਿਕਰਯੋਗ ਹੈ ਕਿ ਜਦੋਂ 63 ਦਿਨਾਂ ਦੀ ਭੁੱਖ ਹੜਤਾਲ ਉਪਰੰਤ ਜਤਿੰਦਰ ਨਾਥ ਸਾਨਿਆਲ ਸ਼ਹੀਦੀ ਪਾ ਗਏ ਤਾਂ ਲਾਹੌਰ ਤੋਂ ਕਲਕੱਤਾ ਉਹਨਾਂ ਦੀ ਮ੍ਰਿਤਕ ਦੇਹ ਕਾਫ਼ਲੇ ਦੇ ਰੂਪ 'ਚ ਲਿਜਾਣ ਵਾਲੀ ਆਗੂ ਟੋਲੀ ਵਿੱਚ ਦੁਰਗਾ ਭਾਬੀ ਸ਼ਾਮਲ ਸਨ।

ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ (ਬੀ.ਕੇ.ਦੱਤ) ਨੇ ਜਦੋਂ "ਬੋਲ਼ਿਆਂ ਨੂੰ ਸੁਣਾਉਣ ਲਈ ਧਮਾਕੇ ਦੀ ਲੋੜ ਹੈ" ਨਾਮੀਂ ਹੱਥ ਪਰਚੇ ਅੈਸੰਬਲੀ ਵਿੱਚ ਸੁੱਟੇ ਅਤੇ ਜ਼ੋਰਦਾਰ ਧਮਾਕਾ ਕਰਕੇ, ਭਾਰਤੀ ਲੋਕਾਂ ਦੀ ਆਵਾਜ਼ ਸੁਣਨ ਦੀ ਚਿਤਾਵਨੀ ਦਿੱਤੀ ਤਾਂ ਉਸ ਉਪਰੰਤ ਕੇਸ ਦੀ ਪੈਰਵਈ ਕਰਨ ਲਈ ਵੀ ਦੁਰਗਾ ਭਾਬੀ ਨੇ ਸਰਗਰਮੀ ਨਾਲ ਕੰਮ ਕੀਤਾ। ਉਸਨੇ ਸਾਰੇ ਗਹਿਣੇ ਵੇਚ ਦਿੱਤੀ, ਤਾਂ ਜੋ ਕੇਸ ਦੀਆਂ ਲੋੜਾਂ ਦੀ ਪੂਰਤੀ 'ਚ ਕੋਈ ਕਮੀ ਨਾ ਰਹੇ।

ਵਿਮਲ ਪ੍ਰਸ਼ਾਦ ਜੈਨ ਹੋਰਾਂ ਨਾਲ ਮਿਲਕੇ ਦੁਰਗਾ ਨੇ ਕੁਤਬ ਰੋਡ ਦਿੱਲੀ ਗੁਪਤ ਤਰੀਕੇ ਨਾਲ 'ਹਿਮਾਲਿਆਂ ਟੋਆਇਲਟਸ' ਨਾਂਅ ਦੇ ਬੈਨਰ ਹੇਠ ਬੰਬ ਦੀ ਸਮੱਗਰੀ ਤਿਆਰ ਕਰਨ ਦੀ ਫੈਕਟਰੀ ਵੀ ਲਗਾਈ।

ਦੁਰਗਾ ਦੇਵੀ ਦਾ ਬਹੁਤ ਪਿਆਰਾ ਜੀਵਨ ਸਾਥੀ ਭਗਵਤੀ ਚਰਨ ਵੋਹਰਾ ਜਿਸਨੇ ਨੌਜਵਾਨ ਭਾਰਤ ਸਭਾ ਦੇ ਪ੍ਰੋਗਰਾਮ ਦਾ ਖਰੜਾ ਅਤੇ ਹੋਰ ਇਤਿਹਾਸਕ ਲਿਖਤਾਂ ਤਿਆਰ ਕਰਨ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ ਉਹ ਰਾਵੀ ਕੰਢੇ ਇੱਕ ਬੰਬ ਦਾ ਤਜਰਬਾ ਕਰਦਿਆਂ ਅਚਨਚੇਤ ਬੰਬ ਫਟ ਜਾਣ 'ਤੇ 28 ਮਈ 1930 ਨੂੰ ਸ਼ਹੀਦੀ ਜਾਮ ਪੀ ਗਿਆ।

ਉਪਰੋਥਲੀ ਅਜੇਹੀਆਂ ਚੁਣੌਤੀਆਂ ਦੇ ਬਾਵਜੂਦ 'ਆਇਰਨ ਲੇਡੀ' ਕਰਕੇ ਜਾਣੀ ਜਾਂਦੀ ਦੁਰਗਾ ਭਾਬੀ ਅਡੋਲ ਅਤੇ ਸਾਬਤ ਕਦਮੀ ਆਪਣੇ ਸਫ਼ਰ 'ਤੇ ਰਹੇ। ਉਸਨੇ ਮਹਾਤਮਾ ਗਾਂਧੀ ਨੂੰ ਵੀ ਮਿਲਕੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦੀ ਸਜ਼ਾ ਦੀ ਬੇਇਨਸਾਫ਼ੀ ਰੋਕਣ ਲਈ ਕਿਹਾ ਪਰ ਕੋਈ ਵੀ ਸਾਰਥਕ ਹੁੰਗਾਰਾ ਨਾ ਮਿਲਿਆ।

ਜ਼ਿੰਦਗੀ ਦੇ ਪਿਛਲੇ ਪਹਿਰ ਉਹ ਆਪਣੇ ਬੇਟੇ ਸਚਿੰਦਰ ਨਾਲ ਹੀ ਗਾਜ਼ੀਆਬਾਦ ਰਹਿੰਦੇ ਰਹੇ। ਇਨ੍ਹਾਂ ਦਿਨਾਂ ਵਿੱਚ ਗਾਜ਼ੀਆਬਾਦ ਜਾ ਕੇ ਸੁਖਦੇਵ ਸਿੰਘ ਰਾਏਪੁਰ ਡੱਬਾ ਉਹਨਾਂ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਆਏ, ਜੋ ਉਹਨੀ ਦਿਨੀਂ ਛਪਦੇ ਲੋਕ ਮੋਰਚਾ ਪੰਜਾਬ ਦੇ ਰਸਾਲੇ 'ਮੁਕਤੀ ਮਾਰਗ' ਵਿੱਚ ਪ੍ਰਕਾਸ਼ਤ ਹੋਈ। ਮੁਲਾਕਾਤ 'ਚ ਦੁਰਗਾ ਭਾਬੀ ਨੇ ਚੜ੍ਹਦੀ ਕਲਾ ਵਾਲੇ ਅੰਦਾਜ਼ 'ਚ ਕਿਹਾ ਕਿ 'ਇਹ ਸਾਡੇ ਸੁਪਨਿਆਂ ਦੀ ਆਜ਼ਾਦੀ ਨਹੀਂ। ਇਸ ਲਈ ਦੇਸ ਵਾਸੀਆਂ ਨੂੰ ਸੰਘਰਸ਼ ਜਾਰੀ ਰੱਖਣ ਦੀ ਲੋੜ ਹੈ।'

15 ਅਕਤੂਬਰ 1999 ਨੂੰ ਦੁਰਗਾ ਭਾਬੀ ਸਦੀਵੀ ਵਿਛੋੜਾ ਦੇ ਗਏ। ਗਾਜ਼ੀਆਬਾਦ ਦੇ ਰਾਜ ਨਗਰ ਵਿੱਚ ਉਹਨਾਂ ਦੀ ਰਹੀ ਰਿਹਾਇਸ਼ ਵਾਲੇ ਖੇਤਰ 'ਚ ਉਹਨਾਂ ਦੇ ਨਾਂਅ 'ਤੇ ਇੱਕ ਪਾਰਕ ਅਤੇ ਚੌਂਕ ਬਣਿਆ ਹੈ।

ਅੱਜ ਗਾਜ਼ੀਆਬਾਦ ਦੇ ਇਸ ਚੌਂਕ ਵਿੱਚੋਂ ਹੀ ਗੁਜ਼ਰਦੇ ਜਾਪਦੇ ਨੇ ਉਹ ਸਾਰੇ ਕਾਫ਼ਲੇ ਜਿਹੜੇ ਦਿੱਲੀ ਕਿਸਾਨ ਮੋਰਚੇ 'ਚ ਜਾਂਦੇ ਰਹੇ। ਜਿਹੜੇ ਲਖੀਮਪੁਰ ਖੀਰੀ ਸੰਘਰਸ਼ ਦੇ ਝੰਡੇ ਬੁਲੰਦ ਕਰਕੇ ਆਏ ਹਨ। ਅੱਜ ਜਦੋਂ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਮਿਟਾ ਦੇਣ ਦੇ ਯੋਜਨਾ ਬੱਧ ਰੱਸੇ ਪੈੜੇ ਵੱਟੇ ਜਾ ਰਹੇ ਹਨ, ਉਸ ਵੇਲੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਿਖਿਆਰਥੀ ਚੇਤਨਾ ਕੈਂਪ ਦੁਰਗਾ ਭਾਬੀ ਦੇ ਨਾਮ ਕਰਨਾ, ਉਹਨਾਂ ਦੇ ਅਧੂਰੇ ਕਾਜ਼ ਨੂੰ ਨੇਪਰੇ ਚਾੜ੍ਹਨ ਲਈ ਸਿਰ ਜੋੜਕੇ ਚਿੰਤਨ ਕਰਨਾ ਹੈ। ਦੁਰਗਾ ਭਾਬੀ ਨੂੰ ਚੇਤਨਾ ਕੈਂਪ 'ਚ ਯਾਦ ਕਰਦੇ ਸਮੇਂ ਆਪਣੇ ਆਪ 'ਚ ਹੀ ਹੋਛੇ ਕੂੜ ਪ੍ਰਚਾਰ ਦਾ ਢੁਕਵਾਂ ਜਵਾਬ ਹੋਏਗਾ। ਇਤਿਹਾਸ ਅੱਜ ਫਿਰ ਬੀਤੇ ਸਮੇਂ ਦੀਆਂ ਯਾਦਾਂ ਤਾਜ਼ਾ ਕਰਦਿਆਂ ਜੁਆਨੀ ਨੂੰ ਹੋਕਾ ਦੇ ਰਿਹਾ ਹੈ ਕਿ; ਜਾਗੋ! ਸੁੱਤਿਆਂ ਨੂੰ ਯੁੱਗ ਬੀਤ ਗਏ।

-ਸੰਪਰਕ: 98778 68710

# ਨ.ਫਰਤ ਦੀ ਟੂਲ-ਕਿੱਟ ਦਾ ਨਵਾਂ ਸੰਦ 'ਹਿੰਦੂਤਵ ਪੌਪ'



ਬੂਟਾ ਸਿੰਘ
ਮਹਿਮੂਦਪੁਰ
94634-74342

'ਟੋਪੀ ਵਾਲਾ ਵੀ ਸਰ ਝੁਕਾ ਕਰ ਜੈ ਸ਼੍ਰੀ ਰਾਮ ਬੋਲੇਗਾ', 'ਜੋ ਰਾਮ ਕਾ ਨਾਮ ਨਾ ਲੇ, ਉਸੇ ਭਾਰਤ ਸੇ ਭਗਾਨਾ ਹੈ', 'ਮੁੱਲੋ ਜਾਓ ਪਾਕਿਸਤਾਨ'। ਇਹ ਕਿਸੇ ਹਿੰਦੂਤਵੀ ਰੈਲੀ 'ਚ ਲਗਾਏ ਜਾਣ ਵਾਲੇ ਨਾਅਰੇ ਨਹੀਂ, ਦਰਅਸਲ ਮੋਦੀ ਯੁਗ 'ਚ ਉੱਭਰੇ 'ਡੀਜੇ ਹਿੰਦੂਤਵ' ਦੀ ਇਕ ਝਲਕ ਹਨ ਜਿਸ ਨੂੰ 'ਹਿੰਦੂਤਵ ਪੌਪ' ਵੀ ਕਿਹਾ ਜਾਂਦਾ ਹੈ। ਹਿੰਦੂਤਵ ਦੇ ਸਿਆਸੀ ਏਜੰਡੇ ਦਾ ਸੰਦੇਸ਼ ਦਿੰਦੇ ਇਹ ਗੀਤ ਉਨ੍ਹਾਂ ਧਾਰਮਿਕ ਜਲੂਸਾਂ 'ਚ ਬੇਹੱਦ ਉੱਚੀ ਆਵਾਜ਼ 'ਚ ਵੱਜਦੇ ਅਕਸਰ ਹੀ ਸੁਣੇ ਜਾ ਸਕਦੇ ਹਨ ਜੋ ਆਰ.ਐੱਸ.ਐੱਸ.-ਭਾਜਪਾ ਨਾਲ ਸੰਬੰਧਤ ਵੱਖ-ਵੱਖ ਜਥੇਬੰਦੀਆਂ ਵੱਲੋਂ ਕੱਢੇ ਜਾਂਦੇ ਹਨ। ਕਥਿਤ ਧਾਰਮਿਕ ਜਲੂਸਾਂ ਤੋਂ ਬਾਦ ਫਿਰਕੂ ਹਿੰਸਾ ਦਾ ਭੜਕਣਾ ਸੰਘ ਪਰਿਵਾਰ ਦੇ ਇਤਿਹਾਸ 'ਚ ਨਵੀਂ ਗੱਲ ਨਹੀਂ ਹੈ, ਪਰ 2014 'ਚ ਆਰ.ਐੱਸ.ਐੱਸ.-ਭਾਜਪਾ ਦੇ ਭਾਰੀ ਬਹੁਮੱਤ ਨਾਲ ਸੱਤਾ ਉੱਪਰ ਕਾਬਜ਼ ਹੋਣ ਤੋਂ ਬਾਦ ਇਹ ਪਹਿਲਾਂ ਨਾਲੋਂ ਵੀ ਜ਼ਿਆਦਾ ਯੋਜਨਾਬੱਧ ਅਤੇ ਹਮਲਾਵਰ ਹੋ ਗਈ ਹੈ। 'ਹਿੰਦੂਤਵ ਪੌਪ' ਨੂੰ ਨਫ਼ਰਤ ਅਤੇ ਹਿੰਸਾ ਭੜਕਾਊ 'ਟੂਲ ਕਿੱਟ' ਦੇ ਨਵੇਂ ਸੰਦ ਦੇ ਰੂਪ 'ਚ ਪੂਰੀ ਮੁਹਾਰਤ ਨਾਲ ਵਿਕਸਤ ਕੀਤਾ ਗਿਆ ਹੈ। ਇਸ ਸਾਲ ਮੁਲਕ 'ਚ ਕਈ ਜਗ੍ਹਾ 'ਰਾਮਨੌਮੀ ਜਲੂਸ' ਦੇ ਨਾਂ ਹੇਠ ਭਗਵੀਆਂ ਰੈਲੀਆਂ ਕਰਕੇ ਜੋ ਹਿੰਸਾ ਭੜਕਾਈ ਗਈ ਉਸ ਲਈ ਮਾਹੌਲ ਨੂੰ ਉਤੇਜਿਤ ਕਰਨ ਦਾ ਕੰਮ ਉਨ੍ਹਾਂ ਜਲੂਸਾਂ ਅਤੇ ਰੈਲੀਆਂ 'ਚ ਡੀ.ਜੀ. ਉੱਪਰ ਵਜਾਏ ਗਏ ਭੜਕਾਊ ਗੀਤਾਂ ਨੇ ਕੀਤਾ। ਸੁਤੰਤਰ ਪੱਤਰਕਾਰ ਸਮਰਿਧੀ ਸਕੂਨੀਆ ਨੇ ਇਸ ਵਰਤਾਰੇ ਦਾ ਬਾਰੀਕੀ 'ਚ ਅਧਿਐਨ ਕੀਤਾ ਹੈ। ਉਸ ਨੇ ਜ਼ਮੀਨੀ ਹਕੀਕਤ ਦੀ ਛਾਣਬੀਣ ਕਰਕੇ ਜੋ ਭਰਵੀਂ ਰਿਪੋਰਟ ਤਿਆਰ ਕੀਤੀ ਹੈ, ਉਸ ਦੀ ਸੰਖੇਪ ਝਲਕ 'ਹਿੰਦੂਤਵ ਪੌਪ' ਦੇ ਖ਼ਤਰਨਾਕ ਪ੍ਰਭਾਵਾਂ ਨੂੰ ਸਮਝਣ ਲਈ ਕਾਫ਼ੀ ਹੈ। ਹੋਰ ਰੂਪਾਂ 'ਚ ਨਫ਼ਰਤ ਦੇ ਪਸਾਰੇ ਦੇ ਨਾਲ ਇਹ ਬਹੁਗਿਣਤੀ ਹਿੰਦੂ ਭਾਈਚਾਰੇ ਦੇ ਮਨਾਂ 'ਚ ਜ਼ਹਿਰ ਭਰਨ ਦਾ ਬਹੁਤ ਹੀ ਕਾਰਗਰ ਸੰਦ ਹੈ।

ਪਿਛਲੇ ਮਹੀਨਿਆਂ 'ਚ ਉੱਤਰ ਪ੍ਰਦੇਸ਼ ਤੋਂ ਇਲਾਵਾ ਬਹੁਤ ਸਾਰੇ ਥਾਵਾਂ ਉੱਪਰ ਹਿੰਦੂਤਵ ਜਥੇਬੰਦੀਆਂ ਵੱਲੋਂ ਕੱਢੇ ਗਏ ਰਾਮਨੌਮੀ ਜਲੂਸਾਂ ਦੀ ਵਿਸ਼ੇਸ਼ ਖ਼ਾਸੀਅਤ 'ਹਿੰਦੂਤਵ ਪੌਪ' ਰਿਹਾ ਹੈ ਜਿਸ ਨੂੰ ਖ਼ਾਸ ਤੌਰ 'ਤੇ ਨਮਾਜ ਪੜ੍ਹਨ ਦੇ ਸਮੇਂ ਮਸਜਿਦਾਂ ਦੇ ਸਾਹਮਣੇ ਅਤੇ ਮੁਸਲਿਮ ਮੁਹੱਲਿਆਂ 'ਚ ਲੰਮਾ ਸਮਾਂ ਰੁਕ ਕੇ ਮੁਸਲਿਮ ਭਾਈਚਾਰੇ ਨੂੰ ਤੰਗ ਕਰਨ ਅਤੇ ਭੜਕਾਉਣ ਲਈ ਕੰਨ ਪਾੜਵੀਂ ਆਵਾਜ਼ 'ਚ ਵਜਾਇਆ ਗਿਆ। ਕਰਨਾਟਕਾ ਦੇ ਰਾਏਚੁਰ ਸ਼ਹਿਰ 'ਚ ਉਸਮਾਨੀਆ ਮਸਜਿਦ ਦੇ ਸਾਹਮਣੇ ਜੈਕਾਰੇ ਲਾ ਕੇ 'ਮੰਦਿਰ ਵਹੀਂ ਬਨਾਏਂਗੇ' ਗੀਤ ਵਜਾਇਆ ਗਿਆ ਅਤੇ ਭਗਵੇਂ ਝੰਡੇ ਲਹਿਰਾਏ ਗਏ। ਤਰੁਣ ਸਾਗਰ ਦੇ ਇਸ ਗੀਤ ਦੇ ਅਸਲ ਵੀਡੀਓ 'ਚ ਬਾਬਰੀ ਮਸਜਿਦ ਨੂੰ ਤੋੜਨ ਦੇ ਫੁਟੇਜ ਦਿਖਾਏ ਗਏ ਹਨ। ਉਤਰਾਖੰਡ 'ਚ ਰੁੜਕੀ ਨੇੜੇ ਪਿੰਡ ਦਾਦਾ ਜਲਾਲਪੁਰ 'ਚ ਕਨ੍ਹੱਈਆ ਮਿੱਤਲ ਦਾ ਗੀਤ 'ਜੋ ਰਾਮ ਕੋ ਲਾਏ ਹੈਂ, ਹਮ ਉਨਕੋ ਲਾਏਂਗੇ' ਅਤੇ ਪ੍ਰੇਮ ਕ੍ਰਿਸ਼ਨਵੰਸ਼ੀ ਦਾ 'ਮੁੱਲੋ ਜਾਓ ਪਾਕਿਸਤਾਨ' ਡੀ.ਜੀ. ਉੱਪਰ ਵਜਾਉਂਦੇ ਹੋਏ ਜਲੂਸ ਕੱਢਿਆ ਗਿਆ। ਹੈਦਰਾਬਾਦ 'ਚ ਰਾਮਨੌਮੀ ਦੇ ਜਲੂਸ 'ਚ ਭਾਜਪਾ ਵਿਧਾਇਕ ਟੀ. ਰਾਜਾਸਿੰਘ ਨੇ 'ਜੋ ਰਾਮ ਕਾ ਨਾਮ ਨਾ ਲੇ, ਉਸੇ ਭਾਰਤ ਸੇ ਭਗਾਨਾ ਹੈ' ਗੀਤ ਖ਼ੁਦ ਗਾਇਆ। ਦਿੱਲੀ ਦੇ ਜਹਾਂਗੀਰਪੁਰੀ ਇਲਾਕੇ 'ਚ ਤਲਵਾਰਾਂ ਅਤੇ ਬੰਦੂਕਾਂ ਲੈ ਕੇ ਜੋ 'ਹਿੰਦੂ ਏਕਤਾ ਰੈਲੀ' ਕੱਢੀ ਗਈ, ਜਿਸ ਤੋਂ ਬਾਦ ਉੱਥੇ ਹਿੰਸਾ ਭੜਕੀ ਅਤੇ ਮੁਸਲਮਾਨਾਂ ਦੇ ਘਰਾਂ ਅਤੇ ਦੁਕਾਨਾਂ ਉੱਪਰ ਬੁਲਡੋਜ਼ਰ ਚਲਾਇਆ ਗਿਆ, ਉਸ ਵਿਚ ਵੀ ਲਕਸ਼ਮੀ ਦੁੱਬੇ ਦਾ ਗੀਤ ਡੀ.ਜੇ. ਉੱਪਰ ਉੱਚੀ ਆਵਾਜ਼ 'ਚ ਵਜਾਇਆ ਗਿਆ। ਰਾਜਸਥਾਨ ਦੇ ਕਿਰੌਲੀ 'ਚ ਸੰਦੀਪ ਚਤੁਰਵੇਦੀ ਦਾ ਗੀਤ 'ਟੋਪੀ ਵਾਲਾ ਵੀ ਸਰ ਝੁਕਾ ਕਰ ਜੈ ਸ਼੍ਰੀਰਾਮ ਬੋਲੇਗਾ' ਐਨੀ ਉੱਚੀ ਆਵਾਜ਼ 'ਚ ਵਜਾਇਆ ਜਾ ਰਿਹਾ ਸੀ ਕਿ ਬਹੁਤ ਦੂਰ ਤੱਕ ਸੁਣਾਈ ਦਿੰਦਾ ਸੀ।

ਸਮਰਿਧੀ ਸਕੂਨੀਆ ਨੇ ਇਨ੍ਹਾਂ ਜ਼ਹਿਰੀਲੇ ਗੀਤਾਂ ਦਾ ਡੂੰਘਾ ਪ੍ਰਭਾਵ ਨੋਟ ਕਰਦੇ ਹੋਏ ਲਿਖਿਆ ਕਿ ਇਨ੍ਹਾਂ ਰੈਲੀਆਂ 'ਚ ਹਿੱਸਾ ਲੈਣ ਵਾਲੇ ਜ਼ਿਆਦਾਤਰ ਲੋਕਾਂ ਨੂੰ ਇਹ ਗੀਤ ਜ਼ੁਬਾਨੀ ਚੇਤੇ ਹਨ ਅਤੇ ਛੋਟੇ ਬੱਚਿਆਂ ਤੋਂ ਲੈ ਕੇ ਅੱਧਖੜ ਉਮਰ ਦੇ ਵਿਅਕਤੀ ਆਪਣੇ ਇਨ੍ਹਾਂ ਮਨਪਸੰਦ ਗੀਤਾਂ ਅਤੇ ਗਾਉਣ ਵਾਲੇ ਕਲਾਕਾਰਾਂ ਦੇ ਨਾਂ ਦੱਸ ਸਕਦੇ ਹਨ। ਸੰਦੀਪ ਅਚਾਰੀਆ, ਲਕਸ਼ਮੀ ਦੁੱਬੇ, ਪ੍ਰੇਮ ਕ੍ਰਿਸ਼ਨਾਵੰਸ਼ੀ ਅਤੇ ਕਨ੍ਹੱਈਆ ਮਿੱਤਲ 'ਹਿੰਦੂਤਵ ਪੌਪ' ਦੇ ਚਰਚਿਤ ਸਟਾਰ ਗਾਇਕ ਹਨ ਜਿਨ੍ਹਾਂ ਨਾਲ ਸਮਰਿਧੀ ਨੇ ਯੂ.ਪੀ. ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹਿੰਦੂਤਵ ਦੀ ਸਿਆਸਤ ਨੂੰ ਫੈਲਾਉਣ 'ਚ ਉਨ੍ਹਾਂ ਦੀ ਭੂਮਿਕਾ ਨੂੰ ਸਮਝਣ ਲਈ ਵਿਸ਼ੇਸ਼ ਇੰਟਰਵਿਊ ਵੀ ਕੀਤੀਆਂ। ਇਨ੍ਹਾਂ ਚੋਣਾਂ ਸਮੇਂ ਪ੍ਰਚਾਰ ਰੈਲੀਆਂ 'ਚ ਇਨ੍ਹਾਂ ਗੀਤਾਂ ਦੀ ਵਰਤੋਂ ਵਿਆਪਕ ਪੈਮਾਨੇ 'ਤੇ ਕੀਤੀ ਗਈ। ਕਈ ਗੀਤ ਹਿੰਦੂਆਂ 'ਚ ਐਨੇ ਮਕਬੂਲ ਹੋਏ ਕਿ ਯੂਟਿਊਬ ਉੱਪਰ ਲੱਖਾਂ ਲੋਕ ਇਨ੍ਹਾਂ ਦੇ ਵੀਡੀਓ ਦੇਖ ਚੁੱਕੇ ਹਨ। ਮੰਦਿਰਾਂ, ਸਿਆਸੀ ਰੈਲੀਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਚ ਇਹ ਅਕਸਰ ਵਜਾਏ ਜਾਂਦੇ ਹਨ। ਨੌਜਵਾਨ ਇਨ੍ਹਾਂ ਗੀਤਾਂ ਨੂੰ ਰਿੰਗਟੋਨ ਵਜੋਂ ਵਰਤਦੇ ਹਨ। ਜ਼ਿਆਦਾਤਰ ਗਾਇਕਾਂ ਨਾਲ ਭਾਜਪਾ ਆਗੂਆਂ ਦੀ ਨਿੱਜੀ ਨੇੜਤਾ ਵੀ ਹੈ ਅਤੇ ਭਾਜਪਾ ਦਾ ਆਈ.ਟੀ. ਸੈੱਲ ਵੀ ਇਨ੍ਹਾਂ ਗੀਤਾਂ ਨੂੰ ਆਪਣੇ ਅਧਿਕਾਰਕ ਚੈਨਲਾਂ ਉੱਪਰ ਪ੍ਰੋਮੋਟ ਕਰਕੇ ਇਨ੍ਹਾਂ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਪੂਰਾ ਸਰਗਰਮ ਹੈ। ਇਹ ਗਾਇਕ ਭਗਵੇਂ ਕੱਪੜੇ ਪਾਕੇ ਅਤੇ ਮੱਥੇ 'ਤੇ ਤਿਲਕ ਲਗਾ ਕੇ ਮੰਚ ਦੇ ਪਿੱਛੇ ਟੰਗੀਆਂ ਹਿੰਦੂ ਦੇਵੀ-ਦੇਵਤਿਆਂ ਅਤੇ ਮੋਦੀ-ਯੋਗੀ ਦੀਆਂ ਤਸਵੀਰਾਂ ਨੂੰ ਪ੍ਰਣਾਮ ਕਰਕੇ ਆਪਣੇ ਪ੍ਰੋਗਰਾਮ ਸ਼ੁਰੂ ਕਰਦੇ ਹਨ। ਇਕ ਤਰ੍ਹਾਂ ਨਾਲ ਇਹ ਗੀਤ ਹਿੰਦੂ ਸੰਸਕ੍ਰਿਤੀ ਦਾ ਹਿੱਸਾ ਬਣਾ ਦਿੱਤੇ ਗਏ ਹਨ। ਇਨ੍ਹਾਂ ਦੇ ਵਿਆਪਕ ਪ੍ਰਭਾਵ ਦਾ ਅੰਦਾਜ਼ਾ ਇਨ੍ਹਾਂ ਨੂੰ ਦੇਖਣ-ਸੁਣਨ ਵਾਲਿਆਂ ਦੀ ਗਿਣਤੀ ਤੋਂ ਲਗਾਇਆ ਜਾ ਸਕਦਾ ਹੈ। ਮਸਲਨ, ਅਕਤੂਬਰ 2021 'ਚ ਕਨ੍ਹੱਈਆ ਮਿੱਤਲ ਦੇ ਅਧਿਕਾਰਕ ਯੂਟਿਊਬ ਚੈਨਲਾਂ ਉੱਪਰ ਰਿਲੀਜ ਹੋਣ ਤੋਂ ਬਾਦ ਉਸ ਦੇ ਗੀਤ 'ਜੋ ਰਾਮ ਕੋ ਲਾਏ ਹੈ, ਹਮ ਉਨਕੋ ਲਾਏਂਗੇ' ਨੂੰ ਆਨਲਾਈਨ ਦਰਸ਼ਕਾਂ ਵੱਲੋਂ ਲੱਗਭੱਗ ਇਕ ਕਰੋੜ ਵਾਰ ਦੇਖਿਆ ਗਿਆ।

ਫੀਲਡ ਅਧਿਐਨ ਦੱਸਦਾ ਹੈ ਕਿ ਯੂ.ਪੀ. ਵਗੈਰਾ 'ਚ ਹਜੂਮਾਂ ਵੱਲੋਂ ਇਨ੍ਹਾਂ ਗੀਤਾਂ ਦੇ ਗਾਇਕਾਂ ਦਾ ਰੌਕਸਟਾਰਾਂ ਦੀ ਤਰ੍ਹਾਂ ਤਾੜੀਆਂ ਅਤੇ ਜੈਕਾਰਿਆਂ ਨਾਲ ਸਵਾਗਤ ਕੀਤਾ ਜਾਂਦਾ ਹੈ। 'ਭਜਨ ਸਮਰਾਟ' ਵਜੋਂ ਮਸ਼ਹੂਰ ਕਨ੍ਹੱਈਆ ਮਿੱਤਲ ਵਰਗੇ ਕਲਾਕਾਰ ਹਜੂਮ ਦੀ ਧਾਰਮਿਕ ਸ਼ਰਧਾ ਨੂੰ ਵਰਤਣ ਦੇ ਮਾਹਿਰ ਹਨ। ਉਨ੍ਹਾਂ ਨੇ ਰਵਾਇਤੀ ਭਜਨ ਗਾਇਣ ਨੂੰ ਪੌਪ ਦੀ ਤਾਲ 'ਤੇ ਢਾਲ ਲਿਆ ਹੈ। ਪ੍ਰੋਗਰਾਮਾਂ ਦੇ ਸ਼ੁਰੂ 'ਚ ਕਨ੍ਹੱਈਆ ਮਿੱਤਲ ਭਗਵਾਨ ਸ਼ਿਆਮ ਨੂੰ ਧਿਆਉਣ ਉਪਰੰਤ ਉਸ ਨੂੰ ਸਮਰਪਿਤ ਭਗਤੀ ਗੀਤ ਪੌਪ ਦੀ ਤਾਲ 'ਤੇ ਗਾ ਕੇ ਸਰੋਤਿਆਂ ਨੂੰ ਆਪਣੇ ਨਾਲ ਨੱਚਣ ਲਾ ਦਿੰਦੇ ਹਨ। ਉਹ ਅਧਿਆਤਮਕ ਸੰਦੇਸ਼ ਤੱਕ ਸੀਮਤ ਨਹੀਂ ਰਹਿੰਦਾ, ਉਸ ਦੇ ਗੀਤਾਂ 'ਚ ਰਾਜਨੀਤਕ ਸੰਦੇਸ਼ ਉੱਘੜਵੇਂ ਰੂਪ 'ਚ ਹੈ। ਮਿਸਾਲ ਵਜੋਂ, 'ਜੋ ਰਾਮ ਕੋ ਲਾਏ ਹੈਂ, ਹਮ ਉਨਕੋ ਲਾਏਂਗੇ' (ਭਾਵ ਜਿਨ੍ਹਾਂ ਨੇ ਅਯੁੱਧਿਆ 'ਚ ਰਾਮ ਮੰਦਰ ਬਣਾਇਆ ਅਸੀਂ ਉਨ੍ਹਾਂ ਦੀ ਸਰਕਾਰ ਬਣਾਉਣੀ ਹੈ) ਨੇ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਜਿਤਾਉਣ ਦਾ ਸਿੱਧਾ ਰਾਜਨੀਤਕ ਸੰਦੇਸ਼ ਦੇ ਕੇ ਮਾਹੌਲ ਤਿਆਰ ਕਰਨ 'ਚ ਹਿੱਸਾ ਪਾਇਆ। ਜਿਨ੍ਹਾਂ ਪੰਜ ਰਾਜਾਂ 'ਚ ਇਸ ਸਾਲ ਵਿਧਾਨ ਸਭਾ ਚੋਣਾਂ ਹੋਈਆਂ ਉੱਥੇ ਅਤੇ ਹੋਰ ਕਈ ਰਾਜਾਂ 'ਚ ਮਿੱਤਲ ਨੇ ਬਹੁਤ ਸਾਰੇ ਸ਼ੋਅ ਕੀਤੇ ਅਤੇ ਲਗਾਤਾਰ ਕਰ ਰਿਹਾ ਹੈ। ਭਾਜਪਾ ਦੀਆਂ ਬਹੁਤ ਸਾਰੀਆਂ ਰੈਲੀਆਂ 'ਚ ਉਸ ਦਾ ਗੀਤ ਚੋਣ ਮੁਹਿੰਮ ਦਾ ਅਨਿੱਖੜ ਹਿੱਸਾ ਬਣਿਆ ਰਿਹਾ। ਗੀਤ ਦੇ ਆਖ਼ਰੀ ਹਿੱਸੇ 'ਚ 'ਯੋਗੀਜੀ ਆਏ ਹੈਂ, ਯੋਗੀਜੀ ਆਏਂਗੇ' ਦੀਆਂ ਸਤਰਾਂ ਸ਼ਾਮਿਲ ਹਨ। ਉਸ ਨੇ ਆਪਣੇ ਪ੍ਰਸ਼ੰਸਕਾਂ ਨੂੰ ਅਦਿੱਤਿਆਨਾਥ ਨੂੰ ਵੋਟ ਪਾਉਣ ਦਾ ਸਿੱਧਾ ਸੰਦੇਸ਼ ਦਿੰਦਿਆਂ ਟਵੀਟ ਕੀਤਾ ਕਿ ਉਸ ਦੇ ਗੀਤ ਦੀ ਮਕਬੂਲੀਅਤ ਦੱਸਦੀ ਹੈ ਕਿ "ਬਾਬਾਜੀ" ਮੁੜ ਚੁਣੇ ਜਾਣਗੇ। ਮਿੱਤਲ ਕਹਿੰਦਾ ਹੈ ਕਿ ਉਹ ਕਿਸੇ ਸਿਆਸੀ ਪਾਰਟੀ ਦਾ ਹਮਾਇਤੀ ਨਹੀਂ ਹੈ, ਪਰ ਉਹ ਉਸ ਪਾਰਟੀ ਦੇ ਨਾਲ ਹੈ ਜੋ 'ਉਸ ਦੇ ਧਰਮ' ਦੇ ਹੱਕ 'ਚ ਖੜ੍ਹੀ ਹੈ। ਇਹ ਧਰਮ ਦੀ ਆੜ 'ਚ ਭਾਜਪਾ ਨੂੰ ਜਿਤਾਉਣ ਲਈ ਹਿੰਦੂ ਆਸਥਾ ਰੱਖਣ ਵਾਲਿਆਂ ਨੂੰ ਸਿਆਸੀ ਤੌਰ 'ਤੇ ਪ੍ਰੇਰਨ ਦੀ ਚਲਾਕੀ ਹੈ।

ਸੰਦੀਪ ਅਚਾਰੀਆ ਨੂੰ ਹਿੰਦੂਤਵਵਾਦੀ ਪੌਪ ਸ਼ੈਲੀ ਦਾ ਮੋਢੀ ਮੰਨਿਆ ਜਾਂਦਾ ਹੈ। ਉਹ ਆਪਣੀ ਮੁਸਲਿਮ ਵਿਰੋਧੀ ਨਫ਼ਰਤ ਨੂੰ ਲੁਕੋਂਦਾ ਨਹੀਂ ਹੈ। ਉਹ ਐਲਾਨੀਆ ਤੌਰ 'ਤੇ ਕਹਿੰਦਾ ਹੈ ਕਿ ਮੁਸਲਮਾਨਾਂ ਪ੍ਰਤੀ ਨਫ਼ਰਤ ਉਸ ਦੇ ਖ਼ੂਨ 'ਚ ਹੈ ਕਿਉਂਕਿ ਬੀਮਾਰੀ ਸਮੇਂ ਖ਼ੂਨ ਦੀ ਲੋੜ ਪੈਣ 'ਤੇ ਉਸ ਦੇ ਮਾਂ ਨੇ ਸਾਫ਼ ਮਨ੍ਹਾ ਕਰ ਦਿੱਤਾ ਸੀ ਕਿ ਖ਼ੂਨ ਮੁਸਲਮਾਨ ਦਾ ਨਹੀਂ ਹੋਣਾ ਚਾਹੀਦਾ। ਉਹ ਇਹ ਵੀ ਕਹਿੰਦਾ ਹੈ ਕਿ ਜੋ ਗਾਇਕ ਪਹਿਲਾਂ ਭਜਨ ਗਾਉਂਦੇ ਸਨ, ਉਨ੍ਹਾਂ ਨੂੰ 2014 'ਚ ਰਾਸ਼ਟਰੀ ਧਾਰਮਿਕ ਮਾਹੌਲ ਬਣਨ 'ਤੇ ਇਸ 'ਚ ਆਪਣੇ ਗੀਤਾਂ ਲਈ ਮੰਡੀ ਨਜ਼ਰ ਆਈ ਅਤੇ ਉਨ੍ਹਾਂ ਨੇ ਮੋਦੀ ਵੱਲੋਂ ਮੁਹੱਈਆ ਕੀਤੇ ਮੌਕੇ ਦਾ ਲਾਹਾ ਲੈਣ ਲਈ ਸਿਆਸੀ ਗੀਤ ਗਾਉਣੇ ਸ਼ੁਰੂ ਕਰ ਦਿੱਤੇ। ਇਸੇ 'ਚੋਂ ਭਜਨ ਗਾਉਣ ਵਾਲੇ ਕਨ੍ਹੱਈਆ ਮਿੱਤਲ ਨੇ 'ਜੋ ਰਾਮ ਕੋ ਲਾਏ ਹੈਂ' ਗੀਤ ਗਾਇਆ ਜੋ ਹਿੱਟ ਹੋ ਗਿਆ। ਉਹ ਇਹ ਵੀ ਕਹਿੰਦਾ ਹੈ ਕਿ ਜ਼ਿਆਦਾਤਰ ਨਵੇਂ ਗਾਇਕ ਕਰੀਅਰ ਤੋਂ ਅੱਗੇ ਨਹੀਂ ਜਾਂਦੇ ਅਤੇ ਦੋ ਘੰਟੇ ਲੰਮੇ ਭਗਤੀ ਦੇ ਗੀਤਾਂ ਦੇ ਪ੍ਰੋਗਰਾਮ 'ਚ ਇਕ-ਦੋ ਸਿਆਸੀ ਗੀਤ ਗਾਉਂਦੇ ਹਨ ਪਰ 'ਮੈਂ ਪੂਰਾ ਸਮਾਂ ਗਊ ਹੱਤਿਆ, ਰਾਮ ਮੰਦਿਰ ਨਿਰਮਾਣ, ਕ੍ਰਿਸ਼ਨ ਜਨਮਭੂਮੀ, ਹਿੰਦੂਆਂ 'ਚ ਏਕਤਾ ਵਰਗੇ ਗੀਤ ਹੀ ਗਾਉਂਦਾ ਹਾਂ।' ਉਹ ਕਹਿੰਦਾ ਹੈ ਕਿ ਸੰਗੀਤ ਦੇ ਖੇਤਰ 'ਚ ਉਸ ਦੇ ਸਫ਼ਰ ਦਾ ਆਗਾਜ਼ ਯੂਟਿਊਬ ਦੇ ਆਉਣ ਸਮੇਂ ਹੀ ਹੋਇਆ। ਉਹ ਆਪਣੇ ਵਰਗੇ ਸੰਗੀਤਕਾਰਾਂ ਦੀ ਤਰੱਕੀ ਦਾ ਸਿਹਰਾ ਮੋਦੀ ਅਤੇ ਰਿਲਾਇੰਸ ਜੀਓ ਨੂੰ ਦਿੰਦਾ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਖ਼ੁਸ਼ਹਾਲ ਹੋਣ ਲਈ ਸਹੀ ਹਾਲਾਤ ਮੁਹੱਈਆ ਕਰਾਏ। ਯੂਟਿਊਬ ਵੱਲੋਂ ਉਸ ਦੇ ਅੱਪਲੋਡ ਕੀਤੇ 'ਧਾਰਮਿਕ ਗੀਤਾਂ' ਨੂੰ ਯੂਟਿਊਬ ਚੈਨਲ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਦੇ ਹੋਣ ਕਾਰਨ ਵਾਰ-ਵਾਰ ਹਟਾਇਆ ਗਿਆ। ਇਸ ਦੇ ਬਾਵਜੂਦ ਆਪਣੇ ਗੀਤਾਂ ਨੂੰ ਸਹੀ ਠਹਿਰਾਉਂਦਿਆਂ ਉਹ ਕਹਿੰਦਾ ਹੈ 'ਇਹ ਭੜਕਾਊ ਭਾਸ਼ਾ ਨਹੀਂ ਹੈ, ਇਹ ਤਾਂ ਸੱਚ ਹੈ ਅਤੇ ਸੱਚ ਕੌੜਾ ਹੁੰਦਾ ਹੈ।' ਉਹ 1947 'ਚ ਮੁਲਕ ਦੀ ਵੰਡ ਸਮੇਂ ਭਾਰਤ 'ਚ ਰਹਿ ਗਏ ਮੁਸਲਮਾਨਾਂ ਨੂੰ ਦੇਸ਼ਧ੍ਰੋਹੀ ਕਹਿ ਕੇ ਉਨ੍ਹਾਂ ਵਿਰੁੱਧ ਇਸ ਕਦਰ ਜ਼ਹਿਰ ਉਗਲਦਾ ਹੈ ਕਿ ਉਸ ਦੇ ਪਰਿਵਾਰ ਨੇ ਵੀ ਉਸ ਦੇ ਗੀਤ 'ਭਾਰਤ ਮੇਂ ਜੋ ਦੇਸ਼ਧ੍ਰੋਹੀ ਹੈਂ ਉਨ ਕੀ ਮਾਂ ਕਾ....' ਨੂੰ ਬਹੁਤ ਹੀ ਇਤਰਾਜ਼ ਗਾਲੀ-ਗਲੋਚ ਮੰਨਦਿਆਂ ਉਸ ਨੂੰ ਅਜਿਹੇ ਗੀਤ ਲਿਖਣ ਤੇ ਗਾਉਣ ਤੋਂ ਵਰਜਿਆ ਸੀ।

ਅਚਾਰੀਆ ਦਾ ਸ਼ਗਿਰਦ ਪ੍ਰੇਮ ਕ੍ਰਿਸ਼ਨਵੰਸ਼ੀ ਵੀ ਭਗਵਾਂ ਕੁੜਤਾ ਪਾ ਕੇ ਅਤੇ ਮੋਦੀ, ਰਾਮ, ਬਾਬਰੀ ਮਸਜਿਦ ਤੋੜੇ ਜਾਣ ਦੀਆਂ ਤਸਵੀਰਾਂ ਅੱਗੇ ਨੱਚਦਿਆਂ 'ਮੋਦੀ ਜੀ ਅਯੁਧਿਆ ਆਓ, ਮੰਦਿਰ ਨਿਰਮਾਣ ਕਰਾਓ' ਵਰਗੇ ਹਿੰਦੂਤਵੀ ਗੀਤ ਗਾਉਂਦਾ ਹੈ ਜਿਨ੍ਹਾਂ 'ਚ ਭਾਜਪਾ ਨੂੰ ਆਪਣੇ ਏਜੰਡੇ ਉੱਪਰ ਡੱਟੇ ਰਹਿਣ ਲਈ ਕਿਹਾ ਜਾਂਦਾ ਹੈ। ਉਹ ਕਹਿੰਦਾ ਹੈ ਕਿ ਉਸ ਦੇ ਇਸ ਪਹਿਲੇ ਹਿੱਟ ਗੀਤ ਨੂੰ ਚਾਲੀ ਲੱਖ ਲੋਕਾਂ ਨੇ ਦੇਖਿਆ। ਉਹ ਆਪਣੇ ਗੀਤਾਂ 'ਚ ਹਿੰਦੂਆਂ ਨੂੰ 'ਏਕ ਦਿਨ ਵੋਹ ਹਿਜਾਬ ਪਹਿਨੇਂਗੇ', 'ਹੇ ਹਿੰਦੂਓ! ਤੁਮ ਸੋਤੇ ਰਹੋ, ਵੋਹ ਤੁਮਸੇ ਨਮਾਜ ਅਦਾ ਕਰਾਏਂਗੇ' ਵਰਗੇ ਗੀਤਾਂ ਰਾਹੀਂ ਮੁਸਲਮਾਨਾਂ ਦੀ ਤਾਕਤ ਵਧਣ ਦਾ ਡਰ ਫੈਲਾ ਕੇ ਉਨ੍ਹਾਂ ਵਿਰੁੱਧ ਭੜਕਾਉਂਦਾ ਹੈ। ਉਸ ਦਾ ਟਵਿੱਟਰ ਖ਼ਾਤਾ ਭਾਜਪਾ ਹਮਾਇਤੀ ਗੀਤਾਂ ਅਤੇ ਇਸਲਾਮਿਕ ਹਊਏ ਵਾਲੀ ਸਮੱਗਰੀ ਨਾਲ ਭਰਿਆ ਰਹਿੰਦਾ ਹੈ। ਉਹ ਵੇਵ ਮਿਊਜ਼ਕ, ਮਿਊਰ ਮਿਊਜ਼ਿਕ, ਟੀਐੱਫ ਮਿਊਜ਼ਿਕ ਆਦਿ ਬਹੁਤ ਸਾਰੀਆਂ ਮਿਊਜ਼ਿਕ ਕੰਪਨੀਆਂ ਨਾਲ ਕੰਮ ਕਰ ਚੁੱਕਾ ਹੈ ਅਤੇ ਹੁਣ ਉਸ ਦੇ ਯੂਟਿਊਬ ਚੈਨਲ ਦੇ ਸੱਤਰ ਹਜ਼ਾਰ ਤੋਂ ਵਧੇਰੇ ਗਾਹਕ ਹਨ। ਉਸ ਦੇ ਇਕ ਬਹੁਤ ਹੀ ਨਫ਼ਰਤ ਭਰੇ ਗੀਤ 'ਮੁੱਲੋ ਜਾਓ ਪਾਕਿਸਤਾਨ' ਨੂੰ ਯੂਟਿਊਬ ਤੋਂ ਹਟਾ ਦਿੱਤਾ ਗਿਆ ਸੀ। ਉਹ ਅੱਜ ਵੀ ਆਪਣੇ ਗੀਤ ਦੇ ਬੋਲਾਂ ਨੂੰ ਜਾਇਜ਼ ਠਹਿਰਾਉਂਦਿਆਂ ਕਹਿੰਦਾ ਹੈ ਕਿ ਉਸ ਵਿਚ ਕੁਝ ਵੀ ਗ਼ਲਤ ਨਹੀਂ ਹੈ ਕਿਉਂਕਿ ਜੇ ਪਾਕਿਸਤਾਨ ਇਸਲਾਮਿਕ ਰਾਜ ਬਣ ਸਕਦਾ ਹੈ ਤਾਂ ਭਾਰਤ ਹਿੰਦੂ ਰਾਸ਼ਟਰ ਕਿਉਂ ਨਹੀਂ ਬਣ ਸਕਦਾ?

ਕ੍ਰਿਸ਼ਨਵੰਸ਼ੀ ਨੇ ਚੋਣਾਂ ਦੀ ਤਿਆਰੀ ਵਜੋਂ ਛੇ ਮਹੀਨੇ ਪਹਿਲਾਂ ਹੀ ਭਾਜਪਾ ਦੇ ਹੱਕ 'ਚ ਗੀਤਾਂ ਰਾਹੀਂ ਪ੍ਰਚਾਰ ਵਿੱਢ ਦਿੱਤਾ ਸੀ। ਉਹ ਦੱਸਦਾ ਹੈ ਕਿ ਚੋਣਾਂ ਤੋਂ ਬਹੁਤ ਪਹਿਲਾਂ ਹੀ ਉਸ ਨੂੰ ਅਤੇ ਹੋਰ ਕਈ ਗਾਇਕਾਂ ਨੂੰ ਮੁੱਖ ਮੰਤਰੀ ਦਫ਼ਤਰ ਨਾਲ ਸਬੰਧਤ ਕਿਸੇ ਵਿਅਕਤੀ ਦਾ ਫ਼ੋਨ ਆਇਆ ਸੀ ਅਤੇ ਸਾਰਿਆਂ ਨੂੰ ਮੁੱਖ ਮੰਤਰੀ ਦੀਆਂ ਪ੍ਰਾਪਤੀਆਂ ਬਾਰੇ ਗੀਤ ਤਿਆਰ ਕਰਨ ਲਈ ਕਿਹਾ ਗਿਆ ਸੀ। ਫਿਰ ਕ੍ਰਿਸ਼ਨਵੰਸ਼ੀ, ਅਚਾਰੀਆ ਅਤੇ ਹੋਰ ਗਾਇਕਾਂ ਨੇ ਅਦਿੱਤਿਆਨਾਥ ਦੇ ਮੀਡੀਆ ਸਲਾਹਕਾਰ ਮ੍ਰਿਤਯੂਅੰਜੇ ਕੁਮਾਰ ਨਾਲ ਇਸ ਸਬੰਧੀ ਮੀਟਿੰਗ ਕੀਤੀ ਜਿਸ ਵਿਚ ਗਾਇਕਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਯੋਗੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਗੁਣਗਾਨ ਕਰਨ ਲਈ ਕਿਹਾ ਗਿਆ। ਉਸ ਨੇ ਅਗਲੇ ਦਿਨ ਹੀ 'ਯੂਪੀ ਮੇਂ ਗੂੰਜੇ ਦੋ ਹੀ ਨਾਮ, ਭਾਜਪਾ ਔਰ ਜੈ ਸ਼੍ਰੀ ਰਾਮ' ਗੀਤ ਤਿਆਰ ਕਰਕੇ ਅੱਪਲੋਡ ਕਰ ਦਿੱਤਾ। ਫਿਰ ਅਚਾਰੀਆ ਨੇ ਵੀ ਇਸੇ ਤਰ੍ਹਾਂ ਦਾ ਗੀਤ ਰਿਲੀਜ ਕੀਤਾ। ਉਹ ਕਹਿੰਦਾ ਹੈ ਕਿ ਉਸ ਦੇ ਗੀਤਾਂ ਨੂੰ ਯੂਟਿਊਬ ਪ੍ਰੋਫਾਈਲ ਤੋਂ ਉਠਾ ਕੇ ਭਾਜਪਾ ਦੇ ਆਈਟੀ ਸੈੱਲ ਨੇ ਸੋਸ਼ਲ ਮੀਡੀਆ ਉੱਪਰ ਖ਼ੂਬ ਪ੍ਰਚਾਰਿਆ ਹੈ। ਉਸ ਦੇ ਗੀਤ ਇਕ ਦਿਨ 'ਚ ਔਸਤਨ ਪੰਜਾਹ ਹਜ਼ਾਰ ਤੋਂ ਵਧੇਰੇ ਲੋਕਾਂ ਤੱਕ ਪਹੁੰਚਦੇ ਹਨ। ਇਹ ਗੀਤ ਭਾਜਪਾ ਦੇ ਉਨ੍ਹਾਂ ਸੋਸ਼ਲ ਮੀਡੀਆ ਪੇਜਾਂ ਉੱਪਰ ਵੀ ਸ਼ੇਅਰ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਲੱਖਾਂ ਲੋਕ ਦੇਖਦੇ ਹਨ। ਉਹ ਦੱਸਦਾ ਹੈ ਕਿ ਜਦੋਂ ਤੋਂ ਉਸ ਨੇ ਅਦਿੱਤਿਆਨਾਥ ਲਈ ਗੀਤ ਤਿਆਰ ਕਰਨੇ ਸ਼ੁਰੂ ਕੀਤੇ ਹਨ, ਉਸ ਦੀ ਹਰਮਨਪਿਆਰਤਾ ਐਨੀ ਵਧ ਗਈ ਹੈ ਕਿ ਉਸ ਦੇ ਫ਼ੋਨ ਦੀ ਘੰਟੀ ਵੱਜਣੀ ਬੰਦ ਨਹੀਂ ਹੁੰਦੀ।

ਇਸ ਤਰ੍ਹਾਂ ਦੇ ਗੀਤ ਲਿਖਣ ਅਤੇ ਗਾਉਣ ਵਾਲੇ ਮਰਦਾਂ ਦੇ ਗ਼ਲਬੇ ਦੇ ਬਾਵਜੂਦ ਮੀਡੀਆ ਦਾ ਜ਼ਿਆਦਾਤਰ ਧਿਆਨ ਲਕਸ਼ਮੀ ਦੁੱਬੇ ਖਿੱਚਦੀ ਹੈ ਜਿਸ ਦੇ ਸਿਰ 'ਤੇ ਗੀਤ ਗਾਉਣ ਸਮੇਂ ਚਮਕੀਲੇ ਰੰਗ ਦੀ ਪੱਗੜੀ, ਮੱਥੇ 'ਤੇ ਲਾਲ ਤਿਲਕ, ਗੂੜ੍ਹੇ ਰੰਗ ਦੀ ਲਿਪਸਟਿਕ, ਅਤੇ ਲਾਲ-ਬੈਂਗਣੀ-ਸੰਤਰੀ ਰੰਗ ਦੇ ਕੱਪੜੇ ਪਹਿਨੇ ਹੁੰਦੇ ਹਨ। ਉਸ ਦੇ ਜੋਸ਼ੀਲੇ, ਭੜਕਾਊ ਅਤੇ ਫਿਰਕੂ ਹਿੰਸਾ ਨੂੰ ਉਕਸਾਉਣ ਵਾਲੇ ਗੀਤ ਅਕਸਰ ਹਿੰਦੂਤਵੀ ਸਿਆਸੀ ਰੈਲੀਆਂ 'ਚ ਵਜਾਏ ਜਾਂਦੇ ਹਨ। ਉਹ ਵੀ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਹੱਕ 'ਚ ਡੱਟ ਕੇ ਦਲੀਲ ਦਿੰਦੀ ਹੈ। ਉਹ ਦਾਅਵਾ ਕਰਦੀ ਹੈ ਕਿ ਉਹ ਮੁਸਲਮਾਨਾਂ ਵੱਲੋਂ ਹਿੰਦੂ ਕੁੜੀਆਂ ਨੂੰ 'ਲਵ-ਜਿਹਾਦ' ਦੇ ਜਾਲ 'ਚ ਫਸਾ ਕੇ ਮਾਰਨ ਦੀਆਂ ਘਟਨਾਵਾਂ ਵੱਲੋਂ ਝੰਜੋੜੇ ਜਾਣ 'ਤੇ ਹੀ ਹਿੰਦੂਤਵ ਦੀ ਪ੍ਰਚਾਰਕ ਬਣੀ ਹੈ। ਉਹ 'ਧਰਮਨਿਰਪੱਖਤਾ' ਦੇ ਵਿਚਾਰ ਅਤੇ ਇਸ ਦੀ ਹਮਾਇਤ ਕਰਨ ਵਾਲਿਆਂ ਦੀ ਧਮਕਾਊ ਲਹਿਜੇ 'ਚ ਆਲੋਚਨਾ ਕਰਦੀਆਂ ਕਈ ਲਾਈਵ ਵੀਡੀਓ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਪਰ ਪਾ ਚੁੱਕੀ ਹੈ। ਉਸ ਦੇ ਸਭ ਤੋਂ ਮਸ਼ਹੂਰ ਗੀਤ 'ਹਰ ਘਰ ਭਗਵਾ ਛਾਇਆ' ਨੂੰ ਛੇ ਕਰੋੜ ਤੋਂ ਵਧੇਰੇ ਵਾਰ ਦੇਖਿਆ ਜਾ ਚੁੱਕਾ ਹੈ। ਇਸ ਨੂੰ ਉਹ 'ਰਾਸ਼ਟਰ ਭਗਤੀ ਗੀਤ' ਕਹਿੰਦੀ ਹੈ ਜੋ ਇਸ ਤਰ੍ਹਾਂ ਹੈ 'ਹਾਥ ਮੇਂ ਤਲਵਾਰ ਲੀਏ, ਹਮ ਭਗਵਾ ਝੰਡਾ ਲੇਕਰ ਆਏ ਹੈਂ, ਜੋ ਭਾਰਤ ਮੇਂ ਰਹਨਾ ਚਾਹਤੇ ਉਨਹੇਂ ਬੰਦੇ ਮਾਤਰਮ ਕਹਨਾ ਹੋਗਾ।' ਆਪਣੇ ਗੀਤਾਂ ਦੀ ਮਾਰਕੀਟ ਬਾਰੇ ਉਹ ਦੱਸਦੀ ਹੈ ਕਿ ਉਹ ਅਕਸਰ ਭਾਜਪਾ ਲਈ ਪੇਸ਼ਕਾਰੀਆਂ ਕਰਦੀ ਹੈ ਅਤੇ ਭਾਜਪਾ ਦਾ ਆਈਟੀ ਸੈੱਲ ਉਸ ਦੇ ਗੀਤਾਂ ਦੀ ਲਗਾਤਾਰ ਵਰਤੋਂ ਕਰਦਾ ਹੈ। ਉਸ ਨੂੰ ਛੱਤੀਸਗੜ੍ਹ ਅਤੇ ਯੂਪੀ ਵਿਧਾਨ ਸਭਾ ਚੋਣਾਂ ਦੇ ਲਈ ਸੱਦਿਆ ਗਿਆ ਸੀ। ਉਹ ਕਹਿੰਦੀ ਹੈ ਕਿ ਉਸ ਨੂੰ ਐਨੇ ਸੱਦੇ ਆਉਂਦੇ ਹਨ ਕਿ ਕੁਝ ਰਾਜਾਂ ਦੇ ਪ੍ਰੋਗਰਾਮ ਛੱਡਣੇ ਪੈ ਗਏ। ਉਹ ਦੱਸਦੀ ਹੈ ਕਿ ਜਦੋਂ ਯੂਟਿਊਬ ਨੇ ਉਸ ਦਾ ਚੈਨਲ ਸਸਪੈਂਡ ਕਰ ਦਿੱਤਾ ਤਾਂ ਕੇਂਦਰ ਸਰਕਾਰ ਉਸ ਦੇ ਬਚਾਓ ਲਈ ਆਈ, ਉਦੋਂ ਤੋਂ ਉਸ ਦਾ ਚੈਨਲ ਵਧੀਆ ਚੱਲ ਰਿਹਾ ਹੈ।

ਇਨ੍ਹਾਂ ਗੀਤਾਂ ਦੇ ਪ੍ਰਭਾਵ ਦੀ ਤਸਦੀਕ ਭਗਵਾਂ ਆਈ.ਟੀ. ਸੈੱਲ ਵੀ ਕਰਦਾ ਹੈ। ਅਯੁਧਿਆ ਜ਼ਿਲ੍ਹੇ ਦੇ ਆਈਟੀ ਸੈੱਲ ਦਾ ਨਿਗਰਾਨ ਪ੍ਰਵੀਨ ਦੁੱਬੇ ਕਹਿੰਦਾ ਹੈ ਕਿ ਹਮਲਾਵਰ ਰਾਸ਼ਟਰਵਾਦ ਨੂੰ ਵਧਾਉਣ ਵਾਲੇ ਅਤੇ ਭਾਜਪਾ ਦੇ ਹਿੰਦੂਤਵ ਮਾਡਲ ਨਾਲ ਮੇਲ ਖਾਂਦੇ ਗੀਤ ਹੀ ਸਭ ਤੋਂ ਵੱਧ ਪਸੰਦ ਕੀਤੇ ਜਾਂਦੇ ਹਨ। ਉਹ ਯਕੀਨੀ ਬਣਾਉਂਦੇ ਹਨ ਕਿ ਐਸੇ ਗੀਤ ਵਿਆਪਕ ਪੱਧਰ 'ਤੇ ਸਾਂਝੇ ਕੀਤੇ ਜਾਣ। ਕਿਉਂਕਿ ਇਹ ਸਿਆਸੀ ਸੰਦੇਸ਼ ਨੂੰ ਲੋਕਾਂ 'ਚ ਲਿਜਾਣ ਦਾ ਇਕ ਸੌਖਾ ਜ਼ਰੀਆ ਹੈ ਜੋ ਸੰਦੇਸ਼ ਨੂੰ ਬਹੁਤ ਸੌਖਿਆਂ ਅਤੇ ਤੇਜ਼ੀ ਨਾਲ ਫੈਲਾਉਣ 'ਚ ਮੱਦਦ ਕਰਦਾ ਹੈ ਅਤੇ ਗੀਤ ਲੋਕਾਂ 'ਚ ਉਤਸ਼ਾਹ ਵੀ ਭਰਦੇ ਹਨ। ਚੋਣਾਂ ਦੀ ਤਿਆਰੀ ਸਮੇਂ ਉਹ ਗੀਤਾਂ ਰਾਹੀਂ ਇਹ ਸਾਫ਼ ਸੰਦੇਸ਼ ਲੈ ਕੇ ਗਏ ਕਿ ਯੋਗੀ ਦੁਬਾਰਾ ਚੋਣ ਜਿੱਤ ਰਿਹਾ ਹੈ। ਅਯੁਧਿਆ ਸੋਸ਼ਲ ਮੀਡੀਆ ਸੈੱਲ ਦਾ ਮੁਖੀ ਲਵਕੁਸ਼ ਤਿਵਾੜੀ ਦੱਸਦਾ ਹੈ ਕਿ 'ਆਈਟੀ ਸੈੱਲ ਛੇ ਸ਼ਿਫਟਾਂ 'ਚ ਕੰਮ ਕਰਦਾ ਹੈ। ਸਭ ਤੋਂ ਪਹਿਲਾਂ 9 ਵਜੇ ਦੇ ਕਰੀਬ ਲਾਈਵ ਕੀਤਾ ਜਾਂਦਾ ਹੈ, ਅਗਲਾ ਲਾਈਵ 11, ਫਿਰ ਦੁਪਹਿਰ 1 ਵਜੇ, ਫਿਰ ਸ਼ਾਮ 4 ਵਜੇ, ਸ਼ਾਮ ਛੇ ਵਜੇ ਅਤੇ ਆਖ਼ਰੀ ਲਾਈਵ ਰਾਤ 8 ਵਜੇ ਕੀਤਾ ਜਾਂਦਾ ਹੈ। ਉਹ ਦੱਸਦਾ ਹੈ ਕਿ ਅਚਾਰੀਆ ਉਨ੍ਹਾਂ ਦੇ ਆਈ.ਟੀ. ਸੈੱਲ ਵਾਲਿਆਂ ਦਾ ਮਨਪਸੰਦ ਪੌਪਸਟਾਰ ਹੈ। ਸਿਆਸੀ ਪਾਰਟੀ ਹੋਣ ਕਰਕੇ ਉਹ ਉਸ ਦੀ ਸਿੱਧੀ ਹਮਾਇਤ ਕਰਨ ਦਾ ਜ਼ੋਖ਼ਮ ਤਾਂ ਨਹੀਂ ਲੈ ਸਕਦੇ, ਪਰ ਪਿੱਛੇ ਰਹਿ ਕੇ ਉਹ ਉਨ੍ਹਾਂ ਦੀ ਪਾਰਟੀ ਕਾਰਕੁੰਨਾਂ ਦੀ ਤਰ੍ਹਾਂ ਮੱਦਦ ਕਰਦੇ ਹਨ।

ਦੇਖਣਾ ਇਹ ਹੈ ਕਿ ਹਿੰਦੂਤਵ ਟੂਲ-ਕਿੱਟ ਦੇ ਜਵਾਬ 'ਚ ਇਨਸਾਫ਼ਪਸੰਦ ਤਾਕਤਾਂ ਆਪਣੀ ਟੂਲ-ਕਿੱਟ ਦੇ ਸੰਦਾਂ ਨੂੰ ਪ੍ਰਭਾਵੀ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਿੰਨੀ ਕੁ ਗੰਭੀਰਤਾ ਨਾਲ ਕੋਸ਼ਿਸ਼ਾਂ ਕਰਦੀਆਂ ਹਨ।



ਜਸਦੇਵ ਸਿੰਘ ਲਲਤੋਂ
96464-02470


## 1 ਸਤੰਬਰ ਨੂੰ 104 ਵੀਂ ਬਰਸੀ ਤੇ ਵਿਸ਼ੇਸ਼

# ਮਹਾਨ ਗ਼ਦਰੀ ਸ਼ਹੀਦ-ਰੁਲੀਆ ਸਿੰਘ ਸਰਾਭਾ (ਕਾਲੇ ਪਾਣੀ)

ਮਨੁੱਖੀ ਸਮਾਜ ਦੇ ਤਰਥੱਲੀਆਂ ਭਰੇ ਦੌਰ ਅੰਦਰ ਇਤਿਹਾਸ ਦੀ ਧਾਰਾ ਨੂੰ ਅਗਾਂਹਵਧੂ ਦਿਸ਼ਾ 'ਚ ਤੋਰਨ, ਮਨੁੱਖੀ ਸਮਾਜ 'ਚ ਛਾਈਆਂ ਪੱਤਝੜਾਂ ਨੂੰ ਬਦਲ ਕੇ ਨਵੀਆਂ ਸੁਰਖ ਬਹਾਰਾਂ ਦੀ ਸਿਰਜਣਾ ਕਰਨ ਲਈ ਜੂਝ ਰਹੀਆਂ ਲੋਕ ਲਹਿਰਾਂ ਦੇ ਤੂਫਾਨਾਂ ਅੰਦਰ ਅਜੇਹੇ ਮਹਾਨ ਯੋਧੇ ਉਭਰ ਕੇ ਦ੍ਰਿਸ਼ 'ਤੇ ਆਉਂਦੇ ਹਨ, ਜੋ ਕਹਿਣੀ ਤੇ ਕਰਨੀ ਦੇ ਪੂਰੇ ਹੁੰਦੇ ਹਨ ਤੇ ਜਾਨਾਂ ਤੱਕ ਵਾਰਨ ਲਈ ਤਿਆਰ ਹੋ ਜਾਂਦੇ ਹਨ ਤੇ ਦੂਜਿਆਂ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਸਰੋਤ ਬਣਦੇ ਹਨ। ਕਰਤਾਰ ਸਿੰਘ ਸਰਾਭਾ ਨੂੰ ਅੱਗੇ ਤੋਰਨ ਵਾਲਾ ਅਜੇਹਾ ਮਹਾਨ ਨਾਇਕ ਸੀ ਰੁਲੀਆ ਸਿੰਘ ਸਰਾਭਾ।

ਰੁਲੀਆ ਸਿੰਘ ਸਰਾਭਾ ਦਾ ਜਨਮ ਪਿਤਾ ਜੀ ਸ. ਜਗਤ ਸਿੰਘ ਦੇ ਘਰੇ ਲੁਧਿਆਣਾ ਜਿਲ੍ਹੇ ਦੇ ਪਿੰਡ ਸਰਾਭਾ ਵਿਖੇ 19ਵੀਂ ਸਦੀ ਦੇ 9ਵੇਂ ਦਹਾਕੇ ਦੌਰਾਨ ਹੋਇਆ। ਪਿਤਾ ਜੀ ਬਚਪਨ ਵਿੱਚ ਹੀ ਵਿਛੋੜਾ ਦੇ ਗਏ। ਵਿਧਵਾ ਮਾਤਾ ਜੀ ਨੇ ਬੇਅੰਤ ਮੁਸ਼ਕਿਲਾਂ ਝੱਲਦਿਆਂ, ਅਣਥੱਕ ਘਾਲਣਾ ਘਾਲਦਿਆਂ ਰੁਲੀਆ ਸਿੰਘ ਦਾ ਪਾਲਣ ਪੋਸ਼ਣ ਕੀਤਾ ਤੇ ਪੜ੍ਹਾਇਆ। ਬੜੇ ਚਾਵਾਂ, ਮਲਾਰਾਂ ਨਾਲ ਆਪ ਜੀ ਦਾ ਵਿਆਹ ਕੀਤਾ, ਪਰੰਤੂ ਥੋੜੇ ਮਹੀਨਿਆਂ ਬਾਅਦ ਹੀ ਆਪ ਦੀ ਪਤਨੀ ਦੀ ਮੌਤ ਹੋ ਗਈ। ਬੇਰੁਜ਼ਗਾਰੀ ਅਤੇ ਗੁਰਬਤ ਵਿੱਚੋਂ ਕੱਢਣ ਲਈ ਬਿਰਧ ਮਾਤਾ ਜੀ ਨੇ ਆਪ ਨੂੰ ਕਮਾਈ ਲਈ ਅਮਰੀਕਾ ਭੇਜਿਆ ।

ਉਨੀਂ ਦਿਨੀਂ ਅਮਰੀਕਨ ਨਸਲ ਪ੍ਰਸਤਾਂ ਵੱਲੋਂ ਹਿੰਦੀ ਮਜ਼ਦੂਰਾਂ ਤੇ ਕਈ ਹਮਲੇ ਕੀਤੇ ਗਏ। ਕਈ ਵਾਰੀ ਭਾਰਤੀਆਂ ਨੂੰ ਜ਼ਬਰੀ ਗੱਡੀਆਂ 'ਚ ਚੜ੍ਹਾ ਕੇ ਦੂਰ-ਦੁਰਾਡੇ ਅਮਰੀਕੀ ਜੰਗਲਾਂ 'ਚ ਛੱਡੇ ਜਾਣ ਦੀਆਂ ਮੰਦ ਘਟਨਾਵਾਂ ਵੀ ਵਾਪਰੀਆਂ। ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਹੋਟਲਾਂ, ਬਜ਼ਾਰਾਂ ਤੇ ਘਰਾਂ 'ਚ ਭਾਰਤੀਆਂ ਨੂੰ "ਕੁੱਤੇ", "ਹਿੰਦੀ ਸਲੇਵ" ਆਦਿ ਕਹਿ ਕੇ ਪੁਕਾਰਨਾ ਆਮ ਗੱਲ ਬਣੀ ਹੋਈ ਸੀ। ਇਨ੍ਹਾਂ ਹਲਾਤਾਂ ਨੇ ਅਣਖੀ ਤੇ ਗੈਰਤਮੰਦ ਰੁਲੀਆ ਸਿੰਘ ਦੇ ਨਾਜ਼ੁਕ ਮੰਨ 'ਚ ਗੁਲਾਮੀ ਪ੍ਰਤੀ ਨਫਰਤ ਤੇ ਗੁੱਸਾ ਪ੍ਰਚੰਡ ਕਰ ਦਿੱਤਾ ਤੇ ਅਜ਼ਾਦੀ ਦੀ ਤੜਪ ਤੇ ਤਾਂਘ ਦੀ ਚੰਗਿਆੜੀ ਬਾਲ ਦਿੱਤੀ।



ਰੁਲੀਆ ਸਿੰਘ 1912 ਵਿੱਚ ਅਸਟੋਰੀਆ ਸ਼ਹਿਰ ਦੀ ਇਕ ਮਿੱਲ ਵਿੱਚ ਕੰਮ ਤੇ ਲੱਗਾ ਹੋਇਆ ਸੀ। ਅੰਗਰੇਜ ਸਾਮਰਾਜਵਾਦ ਤੋਂ ਹਿੰਦ ਦੀ ਮੁਕਤੀ ਤੇ ਬਰਾਬਰੀ ਵਾਲੇ ਨਵੇਂ ਨਰੋਏ ਦੇਸ ਰਾਜ ਦੀ ਸਥਾਪਨਾ ਲਈ ਹੋਣ ਵਾਲੀਆਂ ਹਿੰਦੀਆਂ ਦੀਆਂ ਮੀਟਿੰਗਾਂ 'ਚ ਸਰਗਰਮੀ ਨਾਲ ਭਾਗ ਲੈਣ ਲੱਗਿਆ। ਕਰਤਾਰ ਸਿੰਘ ਸਰਾਭਾ ਬਰਕਲੇ ਯੂਨੀਵਰਸਿਟੀ 'ਚ ਕੁੱਝ ਛੁੱਟੀਆਂ ਹੋਣ ਕਾਰਨ, ਰੁਲੀਆ ਸਿੰਘ ਪਾਸ ਆਇਆ ਹੋਇਆ ਸੀ। ਉਹ ਵੀ ਇਕ ਮੀਟਿੰਗ 'ਚ ਨਾਲ ਚਲਾ ਗਿਆ। ਰੁਲੀਆ ਸਿੰਘ ਨੇ ਕਰਤਾਰ ਸਿੰਘ ਨੂੰ ਕਿਹਾ, "ਤੂੰ ਹਾਲੇ ਕੱਲ ਦਾ ਮੁੰਡਾ ਏਂ। ਤੇਰੀ ਉਮਰ ਅਜਿਹੇ ਕੰਮ ਕਰਨ ਦੀ ਨਹੀਂ। ਨਾਲੇ ਤੈਨੂੰ ਪਤਾ ਤੇਰੇ ਮਾਤਾ-ਪਿਤਾ ਤੇਰੇ ਨਿੱਕੇ ਹੁੰਦਿਆਂ ਹੀ ਤੁਰ ਗਏ ਸਨ। ਤੇਰੇ ਦਾਦਾ ਜੀ ਦੀਆਂ ਤੇਰੇ 'ਤੇ ਕਿੰਨੀਆਂ ਉਮੀਦਾਂ ਨੇ। ਤੈਨੂੰ ਅਮਰੀਕਾ ਪੜ੍ਹਨ ਭੇਜਿਆ। ਪੜ੍ਹਨ ਲਈ ਸਾਰਾ ਖਰਚ ਦੇਸ਼ ਤੋਂ ਭੇਜ ਰਹੇ ਹਨ।" ਕਰਤਾਰ ਸਿੰਘ ਤੇ ਇਨ੍ਹਾਂ ਗੱਲਾਂ ਦਾ ਕੁੱਝ ਅਸਰ ਹੋਇਆ। ਰੁਲੀਆ ਸਿੰਘ ਨੇ ਉਸਨੂੰ ਵਾਪਸ ਬਰਕਲੇ ਯੂਨੀ: ਭੇਜ ਦਿੱਤਾ। ਪਰੰਤੂ ਥੋੜੇ ਮਹੀਨਿਆਂ ਪਿੱਛੋਂ ਇਕ ਹੋਟਲ ਵਿਖੇ, ਜਿਸਦੇ ਬਾਹਰ ਲਿਖਿਆ ਹੋਇਆ ਸੀ, "ਭਾਰਤੀ ਤੇ ਕੁੱਤੇ ਅੰਦਰ ਨਹੀਂ ਆ ਸਕਦੇ"- ਵਾਪਰੀ ਟੱਕਰ ਨੇ ਕਰਤਾਰ ਸਿੰਘ ਨੂੰ ਮੁੜ ਰੁਲੀਆ ਸਿੰਘ ਪਾਸ ਲੈ ਆਂਦਾ। ਕਰਤਾਰ ਸਿੰਘ ਨੇ ਸਾਰੀ ਵਾਰਤਾ ਉਪਰੰਤ ਕਿਹਾ, "ਹੁਣ ਮੈਨੂੰ ਬਿਲਕੁੱਲ ਨਾ ਰੋਕਣਾ।" ਰੁਲੀਆ ਸਿੰਘ ਨੇ ਕਿਹਾ, "ਚੰਗਾ ਹੁਣ ਮੁੰਡਿਆਂ ਵਾਲੀ ਗੱਲ ਨਾ ਕਰੀਂ, ਕੁੱਝ ਕਰਕੇ ਵਿਖਾਈਂ।" ਕਰਤਾਰ ਸਿੰਘ ਨੇ ਜਵਾਬ ਦਿੱਤਾ, "ਤੁਹਾਨੂੰ ਆਪੇ ਪਤਾ ਲੱਗਾ ਜਾਵੇਗਾ, ਤੁਸੀਂ ਮੇਰੇ ਤੇ ਭਰੋਸਾ ਰੱਖੋ।"

ਰੁਲੀਆ ਸਿੰਘ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ, "ਤੋਸ਼ਾਮਾਰੂ" ਜਹਾਜ਼ ਰਾਹੀਂ ਕਲੱਕਤੇ ਪੁੱਜੇ। ਗੋਰੀ ਸਰਕਾਰ ਨੇ ਗ਼ਦਰੀਆਂ ਤੇ ਪਹਿਲਾਂ ਹੀ ਵੱਡਾ ਹਮਲਾ ਵਿੱਢਿਆ ਹੋਇਆ ਸੀ। ਰੁਲੀਆ ਸਿੰਘ ਤੇ ਅਰਜਨ ਸਿੰਘ ਸਰਾਭਾ ਸੈਂਕੜੇ ਗ਼ਦਰੀਆਂ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਪੁਲਿਸ ਦੀ ਨਿਗਰਾਨੀ ਵਿੱਚ ਪੰਜਾਬ ਲਿਆ ਰਹੇ ਸਨ ਕਿ ਗੱਡੀ ਰਾਏਵਿੰਡ ਜੰਕਸ਼ਨ ਤ ਹੌਲੀ ਹੋਈ। ਇਕ ਖੁਫੀਆ ਅਫਸਰ ਨਜ਼ਰਬੰਦੀ ਵਾਰੰਟ ਲੈ ਕੇ ਆਇਆ, ਤਾਂ ਰੁਲੀਆ ਸਿੰਘ ਫੁਰਤੀ ਨਾਲ ਹੌਲੀ ਹੋਈ ਗੱਡੀ 'ਚੋਂ ਛਾਲ ਮਾਰ ਕੇ ਫਰਾਰ ਹੋ ਗਿਆ ਤੇ ਸਿੱਧਾ ਪੰਜਾਬ ਆ ਪੁੱਜਿਆ।

ਰੁਲੀਆ ਸਿੰਘ, ਕਰਤਾਰ ਸਿੰਘ ਨੂੰ ਢੁਡੀਕੇ ਦੀ ਇਤਿਹਾਸਕ ਮੀਟਿੰਗ ਵਿੱਚ ਮਿਲਿਆ; ਜਿਸ ਵਿੱਚ 50-60 ਗ਼ਦਰ ਯੋਧੇ ਸ਼ਾਮਲ ਹੋਏ। ਰੁਲੀਆ ਸਿੰਘ ਗ਼ਦਰ ਪਾਰਟੀ ਵੱਲੋਂ ਮਾਰੇ ਸਾਰੇ ਡਾਕਿਆਂ 'ਚ ਕਰਤਾਰ ਸਿੰਘ ਨਾਲ ਸ਼ਾਮਲ ਹੁੰਦਾ। ਫੌਜੀ ਛਾਉਣੀਆਂ ਵਿਚ ਜਾ ਕੇ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ 'ਚ ਮੋਹਰੀ ਰੋਲ ਨਿਭਾਉਂਦਾ ।

ਇਕ ਵੇਰ ਬੀਮਾਰ ਹੋਣ ਕਰਕੇ, ਰੁਲੀਆ ਸਿੰਘ ਪਿੰਡ ਸਿੱਧਵਾਂ ਵਿਖੇ, ਜੀਵਾ ਸਿੰਘ ਦੇ ਘਰ ਠਹਿਰੇ ਹੋਏ ਸਨ। ਅੰਗਰੇਜ਼ੀ ਪੁਲਿਸ ਤੇ ਸੀ.ਆਈ.ਡੀ. ਗ਼ਦਰੀਆਂ ਦੀ ਫੜੋ ਫੜੀ ਲਈ ਪਿੰਡ-ਪਿੰਡ ਕੁੱਤਿਆਂ ਵਾਂਗ ਹਰਲ-ਹਰਲ ਕਰਦੀ ਫਿਰਦੀ ਸੀ। ਸੀ.ਆਈ.ਡੀ. ਵਾਲੇ ਇਕ ਬਦਨਾਮ ਟਾਊਟ ਨੂੰ ਲੈ ਕੇ ਜੀਵਾ ਸਿੰਘ ਦੇ ਘਰੇ ਪੁੱਜ ਗਏ, ਮੱਝਾਂ ਦੇ ਵਪਾਰੀ ਬਣ ਕੇ। ਸ਼ੱਕ ਪੈਣ ਤੇ ਜੀਵਾ ਸਿੰਘ ਨੇ ਰੁਲੀਆ ਸਿੰਘ ਨੂੰ ਕਿਹਾ ਕਿ ਉਹ ਪਿਛਲੀ ਪੌੜੀ ਚੜ੍ਹ ਕੇ ਨਿਕਲ ਜਾਵੇ। ਰੁਲੀਆ ਸਿੰਘ ਨੇ ਸੋਚਿਆ ਕਿ ਮੇਰੇ ਭੱਜਣ ਪਿੱਛੋਂ ਜੀਵਾ ਸਿੰਘ ਫੜਿਆ ਜਾਵੇਗਾ (ਜੋ ਕਿ ਸਰਾਭੇ ਪਿੰਡ ਜਵਾਈ ਹੈ)। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀਆਂ ਉਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਮੁਤਾਬਿਕ ਆਪ ਦੀ ਥਾਂ ਤੇ ਜਵਾਈ ਨੂੰ ਫੜਾਉਣਾ ਗਲਤ ਸਮਝਿਆ। ਸੋ ਆਪ ਫੜੇ ਜਾਣ ਦਾ ਫੈਸਲਾ ਕਰ ਲਿਆ। ਇੰਨੇ ਨੂੰ ਪੁਲਿਸ ਨੇ ਘਰ ਨੂੰ ਘੇਰਾ ਪਾ ਕੇ ਰੁਲੀਆ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

ਲਾਹੌਰ ਵਿਖੇ "ਪਹਿਲਾ ਲਾਹੌਰ ਸਾਜਿਸ਼ ਕੇਸ" ਚੱਲ ਕੇ ਰੁਲੀਆ ਸਿੰਘ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜਾ ਹੋਈ। ਜਿਸ ਵਿੱਚੋਂ ਰੁਲੀਆ ਸਿੰਘ ਸਮੇਤ 17 ਦੀ ਸਜ਼ਾ ਵਾਇਸਰਾਏ ਨੇ ਬਦਲ ਕੇ ਕਾਲੇ ਪਾਣੀ ਦੀ ਉਮਰ ਕੈਦ ਵਿੱਚ ਪਲਟ ਦਿੱਤੀ। ਆਪ ਅੰਡੇਮਾਨ/ਨਿਕੋਬਾਰ ਦੇ ਕਾਲੇ ਪਾਣੀਆਂ ਵਿੱਚ ਅੰਗਰੇਜ ਹਕੂਮਤ ਦੇ ਵਹਿਸ਼ੀਆਨਾ ਜਬਰ ਦੇ ਖਿਲਾਫ ਹਰ ਭੁੱਖ ਹੜਤਾਲੀ ਐਕਸ਼ਨ ਵਿੱਚ ਡੱਟ ਕੇ ਭਾਗ ਲੈਂਦੇ ਰਹੇ। ਅਖੀਰ ਗੋਰੀ ਸਰਕਾਰ ਦੇ ਅਸਿਹ ਤੇ ਅਕਿਹ ਤਸੀਹੇ ਝੱਲਦੇ ਹੋਏ 1 ਸਤੰਬਰ 1918 ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਸ਼ਹੀਦੀ ਪਾ ਗਏ। ਗ਼ਦਰੀ ਸ਼ਹੀਦਾਂ ਸਮੇਤ ਸਮੁੱਚੇ ਦੇਸ਼ ਭਗਤ ਯੋਧਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਸਦਕਾ ਜਿੱਥੇ ਬਰਤਾਨਵੀ ਸਾਮਰਾਜ ਨੂੰ ਹਿੰਦ 'ਚੋਂ ਨਿਕਲਣਾ ਪਿਆ, ਉਥੇ ਉਨ੍ਹਾਂ ਦਾ ਬਰਾਬਰੀ ਖੁਸ਼ਹਾਲੀ ਤੇ ਨਿਆਂ ਵਾਲਾ ਸੱਚਾ-ਸੁੱਚਾ ਤੇ ਖਰਾ ਸਮਾਜਵਾਦੀ ਲੋਕ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਦਾ ਸੁਪਨਾ ਅੱਜ ਵੀ ਅਧੂਰਾ ਹੈ। ਇਸ ਅਧੂਰੇ ਸੁਪਨੇ ਨੂੰ ਸਾਕਾਰ ਕਰਨ ਲਈ ਜੂਝ ਰਹੀਆਂ ਦੇਸ਼ ਪ੍ਰੇਮੀ, ਅਗਾਂਹਵਧੂ, ਜਮਹੂਰੀ ਤੇ ਕ੍ਰਾਂਤੀਕਾਰੀ ਤਾਕਤਾਂ ਲਈ ਰੁਲੀਆ ਸਿੰਘ ਸਰਾਭਾ ਇਕ ਰੌਸ਼ਨ ਸੂਹੇ ਸਿਤਾਰੇ ਦੀ ਤਰ੍ਹਾਂ ਸਦਾ-ਸਦਾ ਲਈ ਪ੍ਰੇਰਨਾ, ਉਤਸ਼ਾਹ ਤੇ ਸਿੱਖਿਆ ਦਾ ਅਮੁੱਕ ਸੋਮਾ ਬਣ ਕੇ ਅਮਰ ਰਹਿਣਗੇ। ਉਹਨਾਂ ਦੇ ਵਾਰਸ ਅੱਜ ਉਹਨਾਂ ਨੂੰ 104 ਵੀਂ ਬਰਸੀ ਮੌਕੇ ਦੇਸ਼-ਵਿਦੇਸ਼ 'ਚ ਭਰਪੂਰ ਸ਼ਰਧਾਂਜਲੀਆਂ ਭੇਟ ਕਰਨਗੇ ।

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.

Avon Accounting & Tax Services



ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਭਾਰਤ ਵਿਚ ਬੁੱਧੀਜੀਵੀਆਂ ਨੂੰ ਰਿਹਾਅ ਕਰਨ ਦੀ ਕੈਲਗਰੀ ਕੈਨੇਡਾ ਤੋਂ ਉਠੀ ਮੰਗ

## *ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ, ਸਿੱਖ ਵਿਰਸਾ ਅਤੇ ਸਰੋਕਾਰਾਂ ਦੀ ਅਵਾਜ਼ ਵਲੋਂ ਲੈਨਿਨ ਕਿਤਾਬ ਘਰ ਮਹਿਲ ਕਲਾਂ ਦੇ ਸੰਚਾਲਕ ਕਾ. ਪ੍ਰੀਤਮ ਸਿੰਘ ਦਰਦੀ ਨੂੰ ਸ਼ਰਧਾਂਜਲੀ*

ਕੈਲਗਰੀ (ਅਦਾਰਾ ਸਰੋਕਾਰਾਂ ਦੀ ਅਵਾਜ਼) : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਸਰੋਕਾਰਾਂ ਦੀ ਅਵਾਜ਼ ਵਲੋਂ ਭਾਰਤ ਸਰਕਾਰ ਵਲੋਂ ਬਹੁਤ ਸਾਰੇ ਬੁੱਧੀਜੀਵੀਆਂ ਨੂੰ ਕਿੰਨੇ ਹੀ ਸਾਲਾਂ ਤੋਂ ਝੂਠੇ ਕੇਸ ਪਾ ਕੇ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ ਜਿਨ੍ਹਾਂ ਵਿਚ 80-90 ਸਾਲ ਦੀ ਉਮਰ ਪੂਰੀ ਕਰ ਚੁੱਕੇ ਭਿਆਨਕ ਬੀਮਾਰੀਆਂ ਦੇ ਸ਼ਿਕਾਰ ਵੀ ਹਨ। ਭਾਰਤ ਦੀ ਮੋਦੀ ਸਰਕਾਰ ਵਲੋਂ ਤਹਿਸ਼ੁਦਾ ਪਾਲਿਸੀ ਅਧੀਨ ਸਾਜ਼ਿਸ਼ ਨਾਲ ਉਨ੍ਹਾਂ ਦੇ ਕੰਪਿਊਟਰਾਂ ਵਿਚ ਬਾਹਰੋਂ ਡਾਟਾ ਫੀਡ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਤਸੀਹੇ ਦਿੱਤੇ ਜਾ ਰਹੇ ਹਨ। ਦਿੱਲੀ ਯੂਨੀਵਰਸਿਟੀ ਦੇ 90% ਅਪੰਗ ਪ੍ਰੋਫੈਸਰ ਸਾਂਈਬਾਬਾ ਜੋ ਗੰਭੀਰ ਬੀਮਾਰੀਆਂ ਤੋਂ ਪੀੜਤ ਹਨ, ਤੋਂ ਭਾਰਤ ਸਰਕਾਰ ਨੂੰ ਪਤਾ ਨਹੀਂ ਕੀ ਖਤਰਾ ਹੈ ? ਤੀਸਤਾ ਸੀਤਲਵਾੜ ਜਿਸਨੇ ਮੋਦੀ-ਸ਼ਾਹ ਦੇ ਜ਼ੁਲਮਾਂ ਦੇ ਸ਼ਿਕਾਰ ਲੋਕਾਂ ਨੂੰ ਕਾਨੂੰਨੀ ਸਹਾਇਤਾ ਦਿੱਤੀ ਆਦਿ ਤੇ ਝੂਠੇ ਕੇਸ ਮੜ ਕੇ ਜੇਲ੍ਹਾਂ 'ਚ ਤੁੰਨੇ ਹੋਏ ਹਨ। ਉਪਰੋਕਤ ਤਿੰਨ ਅਦਾਰਿਆਂ ਵਲੋਂ ਇਕ ਰੈਲੀ ਆਯੋਜਤ ਕਰਕੇ ਭਾਰਤ ਸਰਕਾਰ ਦੀ ਜ਼ੋਰਦਾਰ ਨਿੰਦਾ ਕੀਤੀ ਗਈ। ਮੰਗ ਕੀਤੀ ਗਈ ਕਿ ਸਾਰੇ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਝੂਠੇ ਕੇਸ ਵਾਪਸ ਲਏ ਜਾਣ। ਇਸ ਮੌਕੇ ਬੋਲਦਿਆਂ ਮਾ. ਭਜਨ ਸਿੰਘ ਨੇ ਕਿਹਾ ਕਿ ਜਿਹੜੇ ਭਾਜਪਾ ਆਗੂ ਲੋਕਾਂ ਵਿਚ ਫਿਰਕੂ ਜ਼ਹਿਰ ਫੈਲਾ ਕੇ ਵੰਡੀਆਂ ਪਾ ਰਹੇ ਹਨ ਉਨ੍ਹਾਂ 'ਤੇ ਦੇਸ਼ ਧ੍ਰੋਹ ਦੇ ਪਰਚੇ ਦਰਜ ਕੀਤੇ ਜਾਣ। ਪ੍ਰਦਰਸ਼ਨਕਾਰੀਆਂ ਨੇ ਇਸ ਸਮੇਂ ਬੁੱਧੀਜੀਵੀਆਂ ਦੀ ਰਿਹਾਈ ਦੇ ਮਾਟੋ ਚੁੱਕੇ ਹੋਏ ਸਨ। ਭਾਰਤ ਸਰਕਾਰ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਅਗਲੀ ਮੀਟਿੰਗ 2 ਅਕਤੂਬਰ ਦਿਨ ਐਤਵਾਰ ਨੂੰ 2.00 ਵਜੇ ਕੋਸ਼ੋ ਹਾਲ ਵਿਖੇ ਹੋਵੇਗੀ। ਇਸ ਮੀਟਿੰਗ ਵਿਚ 22 ਅਕਤੂਬਰ ਨੂੰ ਹੋਣ ਵਾਲੇ ਨਾਟਕ ਦਾ ਪੋਸਟਰ ਰਿਲੀਜ਼ ਕੀਤਾ ਜਾਵੇਗਾ। ਜਾਣਕਾਰੀ ਲਈ ਮਾ. ਭਜਨ 403-455-4220 ਨਾਲ ਸੰਪਰਕ ਕਰੋ।






















*ਸਾਕੀ ਵੋ ਭੀ ਕਯਾ ਦਿਨ ਥੇ ਤੇਰੇ ਮਸਤਾਨੋਂ ਕੇ*


# ਕਾਮਰੇਡ ਜਗੀਰ ਸਿੰਘ ਜੋਗਾ

## ਮਹਾਨ ਕਿਸਾਨ ਆਗੂ ਅਤੇ ਸੰਘਰਸ਼ੀ ਯੋਧੇ ਨੂੰ ਯਾਦ ਕਰਦਿਆਂ

ਦੇਸ਼ ਭਗਤ ਉੱਘੇ ਸੁੰਤਤਰਤਾ ਸੰਗਰਾਮੀਏ ਕਾਮਰੇਡ ਜਗੀਰ ਸਿੰਘ ਜੋਗਾ ਨੇ ਦੇਸ ਦੀ ਆਜਾਦੀ ਲਈ ਅੰਗਰੇਜਾਂ ਨਾਲ ਲੜਦਿਆਂ ਆਪਣੀ ਜਵਾਨੀ ਗੋਰਿਆਂ ਦੀਆਂ ਜੇਲ੍ਹਾਂ ਅੰਦਰ ਅਥਾਹ ਤਸੀਹੇ ਝੱਲਦਿਆਂ ਬਿਤਾਈ। ਪਰਜਾ ਮੰਡਲ ਦੇ ਮੋਢੀ ਆਗੂ ਵਜੋਂ ਸੰਘਰਸ ਕਰਦਿਆਂ ਰਿਆਸਤੀ ਲੋਕਾਂ ਨੂੰ ਅੰਗਰੇਜਾਂ ਅਤੇ ਰਜਵਾੜਿਆਂ ਦੀ ਤੀਹਰੀ ਗੁਲਾਮੀ ਦੇ ਜੂਲੇ ਹੇਠੋਂ ਬਾਹਰ ਕੱਢਿਆ। ਪੈਪਸੂ ਦੀ ਮੁਜਾਰਾ ਲਹਿਰ ਦੇ ਆਗੂ ਹੁੰਦੇ ਹੋਏ ਮੁਜਾਰਿਆਂ ਨੂੰ ਜਮੀਨਾਂ ਦੀ ਮਾਲਕੀ ਦੇ ਹੱਕ ਦਿਵਾਏ। ਉਨ੍ਹਾਂ ਦੇ ਜੀਵਨ ਸੰਘਰਸਾਂ, ਸਾਦੀ ਰਹਿਣੀ-ਬਹਿਣੀ ਅਤੇ ਸਪੱਸਟਤਾ ਦੀਆਂ ਯਾਦਾਂ ਲੋਕ ਚੇਤਿਆਂ ਵਿਚ ਅੱਜ ਵੀ ਵਸੀਆਂ ਹੋਈਆ ਹਨ। ਇਸ ਸੰਘਰਸੀ ਯੋਧੇ ਦਾ ਜਨਮ ਸਾਲ 1908 ਵਿਚ ਮਾਤਾ ਨਿਹਾਲ ਕੌਰ ਤੇ ਪਿਤਾ ਉੱਤਮ ਸਿੰਘ ਦੇ ਘਰ ਮਲਾਇਆ ਦੇ ਸਹਿਰ ਸਰਾਮਣ ਵਿਚ ਹੋਇਆ। ਰਾਜਿੰਦਰਾ ਸਕੂਲ ਬਠਿੰਡਾ ਵਿਚ ਦਸਵੀਂ ਦੀ ਪ੍ਰੀਖਿਆ ਦਿੰਦਿਆਂ ਹੀ ਚੌਦਾਂ ਸਾਲ ਦੀ ਉਮਰ 'ਚ ਲਾਹੌਰ ਵਿਚ ਸਾਲ 1922 ਵਿਚ ਪਿਕਟਿੰਗ ਵਿਚ ਹਿੱਸਾ ਲੈ ਕੇ ਆਪਣੇ ਸਿਆਸੀ ਜੀਵਨ ਦੀ ਸੁਰੂਆਤ ਕੀਤੀ ਅਤੇ ਇੱਕ ਸਾਲ ਜੇਲ੍ਹ ਕੱਟੀ। ਬਾਹਰ ਆਉਂਦਿਆਂ ਹੀ ਗੁਰਦੁਆਰਿਆਂ ਨੂੰ ਆਜਾਦ ਕਰਵਾਉਣ ਦੇ ਮੋਰਚੇ ਵਿਚ ਸਾਮਲ ਹੋ ਗਏ। ਮੋਰਚੇ ਦੌਰਾਨ ਮੁਲਤਾਨ ਅਤੇ ਲਾਇਲਪੁਰ ਦੀਆਂ ਜੇਲ੍ਹਾਂ ਵਿਚ ਰਹੇ। 1928 ਵਿਚ ਰਿਆਸਤੀ ਪਰਜਾ ਮੰਡਲ ਲਹਿਰ ਸੁਰੂ ਹੋਈ। ਇਸ ਲਹਿਰ ਦੀ ਅਗਵਾਈ ਕਰਦਿਆਂ ਮਹਾਰਾਜਾ ਪਟਿਆਲਾ ਵਿਰੁੱਧ ਠੀਕਰੀਵਾਲਾ (ਹੁਣ ਜ਼ਿਲ੍ਹਾ ਬਰਨਾਲਾ) ਵਿਚ ਤਕਰੀਰ ਕਰਦਿਆਂ ਗ੍ਰਿਫਤਾਰ ਹੋਏ। ਸੰਘਰਸਾਂ ਤੇ ਸਜਾਵਾਂ ਦਾ ਸਿਲਸਿਲਾਂ ਚੱਲਦਾ ਰਿਹਾ। ਉਸ ਤੋਂ ਬਾਅਦ 1931 'ਚ ਫਿਰ ਢਾਈ ਸਾਲ ਦੀ ਜੇਲ੍ਹ ਹੋਈ ਤੇ ਬਰਨਾਲਾ ਜੇਲ੍ਹ 'ਚ ਰਹੇ। ਬਾਹਰ ਆਉਂਦਿਆਂ ਹੀ 1933 'ਚ ਦਫਾ 144 ਤੋੜਣ 'ਤੇ ਲਾਹੌਰ, ਕੈਂਮਲਪੁਰ ਅਤੇ ਮੁਲਤਾਨ ਜੇਲ੍ਹ ਭੇਜ ਦਿੱਤਾ। ਇੱਥੇ ਛੇ ਮਹੀਨੇ ਬੰਦ ਰਹੇ। 1935 ਵਿਚ ਕਾਂਗਰਸ ਦੀ ਮਦਦ ਕਰਨ ਦੇ ਜੁਰਮ ਵਿਚ ਇੱਕ ਸਾਲ ਜਲਾਵਤਨ ਕਰ ਦਿੱਤਾ ਗਿਆ। 1930-40 'ਚ ਮਾਲੀਆ ਨਾ ਦੇਣ ਦੀ ਲਹਿਰ ਚਲਾਈ, ਫੱਤਾ ਮਾਲੋਕਾ ਹੁਣ ਜ਼ਿਲ੍ਹਾ ਮਾਨਸਾ ਤੋਂ ਗ੍ਰਿਫਤਾਰ ਕਰ ਕੇ ਪਟਿਆਲਾ ਜੇਲ੍ਹ ਭੇਜ ਦਿੱਤੇ ਗਏ। ਸਵਾ ਸਾਲ ਨਰਕ ਵਰਗੀ ਰਾਜੇ ਦੀ ਜੇਲ੍ਹ 'ਚ ਰਹੇ। ਰਿਹਾਅ ਹੁੰਦੇ ਹੀ ਮਹਾਤਮਾ ਗਾਂਧੀ ਦੀ ਭਾਰਤ ਛੱਡੋ ਲਹਿਰ ਵਿਚ ਹਿੱਸਾ ਲਿਆ। ਇਸ ਦੋਸ ਵਿਚ ਪੌਣੇ ਦੋ ਸਾਲ ਫੇਰ ਪਟਿਆਲਾ ਜੇਲ੍ਹ 'ਚ ਬੰਦੀ ਰਹੇ। ਆਜਾਦੀ ਦੀ ਜੰਗ ਦੌਰਾਨ ਆਪ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਵੱਲਭ ਭਾਈ ਪਟੇਲ ਵਰਗੇ ਨੇਤਾਵਾਂ ਨਾਲ ਵੀ ਮਿਲਦੇ ਰਹੇ। ਤੇਜਾ ਸਿੰਘ ਸੁਤੰਤਰ ਦੀ ਅਗਵਾਈ 'ਚ ਪੈਪਸੂ ਮੁਜਾਰਾ ਲਹਿਰ ਚੱਲੀ। ਕਿਸਾਨ ਮੁਜਾਰਿਆਂ ਦੀ ਇਸ ਸਿੱਧੀ ਲੜਾਈ 'ਚ ਖੂਨੀ ਟੱਕਰਾਂ ਹੋਈਆਂ ਸਰਕਾਰ ਨੇ ਬੰਬਾਂ, ਟੈਂਕਾਂ ਨਾਲ ਕਿਸਾਨਾਂ ਤੇ ਹਮਲਾ ਕੀਤਾ ਅਖੀਰ ਲੋਕਾਂ ਦੀ ਜਿੱਤ ਹੋਈ। 300 ਸੌ ਪਿੰਡਾਂ ਦੇ ਮੁਜਾਰਿਆਂ ਨੂੰ ਜਮੀਨਾਂ ਦੀ ਮਾਲਕੀ ਦੇ ਹੱਕ ਮਿਲੇ। ਕ੍ਰਿਸਨਗੜ੍ਹ ਦਾ ਮੋਰਚਾ ਇਸ ਲਹਿਰ ਦਾ ਅਹਿਮ ਦਸਤਾਵੇਜ ਹੈ। ਜੋਗਾ ਜੀ ਇਸ ਲਹਿਰ ਵਿਚ ਮੂਹਰਲੀ ਕਤਾਰ ਦੇ ਜਨਤਕ ਆਗੂ ਵਜੋਂ ਲੋਕਾਂ ਨੂੰ ਲਾਮਬੰਦ ਕਰਦੇ ਰਹੇ। ਗੁਰੀਲਾ ਵਿੰਗ ਵੱਖਰਾ ਸੀ। ਇਸ ਦੌਰਾਨ 1949 ਵਿਚ ਉਹ ਪੱਕੇ ਤੌਰ 'ਤੇ ਕਮਿਊਨਿਸਟ ਪਾਰਟੀ ਨਾਲ ਜੁੜ ਗਏ। ਇਸ ਵਿਚਾਰਧਾਰਾ ਨਾਲ ਲੋਕ ਸੰਘਰਸਾਂ ਦੀ ਲਹਿਰ ਨੂੰ ਆਪਣੀ ਜੁਝਾਰੂ ਅਗਵਾਈ ਦਿੰਦੇ ਰਹੇ। 1953 ਵਿਚ ਉਹ ਨਾਭਾ ਜੇਲ੍ਹ ਵਿਚ ਬੰਦ ਸਨ। ਉਸ ਸਮੇਂ ਹੋਈਆਂ ਅਸੈਂਬਲੀ ਚੋਣਾਂ ਵਿਚ ਕਾਮਰੇਡ ਜੋਗਾ ਨੂੰ ਜੇਲ੍ਹ ਵਿਚ ਨਜਰਬੰਦ ਹੁੰਦਿਆਂ ਵੀ ਲੋਕਾਂ ਨੇ ਵੋਟਾਂ ਪਾ ਕੇ ਐਮ.ਐਲ.ਏ. ਜਿਤਾਇਆ। ਇਸ ਘਟਨਾ ਨਾਲ ਲੋਕ ਸੰਘਰਸਾਂ ਵਿਚ ਜੂਝਦੇ ਜੋਗਾ ਜੀ ਲਈ ਲੋਕਾਂ ਦਾ ਅਟੁੱਟ ਵਿਸਵਾਸ ਸਪੱਸਟ ਸਾਹਮਣੇ ਆਉਂਦਾ ਹੈ। ਉਹ 1962, 1969 ਅਤੇ 1972 ਵਿਚ ਲੋਕ ਸਮਰਥਨ ਨਾਲ ਐਮ.ਐਲ.ਏ. ਬਣ ਕੇ ਵਿਧਾਨ ਸਭਾ 'ਚ ਲੋਕ ਆਵਾਜ ਨੂੰ ਬੁਲੰਦ ਕਰਦੇ ਰਹੇ। ਅਸੈਂਬਲੀ ਵਿੱਚ ਕਮਿਊਨਿਸਟਾਂ ਦਾ ਇਹ ਗਰੁੱਪ ਸਮੇਂ ਦੀ ਸਰਕਾਰ ਨੂੰ ਪੱਬਾਂ ਭਾਰ ਕਰੀ ਰੱਖਦਾ। ਉਸ ਮਹਾਨ ਯੋਧੇ ਦੇ ਦੇਸ ਅਤੇ ਜਨਤਾ ਲਈ ਅਥਾਹ ਵੱਡੇ ਕਾਰਜ ਹਨ। ਉਨ੍ਹਾਂ ਦੀ ਸਾਦ-ਮੁਰਾਦੀ ਰਹਿਣੀ ਬਹਿਣੀ ਨਿੱਡਰਤਾ, ਇਮਾਨਦਾਰੀ ਅਤੇ ਸੁੱਚਤਾ ਹਰ ਇੱਕ ਨੂੰ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਜੋ ਲੋਕਾਂ ਅੱਗੇ ਕਿਹਾ ਉਸ ਨੂੰ ਕਰ ਕੇ ਦਿਖਾਇਆ। ਜੀਵਨ ਬਿਲਕੁਲ ਸਾਦਾ, ਕੋਈ ਲੁੱਕ-ਲਪੇਟ ਨਹੀਂ। ਇਸ ਤੋਂ ਹਰ ਕੋਈ ਇਨਸਾਨ ਪ੍ਰਭਾਵਿਤ ਹੁੰਦਾ ਸੀ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਇਹ ਮਿਸਾਲ ਹੈ। ਸੱਚੀ ਗੱਲ ਹਮੇਸਾ ਵੱਡੇ ਤੋਂ ਵੱਡੇ ਨੂੰ ਮੂੰਹ 'ਤੇ ਕਹਿ ਦੇਣੀ ਜੋਗਾ ਜੀ ਦਾ ਸੁਭਾਅ ਸੀ। ਨਰਮਾਈ ਅਤੇ ਪਿਆਰ ਨਾਲ ਸਮਝਾਉਣ 'ਤੇ ਵੀ ਠੀਕ ਨਾ ਆਉਣ ਵਾਲੇ ਰਾਜਨੀਤਕਾਂ ਅਤੇ ਅਫਸਰਾਂ ਨੂੰ ਸੁਭਾਅ ਦੇ ਦੂਜੇ ਪੱਖ ਨਾਲ ਅੱਗੇ ਲਾਉਂਦਿਆ ਠੀਕ ਲਾਈਨ 'ਤੇ ਲਿਆਉਣ ਦੀਆਂ ਗੱਲਾਂ ਵੀ ਜੋਗਾ ਜੀ ਬਾਰੇ ਇਲਾਕੇ ਦੇ ਆਮ ਲੋਕਾਂ ਵਿਚ ਪ੍ਰਚੱਲਿਤ ਸਨ। ਜ਼ਿੰਦਗੀ ਵਿਚ ਹਮੇਸਾ ਨਿਰਮਲ ਜਲ ਦੀ ਤਰ੍ਹਾਂ ਬਹਿੰਦੇ ਸਨ। ਉਨ੍ਹਾਂ ਦੀ ਸਾਦੀ ਰਹਿਣੀ-ਬਹਿਣੀ ਦੀ ਇੱਕ ਘਟਨਾ ਯਾਦ ਆ ਰਹੀ ਹੈ। ਇੱਕ ਵਾਰ ਮੈਂ ਜੋਗਾ ਜੀ ਨਾਲ ਮੇਰੇ ਨਿੱਜੀ ਕੰਮ ਬਠਿੰਡਾ ਗਿਆ। ਬਠਿੰਡਾ ਬੱਸ ਸਟੈਂਡ ਉੱਪਰ ਜਦੋਂ ਅਸੀਂ ਪਹੁੰਚੇ ਤਾਂ ਮੈਂ ਜੋਗਾ ਜੀ ਨੂੰ ਕਿਹਾ ਜਿਸ ਜਗ੍ਹਾ ਅਸੀਂ ਜਾਣਾ ਹੈ ਇੱਥੋਂ ਦੋ ਕਿਲੋਮੀਟਰ ਦੇ ਕਰੀਬ ਪੈਂਡਾ ਹੈ। ਰਿਕਸਾ ਲੈ ਲਈਏ ਤਾਂ ਜੋਗਾ ਜੀ ਨੇ ਅੱਗੋਂ ਕਿਹਾ ਕਿ ਜੋਗਾ ਤੋਂ ਬਠਿੰਡਾ ਤੱਕ ਬੱਸ ਵਿਚ ਬੈਠ ਕੇ ਹੀ ਸਫਰ ਕੀਤਾ ਹੈ, ਇਹ ਸੁਣ ਕੇ ਮੈਂ ਚੁੱਪ ਕਰ ਗਿਆ। ਅਸੀਂ ਪੈਦਲ ਹੀ ਗਏ ਤੇ ਪੈਦਲ ਹੀ ਵਾਪਸ ਆਏ ਜ਼ਿੰਦਗੀ ਵਿਚ ਸਾਦਗੀ ਦੇ ਨਾਲ-ਨਾਲ ਮਨ 'ਚ ਕਿਸੇ ਪ੍ਰਤੀ ਕੋਈ ਦਵੈਤ-ਭਾਵ ਨਹੀਂ ਸੀ। 1974-75 ਦੀ ਗੱਲ ਹੈ ਨਕਸਲਵਾੜੀ ਲਹਿਰ ਚੱਲ ਰਹੀ ਸੀ। ਜੋਗਾ ਜੀ ਦੀ ਪਾਰਟੀ ਅਤੇ ਨਕਸਲਵਾੜੀ ਲਹਿਰ ਦੇ ਆਪਸ ਵਿਚ ਰਾਜਨੀਤਕ ਤੌਰ 'ਤੇ ਕਾਫੀ ਮੱਤਭੇਦ ਸਨ। ਇਸ ਲਹਿਰ ਦੇ ਦੌਰਾਨ ਕਿਸੇ ਘਟਨਾ ਕਰ ਕੇ ਨਕਸਲਵਾੜੀ ਲਹਿਰ ਦੇ ਵਰਕਰਾਂ ਦੀ ਫੜੋ-ਫੜੀ ਹੋ ਰਹੀ ਸੀ। ਇੱਕ ਵਰਕਰ ਦੀ ਲੜਕੀ ਦਾ ਵਿਆਹ ਸੀ। ਪੁਲੀਸ ਉਸ ਦੇ ਵਾਰੰਟ ਲੈ ਕੇ ਹਰ ਰੋਜ ਉਸ ਦੇ ਘਰ ਛਾਪੇ ਮਾਰ ਰਹੀ ਸੀ। ਇਸ ਗੱਲ ਦਾ ਜੋਗਾ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਪੁਲੀਸ ਵਾਲਿਆਂ ਨੂੰ ਡਟ ਕੇ ਕਿਹਾ ਕਿ ਇਸ ਵਰਕਰ ਦੀ ਲੜਕੀ ਦੀ ਸਾਦੀ ਹੈ। ਇਸ ਦੇ ਘਰੇ ਪੁਲੀਸ ਛਾਪੇ ਨਾ ਮਾਰੇ। ਜੇ ਪੁਲੀਸ ਨੇ ਇਸ ਤਰ੍ਹਾਂ ਦੀ ਹਰਕਤ ਕੀਤੀ ਤਾਂ ਇਸ ਦਾ ਸਖਤ ਵਿਰੋਧ ਕੀਤਾ ਜਾਵੇਗਾ। ਪਿੰਡ ਦੀਆਂ ਧੀਆਂ ਭੈਣਾਂ ਸਭ ਦੀਆਂ ਸਾਝੀਆਂ ਹੁੰਦੀਆਂ ਹਨ। ਇਸ ਤਰ੍ਹਾਂ ਲੜਕੀ ਦੀ ਸਾਦੀ ਬੜੀ ਖੁਸੀ ਨਾਲ ਨੇਪਰੇ ਚੜ੍ਹੀ ਗਈ। ਪੂਰੇ ਇਲਾਕੇ ਦੇ ਵਿਕਾਸ ਦੇ ਨਾਲ-ਨਾਲ ਕਾਮਰੇਡ ਜੋਗਾ ਨੇ ਪਿੰਡ ਦੀ ਤਰੱਕੀ ਲਈ ਵੀ ਪੂਰਾ ਧਿਆਨ ਦਿੱਤਾ। ਇਸੇ ਸੋਚ ਨਾਲ ਕੂਕਾ ਲਹਿਰ ਦੇ ਸਹੀਦਾਂ ਦੀ ਯਾਦ ਵਿਚ ਉਸ ਸਮੇਂ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਤੋਂ 1973 'ਚ ਵੱਡਾ ਹਸਪਤਾਲ ਅਤੇ ਲੋਕਾਂ ਦੇ ਬੌਧਿਕ ਵਿਕਾਸ ਲਈ ਚੰਗਾ ਸਹਿਤ ਪੜ੍ਹਨ ਵਾਸਤੇ ਲਾਇਬ੍ਰੇਰੀ ਮਨਜੂਰ ਕਰਵਾਈ। ਹਸਪਤਾਲ ਦੀ ਇਮਾਰਤ ਦੀ ਛੱਤ ਪੈ ਰਹੀ ਸੀ। ਜੋਗਾ ਜੀ ਖੁਦ ਪੈੜ ਉੱਪਰ ਖੜ੍ਹੇ ਛੱਤ ਪਾਉਣ ਵਾਲਿਆਂ ਨਾਲ ਕੰਮ 'ਚ ਲੱਗੇ ਹੋਏ ਸਨ। ਘਰੋਂ ਕਿਸੇ ਨੇ ਆ ਕੇ ਸੁਨੇਹਾ ਦਿੱਤਾ ਕਿ ਜੋਗਾ ਜੀ ਦਾ ਬੇਟਾ ਨਿਆਈਂ ਵਾਲੇ ਖੇਤ ਗਿਆ ਸੀ, ਉੱਥੇ ਹਲਕੇ ਕੁੱਤੇ ਨੇ ਵੱਢ ਲਿਆ। ਪਰ ਉਹ ਛੱਤ ਪਵਾ ਕੇ ਆਥਣੇ ਘਰੇ ਆਏ। ਲਾਇਬ੍ਰੇਰੀ ਦੀ ਇਮਾਰਤ ਤਿਆਰ ਹੋਣ ਉਪਰੰਤ ਚੰਗੀਆਂ ਸਹਿਤਕ ਪੁਸਤਕਾਂ ਖਰੀਦਣ ਲਈ ਪੰਚਾਇਤ ਅਤੇ ਪਿੰਡ ਦੇ ਤਿੰਨ-ਚਾਰ ਮੋਹਤਬਰਾਂ ਨੂੰ ਪਟਿਆਲੇ ਲੈ ਕੇ ਚਲੇ ਗਏ। ਉੱਥੇ ਭਾਸਾ ਵਿਭਾਗ ਅਤੇ ਹੋਰ ਪਬਲਿਸਰਜ ਦੀਆਂ ਕਿਤਾਬਾਂ ਦੀ ਖਰੀਦ ਕਰ ਕੇ ਗਠੜੀਆਂ ਬੰਨ੍ਹ ਲਈਆਂ। ਤਾਂ ਵਿਚੋਂ ਇੱਕ ਦੋ ਜਣੇ ਕਹਿਣ ਲੱਗੇ ਕਿ ਕੋਈ ਰਿਕਸਾ, ਰੇਹੜੀ ਦੇਖਲੋ, ਤਾਂ ਜੋਗਾ ਜੀ ਕਿਹਾ ਕਿ ਤੁਸੀਂ ਕਾਹਦੇ ਲਈ ਆਏ ਹੋ? ਪੰਚਾਇਤ ਕੋਲੇ ਐਨੇ ਵਾਧੂ ਪੈਸੇ ਨਹੀਂ। ਅਗਲੇ ਪਲ ਹੀ ਸਾਰੇ ਜਣੇ ਸਿਰਾਂ 'ਤੇ ਗਠੜੀਆਂ ਰੱਖ ਕੇ ਬੱਸ ਅੱਡੇ ਵੱਲ ਜਾ ਰਹੇ ਸਨ। ਪਰਿਵਾਰਕ ਛੋਟੇ ਵੱਡੇ ਮਸਲਿਆਂ ਵਿੱਚ ਵੀ ਜੋਗਾ ਜੀ ਦਾ ਨਜਰੀਆ ਹਮੇਸਾ ਸਾਫ ਤੇ ਸਪੱਸਟ ਰਿਹਾ। ਜੋਗਾ ਜੀ ਦੀ ਬੇਟੀ ਦੀ ਸਾਦੀ ਸੀ। ਘਰ ਮੂਹਰੋਂ ਲੰਘਦੇ ਰਸਤੇ 'ਚ ਟੈਂਟ ਲਗਾ ਕੇ ਬਰਾਤ ਦੀ ਰੋਟੀ ਦਾ ਪ੍ਰਬੰਧ ਕੀਤਾ ਹੋਇਆ ਸੀ। ਦੁਪਹਿਰ ਬਾਅਦ ਤੋਰ-ਤਰਾਈ ਬਾਰੇ ਜੋਗਾ ਜੀ ਪੁੱਛ ਰਹੇ ਸੀ। ਕਿਸੇ ਪਰੀਹੇ ਨੇ ਦੱਸਿਆ ਪੰਜ ਸੱਤ ਜਾਨੀ ਸਾਹਮਣੇ ਕਨਾਤਾਂ 'ਚ ਮੇਜਾਂ 'ਤੇ ਬੈਠੇ ਰੋਟੀ ਨਹੀਂ ਨਬੇੜ ਰਹੇ। ਜੇ ਉਹ ਉੱਠਣ ਤਾਂ ਪਿਛਲਿਆਂ ਨੂੰ ਖਵਾ ਕੇ ਬਰਾਤ ਦੀ ਤੋਰ ਤਰਾਈ ਕਰੀਏ। ਇਹ ਸੁਣ ਕੇ ਉਹ ਸਿੱਧਾ ਉਨ੍ਹਾਂ ਕੋਲ ਜਾ ਕਹਿਣ ਲੱਗੇ ਕਿ ਕੀ ਗੱਲ ਹੋਰ ਨੀ ਕਿਸੇ ਨੇ ਖਾਣੀ ਰੋਟੀ, ਤਿੰਨ ਘੰਟੇ ਹੋ ਗਏ ਬੈਠਿਆਂ ਨੂੰ। ਬਰਾਤ ਤੋਂ ਬਿਨਾਂ ਵਿਆਹ 'ਚ ਹੋਰ ਵੀ ਬੰਦੇ ਆਏ ਨੇ। ਰਿਸਤਾ ਜਾਂ ਰਿਸਤੇਦਾਰ ਕਿੱਡਾ ਵੀ ਹੋਵੇ ਉਸ ਦੀ ਗੁਸਤਾਖੀ-ਗਲਤੀ ਮੁਆਫ ਨਹੀਂ ਹੋ ਸਕਦੀ ਸੀ। ਗੱਲ 1927-28 ਦੀ ਹੈ, ਪਿੰਡ ਵਿਚ ਪਹਿਲੇ ਆਨੰਦ ਕਾਰਜ ਰਾਮਦਾਸੀਆਂ ਦੀ ਕਿਸੇ ਲੜਕੀ ਦੇ ਹੋਏ ਸਨ। ਉਸ ਤੋਂ ਪਹਿਲਾਂ ਫੇਰੇ ਹੀ ਹੁੰਦੇ ਸਨ। ਆਨੰਦ ਕਾਰਜ ਵਕਤ ਜੋਗਾ ਜੀ ਹਾਜਰ ਸਾਮਲ ਸਨ। ਅਸਲ ਵਿਚ ਆਨੰਦ ਕਾਰਜ ਉਪਰੰਤ ਅਰਦਾਸ ਹੀ ਜੋਗਾ ਜੀ ਨੇ ਕਰਵਾਈ ਸੀ। ਦੇਗ ਲੈ ਕੇ ਘਰ ਪਹੁੰਚੇ ਤਾਂ ਜੱਟ ਭਾਈਚਾਰੇ ਦੇ ਘਰਾਂ 'ਚ 'ਕੋਹਰਾਮ' ਮੱਚ ਗਿਆ ਕਿ ਮੁੰਡਾ ਭਿੱਟਿਆ ਗਿਆ। ਸਾਰੇ ਲਾਣੇ ਨੇ ਭਾਂਡਾ ਛੇਕ ਕੇ ਵਰਤ-ਵਰਤਾਵਾ ਬੰਦ ਕਰਨ ਦਾ ਫੈਸਲਾ ਕਰ ਲਿਆ। ਜੋਗਾ ਜੀ ਦੀ ਮਾਤਾ ਨਿਹਾਲ ਕੌਰ ਬੜੇ ਜਬ੍ਹੇ ਵਾਲੀ ਦਲੇਰ ਔਰਤ ਸਨ। ਬਾਬਲ ਕੀ ਪੱਤੀ 'ਚ ਖੂਹ ਜੋਗਾ ਜੀ ਦੇ ਪੁਰਖਿਆਂ ਨੇ ਲਗਵਾਇਆ ਸੀ। ਸਾਰਾ ਅਗਵਾੜ ਉੱਥੋਂ ਪਾਣੀ ਭਰਦਾ। ਮਾਤਾ ਵੱਡੇ ਤੜਕੇ ਡਾਂਗ ਲੈ ਕੇ ਖੂਹ 'ਤੇ ਬੈਠ ਗਈ। ਸਾਰੇ ਲੋਕ ਪਾਣੀ ਤੋਂ ਤਿਹਾਏ ਬੈਠੇ ਸਨ। ਮਾਤਾ ਕਹੇ ਕਿ ਜੇ ਮੇਰਾ ਮੁੰਡਾ ਭਿੱਟਿਆ ਗਿਆ ਤਾਂ ਸਾਡੇ ਖੂਹ ਦਾ ਪਾਣੀ ਸੁੱਚਾ ਕਿਵੇਂ ਹੋਇਆ। ਅਖੀਰ ਲੋਕਾਂ ਨੇ ਆਪਣੀ ਗਲਤੀ ਦਾ ਅਹਿਸਾਸ ਕੀਤਾ ਤੇ ਮਾਤਾ ਨਾਲ ਸਹਿਮਤ ਹੋ ਗਏ। ਪੂਰੀ ਜ਼ਿੰਦਗੀ ਜੋਗਾ ਜੀ ਵੀ ਨਾ ਡਰੇ ਨਾ ਝੁਕੇ। ਜਾਲਮ ਅੰਗਰੇਜਾਂ ਅਤੇ ਰਾਜਿਆਂ ਨੇ ਆਪਣੀ ਪੂਰੀ ਤਾਕਤ ਲਾ ਕੇ ਜੇਲ੍ਹਾਂ 'ਚ ਸੁੱਟ-ਸੁੱਟ ਕੇ ਘਰ ਜਮੀਨ ਦੀਆਂ ਕੁਰਕੀਆਂ ਕਰ-ਕਰਕੇ ਜੋਰ ਲਾ ਲਿਆ ਸੀ। ਮਾਤਾ ਦਾ ਹੁਕਮ ਉਨ੍ਹਾਂ ਸਾਰੀ ਉਮਰ ਨਹੀਂ ਮੋੜਿਆ। ਪੂਰੀ ਜ਼ਿੰਦਗੀ ਕਾਮਰੇਡ ਜੋਗਾ ਨੇ ਕਿਰਤੀ ਲੋਕਾਂ 'ਚ ਬਹਿ ਕੇ ਰੋਟੀ-ਪਾਣੀ ਛਕਿਆ। ਉਨ੍ਹਾਂ ਦੇ ਹੱਕਾਂ ਲਈ ਲੜਦੇ ਰਹੇ।



- ਰੌਸ਼ਨ ਸੁਚਾਨ
+91 70158 30342











-ਸੁਖਵੰਤ ਹੁੰਦਲ-

# ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ


(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਰਚੂਨ ਪੱਧਰ 'ਤੇ ਖਾਣਾ ਵੇਚਣ ਵਾਲੀਆਂ ਸੁਪਰਮਾਰਕੀਟਾਂ ਵਿੱਚ ਖਾਣਾ ਅੰਝਾਈ ਨਸਟ ਕੀਤੇ ਜਾਣ ਦੇ ਹੋਰ ਕਾਰਨਾਂ ਵਿੱਚ ਕੁੱਝ ਕਾਰਨ ਇਸ ਪ੍ਰਕਾਰ ਹਨ: ਖਾਣੇ 'ਤੇ ਲਿਖੀ ਖਾਣੇ ਦੀ ਮਿਆਦ ਦੀ ਤਰੀਕ ਤੋਂ ਦੋ ਜਾਂ ਤਿੰਨ ਦਿਨ ਪਹਿਲਾਂ ਹੀ ਖਾਣੇ ਨੂੰ ਸੁੱਟ ਦੇਣਾ, ਕਿਸੇ ਖਾਸ ਛੁੱਟੀ ਜਾਂ ਤਿਉਹਾਰ ਲਈ ਕਿਸੇ ਖਾਸ ਖਾਣੇ ਨੂੰ ਉਵਰਸਟਾਕ ਕਰਨਾ ਅਤੇ ਉਹ ਛੁੱਟੀ ਜਾਂ ਤਿਉਹਾਰ ਲੰਘਣ ਬਾਅਦ ਅਣਵਿਕੇ ਖਾਣੇ ਨੂੰ ਨਵੇਂ ਆ ਰਹੇ ਸਟਾਕ ਲਈ ਥਾਂ ਬਣਾਉਣ ਲਈ ਸੁੱਟ ਦੇਣਾ। ਸੁਪਰਮਾਰਕੀਟਾਂ ਦੇ ਪ੍ਰਬੰਧਕਾਂ ਵੱਲੋਂ ਪਰਚੂਨ ਪੱਧਰ 'ਤੇ ਖਾਣਾ ਅੰਝਾਈ ਨਸਟ ਹੋਣ ਦੇ ਵਰਤਾਰੇ ਨੂੰ ਇਕ ਆਮ ਵਰਤਾਰਾ ਮੰਨਿਆ ਜਾਂਦਾ ਹੈ ਅਤੇ ਇਸ ਨੂੰ "ਕੌਸਟ ਆਫ ਡੂਇੰਗ ਬਿਜਨਿਸ ਭਾਵ ਕਾਰੋਬਾਰ ਕਰਨ ਦੀ ਲਾਗਤ" ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਅਸਲ ਵਿੱਚ ਸੁਪਰਮਾਰਕੀਟਾਂ ਦੀ ਚੇਨ ਦੇ ਜਿਸ ਸਟੋਰ ਵਿੱਚ ਖਾਣਾ ਅੰਝਾਈ ਨਸ਼ਟ ਹੋਣ ਦੀ ਮਾਤਰਾ ਘੱਟ ਹੋਵੇ, ਉਸ ਚੇਨ ਦੇ ਉਪਰਲੇ ਪ੍ਰਬੰਧਕਾਂ ਵੱਲੋਂ ਉਸ ਸਟੋਰ ਦੀ ਕਾਰਗੁਜਾਰੀ 'ਤੇ ਸ਼ੱਕ ਕੀਤਾ ਜਾਂਦਾ ਹੈ ਕਿ ਉਸ ਸਟੋਰ ਦੀ ਕਾਰਗੁਜਾਰੀ ਠੀਕ ਨਹੀਂ ਹੈ। ਨੈਚਰੁਲ ਰਿਸੋਰਸਜ ਡਿਫੈਂਸ ਕਾਉਂਸਲ ਦੀ ਵੇਸਟਡ: ਹਾਉ ਅਮਰੀਕਾ ਇਜ ਲੂਜ਼ਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ ਨਾਮੀ ਰਿਪੋਰਟ ਵਿੱਚ ਅਮਰੀਕਾ ਦੀ ਗ੍ਰੌਸਰੀ ਸਟੋਰਾਂ ਦੀ ਚੇਨ, ਟਰੇਡਰ ਜੋਅਜ, ਦਾ ਸਾਬਕਾ ਪ੍ਰੈਜੀਡੈਂਟ ਇਸ ਬਾਰੇ ਇਸ ਤਰ੍ਹਾਂ ਕਹਿੰਦਾ ਹੈ, "ਅਸਲੀਅਤ ਇਹ ਹੈ ਕਿ ਗ੍ਰੌਸਰੀ ਸਟੋਰਾਂ ਦੇ ਇਲਾਕਾਈ ਮੈਨੇਜਰ ਵੱਜੋਂ, ਜਦੋਂ ਤੁਸੀਂ ਇਹ ਦੇਖਦੇ ਹੋ ਕਿ ਕਿਸੇ ਸਟੋਰ ਵਿੱਚ ਛੇਤੀਂ ਖਰਾਬ ਹੋਣ ਵਾਲੀਆਂ ਵਸਤਾਂ (ਫਲ, ਸਬਜੀਆਂ ਆਦਿ) ਦੇ ਅੰਝਾਈ ਨਸਟ ਹੋਣ ਦੀ ਦਰ ਘੱਟ ਹੈ, ਤਾਂ ਇਹ ਤੁਹਾਡੇ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਕਿਸੇ ਸਟੋਰ ਵਿੱਚ ਅੰਝਾਈ ਨਸਟ ਹੋਣ ਵਾਲੀਆਂ ਵਸਤਾਂ ਦੀ ਮਾਤਰਾ ਦਾ ਘੱਟ ਹੋਣਾ ਇਸ ਗੱਲ ਦਾ ਸੰਕੇਤ ਹੁੰਦਾ ਹੈ ਕਿ ਉਸ ਸਟੋਰ ਵਿੱਚ ਪੂਰਾ ਸਟਾਕ ਨਹੀਂ ਹੈ ਅਤੇ ਗਾਹਕਾਂ ਨੂੰ ਮਾੜਾ ਤਜਰਬਾ ਹੋ ਰਿਹਾ ਹੈ।"

ਪੱਛਮੀ ਵਿਕਸਤ ਮੁਲਕਾਂ ਵਿੱਚ ਖਾਣਾ ਅੰਝਾਈ ਨਸਟ ਹੋਣ ਦੀਆਂ ਰਿਪੋਰਟਾਂ ਇਹ ਦਸਦੀਆਂ ਹਨ ਕਿ ਇਹਨਾਂ ਮੁਲਕਾਂ ਵਿੱਚ ਇਕੱਲੇ ਇਕੱਲੇ ਘਰਾਂ ਵਿੱਚ ਵੀ ਕਾਫੀ ਖਾਣਾ ਅੰਝਾਈ ਨਸਟ ਹੁੰਦਾ ਹੈ। ਇਸ ਬਾਰੇ ਅਮਰੀਕਾ, ਕੈਨੇਡਾ ਅਤੇ ਯੂ. ਕੇ. ਬਾਰੇ ਕੁੱਝ ਤੱਥ ਪੇਸ ਹਨ:

- ਸਾਇੰਸ ਡੇਲੀ ਦੇ ਵੈੱਬਸਾਈਟ 'ਤੇ 23 ਜਨਵਰੀ 2020 ਨੂੰ ਛਪੀ ਇਕ ਰਿਪੋਰਟ ਦਸਦੀ ਹੈ ਕਿ ਅਮਰੀਕਾ ਦਾ ਇਕ ਘਰ ਜਿੰਨਾ ਖਾਣਾ ਖ੍ਰੀਦਦਾ ਹੈ, ਉਸ ਵਿੱਚੋਂ ਇਕ ਤਿਹਾਈ ਹਿੱਸੇ ਦੇ ਕਰੀਬ ਖਾਣਾ ਕੂੜੇਦਾਨ ਵਿੱਚ ਸੁੱਟਿਆ ਜਾਂਦਾ ਹੈ। ਅੰਝਾਈ ਨਸਟ ਕੀਤੇ ਇਸ ਖਾਣੇ ਦੀ ਸਾਲਾਨਾ ਲਾਗਤ 240 ਅਰਬ (ਬਿਲੀਅਨ) ਡਾਲਰ ਬਣਦੀ ਹੈ ਜੋ ਕਿ ਇਕ ਘਰ ਮਗਰ ਔਸਤਨ 1866 ਡਾਲਰ ਪ੍ਰਤੀ ਸਾਲ ਦੇ ਕਰੀਬ ਹੈ।
- ਸੰਨ 2019 ਵਿੱਚ ਛਪੀ ਯੂਨਾਈਟਿਡ ਨੇਸਨਜ ਦੀ ਇਕ ਰਿਪੋਰਟ ਅਨੁਸਾਰ ਕੈਨੇਡਾ ਦੇ ਇਕ ਘਰ ਵਿੱਚ ਸਾਲਾਨਾ ਖਾਣਾ ਅੰਝਾਈ ਨਸਟ ਹੋਣ ਦੀ ਔਸਤਨ ਮਾਤਰਾ 79 ਕਿਲੋਗ੍ਰਾਮ ਹੈ। ਇਸ ਹਿਸਾਬ ਨਾਲ ਕੈਨੇਡਾ ਦੇ ਸਾਰੇ ਘਰਾਂ ਵਿੱਚ ਇਕ ਸਾਲ ਵਿੱਚ ਅੰਝਾਈ ਖਾਣਾ ਨਸਟ ਹੋਣ ਦੀ ਕੁੱਲ ਮਾਤਰਾ 29.4 ਲੱਖ (2.94 ਮਿਲੀਅਨ) ਮੀਟਰਕ ਟਨ ਦੇ ਬਰਾਬਰ ਹੋ ਜਾਂਦੀ ਹੈ।
- ਯੂ ਕੇ ਤੋਂ ਨਿਕਲਦੇ ਅਖਬਾਰ ਗਾਰਡੀਅਨ ਵਿੱਚ 24 ਜਨਵਰੀ 2020 ਨੂੰ ਛਪੀ ਇਕ ਰਿਪੋਰਟ ਅਨੁਸਾਰ ਯੂ ਕੇ ਦੇ ਸਾਰੇ ਘਰਾਂ ਵਿੱਚ ਹਰ ਸਾਲ ਕੁੱਲ ਮਿਲਾ ਕੇ 45 ਲੱਖ (4.5 ਮਿਲੀਅਨ) ਟਨ ਖਾਣਾ ਅੰਝਾਈ ਨਸਟ ਹੁੰਦਾ ਹੈ।

ਇਹਨਾਂ ਮੁਲਕਾਂ ਦੇ ਘਰਾਂ ਵਿੱਚ ਖਾਣਾ ਅੰਝਾਈ ਨਸਟ ਕੀਤੇ ਜਾਣ ਦਾ ਇਕ ਵੱਡਾ ਕਾਰਨ ਇਹ ਹੈ ਕਿ ਇੱਥੇ ਲੋਕਾਂ ਵੱਲੋਂ ਆਪਣੀ ਘਰੇਲੂ ਲੋੜ ਤੋਂ ਵੱਧ ਖਾਣਾ ਖ੍ਰੀਦਣਾ ਇਕ ਆਮ ਵਰਤਾਰਾ ਹੈ। ਲੋੜ ਤੋਂ ਵੱਧ ਖ੍ਰੀਦਿਆ ਗਿਆ ਖਾਣਾ ਕੁੱਝ ਦੇਰ ਘਰਾਂ ਦੀਆਂ ਫਰਿੱਜਾਂ ਵਿੱਚ ਰਹਿ ਕੇ ਕੂੜੇਦਾਨ ਵਿੱਚ ਚਲਾ ਜਾਂਦਾ ਹੈ। ਬੀ ਬੀ ਸੀ ਦੇ ਸਾਈਟ 'ਤੇ ਛਪੇ ਲੇਖ ਹਾਉ ਡੂ ਸੁਪਮਾਰਕੀਟਸ ਟੈਂਪਟ ਯੂ ਟੂ ਸਪੈਂਡ ਮੋਰ ਮਨੀ ਅਤੇ ਸੈਂਟਰ ਫਾਰ ਸਾਇੰਸ ਇਨ ਦਾ ਪਬਲਿਕ ਇਨਟ੍ਰੈਸਟ ਦੇ ਸਾਈਟ 'ਤੇ ਛਪੇ ਲੇਖ 8 ਵੇਅਜ ਸੁਪਰਮਾਰੀਕਟਸ ਮੇਕ ਯੂ ਬਾਈ ਮੋਰ ਅਨੁਸਾਰ ਇਹਨਾਂ ਮੁਲਕਾਂ ਦੀਆਂ ਸੁਪਰਮਾਰਕੀਟਾਂ ਲੋਕਾਂ ਨੂੰ ਲੋੜ ਤੋਂ ਵੱਧ ਖਾਣਾ ਖ੍ਰੀਦਣ ਲਈ ਉਕਸਾਉਣ ਲਈ ਮਾਰਕੀਟਿੰਗ ਦੇ ਕਈ ਤਰ੍ਹਾਂ ਦੇ ਢੰਗ ਵਰਤਦੀਆਂ ਹਨ। ਇਕ ਚੀਜ ਖ੍ਰੀਦੋ, ਦੂਜੀ ਮੁਫਤ ਲਵੋ ਜਾਂ ਇਕ ਦੀ ਕੀਮਤ 'ਤੇ ਦੋ ਚੀਜ਼ਾਂ ਖ੍ਰੀਦੋ, ਨਮੂਨੇ ਦੇ ਤੌਰ 'ਤੇ ਮੁਫਤ ਚੀਜਾਂ (ਫ੍ਰੀ ਸੈਂਪਲ) ਦੇਣ, ਸਟੋਰਾਂ ਵਿੱਚ ਧੀਮਾ ਸੰਗੀਤ ਵਜਾ ਕੇ ਲੋਕਾਂ ਨੂੰ ਸਟੋਰਾਂ ਵਿੱਚ ਜ਼ਿਆਦਾ ਦੇਰ ਰਹਿਣ ਲਈ ਉਤਸਾਹਿਤ ਕਰਨ, ਸਟੋਰ ਵਿੱਚ ਖਾਸ ਤਰ੍ਹਾਂ ਦੀ ਮਹਿਕ ਦੀ ਵਰਤੋਂ ਕਰਕੇ ਕੁੱਝ ਖਾਸ ਚੀਜਾਂ ਦੀ ਵਿਕਰੀ ਵਧਾਉਣ, ਕੈਸੀਅਰ ਦੇ ਕਾਊਂਟਰਾਂ ਨੇੜੇ ਕੈਂਡੀਆਂ, ਚਾਕਲੇਟਾਂ, ਸੋਡੇ, ਆਦਿ ਵਰਗੀਆਂ ਚੀਜ਼ਾਂ ਰੱਖ ਕੇ ਸੁਪਰਮਾਰਕੀਟਾਂ ਗ੍ਰਾਹਕਾਂ ਨੂੰ ਲੋੜ ਤੋਂ ਵੱਧ ਚੀਜਾਂ ਖ੍ਰੀਦਣ ਲਈ ਉਤਸਾਹਿਤ ਕਰਦੀਆਂ ਹਨ। ਉਦਾਹਰਨ ਲਈ ਕਿਸੇ ਸੁਪਰਮਾਰਕੀਟ ਦੀ ਬੇਕਰੀ 'ਚੋਂ ਤਾਜਾ ਬੇਕ ਕੀਤੀ ਬ੍ਰੈੱਡ ਦੀ ਮਹਿਕ ਤੁਹਾਨੂੰ ਅੱਧੀ ਦਰਜਨ ਕਰਸਾਂਟ ਖੀਦਣ ਲਈ ਪ੍ਰੇਰਿਤ ਕਰ ਸਕਦੀ ਹੈ। ਇਸ ਹੀ ਤਰ੍ਹਾਂ ਫ੍ਰੀ ਸੈਂਪਲ ਵਜੋਂ ਦਿੱਤਾ ਪੀਜੇ ਦਾ ਇਕ ਛੋਟਾ ਜਿਹਾ ਟੁੱਕੜਾ ਤੁਹਾਡੇ ਮਨ ਵਿੱਚ ਪੂਰਾ ਪੀਜਾਂ ਖ੍ਰੀਦਣ ਦਾ ਖਿਆਲ ਲਿਆ ਸਕਦਾ ਹੈ।



ਇਹਨਾਂ ਹੀ ਲੇਖਾਂ ਅਨੁਸਾਰ ਬਹੁਤੀ ਵਾਰੀ ਸੁਪਰਮਾਰਕੀਟ ਵਿੱਚ ਦੁੱਧ, ਬ੍ਰੈੱਡ ਅਤੇ ਆਂਡਿਆਂ ਵਰਗੀਆਂ ਜਰੂਰੀ ਚੀਜ਼ਾਂ ਖ੍ਰੀਦਣ ਗਿਆ ਗਾਹਕ ਹੋਰ ਬਹੁਤ ਸਾਰੀਆਂ ਚੀਜਾਂ ਖ੍ਰੀਦ ਲਿਆਉਂਦਾ ਹੈ। ਇਸ ਦਾ ਇਕ ਕਾਰਨ ਹੈ ਸੁਪਰਮਾਰਕੀਟਾਂ ਵਿੱਚ ਚੀਜਾਂ ਰੱਖਣ ਦੀ ਤਰਤੀਬ। ਬਹੁਤੀਆਂ ਸੁਪਰਮਾਰਕੀਟਾਂ ਵਿੱਚ ਦੁੱਧ, ਬ੍ਰੈੱਡ ਅਤੇ ਆਂਡਿਆਂ ਵਰਗੀਆਂ ਜਰੂਰੀ ਚੀਜਾਂ ਸੁਪਰਮਾਰਕੀਟ ਦੇ ਪਿਛਲੇ ਹਿੱਸੇ ਵਿੱਚ ਰੱਖੀਆਂ ਹੁੰਦੀਆਂ ਹਨ। ਨਤੀਜੇ ਵੱਜੋਂ ਇਹ ਜਰੂਰੀ ਚੀਜਾਂ ਖ੍ਰੀਦ ਕੇ ਇਕਦਮ ਬਾਹਰ ਆ ਜਾਣ ਦੇ ਮਕਸਦ ਨਾਲ ਸੁਪਰਮਾਰਕੀਟ ਦੇ ਅੰਦਰ ਗਏ ਗਾਹਕ ਨੂੰ ਇਹ ਚੀਜਾਂ ਲੈਣ ਲਈ ਤਕਰੀਬਨ ਸਾਰੀ ਸੁਪਰਮਾਰਕੀਟ ਦਾ ਗੇੜਾ ਲਾਉਣਾ ਪੈਂਦਾ ਹੈ। ਇਹ ਗੇੜਾ ਦੇਣ ਦੌਰਾਨ ਉਸ ਦਾ ਵਾਹ ਸਪੈਸਲ ਆਫਰਾਂ 'ਤੇ ਲਾਈਆਂ ਚੀਜਾਂ ਨਾਲ ਪੈਂਦਾ ਹੈ। ਇਸ ਲਈ ਸਾਰੀ ਮਾਰਕੀਟ ਦਾ ਗੇੜਾ ਦੇਣ ਸਮੇਂ ਉਹ ਅਜਿਹੀਆਂ ਚੀਜਾਂ ਚੁੱਕ ਕੇ ਆਪਣੀ ਬੱਘੀ ਵਿੱਚ ਰੱਖ ਲੈਂਦਾ ਹੈ, ਜਿਹਨਾਂ ਨੂੰ ਲੈਣ ਦਾ ਉਸ ਦਾ ਕੋਈ ਇਰਾਦਾ ਨਹੀਂ ਹੁੰਦਾ। ਇਸ ਹੀ ਤਰ੍ਹਾਂ ਬਹੁਤੀ ਵਾਰ ਸੇਲ 'ਤੇ (ਸਸਤੀਆਂ) ਲਾਈਆਂ ਚੀਜਾਂ ਵੀ ਸਟੋਰ ਦੇ ਪਿਛਲੇ ਹਿੱਸੇ ਵਿੱਚ ਰੱਖੀਆਂ ਹੁੰਦੀਆਂ ਹਨ। ਜੇ ਸਟੋਰ ਨੇ ਇਕ ਤੋਂ ਵੱਧ ਚੀਜਾਂ ਸੇਲ 'ਤੇ ਲਾਈਆਂ ਹੋਣ ਤਾਂ ਉਹ ਚੀਜਾਂ ਸਟੋਰ ਦੇ ਵੱਖਰੇ ਵੱਖਰੇ ਹਿੱਸਿਆਂ ਵਿੱਚ ਰੱਖੀਆਂ ਹੁੰਦੀਆਂ ਹਨ। ਨਤੀਜੇ ਵਜੋਂ ਸੇਲ 'ਤੇ ਲਾਈਆਂ ਗਈਆਂ ਚੀਜਾਂ ਲੱਭਣ ਲਈ ਗਾਹਕ ਨੂੰ ਸਾਰੇ ਸਟੋਰ ਦਾ ਗੇੜਾ ਕੱਢਣਾ ਪੈਂਦਾ ਹੈ ਅਤੇ ਨਤੀਜਾ ਉਸ ਵੱਲੋਂ ਉਹ ਚੀਜਾਂ ਖ੍ਰੀਦਣ ਵਿੱਚ ਨਿਕਲਦਾ ਹੈ ਜਿਹੜੀਆਂ ਚੀਜਾਂ ਉਹ ਲੈਣ ਨਹੀਂ ਗਿਆ ਸੀ। ਇਸ ਦੇ ਨਾਲ ਹੀ ਕਈ ਚੀਜਾਂ ਨੂੰ ਇਕ ਦੂਸਰੇ ਦੇ ਨਾਲ ਨਾਲ ਰੱਖਿਆ ਜਾਂਦਾ ਹੈ ਤਾਂ ਕਿ ਇਕ ਚੀਜ ਖ੍ਰੀਦਣ ਸਮੇਂ ਗਾਹਕ ਦੂਜੀ ਚੀਜ ਵੀ ਖ੍ਰੀਦੇ। ਉਦਾਹਰਨ ਲਈ ਚਿਪਸਾਂ ਅਤੇ ਸੋਡੇ ਨੂੰ ਨਾਲ ਨਾਲ ਰੱਖਿਆ ਜਾਂਦਾ ਹੈ ਅਤੇ ਪੈਸਤਾ ਅਤੇ ਪਰਮੇਸਾਨ ਪਨੀਰ ਨੂੰ ਇਕੱਠੇ ਰੱਖਿਆ ਜਾਂਦਾ ਹੈ। ਕਈ ਸਟੋਰਾਂ ਵਿੱਚ ਸਟੋਰ ਦੀਆਂ ਉਨ੍ਹਾਂ ਥਾਂਵਾਂ ਦੀ ਫਰਸ 'ਤੇ ਨਿੱਕੀਆਂ ਟਾਈਲਾਂ ਲਾਈਆਂ ਹੁੰਦੀਆਂ ਹਨ, ਜਿੱਥੇ ਸਟੋਰ ਦੇ ਮਾਲਕ/ਮੈਨੇਜਰ ਚਾਹੁੰਦੇ ਹਨ ਕਿ ਗਾਹਕ ਜ਼ਿਆਦਾ ਚਿਰ ਰਹੇ। ਜਦੋਂ ਗਾਹਕ ਨਿੱਕੀਆਂ ਟਾਈਲਾਂ ਦੀ ਫਰਸ ਤੋਂ ਬੱਘੀ ਲੈ ਕੇ ਤੁਰਦਾ ਹੈ ਤਾਂ ਨਿੱਕੀਆਂ ਟਾਈਲਾਂ ਕਾਰਨ ਉਸ ਨੂੰ ਜਾਪਦਾ ਹੈ ਕਿ ਉੱਥੇ ਉਸ ਦੀ ਬੱਘੀ ਤੇਜੀ ਨਾਲ ਲੰਘਦੀ ਜਾ ਰਹੀ ਹੈ, ਇਸ ਲਈ ਉਹ ਆਪਣੀ ਬੱਘੀ ਨੂੰ ਹੋਲੀ ਕਰ ਲੈਂਦਾ ਹੈ ਅਤੇ ਉਸ ਇਲਾਕੇ ਵਿੱਚ ਲੋੜ ਨਾਲੋਂ ਵੱਧ ਸਮਾਂ ਬਿਤਾਉਂਦਾ ਹੈ। ਇਹ ਅਤੇ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਢੰਗ ਵਰਤ ਕੇ ਸੁਪਰਮਾਰਕੀਟਾਂ ਗਾਹਕਾਂ ਨੂੰ ਲੋੜ ਤੋਂ ਵੱਧ ਅਤੇ ਉਹ ਖਾਣਾ ਖ੍ਰੀਦਣ ਲਈ ਪ੍ਰਭਾਵਿਤ ਕਰਦੀਆਂ ਹਨ ਜਿਹਨਾਂ ਦੀ ਗਾਹਕਾਂ ਨੂੰ ਲੋੜ ਨਹੀਂ ਹੁੰਦੀ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਇਸ ਤਰ੍ਹਾਂ ਦੇ ਢੰਗ ਲੱਭਣ ਲਈ ਕੀਤੀਆਂ ਜਾਂਦੀਆਂ ਖੋਜਾਂ 'ਤੇ ਸੁਪਰਮਾਰਕੀਟਾਂ ਦੇ ਮਾਲਕ ਹਰ ਸਾਲ ਲੱਖਾਂ ਡਾਲਰ ਖਰਚ ਕਰਦੇ ਹਨ।

ਖਾਣਾ ਉਗਾਉਣ, ਖਾਣਾ ਵੇਚਣ ਅਤੇ ਖਾਣੇ ਦੀ ਖਪਤ ਤੱਕ ਦੇ ਵੱਖ ਵੱਖ ਪੜਾਵਾਂ 'ਤੇ ਖਾਣਾ ਅੰਝਾਈ ਨਸਟ ਹੋਣ ਬਾਰੇ ਉਪਰਲੀ ਗੱਲਬਾਤ ਇਹ ਦਿਖਾਉਂਦੀ ਹੈ ਕਿ ਪੂੰਜੀਵਾਦੀ ਪ੍ਰਬੰਧ ਵਿੱਚ ਖਾਣਾ ਵੇਚਣ/ਖ੍ਰੀਦਣ/ਖਪਤ ਦਾ ਅਮਲ ਚੰਗੇ ਭਲੇ ਖਾਣੇ ਦੀ ਕਾਫੀ ਵੱਡੀ ਮਾਤਰਾ ਨੂੰ ਕੂੜੇ ਵਿੱਚ ਤਬਦੀਲ ਕਰ ਦਿੰਦਾ ਹੈ। ਅਜਿਹਾ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਇਸ ਪ੍ਰਬੰਧ ਵਿੱਚ ਖਾਣੇ ਨੂੰ ਮਨੁੱਖੀ ਜਿੰਦਗੀ ਦੀ ਇਕ ਮੁੱਢਲੀ ਲੋੜ ਦੀ ਥਾਂ ਇਸ ਨੂੰ ਮੁਨਾਫਾ ਕਮਾਉਣ ਵਾਲੀ ਇਕ ਜਿਨਸ ਸਮਝਿਆ ਜਾਂਦਾ ਹੈ। ਵੇਸਟ: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਦੇ ਲੇਖਕ ਟ੍ਰਿਸਟਰਮ ਸਟੂਅਰਟ ਦੇ ਸਬਦਾਂ ਵਿੱਚ, "ਵਿਕਸਤ ਦੇਸਾਂ ਵਿੱਚ ਖਾਣੇ ਨੂੰ ਉਸ ਦੀ ਪੈਦਾਵਾਰ ਦੇ ਸਮਾਜ ਅਤੇ ਵਾਤਾਵਰਨ ਨਾਲ ਸੰਬੰਧਿਤ ਅਸਰਾਂ ਤੋਂ ਨਿਖੇੜ ਕੇ ਇਕ ਸੁੱਟਣਯੋਗ ਜਿਨਸ ਵਜੋਂ ਦੇਖਿਆ ਜਾਂਦਾ ਹੈ।" ਇਹ ਨਜਰੀਆ ਦੁਨੀਆ ਵਿੱਚ ਉਗਾਏ ਜਾਂਦੇ ਕੁੱਲ ਖਾਣੇ ਦੇ ਇਕ ਤਿਹਾਈ ਦੇ ਕਰੀਬ ਖਾਣੇ ਨੂੰ ਕੂੜੇ 'ਤੇ ਸੁੱਟੇ ਜਾਣ ਦਾ ਕਾਰਨ ਬਣਦਾ ਹੈ।

ਪੂੰਜੀਵਾਦੀ ਪ੍ਰਬੰਧ ਵਿੱਚ ਹੁੰਦੀ ਕੂੜੇ ਦੀ ਪੈਦਾਵਾਰ ਬਾਰੇ ਗੱਲ ਨੂੰ ਅੱਗੇ ਤੋਰਨ ਲਈ ਹੁਣ ਅਸੀਂ ਫੈਸਨ ਦੀ ਸਨਅਤ 'ਤੇ ਧਿਆਨ ਕੇਂਦਰਿਤ ਕਰਾਂਗੇ। ਇਸ ਸਨਅਤ ਵਿੱਚ ਹਰ ਸਾਲ ਵੱਡੀ ਪੱਧਰ 'ਤੇ ਚੰਗੀਆਂ ਭਲੀਆਂ ਪਰ ਅਣਵਿਕੀਆਂ ਵਸਤਾਂ ਕੱਪੜੇ, ਗਹਿਣੇ, ਘੜੀਆਂ ਆਦਿ-ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ। ਨਸਟ ਕੀਤੀਆਂ ਜਾਣ ਵਾਲੀਆਂ ਇਹਨਾਂ ਵਸਤਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਜਾਣਨਾ ਫਾਇਦੇਮੰਦ ਹੋਵੇਗਾ ਕਿ ਫੈਸਨ ਸਨਅਤ ਦੋ ਪੱਧਰਾਂ 'ਤੇ ਕੰਮ ਕਰਦੀ ਹੈ। ਪਹਿਲੀ ਪੱਧਰ ਨੂੰ 'ਫਾਸਟ ਫੈਸਨ' ਦਾ ਨਾਂ ਦਿੱਤਾ ਗਿਆ ਹੈ ਅਤੇ ਦੂਸਰੀ ਪੱਧਰ ਨੂੰ "ਹਾਈ ਇੰਡ ਫੈਸਨ' ਦਾ। "ਫਾਸਟ ਫੈਸਨ" ਵਿੱਚ ਚੀਜਾਂ ਦਾ ਫੈਸਨ ਸਾਲ-ਛਿਮਾਹੀ ਬਦਲਣ ਦੀ ਥਾਂ ਕੁੱਝ ਹਫਤਿਆਂ ਬਾਅਦ ਬਦਲਦਾ ਰਹਿੰਦਾ ਹੈ। ਇਸ ਫੈਸਨ ਦਾ ਨਿਸਾਨਾ ਆਮ ਪੱਧਰ ਦੇ ਲੋਕ ਹੁੰਦੇ ਹਨ। ਇਸ ਵਿੱਚ ਵੇਚੀਆਂ ਜਾਂਦੀਆਂ ਚੀਜਾਂ ਮਾੜੀ ਕੁਆਲਟੀ ਦੀਆਂ ਪਰ ਸਸਤੀਆਂ ਹੁੰਦੀਆਂ ਹਨ। ਉਦਾਹਰਨ ਲਈ ਇਸ ਪੱਧਰ 'ਤੇ ਵੇਚੇ ਜਾਂਦੇ ਕੱਪੜੇ ਕੁੱਝ ਕੁ ਧੋਅ ਹੀ ਕੱਢਦੇ ਹਨ। ਇਸ ਫੈਸਨ ਨਾਲ ਚੱਲਣ ਲਈ ਲੋਕਾਂ ਨੂੰ 'ਫਾਸਟ ਫੂਡ' ਵਾਂਗ ਇਹ ਚੀਜਾਂ ਲਗਾਤਾਰ ਖ੍ਰੀਦਦੇ ਰਹਿਣਾ ਪੈਂਦਾ ਹੈ। ਉਹ ਇਹਨਾਂ ਚੀਜਾਂ ਨੂੰ ਇਕ ਜਾਂ ਕੁਝ ਵਾਰ ਵਰਤ ਕੇ ਸੁੱਟ ਦਿੱਤੀਆਂ ਜਾਣ ਵਾਲੀਆਂ ਹੋਰ 'ਡਿਸਪੋਜੇਬਲ' ਵਸਤਾਂ ਵਾਂਗ ਹੀ ਸਮਝਦੇ ਹਨ। ਉਦਾਹਰਨ ਲਈ ਸੰਨ 2015 ਵਿੱਚ ਯੂ ਕੇ ਵਿੱਚ ਕੱਪੜਿਆਂ ਦੇ ਪਹਿਨਣ ਬਾਰੇ ਕੀਤੇ ਇਕ ਸਰਵੇ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਨੇ ਦੱਸਿਆ ਸੀ ਕਿ ਉਹ ਔਸਤ ਤੌਰ 'ਤੇ ਇਕ ਕੱਪੜੇ ਨੂੰ 7 ਵਾਰ ਪਹਿਨਦੀਆਂ ਹਨ। ਇਹਨਾਂ ਵਿੱਚ 33% ਫੀਸਦੀ ਔਰਤਾਂ ਦਾ ਮੰਨਣਾ ਸੀ ਕਿ ਵੱਧ ਤੋਂ ਵੱਧ ਤਿੰਨ ਵਾਰ ਪਹਿਨਣ ਤੋਂ ਬਾਅਦ ਕੱਪੜੇ ਪੁਰਾਣੇ ਹੋ ਜਾਂਦੇ ਹਨ।

"ਹਾਈ ਇੰਡ ਫੈਸ਼ਨ" ਵਿੱਚ ਚੀਜਾਂ ਚੰਗੀ ਕੁਆਲਟੀ ਦੀਆਂ ਅਤੇ ਮਹਿੰਗੀਆਂ ਹੁੰਦੀਆਂ ਹਨ। ਇਹ ਫੈਸਨ ਅਮੀਰ ਲੋਕਾਂ ਵੱਲ ਕੇਂਦਰਿਤ ਹੁੰਦਾ ਹੈ। ਇਸ ਫੈਸਨ ਨਾਲ ਸੰਬੰਧਿਤ ਚੀਜਾਂ ਵਿਅਕਤੀ ਨੂੰ ਸਮਾਜ ਵਿੱਚ ਵੱਡੇ ਰੁਤਬੇ ਵਾਲਾ ਵਿਅਕਤੀ ਹੋਣ ਦਾ ਅਹਿਸਾਸ ਕਰਵਾਉਂਦੀਆਂ ਹਨ।

ਇਹਨਾਂ ਦੋਵਾਂ ਪੱਧਰਾਂ 'ਤੇ ਕੰਮ ਕਰਦੀ ਫੈਸਨ ਸਨਅਤ ਹਰ ਸਾਲ ਵੱਡੀ ਮਾਤਰਾ ਵਿੱਚ ਚੰਗੀਆਂ ਭਲੀਆਂ ਪਰ ਅਣਵਿਕੀਆਂ ਵਸਤਾਂ ਨੂੰ ਨਸਟ ਕਰਦੀ ਹੈ। ਇਸ ਬਾਰੇ ਕੁੱਝ ਅੰਕੜੇ ਇਸ ਪ੍ਰਕਾਰ ਹਨ:

- 27 ਅਕਤੂਬਰ 2021 ਨੂੰ ਅਰਥ.ਔਰਗ 'ਤੇ ਛਪੇ ਅੰਕੜਿਆਂ ਅਨੁਸਾਰ ਹਰ ਸਾਲ ਦੁਨੀਆ ਭਰ ਵਿੱਚ ਕੱਪੜਿਆਂ ਨਾਲ ਸੰਬੰਧਿਤ 9 ਕ੍ਰੋੜ 20 ਲੱਖ (92 ਮਿਲੀਅਨ) ਟਨ ਕੂੜਾ ਪੈਦਾ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਹਰ ਇਕ ਸਕਿੰਟ ਵਿੱਚ ਇਕ ਟਰੱਕ ਦੇ ਭਾਰ ਦੇ ਬਰਾਬਰ ਦਾ ਕੱਪੜਿਆਂ ਦਾ ਕੂੜਾ ਜਾਂ ਸਾੜਿਆ ਜਾਂਦਾ ਹੈ ਜਾਂ ਕੂੜੇ ਦੇ ਢੇਰ 'ਤੇ ਸੁੱਟ ਦਿੱਤਾ ਜਾਂਦਾ ਹੈ।
- 15 ਨਵੰਬਰ 2021 ਨੂੰ ਈਕੋਵਾਚ ਦੇ ਸਾਈਟ 'ਤੇ ਛਪੇ ਚਿੱਲੀਜ ਆਟਾਕਾਮਾ ਡੈਜਰਟ: ਵਿਅਰ ਫਾਸਟ ਫੈਸਨ ਗੋਅਜ ਟੂ ਡਾਈ ਨਾਮੀ ਲੇਖ ਵਿੱਚ ਅਲਜਜੀਰਾ ਦੀ ਇਕ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਹਰ ਸਾਲ ਅਮਰੀਕਾ, ਯੂਰਪ ਅਤੇ ਦੁਨੀਆ ਦੇ ਦੂਜੇ ਹਿੱਸਿਆਂ ਵਿੱਚੋਂ ਨਾ







ਵਿਕ ਸਕਣ ਵਾਲੇ ਕੱਪਿੜਿਆਂ ਦੇ 59000 ਟਨ ਚਿੱਲੀ ਦੇ ਉੱਤਰੀ ਇਲਾਕੇ ਵਿਚਲੀ ਅਲਟੋ ਹੌਸਪੀਸੀਓ ਫ੍ਰੀ ਜੋਨ ਵਿੱਚ ਪੈਂਦੀ ਅਕਵੀਵਾਹ ਬੰਦਰਗਾਹ 'ਤੇ ਪਹੁੰਚਦੇ ਹਨ। ਇੱਥੇ ਇਹ ਕੱਪੜੇ ਲਾਤੀਨੀ ਅਮਰੀਕਾ ਵਿੱਚ ਦੁਬਾਰਾ ਵੇਚੇ ਜਾਣ ਲਈ ਆਉਂਦੇ ਹਨ ਪਰ ਇਹਨਾਂ ਵਿੱਚੋਂ ਸਿਰਫ 20,000 ਟਨ ਦੇ ਕਰੀਬ ਕੱਪੜੇ ਹੀ ਵਿਕਦੇ ਹਨ। ਬਾਕੀ ਬਚਦੇ 39000 ਟਨ ਦੇ ਕਰੀਬ ਕੱਪੜੇ ਚਿੱਲੀ ਦੇ ਆਟਾਕਾਮਾ ਮਾਰੂਥਲ ਵਿੱਚ ਪਿਛਲੇ ਸਾਲਾਂ ਦੌਰਾਨ ਸੁੱਟੇ ਗਏ ਕੱਪੜਿਆਂ ਦੇ ਢੇਰਾਂ ਉੱਤੇ ਸੁੱਟ ਦਿੱਤੇ ਜਾਂਦੇ ਹਨ।

• 23 ਸਤੰਬਰ 2021 ਨੂੰ ਈਕੋਵਾਚ ਦੇ ਸਾਈਟ 'ਤੇ ਫਾਸਟ ਫੈਸਨ 101: ਐਵਰੀਥਿੰਗ ਯੂ ਨੀਡ ਟੂ ਨੋਅ ਨਾਮੀ ਲੇਖ ਅਨੁਸਾਰ ਹਰ ਸਾਲ ਇਕ ਅਮਰੀਕਨ 70 ਪੌਂਡ ਕੱਪੜੇ ਕੂੜੇ ਵਿੱਚ ਸੁੱਟਦਾ ਹੈ। ਕੁੱਲ ਮਿਲਾ ਕੇ ਅਮਰੀਕਾ ਵਿੱਚ ਕੱਪੜਿਆਂ ਦੇ ਇਸ ਕੂੜੇ ਦੀ ਸਾਲਾਨਾ ਮਾਤਰਾ 1 ਕ੍ਰੋੜ 70 ਲੱਖ (17 ਮਿਲੀਅਨ) ਟਨ ਦੇ ਬਰਾਬਰ ਬਣਦੀ ਹੈ। ਇਸ ਵਿੱਚੋਂ ਸਿਰਫ 25 ਲੱਖ ਟਨ ਕੱਪੜੇ ਹੀ ਰੀਸਾਈਕਲ ਕੀਤੇ ਜਾਂਦੇ ਹਨ।

• 19 ਜੁਲਾਈ 2018 ਨੂੰ ਬੀ ਬੀ ਸੀ ਦੇ ਵੈੱਬਸਾਈਟ 'ਤੇ ਛਪੀ ਬਰਬੈਰੀ ਬਰਨਜ ਬੈਗਜ, ਕਲੋਥਸ ਐਂਡ ਪਰਫਿਊਮ ਵਰਥ ਮਿਲੀਅਨਜ ਨਾਮੀ ਇਕ ਰਿਪੋਰਟ ਅਨੁਸਾਰ ਉੱਤਲੀ ਪੱਧਰ ਦੇ ਫੈਸਨ ਨਾਲ ਸੰਬੰਧਿਤ ਯੂ ਕੇ ਦੀ ਕੰਪਨੀ ਬਰਬੈਰੀ ਨੇ ਸੰਨ 2017 ਵਿੱਚ 2 ਕ੍ਰੋੜ 86 ਲੱਖ (28.6 ਮਿਲੀਅਨ) ਪੌਂਡ ਦੀ ਲਾਗਤ ਦੇ ਅਣਵਿਕੇ ਕੱਪੜਿਆਂ, ਐਕਸੈਸਰੀਆਂ (ਪਰਸ, ਬੈਗ, ਜੈਕਟਾਂ, ਜੁੱਤੀਆਂ ਵਰਗੀਆਂ ਚੀਜਾਂ) ਅਤੇ ਪਰਫਿਊਮਾਂ ਨੂੰ ਨਸਟ ਕੀਤਾ ਸੀ। ਨਸਟ ਕੀਤੀਆਂ ਚੀਜਾਂ ਦੀ ਇਸ ਲਾਗਤ ਨੂੰ ਮਿਲਾ ਕੇ ਬਰਬੈਰੀ ਵੱਲੋਂ ਇਹ ਰਿਪੋਰਟ ਛੱਪਣ ਤੋਂ ਪਹਿਲਾਂ ਦੇ ਪੰਜ ਸਾਲਾਂ ਵਿੱਚ ਨਸਟ ਕੀਤੀਆਂ ਚੀਜਾਂ ਦੀ ਕੀਮਤ 9 ਕ੍ਰੋੜ (90 ਮਿਲੀਅਨ) ਦੇ ਬਰਾਬਰ ਪਹੁੰਚ ਜਾਂਦੀ ਹੈ।

• ਮਈ 2018 ਵਿੱਚ ਵੌਕਸ ਦੇ ਸਾਈਟ 'ਤੇ ਛਪੀ ਵਾਈ ਫੈਸ਼ਨ ਬਰਾਂਡਜ ਡਿਸਟ੍ਰੋਏ ਬਿਲਿਅਨਜ ਵਰਥ ਆਫ ਦੇਅਰ ਓਨ ਮਰਚੈਨਡਾਈਜ ਐਵਰੀ ਯੀਅਰ ਨਾਮੀ ਰਿਪੋਰਟ ਵਿੱਚ ਗਹਿਣਿਆਂ ਅਤੇ ਘੜੀਆਂ ਦੇ ਕਾਰਟੀਅਰ, ਪੀਆਜੇ, ਬਾਅਮ ਅਤੇ ਮਰਸੀਅਰ ਬ੍ਰਾਂਡਾਂ ਦੀ ਮਾਲਕ ਕੰਪਨੀ ਰਿਚਮੌਂਟ ਨੇ ਮੰਨਿਆ ਸੀ ਕਿ ਉਹਨਾਂ ਨੇ ਪਿਛਲੇ ਕੁੱਝ ਸਾਲਾਂ ਦੌਰਾਨ 56 ਕ੍ਰੋੜ 30 ਲੱਖ (563 ਮਿਲੀਅਨ) ਡਾਲਰ ਦੀ ਲਾਗਤ ਦੀਆਂ ਅਣਵਿਕੀਆਂ ਘੜੀਆਂ ਨੂੰ ਨਸਟ ਕੀਤਾ ਸੀ।

ਇੱਥੇ ਅਸੀਂ ਕੁੱਝ ਕੁ ਕੰਪਨੀਆਂ ਵੱਲੋਂ ਕੱਪੜਿਆਂ ਅਤੇ ਹੋਰ ਵਸਤਾਂ ਨੂੰ ਨਸਟ ਕਰਨ ਦੇ ਅੰਕੜੇ ਦਿੱਤੇ ਹਨ। ਪਰ ਇਹ ਵਰਤਾਰਾ ਸਿਰਫ ਇਹਨਾਂ ਕੰਪਨੀਆਂ ਤੱਕ ਸੀਮਤ ਨਹੀਂ, ਸਗੋਂ ਸਾਰੀ ਫੈਸਨ ਸਨਅਤ ਨਾਲ ਸੰਬੰਧਿਤ ਕੰਪਨੀਆਂ ਵਿੱਚ ਪ੍ਰਚਲਤ ਹੈ। ਇੰਟਰਨੈੱਟ 'ਤੇ ਥੋੜ੍ਹਾ ਜਿਹਾ ਸਮਾਂ ਲਾ ਕੇ ਤੁਸੀਂ ਫੈਸਨ ਸਨਅਤ ਨਾਲ ਸੰਬੰਧਿਤ ਦੂਜੀਆਂ ਕੰਪਨੀਆਂ ਜਿਵੇਂ ਅਰਬਨ ਆਊਟਫਿਟਰਜ, ਵਾਲਮਾਰਟ, ਐਡੀ ਬਾਇਅਰ, ਮਾਈਕਲ ਕੋਰਜ, ਵਿਕਟੋਰੀਆਜ ਸੀਕਰੇਟ ਅਤੇ ਜੇ. ਸੀ. ਪੈਨੀ ਵਰਗੀਆਂ ਕੰਪਨੀਆਂ ਵੱਲੋਂ ਫੈਸਨ ਨਾਲ ਸੰਬੰਧਿਤ ਅਣਵਿਕੀਆਂ ਵਸਤਾਂ ਨੂੰ ਨਸਟ ਕਰਨ ਦੀਆਂ ਰਿਪੋਰਟਾਂ ਸੌਖਿਆਂ ਹੀ ਲੱਭ ਸਕਦੇ ਹੋ।

'ਫਾਸਟ ਫੈਸਨ' ਦੀ ਪੱਧਰ 'ਤੇ ਫੈਸਨ ਸਨਅਤ ਵੱਲੋਂ ਚੰਗੀਆਂ ਭਲੀਆਂ ਚੀਜਾਂ ਨਸਟ ਕਰਨ ਦੇ ਮੁੱਖ ਕਾਰਨਾਂ ਵਿੱਚੋਂ ਪਹਿਲਾ ਕਾਰਨ ਹੈ ਚੀਜਾਂ ਦਾ ਮੰਗ ਤੋਂ ਵੱਧ ਉਤਪਾਦਨ। ਕੁੱਝ ਕੁ ਹਫਤਿਆਂ ਬਾਅਦ ਬਦਲਦੇ ਰਹਿੰਦੇ ਫੈਸਨ ਕਾਰਨ ਕੰਪਨੀਆਂ ਨਵੀਆਂ ਤੋਂ ਨਵੀਆਂ ਚੀਜਾਂ ਮਾਰਕੀਟ ਵਿੱਚ ਲਿਆਉਂਦੀਆਂ ਰਹਿੰਦੀਆਂ ਹਨ। ਸਟੋਰਾਂ ਵਿੱਚ ਇਹਨਾਂ ਨਵੀਆਂ ਚੀਜਾਂ ਲਈ ਥਾਂ ਬਣਾਉਣ ਲਈ ਪੁਰਾਣੇ ਸਟਾਕ ਵਿਚਲੀਆਂ ਚੀਜਾਂ ਨੂੰ ਨਸਟ ਕਰਨਾ ਇਹਨਾਂ ਕੰਪਨੀਆਂ ਦੀ ਮਜਬੂਰੀ ਬਣ ਜਾਂਦਾ ਹੈ। ਇੱਥੇ ਪਾਠਕਾਂ ਦੇ ਮਨ ਵਿੱਚ ਇਹ ਸਵਾਲ ਆ ਸਕਦਾ ਹੈ ਕਿ ਮੰਗ ਤੋਂ ਵੱਧ ਪੈਦਾ ਕੀਤੀਆਂ ਚੀਜਾਂ ਨੂੰ ਰੀਸਾਈਕਲ ਜਾਂ ਦੁਬਾਰਾ ਕਿਉਂ ਨਹੀਂ ਵਰਤਿਆ ਜਾਂਦਾ? ਇਸ ਦਾ ਕਾਰਨ ਹੈ ਕਿ ਬਹੁਤੀ ਚੀਜਾਂ ਨੂੰ ਰੀਸਾਈਕਲ ਕਰਨਾ ਇੰਨਾ ਸੌਖਾ ਜਾਂ ਸਸਤਾ ਨਹੀਂ ਹੁੰਦਾ। ਉਦਾਹਰਨ ਲਈ ਜਦੋਂ ਕੱਪੜੇ ਤਿਆਰ ਕਰਨ ਲਈ ਵੱਖ ਵੱਖ ਫੈਬਰਿਕਾਂ ਨੂੰ ਇਕ ਦੂਜੇ ਨਾਲ ਮਿਲਾਇਆ ਜਾਂਦਾ ਹੈ, ਜਿਵੇਂ ਪੌਲੀਐਸਟਰ ਨੂੰ ਕਾਟਨ ਨਾਲ, ਤਾਂ ਰੀਸਾਈਕਲ ਕਰਨ ਦੀਆਂ ਚੋਣਾਂ ਬਹੁਤ ਸੀਮਤ ਹੋ ਜਾਂਦੀਆਂ ਹਨ। ਇਸ ਦੇ ਨਾਲ ਹੀ ਰੀਸਾਈਕਲ ਕਰਨ ਲਈ ਕੱਪੜਿਆਂ ਨੂੰ ਲੀਰਾਂ ਲੀਰਾਂ (ਸਰੈਡ) ਕਰਨ ਤੋਂ ਪਹਿਲਾਂ ਉਹਨਾਂ ਦੀਆਂ ਜਿੱਪਰਾਂ, ਬਟਨਾਂ ਆਦਿ ਨੂੰ ਲਾਹੁਣਾ ਪੈਂਦਾ ਹੈ। ਇਹ ਕੰਮ ਕਰਨ 'ਤੇ ਖਰਚਾ ਆਉਂਦਾ ਹੈ। ਨਤੀਜੇ ਵਜੋਂ ਬਹੁਤੀ ਵਾਰੀ ਅਜਿਹੇ ਕੱਪੜਿਆਂ ਨੂੰ ਰੀਸਾਈਕਲ ਕਰਨ ਦੀ ਥਾਂ ਨਸਟ ਕਰਨਾ ਸਸਤਾ ਪੈਂਦਾ ਹੈ ਅਤੇ ਕੰਪਨੀਆਂ ਅਜਿਹਾ ਕਰਨ ਦੀ ਚੋਣ ਕਰਦੀਆਂ ਹਨ। ਦੂਜੇ ਪਾਸੇ 'ਹਾਈ ਇੰਡ ਫੈਸਨ' ਜਾਂ ਲਗਜਰੀ ਬ੍ਰਾਂਡਾਂ ਵਾਲੀਆਂ ਕੰਪਨੀਆਂ ਆਪਣੀਆਂ ਅਣਵਿਕੀਆਂ ਵਸਤਾਂ ਇਸ ਲਈ ਨਸਟ ਕਰਦੀਆਂ ਹਨ ਕਿਉਂਕਿ ਉਹ ਆਪਣੇ ਬ੍ਰਾਂਡਾਂ ਦੀ ਬਣਾਈ ਪੈਂਠ ਨਹੀਂ ਘਟਾਉਣਾ ਚਾਹੁੰਦੀਆਂ। ਉਹ ਨਹੀਂ ਚਾਹੁੰਦੀਆਂ ਕਿ ਉਹਨਾਂ ਦੀਆਂ ਬ੍ਰਾਂਡਡ ਚੀਜਾਂ ਸਸਤੀ ਕੀਮਤ 'ਤੇ ਲੋਕਾਂ ਤੱਕ ਪਹੁੰਚਣ ਅਤੇ ਉਹ ਲੋਕ ਉਹ ਚੀਜਾਂ ਪਾ/ਹੰਢਾ ਸਕਣ ਜਿਹੜੇ ਲੋਕ ਇਹ ਚੀਜਾਂ ਖ੍ਰੀਦਣ ਦੇ ਸਮਰਥ ਨਹੀਂ ਹਨ। ਇਸ ਲਈ ਜਦੋਂ ਉਹ ਆਪਣੀਆਂ ਅਣਵਿਕੀਆਂ ਵਸਤਾਂ ਨੂੰ ਕੂੜੇ ਦੇ ਢੇਰ 'ਤੇ ਸੁੱਟਦੇ ਹਨ ਤਾਂ ਉਹਨਾਂ ਨੂੰ ਕੱਟ/ਵੱਢ ਕੇ ਸੁੱਟਦੇ ਹਨ ਤਾਂ ਕਿ ਕੋਈ ਵਿਅਕਤੀ ਉਹਨਾਂ ਵਸਤਾਂ ਨੂੰ ਉੱਥੋਂ ਚੁੱਕ ਕੇ ਵਰਤ ਨਾ ਸਕੇ। ਉਦਾਹਰਨ ਲਈ ਜਨਵਰੀ 2017 ਦੇ ਨਿਊ ਯੌਰਕ ਟਾਈਮਜ ਵਿੱਚ ਛਪੇ ਸਲੈਸਰਜ ਵਰਕ ਰੁਈਨਜ ਸੂਅਜ ਡਿਸਕਾਰਡਡ ਐਟ ਏ ਨਾਈਕ ਸਟੋਰ ਨਾਮੀ ਇਕ ਲੇਖ ਵਿੱਚ ਮੈਨਹੈਟਨ ਦੇ ਸੋਹੋ ਸੈਕਸਨ ਵਿੱਚ ਪੈਂਦੇ ਨਾਈਕ ਸਟੋਰ ਵੱਲੋਂ ਕੂੜੇ ਦੇ ਬੈਗਾਂ ਵਿੱਚ ਪਾ ਕੇ ਸੁੱਟੀਆਂ ਜੁੱਤੀਆਂ ਦਾ ਜਿਕਰ ਕੀਤਾ ਗਿਆ ਹੈ। ਇਸ ਲੇਖ ਅਨੁਸਾਰ ਇਸ ਸਟੋਰ ਵੱਲੋਂ ਕੂੜੇ ਦੇ ਢੇਰ 'ਤੇ ਸੁੱਟੀਆਂ ਗਈਆਂ ਜੁੱਤੀਆਂ ਨੂੰ ਸੁੱਟਣ ਤੋਂ ਪਹਿਲਾਂ ਅੱਡੀਆਂ ਤੋਂ ਲੈ ਕੇ ਪੰਜਿਆਂ ਤੱਕ ਚਾਕੂਆਂ ਜਾਂ ਬਲੇਡਾਂ ਨਾਲ ਪਾੜ ਦਿੱਤਾ ਗਿਆ ਸੀ। ਇਸ ਲੇਖ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਜੁੱਤੀਆਂ ਤੋਂ ਬਿਨਾਂ ਕੂੜੇ 'ਤੇ ਸੁੱਟੀਆਂ ਚੀਜਾਂ ਵਿੱਚ ਕੱਟ ਕੇ ਸੁੱਟੀਆਂ ਟੀ-ਸਰਟਾਂ ਅਤੇ ਸਵੈਟਰ ਵੀ ਸਾਮਲ ਸਨ। ਇਸ ਹੀ ਲੇਖ ਵਿੱਚ ਇਕ ਹੋਰ ਲੇਖ ਦੇ ਹਵਾਲੇ ਨਾਲ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਕੱਪੜੇ ਵੇਚਣ ਵਾਲੀ ਐੱਚ ਐਂਡ ਐੱਮ ਚੇਨ ਵੀ ਅਣਵਿਕੇ ਕੱਪੜਿਆਂ ਨੂੰ ਇਸ ਤਰ੍ਹਾਂ ਕੱਟ ਵੱਢ ਕੇ ਕੂੜੇ ਦੇ ਢੇਰ 'ਤੇ ਸੁੱਟਦੀ ਹੈ।

'ਹਾਈ ਇੰਡ' ਫੈਸਨ ਦੀ ਪੱਧਰ 'ਤੇ ਫੈਸਨ ਸਨਅਤ ਵੱਲੋਂ ਵਸਤਾਂ ਨੂੰ ਸਸਤੀ ਕੀਮਤ 'ਤੇ ਵੇਚਣ ਦੀ ਥਾਂ ਨਸਟ ਕਰਨ ਦਾ ਇਕ ਹੋਰ ਕਾਰਨ ਇਹ ਹੈ ਕਿ ਇਹਨਾਂ ਚੀਜਾਂ ਨੂੰ ਬਣਾਉਣ 'ਤੇ ਆਈ ਲਾਗਤ ਅਤੇ ਚੀਜ ਦੀ ਵਿਕਰੀ ਦੀ ਕੀਮਤ ਵਿੱਚ ਬਹੁਤ ਫਰਕ ਹੁੰਦਾ ਹੈ। ਵਾਈ ਫੈਸਨ ਬ੍ਰਾਂਡਜ ਡਿਸਟਰੋਏ ਬਿਲੀਅਨਜ ਵਰਥ ਆਫ ਦੇਅਰ ਓਨ ਮਰਚੈਨਡਾਈਜ ਐਵਰੀ ਯੀਅਰ ਨਾਮੀ ਲੇਖ ਵਿੱਚ ਨਿਊਯਾਰਕ ਦੇ ਪਾਰਸਨ ਸਕੂਲ ਆਫ ਡਿਜਾਇਨ ਦਾ ਐਸੋਸੀਏਟ ਡੀਨ ਅਤੇ ਇਸ ਸਕੂਲ ਦੇ ਟਿਸਮੈਨ ਇਨਵਾਇਰਮੈਂਟ ਐਂਡ ਡਿਜਾਇਨ ਸੈਂਟਰ ਵਿਖੇ ਫੈਸਨ ਡਿਜਾਇਨ ਅਤੇ ਸਸਟੇਨੇਬਿਲਟੀ ਦਾ ਪ੍ਰੋਫੈਸਰ ਟਿਮੋ ਰਿਸਾਨੈਨ ਦਸਦਾ ਹੈ ਕਿ ਚੈਨਲ ਫੈਸਨ ਹਾਊਸ ਵਿਖੇ ਜਿਹੜੀ ਡਰੈੱਸ 1200 ਡਾਲਰ ਨੂੰ ਵੇਚੀ ਜਾਂਦੀ ਹੈ, ਉਹ ਡਰੈੱਸ ਬਣਾਉਣ ਲਈ ਚੈਨਲ ਨੇ 100 ਡਾਲਰ ਵੀ ਨਹੀਂ ਦਿੱਤੇ ਹੁੰਦੇ। ਡਰੈੱਸ ਦੀ 1200 ਡਾਲਰ ਕੀਮਤ ਤਾਂ ਕੰਪਨੀ ਵੱਲੋਂ ਇਸ ਡਰੈੱਸ ਦਾ ਬ੍ਰਾਂਡ ਸਥਾਪਤ ਕਰਨ ਲਈ ਵੱਡੀ ਪੱਧਰ 'ਤੇ ਇਸ਼ਤਿਹਾਰਬਾਜੀ 'ਤੇ ਖਰਚੀ ਰਕਮ ਕਾਰਨ ਹੁੰਦੀ ਹੈ। ਇਸ ਲਈ ਜਦੋਂ ਚੈਨਲ ਫੈਸਨ ਹਾਊਸ 1200 ਡਾਲਰ ਦੀ ਡਰੈੱਸ ਨੂੰ ਨਸਟ ਕਰਦਾ ਹੈ ਤਾਂ ਉਸ ਨੂੰ ਕੋਈ ਵੱਡਾ ਘਾਟਾ ਨਹੀਂ ਪੈਂਦਾ। ਇਸ ਡਰੈੱਸ ਨੂੰ ਸਸਤੀ ਕੀਮਤ 'ਤੇ ਵੇਚ ਕੇ ਆਪਣੇ ਬ੍ਰਾਂਡ ਦੀ ਕੀਮਤ ਘੱਟ ਕਰ ਲੈਣ ਦਾ ਖਤਰਾ ਚੈਨਲ ਨੂੰ ਇਸ ਡਰੈੱਸ ਨੂੰ ਨਸਟ ਕਰਕੇ ਪੈਣ ਵਾਲੇ ਘਾਟੇ ਨਾਲੋਂ ਵੱਡਾ ਜਾਪਦਾ ਹੈ।

ਕਈ ਕੇਸਾਂ ਵਿੱਚ ਸਰਕਾਰਾਂ ਦੇ ਕਸਟਮ ਦੇ ਕਾਨੂੰਨ ਵੀ ਫੈਸਨ ਨਾਲ ਸੰਬੰਧਿਤ ਕੰਪਨੀਆਂ ਨੂੰ ਆਪਣੀਆਂ ਵਸਤਾਂ ਨੂੰ ਨਸਟ ਕਰਨ ਲਈ ਉਤਸਾਹਿਤ ਕਰਦੇ ਹਨ। ਉਦਾਹਰਨ ਲਈ ਫੈਸਨ ਲਾਅ ਦੇ ਸਾਈਟ 'ਤੇ ਛਪੇ ਬਰਨਡ ਬੈਗਜ, ਡਿਸਟਰੌਇਡ ਵਾਚਜ: ਦੇਅਰ ਇਜ ਮੋਰ ਟੂ ਦੀ ਅਲੈਜਡ ਡਿਸਟ੍ਰਕਸਨ ਆਫ ਲਗਜਰੀ ਗੁਡਜ ਦੈਨ ਯੂ ਥਿੰਕ ਨਾਮੀ ਲੇਖ ਅਨੁਸਾਰ ਅਮਰੀਕਾ ਦੇ ਕਸਟਮ ਦੇ ਕਾਨੂੰਨ ਅਨੁਸਾਰ ਜੇ ਅਮਰੀਕਾ 'ਚ ਦਰਾਮਦ (ਇੰਪੋਰਟ) ਕਰਕੇ ਲਿਆਂਦੀ ਕੋਈ ਚੀਜ ਵਰਤੀ ਨਾ ਜਾਵੇ ਅਤੇ ਅਗਾਂਹ ਬਰਾਮਦ (ਐਕਸਪੋਰਟ) ਕਰ ਦਿੱਤੀ ਜਾਵੇ ਜਾਂ ਕਸਟਮ ਵਾਲਿਆਂ ਦੀ ਨਿਗਰਾਨੀ ਹੇਠ ਨਸਟ ਕਰ ਦਿੱਤੀ ਜਾਵੇ ਤਾਂ, ਤਾਂ ਉਹ ਚੀਜ ਅਮਰੀਕਾ ਨੂੰ ਦਰਾਮਦ ਕਰਨ ਵਾਲੀ ਕੰਪਨੀ ਉਸ ਚੀਜ ਨੂੰ ਦਰਾਮਦ ਕਰਨ ਲਈ ਦਿੱਤੀ ਕਸਟਮ ਡਿਊਟੀ, ਟੈਕਸ ਅਤੇ ਫੀਸ ਵਾਪਸ ਲੈਣ ਦੀ ਹੱਕਦਾਰ ਬਣ ਜਾਂਦੀ ਹੈ। ਕਿਉਂਕਿ ਅਮਰੀਕਾ ਨੂੰ ਦਰਾਮਦ ਹੋਣ ਵਾਲੀਆਂ ਵੱਖ ਵੱਖ ਵਸਤਾਂ (ਹੈਂਡ ਬੈਗਾਂ, ਕੱਪੜਿਆਂ, ਘੜੀਆਂ ਆਦਿ) 'ਤੇ ਲੱਗਣ ਵਾਲੀ ਕਸਟਮ ਡਿਊਟੀ ਇਸ ਦੀ ਕੀਮਤ ਦੇ 11% 60% ਤੱਕ ਹੁੰਦੀ ਹੈ। ਇਸ ਲਈ ਜੇ ਫੈਸਨ ਕੰਪਨੀਆਂ ਆਪਣੀਆਂ ਅਣਵਿਕੀਆਂ ਵਸਤਾਂ ਨੂੰ ਕਸਟਮ ਦੇ ਨਿਯਮਾਂ ਅਨੁਸਾਰ ਬਰਾਮਦ ਕਰ ਦੇਣ ਜਾਂ ਨਸਟ ਕਰ ਦੇਣ ਤਾਂ ਉਹ ਕੰਪਨੀਆਂ ਇਹਨਾਂ ਵਸਤਾਂ ਨੂੰ ਨਸਟ ਕਰਨ ਤੋਂ ਬਾਅਦ ਵੱਡੀਆਂ ਰਕਮਾਂ ਦਾ ਵਾਪਸ ਲੈਣ ਦਾ ਕਲੇਮ ਕਰ ਸਕਦੀਆਂ ਹਨ।

ਇਸ ਹੀ ਤਰ੍ਹਾਂ ਦੀ ਸਥਿਤੀ ਇਟਲੀ (ਅਤੇ ਕਈ ਹੋਰ ਦੇਸਾਂ) ਵਿੱਚ ਹੈ। ਇਸ ਸੰਬੰਧ ਵਿੱਚ ਮਰਦਾਂ ਦੇ ਪਹਿਰਾਵੇ ਨਾਲ ਸੰਬੰਧਿਤ ਬਰਾਂਡ ਸਟੈਫਨੋ ਰਿੱਕੀ ਅਨੁਸਾਰ ਸਾਲ ਦੇ ਅੰਤ 'ਤੇ ਉਹਨਾਂ ਦੇ ਕਰਮਚਾਰੀ ਅਣਵਿਕੇ ਕੱਪੜਿਆਂ ਦੇ ਭਰੇ ਹੋਏ ਬਕਸੇ ਇਕੱਠੇ ਕਰਕੇ ਕੱਪੜਿਆਂ ਨੂੰ ਸਾੜਨ ਵਾਲੀਆਂ ਥਾਂਵਾਂ 'ਤੇ ਲੈ ਜਾਂਦੇ ਹਨ। ਇਹਨਾਂ ਕੱਪੜਿਆਂ ਨੂੰ ਸਾੜਨ ਵਾਲੀਆਂ ਕੰਪਨੀਆਂ ਕੱਪੜਿਆਂ ਦੇ ਸਾੜਨ ਦੀ ਫਿਲਮ ਬਣਾ ਲੈਂਦੀਆਂ ਹਨ, ਤਾਂ ਕਿ ਇਟਲੀ ਦੇ ਟੈਕਸ ਅਧਿਕਾਰੀਆਂ ਸਾਹਮਣੇ ਸਾਬਤ ਕੀਤਾ ਜਾ ਸਕੇ ਕਿ ਉਹਨਾਂ ਕੱਪੜਿਆਂ ਨੂੰ ਸੱਚਮੁੱਚ ਹੀ ਸਾੜ ਦਿੱਤਾ ਗਿਆ ਹੈ। ਇਸ ਕੰਪਨੀ ਦੇ ਇਕ ਅਧਿਕਾਰੀ ਦਾ ਕਹਿਣਾ ਸੀ ਕਿ ਕੰਪਨੀ ਚਾਹੇਗੀ ਕਿ ਉਹ ਆਪਣੀਆਂ ਕੁੱਝ ਅਣਵਿਕੀਆਂ ਚੀਜਾਂ ਨੂੰ ਦਾਨ ਕਰ ਦੇਵੇ, ਪਰ ਟੈਕਸਾਂ ਤੋਂ ਮਿਲਣ ਵਾਲੇ ਕਰੈਡਿਟ ਕੰਪਨੀ ਦੇ ਹੱਥ ਬੰਨ ਦਿੰਦੇ ਹਨ।

ਅਣਵਿਕੀਆਂ ਪਰ ਚੰਗੀਆਂ ਭਲੀਆਂ ਵਸਤਾਂ ਨੂੰ ਨਸਟ ਕਰਨ ਦਾ ਇਹ ਵਰਤਾਰਾ ਸਿਰਫ ਖਾਣੇ ਅਤੇ ਫੈਸਨ ਦੇ ਖੇਤਰਾਂ ਤੱਕ ਹੀ ਸੀਮਤ ਨਹੀਂ। ਇਸ ਨੂੰ ਹੋਰ ਕਈ ਖੇਤਰਾਂ ਵਿੱਚ ਵੀ ਦੇਖਿਆ ਜਾ ਸਕਦਾ ਹੈ। ਲੇਖ ਲੰਮਾ ਹੋਣ ਦੇ ਡਰੋਂ ਮੈਂ ਇੱਥੇ ਉਹਨਾਂ ਸਾਰਿਆਂ ਬਾਰੇ ਜਿਕਰ ਨਹੀਂ ਕਰਾਂਗਾ, ਸਿਰਫ ਆਨਲਾਈਨ ਵਸਤਾਂ ਵੇਚਣ ਵਾਲੀ ਵੱਡੀ ਕੰਪਨੀ ਐਮਾਜੋਨ ਦੇ ਵੇਅਰਹਾਊਸਾਂ ਵਿੱਚ ਅਣਵਿਕੀਆਂ ਪਰ ਚੰਗੀ ਭਲੀਆਂ ਵਸਤਾਂ ਨੂੰ ਨਸਟ ਕਰਨ ਬਾਰੇ ਸੰਨ 2021 ਵਿੱਚ ਆਈ ਇਕ ਰਿਪੋਰਟ ਵਿੱਚੋਂ ਕੁੱਝ ਜਾਣਕਾਰੀ ਸਾਂਝੀ ਕਰਾਂਗਾ। ਜੂਨ 2021 ਵਿੱਚ ਯੂ ਕੇ ਦੇ ਆਈ ਟੀ ਵੀ ਨੇ ਇਕ ਰਿਪੋਰਟ ਜਾਰੀ ਕਰਕੇ ਇਹ ਤੱਥ ਸਾਹਮਣੇ ਲਿਆਂਦੇ ਸਨ ਕਿ ਯੂ ਕੇ ਵਿੱਚ ਐਮਾਜੋਨ ਦੇ ਡਨਫਰਮਿਲਨ ਸਥਿਤ ਵੇਅਰਹਾਊਸ ਵਿੱਚ ਦਹਿ-ਲੱਖਾਂ (ਮਿਲੀਅਨਾਂ) ਦੀ ਗਿਣਤੀ ਵਿੱਚ ਅਣਵਿਕੀਆਂ ਪਰ ਚੰਗੀਆਂ ਭਲੀਆਂ ਵਸਤਾਂ ਨਸਟ ਕੀਤੀਆਂ ਜਾਂਦੀਆਂ ਹਨ। ਇਹਨਾਂ ਵਸਤਾਂ ਵਿੱਚ ਸਮਾਰਟ ਟੀ ਵੀ, ਲੈਪਟੌਪ, ਡਰੋਨ, ਹੇਅਰ ਡਰਾਇਰ, ਚੰਗੀ ਕੁਆਲਟੀ ਦੇ ਹੈੱਡਫੋਨ, ਕੰਪਿਊਟਰਾਂ ਦੀਆਂ ਡਰਾਈਵਾਂ, ਕਿਤਾਬਾਂ, ਮਾਸਕ, ਪੱਖੇ, ਹੂਵਰ ਅਤੇ ਆਈਪੈਡਾਂ ਵਰਗੀਆਂ ਚੀਜਾਂ ਸਾਮਲ ਹਨ। ਇਸ ਵੇਅਰਹਾਊਸ ਵਿੱਚ ਕੰਮ ਕਰਦੇ ਇਕ ਕਰਮਚਾਰੀ ਨੇ ਆਈ ਟੀ ਵੀ ਨੂੰ ਦੱਸਿਆ ਕਿ ਇਸ ਵੇਅਰਹਾਊਸ ਵਿੱਚ ਆਮ ਤੌਰ 'ਤੇ ਹਰ ਹਫਤੇ 1 ਲੱਖ 30 ਹਜਾਰ ਦੇ ਕਰੀਬ ਚੀਜਾਂ ਨੂੰ ਨਸਟ ਕਰ ਦਿੱਤਾ ਜਾਂਦਾ ਹੈ। ਕੁੱਝ ਹਫਤਿਆਂ ਦੌਰਾਨ ਨਸ਼ਟ ਕਰਨ ਵਾਲੀਆਂ ਇਹਨਾਂ ਚੀਜਾਂ ਦੀ ਗਿਣਤੀ 2 ਲੱਖ ਤੱਕ ਪਹੁੰਚ ਜਾਂਦੀ ਹੈ। ਇਹਨਾਂ ਵਸਤਾਂ ਵਿੱਚ ਗਾਹਕਾਂ ਵੱਲੋਂ ਮੋੜੀਆਂ ਗਈਆਂ ਵਸਤਾਂ ਦੇ ਨਾਲ ਨਾਲ ਅਣਖੋਲ੍ਹੇ ਪੈਕਟਾਂ ਵਿੱਚ ਬੰਦ ਨਵੀਆਂ ਨਕੋਰ ਚੀਜ਼ਾਂ ਸਾਮਲ ਹੁੰਦੀਆਂ ਹਨ। ਇਸ ਰਿਪੋਰਟ ਅਨੁਸਾਰ ਇਸ ਵੇਅਰਹਾਊਸ ਵਿੱਚ ਨਸਟ ਕੀਤੀਆਂ ਚੀਜਾਂ ਵਿੱਚੋਂ 50 ਫੀਸਦੀ ਚੀਜਾਂ ਬਿਲਕੁਲ ਨਵੀਆਂ ਸਨ ਅਤੇ ਉਹਨਾਂ ਨੂੰ ਪੈਕਟਾਂ ਵਿੱਚੋਂ ਨਹੀਂ ਕੱਢਿਆ ਗਿਆ ਸੀ। ਅੰਞਾਈ ਨਸਟ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਇਹ ਗਿਣਤੀ ਯੂ ਕੇ ਵਿੱਚ ਐਮਾਜੋਨ ਦੇ ਇਕ ਵੇਅਰਹਾਊਸ ਦੀ ਗਿਣਤੀ ਹੈ। ਵਿਸਵ ਪੱਧਰ 'ਤੇ ਐਮਾਜੋਨ ਦੇ ਸੈਂਕੜੇ ਵੇਅਰਹਾਊਸ ਹਨ। ਜੇ ਐਮਾਜੋਨ ਦੇ ਹਰ ਵੇਅਰਹਾਊਸ ਵਿੱਚ ਇਸ ਤਰ੍ਹਾਂ ਹੁੰਦਾ ਹੋਵੇ ਤਾਂ ਪਾਠਕ ਆਪ ਹੀ ਅੰਦਾਜ਼ਾ ਲਾ ਸਕਦੇ ਹਨ ਕਿ ਪੂਰੀ ਦੁਨੀਆ ਵਿੱਚ ਐਮਾਜੋਨ ਵੱਲੋਂ ਕਿੰਨੀਆਂ ਚੀਜਾਂ ਅੰਞਾਈ ਨਸਟ ਕੀਤੀਆਂ ਜਾਂਦੀਆਂ ਹੋਣਗੀਆਂ।

ਐਮਾਜੋਨ ਵੱਲੋਂ ਅਣਵਿਕਿਆਂ ਪਰ ਚੰਗੀਆਂ ਭਲੀਆਂ ਚੀਜਾਂ ਨੂੰ ਇਸ ਤਰ੍ਹਾਂ ਨਸਟ ਕਰਨ ਦਾ ਕੀ ਕਾਰਨ ਹੈ? ਆਈ ਟੀ ਵੀ ਵੱਲੋਂ ਪ੍ਰਕਾਸਤ ਉਪ੍ਰੋਕਤ ਰਿਪੋਰਟ ਅਨੁਸਾਰ ਐਮਾਜੋਨ ਦਾ "ਕਾਮਯਾਬ" ਬਿਜਨਿਸ ਮਾਡਲ ਇਸ ਵਰਤਾਰੇ ਲਈ ਜ਼ਿੰਮੇਵਾਰ ਹੈ। ਐਮਾਜੋਨ ਰਾਹੀਂ ਚੀਜਾਂ ਵੇਚਣ ਵਾਲੇ ਆਪਣੀਆਂ ਵਸਤਾਂ ਨੂੰ ਐਮਾਜੋਨ ਦੇ ਵੇਅਰਹਾਊਸ ਵਿੱਚ ਰੱਖਣ ਲਈ ਐਮਾਜੋਨ ਤੋਂ ਥਾਂ ਕਿਰਾਏ 'ਤੇ ਲੈਂਦੇ ਹਨ। ਜੇ ਉਹਨਾਂ ਦੀਆਂ ਵਸਤਾਂ ਜਿਆਦਾ ਦੇਰ ਨਾ ਵਿਕਣ ਤਾਂ ਉਸ ਕੰਪਨੀ ਤੋਂ ਵੇਅਰਹਾਊਸ ਵਿਚਲੀ ਥਾਂ ਦਾ ਜ਼ਿਆਦਾ ਕਿਰਾਇਆ ਲਿਆ ਜਾਂਦਾ ਹੈ। ਇਸ ਲਈ ਇਕ ਸਮਾਂ ਅਜਿਹਾ ਆ ਜਾਂਦਾ ਹੈ ਜਦੋਂ ਐਮਾਜੋਨ ਦੇ ਵੇਅਰਹਾਊਸ ਵਿੱਚ ਚੀਜਾਂ ਰੱਖਣ ਵਾਲੀ ਕੰਪਨੀ ਨੂੰ ਉੱਥੇ ਚੀਜਾਂ ਰੱਖੀ ਰੱਖਣ ਦੀ ਥਾਂ ਉਹਨਾਂ ਨੂੰ ਨਸਟ ਕਰਨਾ ਸਸਤਾ ਪੈਂਦਾ ਹੈ।

ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ ਬਾਰੇ ਉਪ੍ਰੋਕਤ ਜਾਣਕਾਰੀ ਇਹ ਸਪਸਟ ਕਰਦੀ ਹੈ ਕਿ ਇਸ ਪ੍ਰਬੰਧ ਵਿੱਚ ਵਸਤਾਂ ਦੇ ਉਤਪਾਦਨ, ਵਿਕਰੀ ਅਤੇ ਖਪਤ ਦੌਰਾਨ ਵੱਡੀ ਪੱਧਰ 'ਤੇ ਕੂੜਾ ਪੈਦਾ ਹੁੰਦਾ ਹੈ। ਜਦੋਂ ਦੁਨੀਆ ਵਿੱਚ ਕ੍ਰੋੜਾਂ ਲੋਕਾਂ ਨੂੰ ਦੋ ਡੰਗ ਦਾ ਖਾਣਾ, ਤਨ ਢਕਣ ਲਈ ਕੱਪੜਾ ਅਤੇ ਦੂਸਰੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਹੋਰ ਚੀਜਾਂ ਨਸੀਬ ਨਾ ਹੁੰਦੀਆਂ ਹੋਣ ਉਦੋਂ ਇੰਨੀ ਵੱਡੀ ਗਿਣਤੀ ਵਿੱਚ ਖਾਣੇ, ਕੱਪੜਿਆਂ ਅਤੇ ਹੋਰ ਵਸਤਾਂ ਦਾ ਕੂੜੇ ਦੇ ਢੇਰ 'ਤੇ ਸੁੱਟ ਦਿੱਤੇ ਜਾਣਾ ਕਿਸੇ ਵੀ ਤਰ੍ਹਾਂ ਠੀਕ ਨਹੀਂ ਠਹਿਰਾਇਆ ਜਾ ਸਕਦਾ। ਇਸ ਦੇ ਨਾਲ ਨਾਲ ਕੂੜੇ ਦੀ ਇਸ ਤਰ੍ਹਾਂ ਦੀ ਪੈਦਾਵਾਰ ਅਤੇ ਚੰਗੀਆਂ ਭਲੀਆਂ ਅੰਞਾਈ ਨਸਟ ਕੀਤੀਆਂ ਜਾਣ ਵਾਲੀਆਂ ਵਸਤਾਂ 'ਤੇ ਲੱਗਿਆ ਕੱਚਾ ਮਾਲ, ਊਰਜਾ, ਮਜਦੂਰ ਸਕਤੀ ਆਦਿ ਧਰਤੀ ਦੇ ਵਸੀਲਿਆਂ ਦੀ ਅੰਞਾਈ ਵਰਤੋਂ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ। ਬਾਅਦ ਵਿੱਚ ਇਸ ਕੂੜੇ ਨਾਲ ਨਿਪਟਣ ਲਈ ਇਸ ਦੀ ਕੂੜੇ ਦੇ ਢੇਰਾਂ ਤੱਕ ਢੋਆ-ਢੁਆਈ, ਇਸ ਨੂੰ ਜਮੀਨ ਵਿੱਚ ਦੱਬਣ ਲਈ ਲੋੜੀਂਦੀ ਜਮੀਨ, ਇਸ ਨੂੰ ਸਾੜ ਕੇ ਖਤਮ ਕਰਨ ਦੀਆਂ ਕਾਰਵਾਈਆਂ ਆਦਿ ਧਰਤੀ, ਪਾਣੀ ਅਤੇ ਵਾਯੂਮੰਡਲ ਨੂੰ ਪ੍ਰਦੂਸਤ ਕਰਨ ਦਾ ਵੱਡਾ ਕਾਰਨ ਬਣਦੇ ਹਨ। ਉਦਾਹਰਨ ਲਈ ਖਾਣਾ ਉਗਾਉਣ ਲਈ ਜਮੀਨ, ਪਾਣੀ ਅਤੇ ਊਰਜਾ ਦੀ ਲੋੜ ਪੈਂਦੀ ਹੈ। ਜਦੋਂ ਖਾਣਾ ਅੰਞਾਈ ਨਸਟ ਹੁੰਦਾ ਹੈ ਤਾਂ ਇਸ ਨੂੰ ਉਗਾਉਣ ਲਈ ਵਰਤੀ ਗਈ ਜਮੀਨ, ਪਾਣੀ ਅਤੇ ਊਰਜਾ ਨਸਟ ਹੁੰਦੀ ਹੈ। ਅਰਥ ਔਰਗ ਦੇ ਸਾਈਟ 'ਤੇ 17 ਜਨਵਰੀ 2022 ਨੂੰ ਛਪੀ ਹਾਉ ਡਜ ਫੂਡ ਵੇਸਟ ਅਫੈਕਟ ਦੀ ਇਨਵਾਇਰਮੈਂਟ ਨਾਮੀ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਅੰਞਾਈ ਨਸਟ ਹੋਣ ਵਾਲੇ ਖਾਣੇ ਨੂੰ ਉਗਾਉਣ ਲਈ ਅਮਰੀਕਾ ਦਾ 21 ਫੀਸਦੀ ਤਾਜਾ ਪਾਣੀ, 19 ਫੀਸਦੀ ਰਸਾਇਣਕ ਖਾਦਾਂ, ਖੇਤੀਬਾੜੀ ਲਈ ਵਰਤੀ ਜਾਂਦੀ ਜਮੀਨ ਦਾ 18 ਫੀਸਦੀ ਹਿੱਸਾ, ਅਤੇ ਕੂੜੇ ਨੂੰ ਸੁੱਟਣ ਲਈ ਵਰਤੀ ਜਾਂਦੀ ਜਮੀਨ (ਲੈਂਡਫਿੱਲ) ਦਾ 21 ਫੀਸਦੀ ਹਿੱਸਾ ਵਰਤਿਆ ਜਾਂਦਾ ਹੈ। ਗਾਂ ਦੇ ਮੀਟ ਦੇ ਇਕ ਕਿਲੋ ਨੂੰ ਕੂੜੇ ਦੇ ਢੇਰ 'ਤੇ ਸੁੱਟਣ ਦਾ ਅਰਥ 50,000 ਲੀਟਰ ਪਾਣੀ ਨੂੰ ਵਿਅਰਥ ਰੋੜਨਾ ਹੈ। ਜਦੋਂ ਦੁੱਧ ਦਾ ਇਕ ਗਲਾਸ ਸਿੰਕ ਵਿੱਚ ਡੋਲਿਆ ਜਾਂਦਾ ਹੈ, ਤਾਂ ਸਮਝ ਲਉ ਕਿ ਪਾਣੀ ਦੇ 1000 ਲੀਟਰ ਸਿੰਕ ਵਿੱਚ ਰੋੜ ਦਿੱਤੇ ਗਏ ਹਨ। ਦੁਨੀਆ ਭਰ ਵਿੱਚ ਅੰਞਾਈ ਨਸਟ ਕੀਤਾ ਗਿਆ ਖਾਣਾ ਹਰ ਸਾਲ ਵਾਤਾਵਰਨ ਵਿੱਚ 8% ਗਰੀਨ ਹਾਊਸ ਗੈਸਾਂ ਫੈਲਾਉਣ ਦਾ ਕਾਰਨ ਬਣਦਾ ਹੈ।

ਫੈਸਨ ਸਨਅਤ ਵਲੋਂ ਨਸਟ ਕੀਤੇ ਜਾਣ ਵਾਲੇ ਕੱਪੜਿਆਂ ਦੇ ਵੀ ਵਾਤਾਵਰਨ 'ਤੇ ਇਸ ਤਰ੍ਹਾਂ ਦੇ ਹੀ ਬੁਰੇ ਅਸਰ ਪੈਂਦੇ ਹਨ। ਸਭ ਤੋਂ ਪਹਿਲਾਂ ਕੂੜੇ ਦੇ ਢੇਰਾਂ ਉੱਤੇ ਸੁੱਟੇ ਗਏ ਕੱਪੜਿਆਂ ਨੂੰ ਗਲਣ (ਬਾਇਓਡਿਗ੍ਰੇਡ ਹੋਣ) ਲਈ ਸੈਂਕੜੇ ਸਾਲ ਲੱਗ ਜਾਂਦੇ ਹਨ। ਇਸ ਦੇ ਨਾਲ ਹੀ ਕੱਪੜਿਆਂ ਦੇ ਉਤਪਾਦਨ ਵਿੱਚ ਬਹੁਤ ਸਾਰੇ ਪਾਣੀ ਦੀ ਵਰਤੋਂ ਹੁੰਦੀ ਹੈ। ਈਕੋ ਵਾਚ ਦੇ ਸਾਈਟ 'ਤੇ ਛਪੇ ਚਿੱਲੀਜ ਆਟਾਕਾਮਾ ਡੈਜਰਟ: ਵਿਅਰ ਫਾਸਟ ਫੈਸਨ ਗੋਅਜ ਟੂ ਡਾਈ ਅਤੇ ਫਾਸਟ ਫੈਸਨ 101: ਐਵਰੀਥਿੰਗ ਯੂ ਨੀਡ ਟੂ ਨੋਅ ਨਾਮੀ ਲੇਖਾਂ ਅਨੁਸਾਰ ਜੀਨਾਂ ਦਾ ਇਕ ਜੋੜਾ ਤਿਆਰ ਕਰਨ ਲਈ 7500 ਲੀਟਰ ਪਾਣੀ ਲਗਦਾ ਹੈ। ਇੰਨਾ ਪਾਣੀ ਇਕ ਆਮ ਇਨਸਾਨ ਦੀਆਂ ਪੀਣ ਵਾਲੇ ਪਾਣੀ ਦੀਆਂ ਲੋੜਾਂ 5 ਸਾਲਾਂ ਲਈ ਪੂਰੀਆਂ ਕਰ ਸਕਦਾ ਹੈ। ਕੁੱਲ ਮਿਲਾ ਕੇ ਦੁਨੀਆ ਭਰ ਵਿੱਚ ਫੈਸਨ ਦੀ ਸਨਅਤ ਹਰ ਸਾਲ 93 ਅਰਬ (ਬਿਲੀਅਨ) ਘਣ ਮੀਟਰ ਪਾਣੀ ਦੀ ਵਰਤੋਂ ਕਰਦੀ ਹੈ। ਇੰਨਾ ਪਾਣੀ 50 ਲੱਖ ਲੋਕਾਂ ਲਈ ਪੀਣ ਲਈ ਕਾਫੀ ਹੁੰਦਾ ਹੈ। ਇਸ ਤੋਂ ਬਿਨਾਂ ਦੁਨੀਆ ਭਰ ਵਿੱਚ ਹਰ ਸਾਲ ਵਾਤਾਵਰਨ ਵਿੱਚ ਫੈਲਾਈ ਜਾਂਦੀ ਕਾਰਬਨਡਾਇਔਕਸਾਈਡ ਦਾ 8-10 ਫੀਸਦੀ ਹਿੱਸਾ ਕੱਪੜਿਆਂ ਦੀ ਸਨਅਤ ਕਾਰਨ ਪੈਦਾ ਹੁੰਦਾ ਹੈ। ਕੱਪੜਿਆਂ ਨੂੰ ਰੰਗਨ ਲਈ ਕਈ ਤਰ੍ਹਾਂ ਦੇ ਰਸਾਇਣਕ ਪਦਾਰਥ ਵਰਤੇ ਜਾਂਦੇ ਹਨ। ਡੈਨਿਮ ਜੀਨ ਦਾ ਉਤਪਾਦਨ ਧਰਤੀ ਉਤਲੇ ਤਾਜਾ ਪਾਣੀ ਨੂੰ ਪ੍ਰਦੂਸਤ ਕਰਨ ਵਾਲੇ ਸ੍ਰੋਤਾਂ ਵਿੱਚ ਦੂਜੇ ਨੰਬਰ 'ਤੇ ਆਉਂਦਾ ਹੈ। ਇਕ ਅੰਦਾਜੇ ਅਨੁਸਾਰ ਏਸੀਆ ਦੀਆਂ 70 ਫੀਸਦੀ ਝੀਲਾਂ ਅਤੇ ਨਦੀਆਂ ਕੱਪੜਿਆਂ ਦੀ ਸਨਅਤ ਕਾਰਨ ਪੈਦਾ ਹੋਣ ਵਾਲੀ 2.5 ਅਰਬ (ਬਿਲੀਅਨ) ਗੈਲਨ ਦੀ ਰਹਿੰਦ ਖੂਹੰਦ ਨਾਲ ਪ੍ਰਦੂਸਤ ਹੋ ਚੁੱਕੀਆਂ ਹਨ।

ਇਸ ਦਾ ਅਰਥ ਇਹ ਹੋਇਆ ਹੈ ਕਿ ਪੂੰਜੀਵਾਦੀ ਪ੍ਰਬੰਧ ਮਜਦੂਰਾਂ ਦਾ ਸ਼ੋਸ਼ਣ ਕਰਨ ਦੇ ਨਾਲ ਨਾਲ ਵਾਤਾਵਰਨ ਦਾ ਸੋਸਣ ਵੀ ਕਰਦਾ ਹੈ। ਇਹ ਪ੍ਰਬੰਧ ਜਿੱਥੇ ਆਮ ਇਨਸਾਨ ਦੀ ਭਲਾਈ ਲਈ ਖਤਰਾ ਹੈ, ਉੱਥੇ ਇਹ ਧਰਤੀ ਦੇ ਬਚੇ ਰਹਿਣ ਲਈ ਵੀ ਖਤਰਾ ਹੈ।

(ਸਮਾਪਤ)



# The Ontario Government's Plans for Healthcare Privatization and Seniors: Ontario Health Coalition Responds

The Ontario Conservative government of Doug Ford released what it called a five-point healthcare plan this morning in a press conference. In summary:

- On COVID-19 there was nothing new.

- On the unprecedented staffing crisis in Ontario's hospitals, long-term care and home care, there was another in a long string of reannouncements of plans to bring in thousands of new staff in a series of ad hoc measures, similar to what we have heard before. The government remains intransigent on revoking Bill 124. There remains no plan that is anywhere near sufficient nor urgent enough to deal with the staffing crisis.

- There were, in addition, two very serious and negative announcements, including plans to privatize Ontario's public hospital surgeries and diagnostics to for-profit clinics, and new legislation to enable the government to move seniors waiting for long-term care out of hospital beds into long-term care homes not of their choosing.

"Cutting through all the bafflegab, today's announcement had very little to improve public healthcare and a lot to promote for-profit privatization," said Natalie Mehra, executive director. "The bottom line is the Ford government is using the healthcare crisis to privatize Ontario's public hospital services and to push seniors out to fill long-term care beds in the worst nursing homes that no one wants to go to because they have terrible reputations, most of them for-profit. It is all couched in very carefully selected and manipulative language, but the actual policy changes they are proposing are clear and they clearly benefit for-profit companies at the expense of patients, particularly seniors."

The Coalition issued the following fact checker on the Ford government statements and what these announcements mean.

**Health Staffing Crisis**

The Ford government has repeatedly announced that they are going to bring in thousands, even tens of thousands of PSWs and nurses over the last two years. They continue to ignore entirely the critical shortage of health professionals (MRI, CT and Laboratory Technologists, Respiratory Therapists and others). Despite the government's repeated announcements, the staff have not materialized and Ontario's hospital critical and emergency care are now in an unprecedented staffing crisis. The government has not acted upon comprehensive recommendations to attract back staff who have left and to urgently enact emergency measures to mitigate the crisis. The Minister of Health continued today fail to acknowledge that there is a crisis.

The supposed plan for 6,000 staff announced today and 400 internationally trained nurses bear no relation to the actual shortages. There are more than 20,000 nursing vacancies in Ontario. Hospitals are closing MRIs overnight and respiratory therapists (responsible for ventilating COVID-19 patents and others) describe being unable to do all the overtime they are being called upon to do. Ontario long-term care homes require 37,000 nurses and PSWs to meet care needs and crisis level shortages continue across the province. Home care also has an unprecedented staffing shortage leaving patients without any access to home care or left at home waiting with home visits missed.

The claims by Premier Ford that it is normal for emergency departments and critical care to shut down in hospitals across the province is false. In the Ontario Health Coalition's fifty years of existence, the widespread closures we are seeing this summer have never happened before. In fact, emergency department closures are very rare and have only happened in a few small hospitals as a last resort. We are not aware of critical care units shutting down due to shortages ever.

The Health Minister's refusal to acknowledge that there is an unprecedented healthcare staffing crisis is disputed by everyone from from line physicians, nurses, health professionals and PSWs to the leaders of long-term care, home care and clinical hospital leaders. The current crisis is unprecedented and very real. It is threatening needed care for patients.

Despite the Premier's claim that the government cannot control price gauging by private for-profit staffing agencies, the Premier announced in the pandemic that he would stop price gauging and even launched a toll-free number for Ontarians to report it. The previous government agreed to make amendments to legislation to require a reduction in the use of agency staff. It is false that the government has no power over the corrosive practices and predatory pricing of the for-profit staffing industry.




**For-Profit Privatization of Hospitals**

So-called "Independent Health Facilities" are in fact private for-profit clinics. Ontario's Auditor General reports that 98% of the IHFs are for-profit. The Private Hospitals Act (1973) banned any new private for-profit hospitals fifty years ago, for good reason.

It is false for the Minister to assert that privatizing the provision of hospital surgeries and diagnostics will not result in two-tier healthcare and user charges for patients. Across Canada the overwhelming majority of hospital surgeries and MRIs/CTs are done in public hospitals operated on a non-profit basis in the public interest. However, there have been ongoing attempts to privatize these services by governments close to the for-profit corporations.

We have, multiple times called every private clinic in the country and have caught the majority of them charging patients thousands of dollars for healthcare services. We have published the transcripts of those calls and surveys of hundreds of patients giving the evidence of these violations of the Canada Health Act and provincial laws that prohibit charging patients user fees amounting to double, quadruple or even five-times the cost under public healthcare: $1000 for an MRI that costs around $300 under OHIP. $2000 for cataract surgery that costs $550 under OHIP.

The evidence is that the private clinics sell all kinds of medically unnecessary add-ons, upsell extra unneeded diagnostic tests to elderly patients, and engage in unethical self-referral, requiring their patients to pay hundreds or thousands of dollars in out-of-pocket charges. The evidence is that the for-profit privatization of public hospital services poses an existential threat to single-tier public medicare.

The Ontario Health Coalition held 20 press conferences in the months leading into the election warning that the Ford government was planning to privatize surgeries and diagnostics. They categorically denied it in numerous media interviews but are now, a few months after the election doing precisely what they proclaimed they were not planning to do.

Here is a sampling of the Ford government spokesperson's statements weeks before the provincial election call: "These claims are categorically false," said Hilkene. "To be clear, the government is committed to supporting the province's public healthcare system. The use or function of private hospitals and independent health facilities in Ontario is not being expanded or changed." Their statements are available here, here and here.

**Forced Movement of Seniors Into Long-Term Care Homes Not of Their Choice**

Long-Term Care Minister Paul Calandra's claims that this initiative is to allow conversation is so manipulative as to be false. Obviously, hospital discharge planners already have the ability, and have always had the ability, to have conversations with patients to move them out of hospitals. What they are not allowed to do is coerce patients. Patients already have to choose a minimum of five LTC homes to shortlist and there are an array of measures to pressure patients to move out of hospitals. Already coercive tactics to push the elderly out of hospitals without care or to inadequate places is one of the most common cause of complaint received by patient advocates. The change proposed by the government enables them to push elderly patients into places not of their choosing.

The claim that these moves will be temporary is false. The life expectancy of seniors entering long-term care is 18 months. Many will never make it to a home of their choice. Many will die in a place they do not want to live.

The claim that this will fix the hospital staffing crisis is false. Emergency departments and Intensive care units are staffed by specialized RNs and health professionals. Alternate care units where seniors are waiting for long-term care are staffed by PSWs and RPNs primarily. They are not transferable.

We think this announcement is about filling up the beds of the long-term care homes that are empty – the worst homes, primarily for-profits where no one wants to go. The public and non-profit homes have always had longer wait lists than the for-profits. Since the horrific exposés in the pandemic, Ontarians more widely have heard about the terrible long-term care homes and do not choose them for their shortlists. The LTC operators do not get full funding unless their beds are 98% full. Forcing or otherwise pressuring the elderly into terrible homes that they do not want to go to, especially as it is likely the place they will die, is odious.

For the Ontario news media, please note that the odious description of seniors as "taking up" hospital beds that we have heard all day on major newscasts is ageist and wrong. Seniors have the same right to hospital care as younger people. They do not "take up" resources that they are not entitled to. They are not bed blockers. They have suffered enormously and died as a result of discriminatory policies pushing them out of hospitals, refusing them access to hospital care when they needed it, refusing transfers to hospitals from long-term care, particularly in the pandemic. •

The Ontario Health Coalition is comprised of a Board of Directors, committees of the Board as approved in the Coalition's annual Action Plan, Local Coalitions, member organizations and individual members. The Ontario Health Coalition represents more than 400 member organizations and a network of Local Health Coalitions and individual members. Follow their tweets at @OntarioHealthC.

# Hundreds of Amazon Workers Stage Wildcat Strike Over 'Kick in the Teeth' Pay Offer

## Novara Media spoke to workers taking part in the impromptu sit-in.

**by Simon Childs and Polly Smythe**




Hundreds of Amazon workers are staging a wildcat strike over a "kick in the teeth" pay offer of 35p more per hour.

Workers at a huge Amazon warehouse complex in Tilbury, Essex, have been protesting in the cafeteria and refusing to work. The strikes began on Wednesday afternoon after managers announced the pay rise which amounts to a real-terms pay cut with inflation. Workers on the night shift continued the strike. On Thursday morning, approximately 400 day-shift workers continued to protest.

Union officials say that at one point on Thursday between 700 to 1,000 workers were protesting at the site where around 3,500 are employed.

The strike has already started to spread, according to reports. At an Amazon warehouse in Rugeley, Staffordshire, workers have walked out over a 50p pay offer. One worker told the Birmingham Mail the offer was "an embarrassment".

Workers spoke to Novara Media over social media from inside the Tilbury warehouse as they protested. They spoke anonymously for fear of reprisals from management.

One worker said: "We are still protesting here. They are not listening to us. We want our pay to be as per the current inflation rate. 35p is unfair. No one agrees."

"We have stopped working and we sat down in one of the main canteens here at Amazon warehouse."

Another worker said: "For everyone, rolling sentiment was, [the pay offer was] a kick in the teeth. During Covid we were required to still come in and work. Many people made sacrifices. Many workers felt it was shameful from Amazon Tilbury. Many workers are trained in multiple areas. So in a day a worker could be going to pack, then stow, then picking. All extra jobs for just 35p more."

Images from an internal Amazon newsletter seen by Novara Media show that lowest paid "associates" – as Amazon calls its staff – were offered a raise of 35p from £11.10 to £11.45. Higher paid "tier 3 associates" were offered a raise from £14.45 to £14.90.

Video footage circulating on social media shows a large number of workers gathered in a canteen and an Amazon manager pleading with them to end their protest: "This is not going to get us anywhere. You wanted to make the point, you made the point," the manager says.

"First of all, it's not very safe and I don't think this is a nice experience for any of you," they say.

Workers respond by shouting, "We are fine!"

Steve Garelick, the GMB trade union's regional organiser for logistics and gig economy, said that managers told striking workers, "'Look, if one person stayed on behalf of everyone else they would talk to them', and [the workers] basically said, 'piss off'."

He said that the protest is ongoing. "Night shift is already coming in to make sure they can be in the canteen so that the company can't pull a stunt and then lock that off.

"[Amazon] know they're doing wrong, they know they have upset people and rather than owning it and saying, 'let's sort this out', they're looking to try and kill what [protest] there is, and that's standard ignorant behaviour as far as I'm concerned."

One worker told Novara Media that management said workers would not get paid today if they were protesting and threatened staff that if they joined the strike they would be given a warning on "ADAPT" – the system that Amazon uses to track employee performance.

Garelick, said workers have been threatened with dismissal for protesting. "If they leave the premises they're being told they will be dismissed at the moment," he said. Garelick said HR staff are scouring social media looking for protesters. When approached for comment about these allegations by Novara Media, an Amazon spokesperson said: "There have been no sackings or disciplinary actions."

"They are trying to do everything they can to control this," said Garelick. GMB will support workers who are put through disciplinary procedures.

The GMB has a presence in the Tilbury warehouse, but there is no recognised trade union. Both union members and non-members are part of the strike. One striking worker said: "We have no union in Amazon. All employees are protesting."

The Essex fulfilment centre is the largest in the UK, and second largest in the world, measuring 2 million square foot. That's the same size as 28 football pitches – so vast that workers sometimes have to walk half a mile to reach the toilet.

Between 2017 and 2019, nearly 50 serious injuries were suffered by Tilbury Amazon workers, including fractured toes, fingers and feet. An undercover Sunday Mirror report in 2017 found workers at Tilbury falling asleep on their feet mid-shift from exhaustion. In 2021, a worker was found dead in the toilets on-site. The incident was not work-related.

**Hot strike summer.**

The strike comes amid a renewed wave of industrial action in the UK. As inflation soars, causing a cost-of-living crisis, unrest is spreading from industry to industry.

Recent weeks have seen major public sector strikes from railway workers, bus drivers and postal workers. There has also been unrest in workplaces with less union representation. Last week, non-union workers at a food factory in Bury staged a stoppage over working conditions and pay.

Amazon's UK arm made £20.63bn in revenue in 2020. Amazon UK Services, which runs its warehouse and logistics, paid just £18.3m in tax despite sales soaring.

Amazon, one of the world's biggest companies, has been repeatedly criticised for its working conditions, with aggressive productivity targets and the monitoring of workers' performances creating a relentless pace at which tasks must be completed.

The company also has a long history of hostility towards trade unions. Back in 2001, it was accused of dismissal of union activists and circulation of anti-union materials in a dispute with the Graphical, Paper and Media Union (later merged into Unite) at a distribution centre in Milton Keynes, Buckinghamshire.

Since 2013, the GMB union has been organising in Amazon warehouses. According to Amnesty International, Amazon has repeatedly sought to prevent GMB organisers from recruiting new members and picketing at Amazon's facilities, particularly around Prime Day and Black Friday. The union has received multiple legal notices regarding "alleged trespass"' and threats of injunctions for "unlawful trespass" if they attempt to enter the premises.

In Alabama, US, Amazon requested city officials alter traffic light patterns outside their Bessemer warehouse to prevent unions from canvassing workers while they waited at red lights. Amazon's internal worker chat app blocks and flags key-words relating to trade unions.

In April, workers at the JFK8 warehouse in Staten Island, New York, US, became the first Amazon facility in America to unionise. Workers alleged that Amazon colluded with the NYPD to fire and arrest pro-union workers in the run-up to the union election.

When approached for comment by Novara Media, an Amazon spokesperson said: "Starting pay for Amazon employees will be increasing to a minimum of between £10.50 and £11.45p/h, depending on location. This is for all full-time, part-time, seasonal, and temporary roles in the UK.

"In addition to this competitive pay, employees are offered a comprehensive benefits package that includes private medical insurance, life assurance, income protection, subsidised meals and an employee discount among others, which combined are worth thousands annually, as well as a company pension plan."

Simon Childs is a commissioning editor and reporter for Novara Media.

Polly Smythe is Novara Media's labour movement correspondent.

# ਕਸ਼ਮੀਰ ਵਿਚ ਕੁਚਲੀ ਜਾ ਰਹੀ ਹੈ ਪੱਤਰਕਾਰੀ

*[ਪਿਛਲੇ ਦਿਨੀਂ ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਕਸ਼ਮੀਰੀ ਪੱਤਰਕਾਰ ਸ਼ਾਹਿਦ ਤਾਂਤਰੇ ਨੂੰ ਡਰਾਉਣ ਧਮਕਾਉਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ । ਇਸ ਦਾ ਕਾਰਨ ਉਸ ਵੱਲੋਂ ਕਾਰਵਾਂ ਮੈਗਜ਼ੀਨ ਲਈ ਕੀਤੀਆਂ ਰਿਪੋਰਟਾਂ ਹਨ । ਉਸ ਦੀ ਇਕ ਵਿਸਤਾਰਤ ਰਿਪੋਰਟ ਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਰਾ ਹੈ ਜਿਸ ਵਿਚ ਉਸ ਨੇ ਕਸ਼ਮੀਰ ਵਿਚ ਪੱਤਰਕਾਰੀ ਦੀ ਸਟੇਟ ਵੱਲੋਂ ਜ਼ੁਬਾਨਬੰਦੀ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਤਸਵੀਰ ਪੇਸ਼ ਕੀਤੀ ਸੀ ।]*

-ਸ਼ਾਹਿਦ ਤਾਂਤਰੇ
ਅਨੁ.: ਬੂਟਾ ਸਿੰਘ ਮਹਿਮੂਦਪੁਰ

(ਪਿਛਲੇ ਅੰਕ ਦੀ ਬਾਕੀ)

ਤਿੰਨ ਦਿਨ ਬਾਦ, ਉਨ੍ਹਾਂ ਨੂੰ ਕੋਠੀ ਬਾਗ਼ ਥਾਣੇ 'ਚ ਬੁਲਾਇਆ ਗਿਆ ਅਤੇ ਦੱਸਿਆ ਗਿਆ ਕਿ ਉਨ੍ਹਾਂ ਦੀ ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ ਦੇ ਤਹਿਤ ਦਰਜ ਇਕ ਕੇਸ ਵਿਚ ਜਾਂਚ ਕੀਤੀ ਜਾ ਰਹੀ ਹੈ ਜੋ ਕਿ ਦਹਿਸ਼ਤਵਾਦ ਵਿਰੁੱਧ ਬਣਾਇਆ ਕਾਲਾ ਕਾਨੂੰਨ ਹੈ। ਛਾਪੇਮਾਰੀ ਤੋਂ ਬਾਦ ਪੁਲਿਸ ਦੁਆਰਾ ਪ੍ਰਸਾਰਿਤ ਕੀਤੇ ਗਏ ਇਕ ਪ੍ਰੈੱਸ ਨੋਟ ਵਿਚ ਕਿਹਾ ਗਿਆ ਹੈ, "ਜਾਂਚ ਦੇ ਦੌਰਾਨ ਭਰੋਸੇਯੋਗ ਸਬੂਤ ਮਿਲੇ ਜੋ ਹੇਠ ਲਿਖੇ ਵਿਅਕਤੀਆਂ ਦਾ ਸਬੰਧ ਉਸ ਮਾਸਟਰਮਾਈਂਡ ਸ਼ਖ਼ਸ ਨਾਲ ਦਰਸਾਉਂਦੇ ਹਨ ਜੋ ਬਲੌਗ ਚਲਾਉਂਦਾ ਹੈ।" ਇਹ ਇਕ ਆਜ਼ਾਦੀ ਪੱਖੀ ਬਲੌਗ ਸੀ ਜਿਸ ਨੂੰ ਜੰਮੂ ਅਤੇ ਕਸ਼ਮੀਰ ਪੁਲਿਸ ਵੱਲੋਂ ਵਰਡਪਰੈਸ ਨੂੰ ਲਿਖੀ ਚਿੱਠੀ ਤੋਂ ਬਾਦ ਅਕਤੂਬਰ 2021 ਵਿਚ ਬੰਦ ਕਰ ਦਿੱਤਾ ਗਿਆ ਸੀ। ਪ੍ਰੈੱਸ ਨੋਟ ਵਿਚ ਕਿਹਾ ਗਿਆ ਹੈ ਕਿ ਚਾਰ ਪੱਤਰਕਾਰਾਂ ਦੇ ਫ਼ੋਨਾਂ ਉੱਪਰ "ਪਾਕਿਸਤਾਨ, ਤੁਰਕੀ, ਸਾਊਦੀ ਦੇ ਵੱਖ-ਵੱਖ ਨੰਬਰ ਮਿਲੇ ਹਨ" ਜੋ ਬਾਕਾਇਦਗੀ ਨਾਲ ਬਦੇਸ਼ੀ ਪ੍ਰਕਾਸ਼ਨਾਵਾਂ ਲਈ ਲਿਖਦੇ ਸਨ। ਅੰਤ 'ਚ ਨੋਟ ਕਹਿੰਦਾ ਹੈ ਕਿ ਠੋਸ ਸਬੂਤ ਇਕੱਠੇ ਕਰਨ ਤੋਂ ਬਾਦ ਉਨ੍ਹਾਂ ਨੂੰ ਇਸ ਕੇਸ 'ਚ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਅਜੇ ਤੱਕ ਕੋਈ ਸਬੂਤ ਜਨਤਕ ਨਹੀਂ ਕੀਤਾ ਗਿਆ ਹੈ।

ਕਸ਼ਮੀਰ ਵਿਚ ਪੱਤਰਕਾਰਾਂ ਖ਼ਿਲਾਫ ਦਹਿਸ਼ਤਵਾਦ ਵਿਰੋਧੀ ਕਾਨੂੰਨ ਦੀ ਵਰਤੋਂ ਖ਼ਤਰਨਾਕ ਰੂਪ 'ਚ ਕੀਤੀ ਜਾਂਦੀ ਹੈ। 5 ਸਤੰਬਰ 2017 ਨੂੰ, ਸੁਤੰਤਰ ਫ਼ੋਟੋ ਜਰਨਲਿਸਟ ਕਾਮਰਾਨ ਯੂਸਫ਼, ਜੋ ਗ੍ਰੇਟਰ ਕਸ਼ਮੀਰ ਵਿਚ ਬਾਕਾਇਦਗੀ ਨਾਲ ਛਪਦਾ ਹੈ, ਨੂੰ ਭਾਰਤ ਦੀ ਚੋਟੀ ਦੀ ਦਹਿਸ਼ਤਵਾਦ ਰੋਕੂ ਟਾਸਕ ਫੋਰਸ ਕੌਮੀ ਜਾਂਚ ਏਜੰਸੀ ਵੱਲੋਂ ਬਿਨਾਂ ਕਿਸੇ ਦੋਸ਼ ਦੇ ਹਿਰਾਸਤ ਵਿਚ ਲਿਆ ਗਿਆ ਸੀ। ਯੂਸਫ 'ਤੇ ਰਾਜਧ੍ਰੋਹ, ਅਪਰਾਧਿਕ ਸਾਜ਼ਿਸ਼ ਅਤੇ ਭਾਰਤ ਵਿਰੁੱਧ ਜੰਗ ਛੇੜਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਾਏ ਗਏ ਸਨ। 2018 ਵਿਚ ਯੂਏਪੀਏ ਤਹਿਤ ਗ੍ਰਿਫ਼ਤਾਰ ਕਸ਼ਮੀਰੀ ਪੱਤਰਕਾਰ ਆਸਿਫ਼ ਸੁਲਤਾਨ ਇਕ ਹਜ਼ਾਰ ਤੋਂ ਵਧੇਰੇ ਦਿਨਾਂ ਤੋਂ ਜੇਲ੍ਹ ਵਿਚ ਹੈ। ਇਸ ਸਾਲ 5 ਜਨਵਰੀ ਨੂੰ ਕਸ਼ਮੀਰ ਵਾਲਾ ਦੇ 23 ਸਾਲਾ ਟਰੇਨੀ ਰਿਪੋਰਟਰ ਸੱਜਾਦ ਗੁਲ ਨੂੰ ਪਬਲਿਕ ਸੇਫਟੀ ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। 2016 ਤੋਂ ਲੈ ਕੇ, ਪੁਲਿਸ ਨੇ ਮੀਡੀਆ ਕਰਮੀਆਂ ਦੇ ਖਿਲਾਫ 49 ਕੇਸ ਦਰਜ ਕੀਤੇ ਹਨ, ਜਿਨ੍ਹਾਂ ਵਿਚ ਅਪਰਾਧਿਕ ਧਮਕੀਆਂ ਦੇ 17, ਜਬਰੀ ਵਸੂਲੀ ਦੇ 24 ਅਤੇ ਯੂਏਪੀਏ ਦੇ ਤਹਿਤ ਅੱਠ ਕੇਸ ਸ਼ਾਮਲ ਹਨ।

ਹਾਲਾਂਕਿ, ਸੀਆਈਡੀ ਅਤੇ ਪੁਲਿਸ ਵੱਲੋਂ ਪੁੱਛਗਿੱਛ ਲਈ ਥਾਣਿਆਂ 'ਚ ਬੁਲਾਏ ਗਏ ਪੱਤਰਕਾਰਾਂ ਦੀ ਗਿਣਤੀ ਦੇ ਮੁਕਾਬਲੇ ਗ੍ਰਿਫ਼ਤਾਰ ਕੀਤੇ ਗਏ ਪੱਤਰਕਾਰਾਂ ਦੀ ਗਿਣਤੀ ਘੱਟ ਹੈ। ਫਿਰ ਵੀ ਇਕ ਸੁਤੰਤਰ ਪੱਤਰਕਾਰ ਆਕਾਸ਼ ਹਸਨ ਨੇ ਮੈਨੂੰ ਦੱਸਿਆ, "ਪਿਛਲੇ ਇਕ ਸਾਲ ਵਿਚ ਮੈਨੂੰ ਘੱਟੋ-ਘੱਟ ਤਿੰਨ ਵਾਰ ਸੀਆਈਡੀ ਅਧਿਕਾਰੀਆਂ ਨੇ ਫ਼ੋਨ ਕੀਤਾ ਹੈ।" ਹਸਨ ਨੇ ਕਿਹਾ ਕਿ ਉਸ ਤੋਂ ਉਸ ਦੀ ਆਮਦਨੀ ਦੇ ਸਰੋਤ, ਉਸ ਦੇ ਪਰਿਵਾਰ ਅਤੇ ਕੀ ਉਸ ਦੇ ਕਿਸੇ ਅੱਤਵਾਦੀ ਨਾਲ ਸਬੰਧ ਸਨ, ਬਾਰੇ ਪੁੱਛਿਆ ਗਿਆ। "ਉਹ ਤੁਹਾਡੀ ਨਿੱਜੀ ਜ਼ਿੰਦਗੀ ਉੱਪਰ ਹਮਲਾ ਕਰ ਰਹੇ ਹਨ ਅਤੇ ਬਤੌਰ ਪੱਤਰਕਾਰ ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਹੋ," ਉਸ ਨੇ ਸਮਝਾਇਆ। "ਇਹ ਦਮਨ ਹੈ ਅਤੇ ਮੇਰੇ ਅੰਦਰ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਚੀਜ਼ਾਂ ਮੇਰੀ ਮਾਨਸਿਕ ਸਿਹਤ 'ਤੇ ਅਸਰ ਪਾ ਰਹੀਆਂ ਹਨ ਅਤੇ ਮੇਰੇ ਕੰਮ ਵਿਚ ਰੁਕਾਵਟ ਪਾ ਰਹੀਆਂ ਹਨ।"

ਸੁਤੰਤਰ ਪੱਤਰਕਾਰ ਅਦਨਾਨ ਭੱਟ ਦਿੱਲੀ ਵਿਚ ਇਕ ਅਸਾਈਨਮੈਂਟ 'ਤੇ ਕੰਮ ਕਰ ਰਿਹਾ ਸੀ ਜਦੋਂ ਉਸਨੂੰ ਇਕ ਅਣਜਾਣ ਨੰਬਰ ਤੋਂ ਫ਼ੋਨ ਆਇਆ। ਇਹ ਅਗਸਤ 2021 ਦੀ ਗੱਲ ਹੈ। ਭੱਟ ਨੇ ਕਿਹਾ, "ਉਸ ਆਦਮੀ ਨੇ ਖ਼ੁਦ ਨੂੰ ਕਸ਼ਮੀਰ ਦਾ ਕੋਈ ਸੀਆਈਡੀ ਅਧਿਕਾਰੀ ਦੱਸਿਆ ਅਤੇ ਮੈਨੂੰ ਦੱਸਿਆ ਕਿ ਉਹ ਕਸ਼ਮੀਰ ਵਿਚ ਕੰਮ ਕਰ ਰਹੇ ਪੱਤਰਕਾਰਾਂ ਬਾਰੇ ਜਾਣਕਾਰੀ ਇਕੱਠੀ ਕਰ ਰਿਹਾ ਹੈ। ਮੈਨੂੰ ਉਸ ਨੇ ਪੁੱਛਿਆ ਮੈਂ ਕਿਨ੍ਹਾਂ ਅਖ਼ਬਾਰਾਂ ਨਾਲ ਕੰਮ ਕਰਦਾ ਹਾਂ, ਮੇਰੀ ਆਮਦਨੀ ਕਿੰਨੀ ਹੈ, ਮੈਂ ਕਿੱਥੇ ਰਹਿੰਦਾ ਹਾਂ ਅਤੇ ਕੀ ਮੈਂ ਕਿਸ ਖ਼ਾਸ ਵਿਚਾਰਧਾਰਾ ਦਾ ਹਮਾਇਤੀ ਹਾਂ, ਮੇਰੇ ਮਾਤਾ-ਪਿਤਾ ਅਤੇ ਭੈਣ ਦੀ ਨਿੱਜੀ ਜਾਣਕਾਰੀ ਵੀ ਪੁੱਛੀ ਗਈ।" ਭੱਟ ਨੇ ਮੈਨੂੰ ਦੱਸਿਆ ਕਿ ਅਧਿਕਾਰੀ ਦਾ ਵਤੀਰਾ ਨਰਮ ਹੋਣ ਦੇ ਬਾਵਜੂਦ ਇਹ ਅਸਹਿਜ ਕਰਨ ਵਾਲੀ ਗੱਲਬਾਤ ਸੀ।

ਅਗਲੀ ਸਵੇਰ ਉਸ ਨੂੰ ਉਸੇ ਅਫ਼ਸਰ ਦਾ ਫ਼ੋਨ ਆਇਆ। ਭੱਟ ਨੇ ਕਿਹਾ, "ਇਸ ਵਾਰ ਅਧਿਕਾਰੀ ਨੇ ਮੇਰੇ ਮਾਤਾ-ਪਿਤਾ ਦੇ ਘਰ ਦਾ ਵੇਰਵਾ ਦੇ ਕੇ ਗੱਲ ਸ਼ੁਰੂ ਕੀਤੀ ਅਤੇ ਮੈਨੂੰ ਇਹ ਤਸਦੀਕ ਕਰਨ ਲਈ ਕਿਹਾ ਕਿ ਕੀ ਮੈਂ ਕਸ਼ਮੀਰ ਵਿਚ ਰਹਿੰਦਾ ਹਾਂ।" ਭੱਟ ਨੇ ਕਿਹਾ। "ਉਸ ਨੇ ਮੈਨੂੰ ਕਿਹਾ, 'ਤੁਹਾਡੇ ਘਰ ਦੀ ਛੱਤ ਨੂੰ ਜੰਗਾਲ ਲੱਗਿਆ ਹੋਇਆ ਹੈ ਅਤੇ ਇਸ ਦੇ ਦੋ ਦਰਵਾਜ਼ੇ ਹਨ।" ਇਸ ਨਾਲ ਮੈਂ ਸੁੰਨ ਹੋ ਗਿਆ ਅਤੇ ਉਸੇ ਦਿਨ ਕਸ਼ਮੀਰ ਲਈ ਫਲਾਈਟ ਬੁੱਕ ਕਰਵਾ ਲਈ। ਕਸ਼ਮੀਰੀ ਪੱਤਰਕਾਰਾਂ ਲਈ ਪੁਲਿਸ ਦੇ ਫ਼ੋਨ ਆਉਣਾ ਆਮ ਗੱਲ ਹੈ, ਪਰ ਇਹ ਹੁਣ ਸਿਰਫ਼ ਮੇਰੇ ਬਾਰੇ ਨਹੀਂ ਸੀ। ਮੈਂ ਨਹੀਂ ਸੀ ਚਾਹੁੰਦਾ ਕਿ ਮੇਰੇ ਬਜ਼ੁਰਗ ਮਾਤਾ-ਪਿਤਾ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ, ਇਸ ਲਈ ਮੈਂ ਅਗਲੇ ਹਫ਼ਤੇ ਘਰ ਰਿਹਾ, ਇਸ ਉਮੀਦ ਨਾਲ ਕਿ ਜੇਕਰ ਕੋਈ ਸੱਚਮੁੱਚ ਆਉਂਦਾ ਹੈ ਤਾਂ ਮੈਂ ਨਿੱਜੀ ਤੌਰ 'ਤੇ ਇਸ ਨਾਲ ਨਜਿੱਠਣ ਲਈ ਉੱਥੇ ਮੌਜੂਦ ਹੋਵਾਂਗਾ।

ਭੱਟ ਨੇ ਕਿਹਾ, "ਪੱਤਰਕਾਰ ਵਜੋਂ ਅਸੀਂ ਸਿਰਫ਼ ਆਪਣਾ ਕੰਮ ਕਰ ਰਹੇ ਹਾਂ। ਜ਼ਮੀਨ ਉੱਪਰ ਕੁਝ ਗ਼ਲਤ ਹੋਣ 'ਤੇ ਅਸੀਂ ਅਧਿਕਾਰੀਆਂ ਨੂੰ ਸੂਚਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਨੂੰ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਦਬਾਅ ਪਾਉਣ ਦੀਆਂ ਚਾਲਾਂ ਹਨ। ਮੇਰਾ ਸਾਰਾ ਕੰਮ ਇੰਟਰਨੈੱਟ ਉੱਪਰ ਪਿਆ ਹੈ, ਪੁਲਿਸ ਉੱਥੋਂ ਮੇਰੇ ਕੰਮ ਬਾਰੇ ਪਤਾ ਲਗਾ ਸਕਦੀ ਹੈ। ਪਰ ਜਦੋਂ ਕਿਸੇ ਪੱਤਰਕਾਰ ਨੂੰ ਸਿੱਧੇ ਤੌਰ 'ਤੇ ਬੁਲਾਇਆ ਜਾਂਦਾ ਹੈ, ਉਹ ਵੀ ਸੀਆਈਡੀ ਵਲੋਂ, ਤਾਂ ਇਹ ਸਾਨੂੰ ਡਰਾਉਣ ਅਤੇ ਦਬਾਅ ਪਾਉਣ ਲਈ ਕੀਤਾ ਜਾਂਦਾ ਹੈ। ਇਸ ਦਾ ਭਾਵ ਸਾਨੂੰ ਇਹ ਦੱਸਣਾ ਹੈ ਕਿ ਉਹ ਸਾਡੇ ਪਿੱਛੇ ਲੱਗੇ ਹਨ, ਕਿ ਉਹ ਹਮੇਸ਼ਾ ਸਾਡੇ ਉੱਪਰ ਨਜ਼ਰ ਰੱਖਦੇ ਹਨ।"

ਭੱਟ ਨੇ ਕਿਹਾ ਕਿ ਜੇਕਰ ਪੁੱਛ-ਪੜਤਾਲ ਦਾ ਮਕਸਦ ਉਸ ਨੂੰ ਡਰਾਉਣਾ ਸੀ ਤਾਂ ਉਹ ਕੁਝ ਹੱਦ ਤੱਕ ਕਾਮਯਾਬ ਵੀ ਹੋਏ। "ਮੈਂ ਕੁਝ ਰਿਪੋਰਟਾਂ ਉੱਪਰ ਕੰਮ ਕਰ ਰਿਹਾ ਸੀ ਪਰ ਤੁਹਾਡੇ ਦਿਮਾਗ 'ਚ ਇਹ ਕੁਝ ਚੱਲਦਾ ਰਹਿੰਦਾ ਹੈ," ਉਸਨੇ ਮੈਨੂੰ ਦੱਸਿਆ। "ਮੈਂ ਉਹ ਰਿਪੋਰਟਾਂ ਫ਼ਾਈਲ ਨਹੀਂ ਕੀਤੀਆਂ ਕਿਉਂਕਿ ਮੈਨੂੰ ਨਹੀਂ ਪਤਾ ਕਿ ਉਹ ਇਸ ਨੂੰ ਕਿਵੇਂ ਲੈਣਗੇ। ਹੁਣ ਗੱਲ ਨਿਰੀ ਸਾਡੀ ਆਪਣੀ ਨਿੱਜੀ ਸੁਰੱਖਿਆ ਦੀ ਨਹੀਂ ਹੈ, ਉਨ੍ਹਾਂ ਨੇ ਹੁਣ ਸਾਡੇ ਪਰਿਵਾਰਾਂ ਨੂੰ ਇਸ ਵਿਚ ਸ਼ਾਮਿਲ ਕਰ ਲਿਆ ਹੈ।"



19 ਅਪ੍ਰੈਲ 2020 ਨੂੰ, ਦੀ ਹਿੰਦੂ ਨਾਲ ਕੰਮ ਕਰ ਰਹੇ ਸ੍ਰੀਨਗਰ-ਅਧਾਰਿਤ ਪੱਤਰਕਾਰ ਪੀਰਜ਼ਾਦਾ ਆਸ਼ਿਕ ਨੂੰ ਸ੍ਰੀਨਗਰ ਦੇ ਸਾਈਬਰ ਥਾਣੇ ਵੱਲੋਂ ਇਕ ਸਟੋਰੀ ਲਈ ਤਲਬ ਕੀਤਾ ਗਿਆ ਸੀ। ਇਸ ਰਿਪੋਰਟ 'ਚ ਸ਼ੋਪੀਆਂ 'ਚ ਵਿਰੋਧ ਪ੍ਰਦਰਸ਼ਨ ਤੋਂ ਬਾਦ ਮਾਰੇ ਗਏ ਇਕ ਦਹਿਸ਼ਤਗਰਦ ਦੇ ਪਰਿਵਾਰ ਨੂੰ ਲਾਸ਼ਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦਫ਼ਨਾਉਣ ਦੀਆਂ ਮੁਸ਼ਕਿਲਾਂ ਬਿਆਨ ਕੀਤੀਆਂ ਗਈਆਂ ਸਨ। ਤਿੰਨ ਘੰਟੇ ਦੀ ਪੁੱਛਗਿੱਛ ਤੋਂ ਬਾਦ ਆਸ਼ਿਕ ਨੂੰ ਛੱਡ ਦਿੱਤਾ ਗਿਆ। ਹਾਲਾਂਕਿ ਆਸ਼ਿਕ ਨੇ ਮੈਨੂੰ ਦੱਸਿਆ ਕਿ ਉਸੇ ਸ਼ਾਮ ਉਸਨੂੰ ਅਨੰਤਨਾਗ ਥਾਣੇ ਪਹੁੰਚਣ ਲਈ ਕਿਹਾ ਗਿਆ ਸੀ, ਜਿੱਥੇ ਉਸ ਦੀ ਸਟੋਰੀ ਦੇ ਖ਼ਿਲਾਫ਼ ਅਫ਼ਵਾਹ ਫੈਲਾ ਕੇ ਦੁਸ਼ਮਣੀ ਭੜਕਾਉਣ ਸਬੰਧੀ ਭਾਰਤੀ ਦੰਡਾਵਲੀ ਦੀ ਧਾਰਾ 505 ਦੇ ਤਹਿਤ ਐੱਫਆਈਆਰ ਦਰਜ ਕੀਤੀ ਗਈ ਸੀ। ਅਨੰਤਨਾਗ ਥਾਣੇ 'ਚ ਉਸ ਤੋਂ ਦੋ ਘੰਟੇ ਪੁੱਛਗਿੱਛ ਕੀਤੀ ਗਈ।

ਜੰਮੂ-ਕਸ਼ਮੀਰ ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ ਸਟੋਰੀ ਵਿਚ ਆਸ਼ਿਕ ਵੱਲੋਂ ਦਿੱਤੇ ਵੇਰਵੇ "ਤੱਥਾਂ ਪੱਖੋਂ ਗ਼ਲਤ ਸਨ ਅਤੇ ਲੋਕਾਂ ਦੇ ਮਨਾਂ ਵਿਚ ਖ਼ੌਫ਼ ਜਾਂ ਡਰ ਪੈਦਾ ਕਰ ਸਕਦੇ ਹਨ।" ਬਿਆਨ ਵਿਚ ਕਿਹਾ ਗਿਆ ਹੈ, "ਇਹ ਖ਼ਬਰ ਜ਼ਿਲ੍ਹਾ ਅਧਿਕਾਰੀਆਂ ਤੋਂ ਪੁਸ਼ਟੀ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਸੀ।" ਪਰ ਆਸ਼ਿਕ ਨੇ ਮੈਨੂੰ ਉਹ ਐੱਸਐੱਮਐੱਸ ਅਤੇ ਵੱਟਸਐਪ ਮੈਸੇਜ ਦਿਖਾਏ ਜੋ ਉਸਨੇ ਡਿਪਟੀ ਕਮਿਸਨਰ ਨੂੰ ਭੇਜੇ ਸਨ, ਜਿਨ੍ਹਾਂ 'ਚੋਂ ਕਿਸੇ ਦਾ ਵੀ ਕੋਈ ਜਵਾਬ ਨਹੀਂ ਮਿਲਿਆ ਸੀ।

ਇਕ ਅੰਤਰਰਾਸ਼ਟਰੀ ਪ੍ਰਕਾਸ਼ਨ ਨਾਲ ਕੰਮ ਕਰਨ ਵਾਲੇ ਇਕ ਸੀਨੀਅਰ ਪੱਤਰਕਾਰ ਨੇ ਮੈਨੂੰ ਦੱਸਿਆ ਕਿ ਇਹ ਇਕ ਅਜਿਹੀ ਸਮੱਸਿਆ ਹੈ ਜਿਸ ਦਾ ਘਾਟੀ ਵਿਚ ਪੱਤਰਕਾਰਾਂ ਨੂੰ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੇ ਕਿਹਾ, "ਕਸ਼ਮੀਰ ਦੇ ਅਧਿਕਾਰੀ ਸਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦੇ ਅਤੇ ਕਿਸੇ ਤਰ੍ਹਾਂ ਉਹ ਸਾਡੇ ਤੋਂ ਉਨ੍ਹਾਂ ਦੇ ਪੱਖ 'ਚ ਭੁਗਤਣ ਦੀ ਉਮੀਦ ਕਰਦੇ ਹਨ। ਪੱਤਰਕਾਰ ਆਪਣਾ ਕੰਮ ਪੂਰੀ ਲਗਨ ਨਾਲ ਕਰਦੇ ਹਨ, ਪਰ ਜਦੋਂ ਉਹ ਜਵਾਬ ਨਹੀਂ ਦਿੰਦੇ ਤਾਂ ਸਾਨੂੰ ਪ੍ਰਤੀਕਰਮ ਕਿਵੇਂ ਮਿਲੇਗਾ? ਉਨ੍ਹਾਂ ਦੇ ਗੱਲ ਨਾ ਕਰਨ ਦਾ ਕਾਰਨ ਇਹ ਹੈ ਕਿ ਫਿਰ ਉਨ੍ਹਾਂ ਨੂੰ ਸਾਨੂੰ ਪ੍ਰੇਸ਼ਾਨ ਕਰਨ ਖੁੱਲ੍ਹ ਹੋਵੇਗੀ। ਉਹ ਸਾਨੂੰ ਗ਼ੈਰ-ਕਾਨੂੰਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ।"

ਹੋਰ ਪੱਤਰਕਾਰਾਂ ਤੋਂ ਤਾਂ ਹੋਰ ਵੀ ਜ਼ਿਆਦਾ ਖ਼ਤਰਨਾਕ ਹਾਲਾਤ 'ਚ ਪੁੱਛਗਿੱਛ ਕੀਤੀ ਗਈ ਹੈ। ਸ੍ਰੀਨਗਰ ਸਥਿਤ ਰਿਪੋਰਟਰ ਆਕਿਬ ਜਾਵੇਦ ਨੂੰ ਵਿਸ਼ੇਸ਼ ਐੱਨਆਈਏ ਅਦਾਲਤ ਨੇ 17 ਨਵੰਬਰ 2021 ਨੂੰ ਸੰਮਨ ਜਾਰੀ ਕੀਤਾ ਸੀ। ਉਸ ਨੂੰ ਇਕ ਆਲ ਕਸ਼ਮੀਰ ਔਰਤ ਸੰਸਥਾ ਦੁਖਤਾਰਨ-ਏ-ਮਿਲਤ (ਕੌਮ ਦੀਆਂ ਧੀਆਂ) ਦੀ ਬਾਨੀ ਆਸੀਆ ਅੰਦਰਾਬੀ ਦੇ ਵਿਰੁੱਧ ਗਵਾਹੀ ਦੇਣ ਲਈ ਮਜਬੂਰ ਕੀਤਾ ਗਿਆ ਸੀ। ਜਾਵੇਦ ਪਹਿਲਾਂ ਕਸ਼ਮੀਰ ਇੰਕ ਲਈ ਇਕ ਸੰਖੇਪ ਇੰਟਰਵਿਊ ਲੈਣ ਲਈ ਅੰਦ੍ਰਾਬੀ ਨੂੰ ਪਹਿਲਾਂ ਇਕ ਵਾਰ ਮਿਲ ਚੁੱਕਾ ਸੀ। ਉਸਨੇ ਘਾਟੀ ਦੇ ਹੋਰ ਵੀ ਬਹੁਤ ਸਾਰੇ ਸਿਆਸੀ ਆਗੂਆਂ ਨਾਲ ਇੰਟਰਵਿਊ ਕੀਤੀਆਂ ਸਨ। ਜਾਵੇਦ ਨੇ ਮੈਨੂੰ ਦੱਸਿਆ ਕਿ ਨੇ ਐੱਨਆਈਏ ਨੇ ਇਹ ਅੰਦਾਜ਼ਾ ਲਾ ਕੇ ਕਿ ਉਹ ਮੁਕੱਦਮੇ ਲਈ ਠੋਸ ਸਬੂਤ ਦੇ ਸਕਦਾ ਹੈ," ਉਸ ਨੂੰ ਬਿਨਾਂ ਕਿਸੇ ਵਕੀਲ ਦੇ ਦੋ ਵਾਰ ਸੰਮਨ ਭੇਜੇ। ਐੱਨਆਈਏ ਦੇ ਲੋਕ ਸੰਪਰਕ ਅਧਿਕਾਰੀ ਵਿਜਯੰਤ ਆਰੀਆ ਨੇ ਈਮੇਲ ਕੀਤੇ ਮੇਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

ਜਦੋਂ ਪੁੱਛਗਿੱਛ ਅਤੇ ਧਮਕੀਆਂ ਇਕ ਪੱਤਰਕਾਰ ਦੀ ਜ਼ੁਬਾਨਬੰਦੀ ਕਰਨ 'ਚ ਕਾਮਯਾਬ ਨਹੀਂ ਹੁੰਦੀਆਂ, ਖ਼ਾਸ ਕਰਕੇ ਕਿਸੇ ਬਦੇਸ਼ੀ ਪ੍ਰਕਾਸ਼ਨ ਦੇ ਰਿਪੋਰਟਰਾਂ ਦੇ ਮਾਮਲੇ 'ਚ, ਤਾਂ ਸਰਕਾਰ ਰਿਪੋਰਟਾਂ ਕਰਨ ਵਾਲੇ ਪੱਤਰਕਾਰਾਂ ਦਾ ਸਫ਼ਰ ਕਰਨਾ ਮੁਸ਼ਕਿਲ ਬਣਾ ਦਿੰਦੀ ਹੈ। 1 ਅਗਸਤ 2019 ਨੂੰ ਜਰਮਨ ਸਮਾਚਾਰ ਸੰਸਥਾ ਡਾਇਚੇ ਵੇਲੇ ਲਈ ਸੁਤੰਤਰ ਪੱਤਰਕਾਰ ਵਜੋਂ ਕੰਮ ਕਰਨ ਵਾਲੇ ਗੌਹਰ ਗਿਲਾਨੀ ਬੋਨ ਵਿਖੇ ਡੀਡਬਲਯੂ ਦੇ ਮੁੱਖ ਦਫ਼ਤਰ ਜਾਣ ਵਾਸਤੇ ਫਲਾਈਟ ਫੜਨ ਲਈ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੇ ਸਨ। ਜਹਾਜ਼ ਉੱਡਣ ਤੋਂ ਕੁਝ ਸਮਾਂ ਪਹਿਲਾਂ ਹੀ ਉਸ ਨੂੰ ਦੱਸਿਆ ਗਿਆ ਕਿ ਉਸ ਨੂੰ ਫਲਾਈਟ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਏਅਰਪੋਰਟ ਉੱਪਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਕੋਈ ਖ਼ਾਸ ਕਾਰਨ ਨਹੀਂ ਦੱਸਿਆ। ਦ ਵਾਇਰ ਨੇ ਬਾਦ ਵਿਚ ਰਿਪੋਰਟ ਦਿੱਤੀ ਕਿ ਉਸਨੂੰ ਇੰਟੈਲੀਜੈਂਸ ਬਿਊਰੋ ਦੇ ਆਦੇਸ਼ਾਂ ਦੇ ਆਧਾਰ 'ਤੇ ਰੋਕਿਆ ਗਿਆ ਸੀ।

ਇਸ ਤੋਂ ਬਾਦ ਗੌਹਰ ਨੂੰ ਲਗਾਤਾਰ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਸਾਹਮਣਾ ਕਰਨਾ ਪਿਆ। 21 ਅਪ੍ਰੈਲ 2021 ਨੂੰ ਸਾਈਬਰ ਪੁਲਿਸ ਥਾਣੇ ਨੇ ਗੌਹਰ ਉੱਪਰ ਸੋਸ਼ਲ ਮੀਡੀਆ 'ਤੇ ਕਥਿਤ ਤੌਰ 'ਤੇ 'ਗ਼ੈਰ-ਕਾਨੂੰਨੀ ਕਾਰਵਾਈਆਂ' ਵਿਚ ਸ਼ਾਮਿਲ ਹੋਣ ਲਈ ਕੇਸ ਦਰਜ ਕੀਤਾ ਕਿ ਇਹ ਅਜਿਹੀਆਂ ਕਾਰਵਾਈਆਂ ਹਨ ਜੋ "ਭਾਰਤ ਦੀ ਰਾਸ਼ਟਰੀ ਅਖੰਡਤਾ, ਪ੍ਰਭੂਸੱਤਾ ਅਤੇ ਸੁਰੱਖਿਆ ਲਈ ਨੁਕਸਾਨਦੇਹ ਹਨ।" ਪੁਲਿਸ ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਗੌਹਰ "ਕਸ਼ਮੀਰ ਘਾਟੀ ਵਿਚ ਦਹਿਸ਼ਤਵਾਦ ਦੀ ਮਹਿਮਾ ਗਾ" ਰਿਹਾ ਸੀ। ਜਿਵੇਂ ਕਿ ਆਮ ਗੱਲ ਹੋ ਗਈ ਹੈ, ਇਸ ਦੋਸ਼ ਦੀ ਹਮਾਇਤ 'ਚ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ। ਗੌਹਰ ਉੱਪਰ ਯੂ.ਏ.ਪੀ.ਏ. ਦੇ ਤਹਿਤ ਦੋਸ਼ ਲਗਾਇਆ ਗਿਆ, ਜਿਸ ਵਿਚ ਪਿੱਛੇ ਜਹੇ ਹੀ ਸੋਧ ਕੀਤੀ ਗਈ ਸੀ ਤਾਂ ਜੁ ਇਸ ਦੀ ਵਰਤੋਂ ਨਾ ਸਿਰਫ ਉਨ੍ਹਾਂ ਸੰਸਥਾਵਾਂ ਉੱਪਰ ਸਗੋਂ ਵਿਅਕਤੀਆਂ ਉੱਪਰ ਵੀ ਮੁਕੱਦਮਾ ਚਲਾਉਣ ਲਈ ਕੀਤੀ ਜਾ ਸਕੇ, ਜਿਨ੍ਹਾਂ ਨੂੰ ਸਰਕਾਰ ਗ਼ੈਰ-ਕਾਨੂੰਨੀ ਮੰਨਦੀ ਹੈ। ਜੰਮੂ-ਕਸ਼ਮੀਰ ਪੁਲਿਸ ਨੇ 24 ਘੰਟਿਆਂ ਦੇ ਅੰਦਰ ਗੌਹਰ ਸਮੇਤ ਤਿੰਨ ਪੱਤਰਕਾਰਾਂ ਉੱਪਰ ਕੇਸ ਦਰਜ ਕੀਤਾ ਸੀ।

ਇਕ ਸਾਲ ਬਾਦ ਜ਼ਾਹਿਦ ਰਫ਼ੀਕ ਨੂੰ ਵੀ ਐਸੀ ਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ। ਰਫ਼ੀਕ ਨੇ 2018 ਵਿਚ ਆਪਣਾ ਪੱਤਰਕਾਰੀ ਕਰੀਅਰ ਛੱਡ ਦਿੱਤਾ ਸੀ ਅਤੇ ਉਹ ਸੰਯੁਕਤ ਰਾਜ ਵਿਚ ਕਾਰਨੇਲ ਯੂਨੀਵਰਸਿਟੀ ਵਿਚ ਫੈਲੋਸ਼ਿਪ ਕਰਨ ਲਈ ਜਾ ਰਿਹਾ ਸੀ। 19 ਅਗਸਤ 2021 ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸਨੂੰ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹਿਰਾਸਤ ਵਿਚ ਲੈ ਲਿਆ ਅਤੇ ਉਸਨੂੰ ਜੰਮੂ-ਕਸ਼ਮੀਰ ਪੁਲਿਸ ਦੇ ਹਵਾਲੇ ਕਰ ਦਿੱਤਾ। ਉਸ ਨੂੰ ਅਗਲੇ ਦਿਨ ਕਸ਼ਮੀਰ ਲਿਜਾਇਆ ਗਿਆ ਅਤੇ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਕਸ਼ਮੀਰ ਵਿੰਗ ਸ੍ਰੀਨਗਰ ਦੇ ਹੁਮਹਾਮਾ ਦੇ ਨੇੜੇ ਇਕ ਕੈਂਪ ਵਿਚ ਉਸ ਤੋਂ ਪੁੱਛਗਿੱਛ ਕੀਤੀ।

ਇਕ ਨਰਮ ਦਿਲ ਪੁਲਿਸ ਅਧਿਕਾਰੀ, ਜਿਸਨੇ ਆਪਣਾ ਨਾਮ ਗੁਪਤ ਰੱਖਣਾ ਚਾਹਿਆ, ਨੇ ਮੈਨੂੰ ਦੱਸਿਆ ਕਿ ਰਫ਼ੀਕ ਨੂੰ ਇਕ ਬਾਂਡ ਉੱਪਰ ਦਸਤਖ਼ਤ ਕਰਨ ਲਈ ਕਿਹਾ ਗਿਆ ਸੀ, ਜਿਸ ਵਿਚ ਇਹ ਹਲਫ਼ ਲੈਣਾ ਸੀ ਕਿ ਉਹ ਸਟੇਟ ਦੀ ਆਲੋਚਨਾ ਕਰਦਿਆਂ ਕੁਝ ਵੀ ਨਹੀਂ ਲਿਖੇਗਾ। ਅਧਿਕਾਰੀ ਨੇ ਕਿਹਾ ਕਿ ਰਫ਼ੀਕ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ।

ਫ਼ੌਜ ਦੇ ਅਧਿਕਾਰੀ ਵੀ ਸਵਾਲ ਕਰਨ ਵਾਲੇ ਪੱਤਰਕਾਰਾਂ ਤੋਂ ਪੁੱਛਗਿੱਛ ਕਰਨ ਲਈ ਜਾਣੇ ਜਾਂਦੇ ਹਨ। ਨਵੰਬਰ 2021 'ਚ ਸ੍ਰੀਨਗਰ ਦੇ ਇਕ ਸੁਤੰਤਰ ਪੱਤਰਕਾਰ ਕੁਰਤੁਲੈਨ ਰਹਿਬਰ ਨੇ ਪੁਲਵਾਮਾ 'ਚ ਇਕ ਨਵਾਂ ਕੈਂਪ ਬਣਾਉਣ ਲਈ ਕਿਸਾਨਾਂ ਦੀ ਜ਼ਮੀਨ ਦਾ ਤਬਾਦਲਾ ਸੀ.ਆਰ.ਪੀ.ਐੱਫ ਨੂੰ ਕਰਨ ਦੀ ਰਿਪੋਰਟ ਕੀਤੀ। ਛੇਤੀ ਹੀ ਫ਼ੌਜ ਨੇ ਰਹਿਬਰ ਅਤੇ ਉਸਦੇ ਪਰਿਵਾਰ ਨੂੰ ਫ਼ੋਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਨੂੰ ਪੁਲਵਾਮਾ ਦੇ ਫ਼ੌਜੀ ਕੈਂਪ ਵਿਚ ਆਉਣ ਲਈ ਕਿਹਾ। ਰਹਿਬਰ ਨੇ ਜਾਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਫ਼ੌਜ ਨੂੰ ਕਿਸੇ ਨੂੰ ਪੁੱਛਗਿੱਛ ਲਈ ਬੁਲਾਉਣ ਦਾ ਸੰਵਿਧਾਨਕ ਅਧਿਕਾਰ ਨਹੀਂ ਹੈ। ਬਾਦ ਦੇ ਇਕ ਲੇਖ ਵਿਚ ਉਸਨੇ ਇਸ ਘਟਨਾ ਤੋਂ ਬਾਦ ਉਸਦੇ ਪਰਿਵਾਰ ਨੂੰ ਹੋਈ ਪ੍ਰੇਸ਼ਾਨੀ ਅਤੇ ਆਪਣੀ ਮਾਨਸਿਕ ਸਿਹਤ ਦੇ ਵਿਗੜਣ ਦਾ ਜ਼ਿਕਰ ਕੀਤਾ।

ਕਸ਼ਮੀਰ ਅਤੇ ਲੱਦਾਖ ਲਈ ਫ਼ੌਜ ਦੇ ਲੋਕ ਸੰਪਰਕ ਅਧਿਕਾਰੀ ਇਮਰੋਨ ਮੁਸਾਵੀ ਨੇ ਇਨ੍ਹਾਂ ਮਾਮਲਿਆਂ 'ਚ ਮੇਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਪੁਲਿਸ ਦੇ ਖੁਫ਼ੀਆ ਵਿਭਾਗ ਦੇ ਵਿਸ਼ੇਸ਼ ਡਾਇਰੈਕਟਰ ਜਨਰਲ ਅਤੇ ਕਸ਼ਮੀਰ ਵਿਚ ਸੀਆਈਡੀ ਦੇ ਮੁਖੀ ਆਰ.ਆਰ. ਸਵੈਨ ਨੇ ਕਿਹਾ ਕਿ ਉਸ ਕੋਲ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਇਜਾਜ਼ਤ ਨਹੀਂ ਹੈ ਅਤੇ ਇਸ ਦੀ ਬਜਾਏ ਕਾਰਵਾਂ ਨੂੰ ਜੰਮੂ-ਕਸ਼ਮੀਰ ਦੇ ਪੁਲਿਸ ਡਾਇਰੈਕਟਰ ਜਨਰਲ ਦਿਲਬਾਗ ਸਿੰਘ ਨਾਲ ਸੰਪਰਕ ਕਰਨ ਲਈ ਕਿਹਾ। ਮੇਰੇ ਸਵਾਲਾਂ ਦੇ ਜਵਾਬ ਨਾ ਤਾਂ ਸਿੰਘ ਨੇ ਦਿੱਤੇ ਅਤੇ ਨਾ ਹੀ ਪੁਲਿਸ ਦੇ ਕਸ਼ਮੀਰ ਖੇਤਰ ਦੇ ਇੰਸਪੈਕਟਰ ਜਨਰਲ ਵਿਜੇ ਕੁਮਾਰ ਨੇ ਦਿੱਤੇ।

ਸ੍ਰੀਨਗਰ 'ਚ ਵੜਦੇ ਹੀ ਸ਼ਹਿਰ ਦੇ ਲਾਲ ਚੌਕ 'ਚ ਬਣੇ ਪ੍ਰੈੱਸ ਐਨਕਲੇਵ ਦੇ ਗੇਟ ਉੱਪਰ ਇਕ ਨਵਾਂ ਬਣਿਆ ਪੁਲਿਸ ਬੰਕਰ ਮਹਿਮਾਨਾਂ ਦਾ ਸਵਾਗਤ ਕਰਦਾ ਹੈ। ਫ਼ੋਟੋ ਪੱਤਰਕਾਰ ਮੁਸਤਾਕ ਅਹਿਮਦ ਦੀ ਯਾਦ 'ਚ ਪੱਤਰਕਾਰ ਇਸ ਨੂੰ ਮੁਸਤਾਕ ਐਨਕਲੇਵ ਕਹਿਣਾ ਪਸੰਦ ਕਰਦੇ ਹਨ, ਜੋ ਸਤੰਬਰ 1995 ਵਿਚ ਪਾਰਸਲ-ਬੰਬ ਹਮਲੇ ਵਿਚ ਮਾਰਿਆ ਗਿਆ ਸੀ। ਇਸ ਵਿਚ ਇਕ ਦਰਜਨ ਤੋਂ ਵਧੇਰੇ ਅਖ਼ਬਾਰਾਂ

ਦੇ ਦਫ਼ਤਰ ਅਤੇ ਕਈ ਪੱਤਰਕਾਰਾਂ ਦੇ ਰਿਹਾਇਸ਼ੀ ਕਵਾਟਰ ਹਨ। ਕੁਝ ਸਾਲ ਪਹਿਲਾਂ ਤੱਕ ਇਹ ਚਾਹ ਪੀਂਦਿਆਂ ਸਟੋਰੀਆਂ ਸਾਂਝੀਆਂ ਕਰਦੇ ਪੱਤਰਕਾਰਾਂ ਨਾਲ ਗੁਲਜ਼ਾਰ ਹੋਇਆ ਕਰਦਾ ਸੀ, ਪਰ ਹੁਣ ਜਦੋਂ ਮੈਂ ਇਸ ਦੇ ਕੋਲੋਂ ਲੰਘਿਆ ਤਾਂ ਉੱਥੇ ਸਿਰਫ਼ ਪੁਲਿਸ ਅਤੇ ਨੀਮ-ਫ਼ੌਜੀ ਦਸਤੇ ਹੀ ਨਜ਼ਰ ਆਏ। ਜੰਮੂ-ਕਸ਼ਮੀਰ ਪੁਲਿਸ ਦੀ ਕਾਊਂਟਰ-ਇੰਟੈਲੀਜੈਂਸ ਯੂਨਿਟ ਨੇ ਉਸ ਇਮਾਰਤ ਨੂੰ ਕਬਜ਼ੇ ਵਿਚ ਲੈ ਲਿਆ ਹੈ ਜੋ ਕਰੀਬ ਤਿੰਨ ਦਹਾਕਿਆਂ ਤੱਕ ਅਨੁਭਵੀ ਕਸ਼ਮੀਰੀ ਪੱਤਰਕਾਰ ਯੂਸਫ਼ ਜਮੀਲ ਦਾ ਦਫ਼ਤਰ ਹੋਇਆ ਕਰਦਾ ਸੀ।

ਮੁਹੰਮਦ ਸਈਦ ਮਲਿਕ ਸ਼ਾਇਦ ਅੱਜ ਕਸ਼ਮੀਰ ਦੇ ਅੰਗਰੇਜ਼ੀ 'ਚ ਲਿਖਣ ਵਾਲੇ ਸਭ ਤੋਂ ਬਜ਼ੁਰਗ ਪੱਤਰਕਾਰ ਹਨ। 1960 ਦੇ ਦਹਾਕੇ 'ਚ ਉਹ ਕਸ਼ਮੀਰ ਵਿਚ ਪ੍ਰੈੱਸ ਵਿਚ ਛਪਣ ਵਾਲੇ ਪਹਿਲੇ ਮੁਸਲਮਾਨਾਂ ਵਿੱਚੋਂ ਇਕ ਸਨ। ਇਸ ਪੇਸ਼ੇ ਉੱਪਰ ਉਦੋਂ ਤੱਕ ਕਸ਼ਮੀਰੀ ਪੰਡਤਾਂ ਦਾ ਦਬਦਬਾ ਸੀ। ਉਨ੍ਹਾਂ ਕਿਹਾ, "ਕਸ਼ਮੀਰ ਵਿਚ ਨਾ ਤਾਂ ਸਿਆਸਤ ਅਤੇ ਨਾ ਹੀ ਪੱਤਰਕਾਰੀ ਕਦੇ ਵੀ ਮੁਲਕ ਦੇ ਬਾਕੀ ਹਿੱਸਿਆਂ ਵਾਂਗ ਆਜ਼ਾਦ ਰਹੀ ਹੈ। ਪੜਾਅ-ਦਰ-ਪੜਾਅ, ਯੁਗ-ਦਰ-ਯੁਗ, ਰਾਜ-ਦਰ-ਰਾਜ ਅਤੇ ਹਾਲਾਤ-ਦਰ-ਹਾਲਾਤ, ਅਸੀਂ ਵੱਖ-ਵੱਖ ਪਾਬੰਦੀਆਂ ਦਾ ਸਾਹਮਣਾ ਕੀਤਾ ਹੈ।" ਉਸਨੇ ਮੈਨੂੰ ਦੱਸਿਆ ਕਿ 1948 'ਚ ਸ਼ੇਖ ਅਬਦੁੱਲਾ ਜੰਮੂ-ਕਸ਼ਮੀਰ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ ਅਤੇ ਕਸ਼ਮੀਰ ਤਾਨਾਸ਼ਾਹੀ ਤੋਂ ਲੋਕਤੰਤਰ ਵੱਲ ਵਧਿਆ, ਲੇਕਿਨ ਪ੍ਰੈੱਸ ਨੇ ਕੋਈ ਵੱਡਾ ਬਦਲਾਓ ਨਹੀਂ ਦੇਖਿਆ। ਮਲਿਕ ਨੇ ਕਿਹਾ, "ਤੁਸੀਂ ਸਿਰਫ਼ ਹੁਕਮਰਾਨ ਪਾਰਟੀ ਲਈ ਲਿਖਣਾ ਹੁੰਦਾ ਸੀ ਜਾਂ ਫਿਰ ਤੁਹਾਨੂੰ ਭਜਾ ਦਿੱਤਾ ਜਾਂਦਾ ਸੀ। ਇਹੀ ਨਿਯਮ ਸੀ।"

ਉਨ੍ਹਾਂ ਮੁਤਾਬਿਕ ਕਸ਼ਮੀਰ ਵਿਚ ਪ੍ਰੈੱਸ ਦੀ ਮੌਜੂਦਾ ਜ਼ੁਬਾਨ ਬਖ਼ਸ਼ੀ ਗ਼ੁਲਾਮ ਮੁਹੰਮਦ ਦੇ ਕਾਰਜਕਾਲ ਦੌਰਾਨ ਤੈਅ ਕੀਤੀ ਗਈ ਸੀ। 1953 'ਚ ਸ਼ੇਖ ਅਬਦੁੱਲਾ ਵਿਰੁੱਧ ਭਾਰਤ ਦੀ ਹਮਾਇਤ ਨਾਲ ਤਖ਼ਤਾ ਪਲਟ ਕਰਨ ਤੋਂ ਬਾਦ ਗ਼ੁਲਾਮ ਮੁਹੰਮਦ ਜੰਮੂ-ਕਸ਼ਮੀਰ ਦਾ ਪ੍ਰਧਾਨ ਮੰਤਰੀ ਬਣਿਆ। ਮਲਿਕ ਨੇ ਕਿਹਾ, "ਇਕ ਵਰਤਾਰਾ ਸਾਹਮਣੇ ਆਇਆ, ਜਿਸ ਵਿਚ ਕੁਝ ਸਥਾਨਕ ਪੱਤਰਕਾਰਾਂ ਤੋਂ ਇਲਾਵਾ, ਜਿਨ੍ਹਾਂ ਨੇ ਹੁਕਮਾਂ ਅਤੇ ਧਮਕੀਆਂ ਤੋਂ ਨਾਬਰ ਹੋ ਕੇ ਬਹਾਦਰੀ ਨਾਲ ਰਿਪੋਰਟਿੰਗ ਕਰਨੀ ਜਾਰੀ ਰੱਖੀ, ਪ੍ਰੈੱਸ ਦੇ ਜ਼ਿਆਦਾਤਰ ਲੋਕਾਂ ਨੂੰ ਉਹੀ ਦਿਖਾਉਣ ਲਈ ਮਜਬੂਰ ਕੀਤਾ ਜਾਣ ਲੱਗਿਆ ਜੋ ਦਿੱਲੀ ਦੇਖਣਾ ਚਾਹੁੰਦੀ ਸੀ।" "ਸਰਕਾਰ ਬਾਹਰੋਂ ਪੱਤਰਕਾਰਾਂ ਨੂੰ ਲਿਆਉਂਦੀ ਅਤੇ ਉਨ੍ਹਾਂ ਨੂੰ ਦੱਸਦੀ ਕਿ ਕਸ਼ਮੀਰ ਜੰਨਤ ਹੈ, ਅਤੇ ਇਹ ਚੱਲ ਰਹੀ ਅਸ਼ਾਂਤੀ ਦੀ ਸੱਚਾਈ ਨੂੰ ਲੁਕੋ ਲੈਂਦੀ।" ਉਸ ਨੇ ਕਿਹਾ, ਇਹ ਉਹ ਪਲ ਸੀ ਜਦੋਂ ਮੁੱਖ ਜ਼ਮੀਨ ਭਾਰਤ ਅਤੇ ਕਸ਼ਮੀਰ ਦਰਮਿਆਨ ਇਕ ਲੋਹ ਪਰਦਾ ਲਗਾ ਦਿੱਤਾ ਗਿਆ। ਇਸ ਵੰਡ ਦੇ ਆਰ-ਪਾਰ ਹਾਲਾਤ ਦੀਆਂ ਤਸਵੀਰਾਂ ਵੱਖੋ ਵੱਖਰੀਆਂ ਸਨ।

1980 ਦੇ ਦਹਾਕੇ ਦੇ ਅਖ਼ੀਰ 'ਚ, ਭਾਰਤੀ ਰਾਜ ਦੇ ਵਿਰੁੱਧ ਪ੍ਰਚੰਡ ਬਗ਼ਾਵਤ ਫੁੱਟ ਪਈ। ਮਲਿਕ ਨੇ ਕਿਹਾ, ਸ਼ੁਰੂ 'ਚ, "ਭਾਰਤੀ ਰਾਜ ਤੋਂ ਕਸ਼ਮੀਰ ਦੀ ਆਜ਼ਾਦੀ ਲਈ ਲੜ ਰਹੇ ਇੰਤਹਾਪਸੰਦ ਸਮੂਹਾਂ ਨੇ ਸਥਾਨਕ ਮੀਡੀਆ ਉੱਪਰ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ। ਖਾੜਕੂਆਂ ਨੇ ਅਖ਼ਬਾਰਾਂ ਦੇ ਦਫ਼ਤਰਾਂ ਦਾ ਦੌਰਾ ਕੀਤਾ ਅਤੇ ਉਨ੍ਹਾਂ ਨੂੰ ਦੱਸਿਆ ਕਿ ਕੀ ਲਿਖਣਾ ਹੈ। ਸਰਕਾਰ ਵੀ ਪਿੱਛੇ ਨਹੀਂ ਰਹੀ। ਉਦੋਂ ਤੋਂ ਲੈ ਕੇ ਹਮੇਸ਼ਾ ਹੀ ਕਸ਼ਮੀਰ ਤੋਂ ਖ਼ਬਰਾਂ ਨੂੰ ਬਲੈਕ ਆਊਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਹਾਲਾਂਕਿ, ਦੋਵਾਂ ਪਾਸਿਆਂ ਤੋਂ ਆ ਰਹੀਆਂ ਧਮਕੀਆਂ ਨਾਲ ਦੋਹਰੇ ਦਬਾਓ ਨੇ ਮੀਡੀਆ ਨੂੰ ਪੇਸ਼ੇਵਰ ਬਣਾਉਣ 'ਚ ਵੀ ਮੱਦਦ ਕੀਤੀ। ਪੱਤਰਕਾਰਾਂ ਨੂੰ ਸਿਰਫ਼ ਨਿਰਪੱਖ ਭਾਸ਼ਾ 'ਚ ਸਾਵਧਾਨੀ ਵਾਲੀ ਅਤੇ ਤਿੱਖੀ ਰਿਪੋਰਟਿੰਗ ਦੇ ਸਖ਼ਤ ਰਾਹ 'ਤੇ ਚੱਲਣਾ ਪਿਆ। ਮਲਿਕ ਨੇ ਕਿਹਾ ਕਿ 11 ਸਤੰਬਰ 2001 ਨੂੰ ਅਮਰੀਕਾ ਵਿਚ ਹੋਏ ਦਹਿਸ਼ਤਵਾਦੀ ਹਮਲਿਆਂ ਤੋਂ ਬਾਦ ਦੁਨੀਆ ਭਰ ਦੀਆਂ ਸਰਕਾਰਾਂ ਦਹਿਸ਼ਤਵਾਦ ਵਿਰੋਧੀ ਕਾਨੂੰਨਾਂ ਦੀ ਖੁੱਲ੍ਹ ਕੇ ਵਰਤੋਂ ਕਰਨ ਲੱਗੀਆਂ। ਇਸ ਦੇ ਪਹਿਲੇ ਸ਼ਿਕਾਰ ਕਸ਼ਮੀਰੀ ਪੱਤਰਕਾਰ ਹੋਏ।

ਮੀਡੀਆ ਖੋਜਕਾਰ, ਰਾਸ਼ਿਦ ਮਕਬੂਲ ਭੱਟ ਨੇ ਮੈਨੂੰ ਦੱਸਿਆ ਕਿ ਜਿੱਥੇ ਪੱਤਰਕਾਰਾਂ ਵਿਰੁੱਧ ਗ੍ਰਿਫ਼ਤਾਰੀਆਂ ਅਤੇ ਕੇਸ ਸਭ ਤੋਂ ਵੱਧ ਧਿਆਨ ਖਿੱਚਦੇ ਹਨ, ਉੱਥੇ ਕਸ਼ਮੀਰ ਵਿਚ ਮੀਡੀਆ ਸੈਂਸਰਸ਼ਿਪ ਅਕਸਰ ਪੈਸੇ ਦੀ ਭੁੱਖ ਕਾਰਨ ਪ੍ਰੈੱਸ ਸੰਸਥਾਵਾਂ ਵੱਲੋਂ ਚੁੱਪ-ਚਾਪ ਹੀ ਚਲਾਈ ਜਾਂਦੀ ਹੈ। ਉਨ੍ਹਾਂ ਕਿਹਾ, "ਕਸ਼ਮੀਰ ਇਕ ਛੋਟੀ ਜਹੀ ਜਗ੍ਹਾ ਹੈ ਅਤੇ ਇੱਥੋਂ ਦਾ ਮੀਡੀਆ ਉਦਯੋਗ ਆਲਮੀ ਦਿਲਚਸਪੀ ਦਾ ਖੇਤਰ ਹੋਣ ਦੇ ਬਾਵਜੂਦ ਬਹੁਤ ਛੋਟਾ ਉਦਯੋਗ ਰਿਹਾ ਹੈ। "ਸਾਡੇ ਕੋਲ ਕੋਈ ਵਧੀਆ ਵਿਕਸਿਤ ਟੈਲੀਵਿਜਨ ਜਾਂ ਔਨਲਾਈਨ ਮੀਡੀਆ ਹਾਊਸ ਨਹੀਂ ਹੈ। ਖ਼ਬਰਾਂ ਮੁੱਖ ਤੌਰ 'ਤੇ ਇਕੱਲੇ ਪ੍ਰਿੰਟ ਵਿਚ ਹੁੰਦੀਆਂ ਹਨ ਅਤੇ ਅਖ਼ਬਾਰ ਆਮਦਨ ਦੇ ਮੁੱਖ ਸਰੋਤ ਵਜੋਂ ਇਸ਼ਤਿਹਾਰਬਾਜ਼ੀ 'ਤੇ ਨਿਰਭਰ ਹਨ। ਇਸ਼ਤਿਹਾਰਾਂ ਦਾ ਸਭ ਤੋਂ ਵੱਡਾ ਸਰੋਤ ਸਰਕਾਰ ਹੈ। ਭੱਟ ਨੇ ਕਿਹਾ, "1990 ਦੇ ਦਹਾਕੇ ਤੋਂ ਇਸ ਨੂੰ ਕੰਟਰੋਲ ਕਰਨ ਦੇ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ। ਇਸ਼ਤਿਹਾਰ ਸਰਕਾਰ ਦੇ ਸੂਚਨਾ ਵਿਭਾਗ ਤੋਂ ਆਉਂਦੇ ਹਨ ਪਰ ਕੁਝ ਸ਼ਰਤਾਂ 'ਤੇ। ਜੇ ਤੁਸੀਂ ਇਕ ਖ਼ਾਸ ਕਿਸਮ ਦੀ ਪੱਤਰਕਾਰੀ ਨਹੀਂ ਕਰਦੇ, ਜਾਂ ਜੇ ਤੁਸੀਂ ਇਕ ਖ਼ਾਸ ਕਿਸਮ ਦੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ, ਤਾਂ ਹੀ ਤੁਹਾਡੇ 'ਤੇ ਕਿਰਪਾ ਕੀਤੀ ਜਾਵੇਗੀ।"

ਧਮਕੀਆਂ ਅਤੇ ਸਰਕਾਰੀ ਸਹਾਇਤਾ ਨੇ ਸਥਾਨਕ ਪ੍ਰੈੱਸ ਉੱਪਰ ਕਿਵੇਂ ਅਸਰ ਪਾਇਆ ਹੈ ਇਸ ਦੀ ਇਕ ਮਿਸਾਲ ਗ੍ਰੇਟਰ ਕਸ਼ਮੀਰ ਹੈ। 1987 'ਚ ਖਾੜਕੂਵਾਦ ਦੀ ਚੜ੍ਹਤ ਦੇ ਦਿਨਾਂ 'ਚ ਸਥਾਪਿਤ ਇਹ ਅਖ਼ਬਾਰ ਕਸ਼ਮੀਰੀ ਪ੍ਰੈੱਸ ਦੀਆਂ ਕੁਝ ਸੁਤੰਤਰ ਸੰਸਥਾਵਾਂ ਵਿੱਚੋਂ ਇਕ ਬਣ ਗਿਆ। ਇਹ ਕਸ਼ਮੀਰੀ ਮੁਸਲਮਾਨ ਦੀ ਮਾਲਕੀਅਤ ਵਾਲਾ ਪਹਿਲਾ ਅੰਗਰੇਜ਼ੀ ਅਖ਼ਬਾਰ ਸੀ ਜਿਸ ਵਿਚ ਸਥਾਨਕ ਕਸ਼ਮੀਰੀ ਹੀ ਰਿਪੋਰਟ ਕਰ ਰਹੇ ਸਨ। ਪਿਛਲੇ ਸਾਲਾਂ 'ਚ ਜੰਮੂ ਖੇਤਰ ਤੋਂ ਵੀ ਪ੍ਰਕਾਸ਼ਤ ਹੋਣ ਵਾਲਾ ਇਹ ਅਖ਼ਬਾਰ ਘਰ ਘਰ ਜਾਣਿਆ ਜਾਣ ਲੱਗਿਆ, ਜਿਸ ਨੇ ਫੇਸਬੁੱਕ ਉੱਪਰ 20 ਲੱਖ ਤੋਂ ਵੱਧ ਲਾਈਕ ਹਾਸਲ ਕਰ ਲਏ ਅਤੇ ਇਹ ਆਲਮੀ ਦਾਇਰੇ 'ਚ ਫੈਲ ਰਿਹਾ ਸੀ।

ਸਿਖ਼ਰ 'ਤੇ ਹੋਣ ਸਮੇਂ ਗ੍ਰੇਟਰ ਕਸ਼ਮੀਰ ਵਿਚ ਤਿੰਨ ਸੌ ਤੋਂ ਵੱਧ ਮੁਲਾਜ਼ਮ ਸਨ। ਪਰ ਸਰਕਾਰੀ ਦਬਾਓ - ਇਸ਼ਤਿਹਾਰ ਬੰਦ ਕਰ ਦੇਣ ਅਤੇ 2019 ਵਿਚ ਐੱਨਆਈਏ ਵੱਲੋਂ ਇਸ ਦੇ ਮੁੱਖ ਸੰਪਾਦਕ ਫਯਾਜ਼ ਕੁੱਲੂ ਅਤੇ ਪ੍ਰਕਾਸ਼ਕ ਰਸੀਦ ਮਖ਼ਦੂਮੀ ਨੂੰ ਸੰਮਨ ਭੇਜਣ - ਨੇ ਇਸ ਨੂੰ ਗੰਭੀਰ ਸੱਟ ਮਾਰੀ। ਇਸ ਵੇਲੇ ਇਸ ਕੋਲ ਸੌ ਤੋਂ ਵੀ ਘੱਟ ਮੁਲਾਜ਼ਮ ਹਨ, ਕਈ ਪਹਿਲਾਂ ਨਾਲੋਂ ਵੀ ਘੱਟ ਤਨਖ਼ਾਹਾਂ 'ਤੇ ਕੰਮ ਕਰਦੇ ਹਨ। ਮਖ਼ਦੂਮੀ ਅਤੇ ਕੁੱਲੂ ਨੂੰ ਭੇਜੇ ਸੰਮਨਾਂ ਅਤੇ ਛੇ ਦਿਨਾਂ ਦੀ ਪੁੱਛਗਿੱਛ ਦੀ ਖ਼ਬਰ ਗ੍ਰੇਟਰ ਕਸ਼ਮੀਰ ਨੇ ਵੀ ਨਹੀਂ ਛਾਪੀ ਸੀ। ਛੇਤੀ ਹੀ ਕੁੱਲੂ ਨੇ ਐਡੀਟਰਜ਼ ਗਿਲਡ ਆਫ ਕਸ਼ਮੀਰ ਵਿਚ ਆਪਣੇ ਸੰਪਾਦਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਉਸ ਦੇ ਅਖ਼ਬਾਰ ਨੇ ਆਪਣੀ ਖ਼ਬਰਾਂ ਦੀ ਸੁਰ ਬਦਲ ਲਈ। ਸ਼ਾਹ ਅੱਬਾਸ ਅਤੇ ਤਿੰਨ ਹੋਰਾਂ ਵਿਰੁੱਧ ਛਾਪੇਮਾਰੀ ਤੋਂ ਬਾਦ, ਇਹ ਕਿਸੇ ਲਈ ਵੀ ਹੈਰਾਨੀ ਦੀ ਗੱਲ ਨਹੀਂ ਸੀ ਕਿ ਗ੍ਰੇਟਰ ਕਸ਼ਮੀਰ ਦਾ ਉਰਦੂ ਵਿਚ ਪ੍ਰਕਾਸ਼ਨ ਕਸ਼ਮੀਰ ਉਜ਼ਮਾ ਉਸ ਦੇ ਖ਼ਿਲਾਫ਼ ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਉਸ ਨੂੰ ਟਰਮੀਨੇਟ ਕਰਨ ਲਈ ਕਾਹਲਾ ਸੀ। ਗ੍ਰੇਟਰ ਕਸ਼ਮੀਰ ਨੇ ਵੀ ਯੂਸਫ਼ ਦੀ ਗ੍ਰਿਫ਼ਤਾਰੀ ਤੋਂ ਬਾਦ ਉਸ ਦਾ ਸਾਰਾ ਕੰਮ ਆਪਣੀ ਵੈੱਬਸਾਈਟ ਤੋਂ ਮਿਟਾ ਦਿੱਤਾ।

ਇਨ੍ਹਾਂ ਹਾਲਾਤ ਨੇ ਕਸ਼ਮੀਰ 'ਚ ਚੰਗੇ ਪੱਤਰਕਾਰਾਂ ਦੀ ਘਾਟ ਪੈਦਾ ਕਰ ਦਿੱਤੀ ਹੈ। ਭੱਟ ਨੇ ਕਿਹਾ, "ਸਥਾਨਕ ਮੀਡੀਆ ਇਸ ਕਾਰਨ ਛੋਟਾ ਹੈ ਅਤੇ ਉਹ ਚੰਗੀ ਤਨਖ਼ਾਹ ਵੀ ਨਹੀਂ ਦੇ ਸਕਦਾ। ਸਥਾਨਕ ਪੱਤਰਕਾਰਾਂ ਅਤੇ ਸੰਪਾਦਕਾਂ ਨੂੰ ਗੁਜ਼ਾਰੇ ਜੋਗੀ ਤਨਖ਼ਾਹ ਵੀ ਨਹੀਂ ਮਿਲਦੀ। ਇਹ ਵਿਹਾਰਕ ਕਿੱਤਾ ਨਹੀਂ ਹੈ।" ਉਸਨੇ ਕਿਹਾ ਕਿ ਘਾਟੀ ਵਿਚ ਪੱਤਰਕਾਰਾਂ ਲਈ ਗ਼ਰੀਬੀ



'ਚੋਂ ਨਿਕਲਣ ਦਾ ਇੱਕੋਇਕ ਤਰੀਕਾ ਅੰਤਰਰਾਸ਼ਟਰੀ ਮੀਡੀਆ ਸੰਸਥਾਵਾਂ ਦੇ ਨਾਲ-ਨਾਲ ਭਾਰਤ ਦੇ ਕੁਝ ਸੁਤੰਤਰ ਪੋਰਟਲਾਂ ਲਈ ਕੰਮ ਕਰਨਾ ਰਹਿ ਗਿਆ ਹੈ, ਜੋ ਚੰਗੀ ਤਨਖ਼ਾਹ ਦਿੰਦੇ ਹਨ ਅਤੇ ਜਿਨ੍ਹਾਂ ਨੂੰ ਸੈਂਸਰ ਕਰਨਾ ਸਰਕਾਰ ਲਈ ਏਨਾ ਸੌਖਾ ਨਹੀਂ ਹੈ। ਉਸ ਨੇ ਕਿਹਾ ਕਿ ਇਸ ਨਾਲ ਉਤਸ਼ਾਹੀ ਪੱਤਰਕਾਰਾਂ ਦੀ ਨਵੀਂ ਪੀੜ੍ਹੀ ਪੈਦਾ ਹੋਈ ਹੈ, ਜਿਸ ਦਾ ਤੇਵਰ ਸਟੇਟ ਪ੍ਰਤੀ ਆਲੋਚਨਾਤਮਕ ਹੈ। ਇਹ ਉਹੀ ਪੱਤਰਕਾਰ ਹਨ ਜਿਨ੍ਹਾਂ ਨੂੰ ਸਰਕਾਰ ਇਸ ਵਕਤ ਕੇਸਾਂ, ਛਾਪਿਆਂ ਅਤੇ ਗ੍ਰਿਫ਼ਤਾਰੀਆਂ ਨਾਲ ਨਿਸ਼ਾਨਾ ਬਣਾ ਰਹੀ ਹੈ। "ਹੁਣ ਰਗਾਂ 'ਚ ਖ਼ੌਫ਼ ਬੈਠਾਇਆ ਜਾ ਰਿਹਾ ਹੈ। ਭਿਆਨਕ ਨਿਗਰਾਨੀ ਹੋ ਰਹੀ ਹੈ ਅਤੇ ਖ਼ੌਫ਼ ਮਨਾਂ 'ਚ ਘਰ ਕਰ ਰਿਹਾ ਹੈ," ਭੱਟ ਨੇ ਕਿਹਾ। "ਕਸ਼ਮੀਰੀ ਮੀਡੀਆ ਸਦਮੇ ਦੀ ਹਾਲਤ 'ਚ ਹੈ। ਕਈ ਰਿਪੋਰਟਾਂ ਮਰ ਰਹੀਆਂ ਹਨ। ਮੈਨੂੰ ਨਹੀਂ ਲੱਗਦਾ ਕਿ ਪਿਛਲੇ 30 ਸਾਲਾਂ ਵਿਚ ਮੈਂ ਮੀਡੀਆ ਲਈ ਇਸ ਤੋਂ ਵਧੇਰੇ ਗੰਭੀਰ ਦੌਰ ਦੇਖਿਆ ਹੈ।"

ਜੇਹਲਮ ਦੇ ਕੰਢੇ 'ਤੇ ਸਥਿਤ, ਸਰਕਾਰੀ ਧੂਤੂ ਦੂਰਦਰਸ਼ਨ ਦੇ ਦਫ਼ਤਰ ਦੇ ਸਾਹਮਣੇ ਜੰਮੂ-ਕਸ਼ਮੀਰ ਦੀ ਸੀਆਈਡੀ ਦਾ ਸਦਰ ਮੁਕਾਮ ਹੈ। ਇਸ ਨੂੰ ਚਿੱਟਾ ਰੰਗ ਕੀਤਾ ਗਿਆ ਹੈ। ਸ਼ਾਇਦ ਇਹ ਸੀਆਈਡੀ ਦੇ ਘਾਟੀ ਵਿਚ ਅਮਨ-ਚੈਨ ਲਿਆਉਣ ਦੇ ਅਧਿਕਾਰਕ ਤੌਰ 'ਤੇ ਐਲਾਨੇ ਉਦੇਸ਼ ਦਾ ਪ੍ਰਤੀਕ ਹੈ, ਅਤੇ ਇਸਨੂੰ ਅਕਸਰ 'ਵਾਈਟ ਹਾਊਸ' ਕਿਹਾ ਜਾਂਦਾ ਹੈ। ਜਦੋਂ ਤੋਂ ਧਾਰਾ 370 ਖ਼ਤਮ ਕੀਤੀ ਗਈ ਹੈ, ਪੁਲਿਸ ਨੂੰ ਪੱਤਰਕਾਰਾਂ ਤੋਂ ਪੁੱਛ-ਗਿੱਛ ਕਰਨ ਦੇ ਆਦੇਸ਼ ਦੇਣ ਵਾਲੇ ਫ਼ੋਨ ਇੱਥੋਂ ਆ ਰਹੇ ਹਨ। ਇਕ ਪੱਤਰਕਾਰ ਨੇ ਇਕ ਵਾਰ ਮੈਨੂੰ ਮਜ਼ਾਕ 'ਚ ਦੱਸਿਆ ਸੀ ਕਿ ਜਦੋਂ ਤੋਂ ਸੀਆਈਡੀ ਸਦਰ ਮੁਕਾਮ ਬਣਿਆ ਹੈ, ਉਦੋਂ ਤੋਂ ਕਸ਼ਮੀਰ ਵਿਚ ਚਿੱਟਾ ਰੰਗ ਸ਼ਾਂਤੀ ਦਾ ਪ੍ਰਤੀਕ ਨਾ ਹੋ ਕੇ ਨਿਗਰਾਨੀ ਦਾ ਪ੍ਰਤੀਕ ਬਣ ਗਿਆ ਹੈ।

ਸੀਆਈਡੀ ਦਫ਼ਤਰ ਦੇ ਨਾਲ ਲੱਗਦੀ ਇਕ ਵਿਰਾਸਤ ਭਵਨ ਦੀ ਚਾਰਦੀਵਾਰੀ ਹੁਣ ਦਸਤਕਾਰੀ ਵਿਭਾਗ ਦਾ ਇੰਪੋਰੀਅਮ ਹੈ। ਧਾਰਾ 370 ਨੂੰ ਖ਼ਤਮ ਕਰਨ ਤੋਂ ਪਹਿਲਾਂ ਇਹ ਦੀਵਾਰ ਰੰਗ-ਬਰੰਗੀ ਚਿੱਤਰਕਾਰੀ ਨਾਲ ਢੱਕੀ ਹੋਈ ਸੀ, ਜੋ ਘਾਟੀ ਦੀਆਂ ਕਈ ਰੋਜ਼ਮਰਾ ਦੇ ਦੁੱਖ-ਤਕਲੀਫ਼ਾਂ ਨੂੰ ਬਿਆਨ ਕਰਦੀ ਸੀ। ਇਸ ਵਿਚ ਕੁਨਨ-ਪੋਸ਼ਪੋਰਾ ਬਾਰੇ ਨਾਅਰੇ ਲਿਖੇ ਹੁੰਦੇ। ਉੱਤਰ-ਪੱਛਮੀ ਕਸ਼ਮੀਰ ਦੇ ਇਨ੍ਹਾਂ ਜੁੜਵੇਂ ਪਿੰਡਾਂ ਵਿਚ 1991 'ਚ ਭਾਰਤੀ ਫ਼ੌਜ ਦੇ ਜਵਾਨਾਂ ਵੱਲੋਂ 23 ਔਰਤਾਂ ਨਾਲ ਕਥਿਤ ਤੌਰ 'ਤੇ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ, ਆਰਮਡ ਫੋਰਸਿਜ (ਸਪੈਸ਼ਲ ਪਾਵਰਜ਼) ਐਕਟ ਦੇ ਤਹਿਤ ਲੱਗਭੱਗ ਮੁਕੰਮਲ ਕਾਨੂੰਨੀ ਛੋਟ ਦਾ ਫ਼ਾਇਦਾ ਉਠਾਉਂਦੇ ਹੋਏ। ਇਸ ਤੋਂ ਇਲਾਵਾ, ਇੱਥੇ "ਲਹੂ-ਲੁਹਾਣ ਕਸ਼ਮੀਰ" ਜਾਂ "ਆਜ਼ਾਦੀ" ਨਾਅਰੇ ਵੀ ਪੜ੍ਹੇ ਜਾ ਸਕਦੇ ਸਨ। ਨਾਲ ਹੀ ਇੱਥੇ ਆਜ਼ਾਦੀ ਪੱਖੀ ਇੰਤਹਾਪਸੰਦ ਜਥੇਬੰਦੀ, ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਸਹਿ-ਬਾਨੀ ਮਕਬੂਲ ਭੱਟ ਦੀ ਰੰਗੀਨ ਤਸਵੀਰ ਵੀ ਬਣਾਈ ਹੋਈ ਸੀ।

ਜਦੋਂ ਮੈਂ ਸੀਆਈਡੀ ਦਫ਼ਤਰ ਦਾ ਦੌਰਾ ਕੀਤਾ ਤਾਂ ਦੀਵਾਰਾਂ ਤੋਂ ਸਭ ਕੁਝ ਮਿਟਾ ਦਿੱਤਾ ਗਿਆ ਸੀ। ਇਹ ਇਕ ਤਰ੍ਹਾਂ ਨਾਲ ਸਹੀ ਵੀ ਜਾਪਦਾ ਸੀ। ਸੀਆਈਡੀ ਦਫ਼ਤਰ ਤੋਂ ਨਿਕਲਦੇ ਵਕਤ ਇਕ ਦਰਜਨ ਤੋਂ ਵੱਧ ਸੀਸੀਟੀਵੀ ਕੈਮਰਿਆਂ ਦੀਆਂ ਨਜ਼ਰਾਂ ਹੇਠ ਮੈਂ ਕਸ਼ਮੀਰ ਦੇ ਇਤਿਹਾਸ ਨੂੰ ਮਿਟਾਏ ਜਾਣ ਦੇ ਸਬੂਤਾਂ ਨੂੰ ਦੇਖਿਆ ਜੋ ਕਸ਼ਮੀਰ ਦੀ ਆਵਾਜ਼ ਨੂੰ ਫ਼ੌਜੀਕਰਨ ਨਾਲ ਖ਼ਾਮੋਸ਼ ਕਰ ਰਹੇ ਸਨ। ਪਰ ਇਕ ਖੂੰਜੇ 'ਚ ਕੁਝ ਰਹਿ ਗਿਆ ਸੀ ਜਿਸ ਨੂੰ ਅਜੇ ਵੀ ਪੜ੍ਹਿਆ ਸਕਦਾ ਸੀ: "ਤੁਸੀਂ ਸਾਨੂੰ ਤਾਂ ਮਾਰ ਸਕਦੇ ਹੋ ਪਰ ਤੁਸੀਂ ਸਾਨੂੰ ਹੌਸਲੇ ਨਹੀਂ ਤੋੜ ਸਕਦੇ।"

ਮੈਂ ਸੀਆਈਡੀ ਅਧਿਕਾਰੀਆਂ ਨਾਲ ਗੱਲ ਕਰਨ ਆਇਆ ਸੀ ਕਿ ਉਹ ਪੱਤਰਕਾਰਾਂ ਵਿਰੁੱਧ ਚੱਲ ਰਹੀ ਕਾਰਵਾਈ ਬਾਰੇ ਕੀ ਸੋਚਦੇ ਹਨ। ਰਿਪੋਰਟਿੰਗ ਦੌਰਾਨ ਇਕ ਦਰਜਨ ਅਧਿਕਾਰੀ ਮੇਰੇ ਨਾਲ ਗੱਲ ਕਰਨ ਲਈ ਰਾਜ਼ੀ ਤਾਂ ਹੋ ਗਏ ਪਰ ਆਫ਼-ਦ-ਰਿਕਾਰਡ। ਉਨ੍ਹਾਂ ਨੇ ਕਸ਼ਮੀਰੀ ਪੱਤਰਕਾਰਾਂ ਦੇ ਸਿਰਾਂ ਉੱਪਰ ਲਟਕਦੇ ਨਿਗਰਾਨੀ ਜਾਲ ਦੇ ਵਿਰਾਟ ਆਕਾਰ ਨੂੰ ਸਮਝਣ ਵਿਚ ਮੇਰੀ ਮੱਦਦ ਕੀਤੀ।

"ਉਨ੍ਹਾਂ ਦੇ ਫ਼ੋਨਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ। ਫ਼ੋਨ ਟੈਪ ਕਰਨ ਵਾਲੇ ਸਾਰੇ ਲੋਕ ਬਾਹਰਲੇ ਹਨ," 30 ਕੁ ਸਾਲ ਦੇ ਇਕ ਸੀਨੀਅਰ ਕਸ਼ਮੀਰੀ ਪੁਲਿਸ ਅਧਿਕਾਰੀ ਨੇ ਮੈਨੂੰ ਦੱਸਿਆ। "ਸਥਾਨਕ ਪੱਤਰਕਾਰਾਂ ਦੀਆਂ ਸਰਗਰਮੀਆਂ ਅਤੇ ਸਟੋਰੀਜ਼ ਦੀ ਨਿਗਰਾਨੀ ਕਰਨ ਲਈ ਇਕ ਵੱਖਰਾ ਮੀਡੀਆ ਨਿਗਰਾਨੀ ਸੈੱਲ ਬਣਾਇਆ ਗਿਆ ਹੈ। ਦਰਅਸਲ, ਸੁਤੰਤਰ ਅਤੇ ਅੰਤਰਰਾਸ਼ਟਰੀ ਪ੍ਰਕਾਸ਼ਨਾਵਾਂ ਲਈ ਰਿਪੋਰਟਾਂ ਕਰਦੇ ਪੱਤਰਕਾਰ ਸਾਡੇ ਲਈ ਸਮੱਸਿਆ ਹਨ।"

ਅਧਿਕਾਰੀ ਨੇ ਕਿਹਾ ਕਿ ਜੋ ਪੱਤਰਕਾਰ ਬਦੇਸ਼ੀ ਪੋਰਟਲਾਂ ਲਈ ਲਿਖਦੇ ਹਨ, ਖ਼ਾਸ ਤੌਰ 'ਤੇ ਤੁਰਕੀ, ਪਾਕਿਸਤਾਨ, ਮਲੇਸ਼ੀਆ ਅਤੇ ਸੰਯੁਕਤ ਰਾਜ ਵਿਚ ਸਥਿਤ ਸਮਾਚਾਰ ਸੰਸਥਾਵਾਂ ਲਈ, ਸੀਆਈਡੀ ਉਨ੍ਹਾਂ 'ਚ ਖ਼ਾਸ ਦਿਲਚਸਪੀ ਲੈਂਦੀ ਹੈ ਅਤੇ ਉਨ੍ਹਾਂ ਉੱਪਰ ਕਰੜੀ ਨਜ਼ਰ ਰੱਖੀ ਜਾਂਦੀ ਹੈ। ਉਸ ਨੇ ਕਿਹਾ ਕਿ ਉਹ ਮੁਲਕ ਦਾ ਅਕਸ ਖ਼ਰਾਬ ਕਰ ਰਹੇ ਹਨ। "ਅਲ ਜਜ਼ੀਰਾ, ਟੀਆਰਟੀ ਵਰਲਡ, ਦੀ ਗਾਰਡੀਅਨ ਅਤੇ ਇਸ ਤਰ੍ਹਾਂ ਦੇ ਹੋਰ ਅੰਤਰਰਾਸ਼ਟਰੀ ਪ੍ਰਕਾਸ਼ਨ, ਜਿਨ੍ਹਾਂ ਲਈ ਕਸ਼ਮੀਰੀ ਪੱਤਰਕਾਰ ਲਿਖਦੇ ਹਨ, ਉਨ੍ਹਾਂ ਦੇ ਦਰਸ਼ਕ/ਪਾਠਕ ਵਿਸ਼ਵਵਿਆਪੀ ਹਨ। ਸੀਆਈਡੀ ਵਿਭਾਗ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਕਸ਼ਮੀਰੀ ਪੱਤਰਕਾਰ ਵੱਖਵਾਦ, ਅੱਤਵਾਦ, ਮਨੁੱਖੀ ਅਧਿਕਾਰਾਂ, ਕਸ਼ਮੀਰ ਦੀ ਹਮਾਇਤ, ਧਾਰਾ 370 ਅਤੇ ਰੱਖਿਆ ਦੇ ਮੁੱਦਿਆਂ ਉੱਪਰ ਕੋਈ ਰਿਪੋਰਟਿੰਗ ਨਾ ਕਰਨ।

ਚਾਲੀ ਕੁ ਸਾਲ ਦੇ ਇਕ ਹੋਰ ਸੀਨੀਅਰ ਅਧਿਕਾਰੀ ਨੇ ਇਹ ਵੀ ਕਿਹਾ ਕਿ ਘਾਟੀ ਤੋਂ ਬਾਹਰ ਦੇ ਅਖ਼ਬਾਰਾਂ/ਮੀਡੀਆ ਲਈ ਲਿਖਣ ਵਾਲੇ ਪਹਿਲੇ ਨਿਸ਼ਾਨੇ 'ਤੇ ਹਨ। ਉਸ ਨੇ ਕਿਹਾ, "ਜਿਹੜੇ ਲੋਕ ਉਨ੍ਹਾਂ ਲਈ ਅਤੇ ਭਾਰਤ ਦੇ ਕੁਝ ਹੋਰ ਮੀਡੀਆ ਹਾਊਸਾਂ ਲਈ ਕਸ਼ਮੀਰ ਬਾਰੇ ਰਿਪੋਰਟਿੰਗ ਕਰਦੇ ਹਨ, ਉਹ ਸਾਡੀ ਰਾਡਾਰ 'ਤੇ ਹਨ। ਇਹ ਜਾਂਚ ਦਾ ਇਕ ਅਮਲ ਹੈ ਅਤੇ ਅਸੀਂ ਹਰੇਕ ਪੱਤਰਕਾਰ ਉੱਪਰ ਨਜ਼ਰ ਰੱਖਾਂਗੇ ਜੋ ਸਾਡੀ ਰਾਡਾਰ 'ਤੇ ਹੈ। ਪੱਤਰਕਾਰ ਦੀ ਆਲੋਚਨਾਤਮਕ ਰਿਪੋਰਟਿੰਗ ਸਾਡੇ ਕੰਮ ਦੇ ਲਈ ਇਕ ਸਵੈ-ਸਿਰਜਤ ਡੋਜ਼ੀਅਰ ਹੈ। ਸੀਆਈਡੀ ਵਿਭਾਗ 'ਚ ਹਰੇਕ ਪੱਤਰਕਾਰ ਦੀ ਇਕ ਫ਼ਾਈਲ ਹੁੰਦੀ ਹੈ ਅਤੇ ਕਿਸੇ ਨੂੰ ਵੀ ਲੁੱਕ ਆਊਟ ਸਰਕੂਲਰ ਸੂਚੀ 'ਚ ਪਾਇਆ ਜਾ ਸਕਦਾ ਹੈ। ਜਿਸ ਪੱਤਰਕਾਰ ਦਾ ਨਾਂ 'ਲੁੱਕ ਆਊਟ ਸਰਕੂਲਰ' ਸੂਚੀ 'ਚ ਪੈ ਗਿਆ ਉਸ ਨੂੰ ਇਹ ਮੁਲਕ ਤੋਂ ਬਾਹਰ ਸਫ਼ਰ ਕਰਨ ਤੋਂ ਰੋਕਣ ਦੇ ਯੋਗ ਹੋ ਜਾਂਦਾ ਹੈ। ਅਧਿਕਾਰੀ ਨੇ ਮੈਨੂੰ ਦੱਸਿਆ ਕਿ ਕਸ਼ਮੀਰ ਵਿਚ ਘੱਟੋ-ਘੱਟ ਦੋ ਸੌ ਲੋਕ ਇਸ ਸੂਚੀ 'ਚ ਹਨ, ਜਿਨ੍ਹਾਂ 'ਚ ਸਥਾਨਕ ਪੱਤਰਕਾਰ, ਵਕੀਲ, ਅਕਾਦਮਿਕ, ਕਾਰੋਬਾਰੀ ਅਤੇ ਵਿਰੋਧ ਕਰਨ ਵਾਲੇ ਆਗੂਆਂ ਦੇ ਪਰਿਵਾਰ ਸ਼ਾਮਿਲ ਹਨ।

ਉਸ ਅਧਿਕਾਰੀ ਨੇ ਮੈਨੂੰ ਵਾਰ-ਵਾਰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਰਾਸ਼ਟਰੀ ਹਿਤਾਂ ਦੀ ਰਾਖੀ ਲਈ ਇਹ ਕਾਰਵਾਈ ਜ਼ਰੂਰੀ ਹੈ। ਉਸ ਨੇ ਕਿਹਾ, "ਕਸ਼ਮੀਰ 'ਚ ਦਹਿਸ਼ਤਵਾਦ ਮੁਲਕ ਦਾ ਮੁੱਖ ਮੁੱਦਾ ਹੈ ਅਤੇ ਇਸ ਦੇ ਬਾਹਰੀ ਪਾਸਾਰ ਵੀ ਹਨ। ਮੁਲਕ ਨੂੰ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਨ੍ਹਾਂ 'ਚ ਕਸ਼ਮੀਰ ਮੁੱਦੇ ਦਾ ਆਲਮੀ ਪ੍ਰਭਾਵ ਵੀ ਹੈ।" ਜਦੋਂ ਮੈਂ ਕਿਹਾ ਕਿ ਸੀਆਈਡੀ ਦੀਆਂ ਐਸੀਆਂ ਕਾਰਵਾਈਆਂ ਅਧਿਕਾਰਾਂ ਦੀ ਉਲੰਘਣਾ ਕਰਦੀਆਂ ਹਨ, ਤਾਂ ਉਸਨੇ ਮੈਨੂੰ ਕਿਹਾ, "ਆਜ਼ਾਦੀ ਅਤੇ ਮੁਕਤੀ ਵਰਗੀਆਂ ਗੱਲਾਂ ਪੱਛਮੀ ਵਿਚਾਰ ਹਨ ਅਤੇ ਉੱਥੇ ਉਨ੍ਹਾਂ ਦੀ ਪਾਲਣਾ ਵੀ ਹੁੰਦੀ ਹੈ। ਜੇ ਅਸੀਂ ਉਨ੍ਹਾਂ ਵਿਚਾਰਾਂ 'ਤੇ ਚੱਲਦੇ ਹਾਂ ਤਾਂ ਤੀਜੇ ਦਰਜੇ ਦੇ ਤਸੀਹਿਆਂ ਦੀ ਵਰਤੋਂ ਨਹੀਂ ਕਰ ਸਕਾਂਗੇ ਜੋ ਤਫ਼ਤੀਸ਼ ਦੇ ਦੌਰਾਨ ਜ਼ਿਆਦਾਤਰ ਕਥਿਤ ਅਪਰਾਧੀਆਂ ਉੱਪਰ ਕਸ਼ਮੀਰ ਵਿਚ ਵਰਤੇ ਜਾਂਦੇ ਹਨ।" ਆਪਣੀਆਂ ਉਂਗਲਾਂ 'ਤੇ ਗਿਣਦੇ ਹੋਏ ਅਫ਼ਸਰ ਨੇ ਮੈਨੂੰ ਦੱਸਿਆ, "ਤਿੰਨ ਤਰ੍ਹਾਂ ਦੇ ਦਹਿਸ਼ਤਗਰਦ ਹਨ - ਹਥਿਆਰ ਰੱਖਣ ਵਾਲੇ ਦਹਿਸ਼ਤਗਰਦ, ਚਿੱਟ-ਕਾਲਰੀਏ ਦਹਿਸ਼ਤਗਰਦ ਜੋ ਕਾਰੋਬਾਰੀ ਭਾਈਚਾਰੇ 'ਚੋਂ ਹਨ, ਅਤੇ ਪੱਤਰਕਾਰ ਤੇ ਅਕਾਦਮਿਕ ਦਹਿਸ਼ਤਗਰਦ ਜੋ ਇਨ੍ਹਾਂ ਦੇ ਲਈ ਦਲੀਲਾਂ ਘੜਦੇ ਹਨ।" ਉਸ ਨੇ ਇਹ ਕਹਿ ਕੇ ਆਪਣੀ ਗੱਲ ਮੁਕਾਈ, "ਦੇਸ਼ ਦਲੀਲ ਸੁਨਣੇ ਕੇ ਲੀਏ ਤੈਯਾਰ ਨਹੀਂ ਹੈ।"

ਇਸ ਅਫ਼ਸਰ ਦੀ ਤਰ੍ਹਾਂ ਮੈਂ ਕਈ ਹੋਰ ਕਸ਼ਮੀਰੀ ਅਧਿਕਾਰੀਆਂ ਨਾਲ ਵੀ ਗੱਲ ਕੀਤੀ, ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਉਨ੍ਹਾਂ 'ਚ ਤਲਖ਼ੀ ਸੀ। ਹਾਲਾਂਕਿ ਨਵੀਂ ਰਾਜ ਵਿਵਸਥਾ ਨੇ ਉਨ੍ਹਾਂ ਨੂੰ ਆਪਣੇ ਸਾਥੀ ਨਾਗਰਿਕਾਂ ਨਾਲ ਮਨ ਮਰਜ਼ੀ ਨਾਲ ਪੇਸ਼ ਆਉਣ ਦੀ ਖੁੱਲ੍ਹੀ ਛੁੱਟੀ ਦੇ ਰੱਖੀ ਹੈ,

ਉਹ ਇਸ ਗੱਲੋਂ ਚਿੰਤਤ ਹਨ ਕਿ ਇਹ ਕਿਵੇਂ ਹੋ ਗਿਆ ਕਿ ਘਾਟੀ ਦੇ ਬਾਹਰੋਂ ਸੀਨੀਅਰ ਅਧਿਕਾਰੀ ਅਚਾਨਕ ਲਿਆ ਕੇ ਪੁਲਿਸ ਵਿਚ ਵਾੜ ਦਿੱਤੇ ਗਏ। ਇਹੀ ਸੀਆਈਡੀ ਲਈ ਵੀ ਸੱਚ ਸੀ, ਜਿੱਥੇ ਦਸ ਸਭ ਤੋਂ ਸੀਨੀਅਰ ਅਫ਼ਸਰਾਂ ਵਿੱਚੋਂ ਸੱਤ ਬਾਹਰਲੇ ਸਨ। ਇੰਞ ਜਾਪਦਾ ਸੀ ਕਿ ਕਸ਼ਮੀਰੀ ਅਫ਼ਸਰਾਂ ਨੇ ਦਹਿਸ਼ਤਵਾਦ ਵਿਰੋਧੀ ਕਾਰਵਾਈਆਂ ਸਮੇਤ ਜਿੰਨੇ ਸਾਲ ਸੇਵਾ ਕੀਤੀ ਸੀ ਉਸ ਦਾ ਕੋਈ ਖ਼ਾਸ ਮਹੱਤਵ ਨਹੀਂ ਸੀ। ਦਿੱਲੀ ਦੇ ਹੁਕਮਰਾਨਾਂ ਅਤੇ ਸ੍ਰੀਨਗਰ ਦੇ ਹੁਕਮਰਾਨਾਂ ਲਈ ਵੀ ਇੰਞ ਲੱਗਦਾ ਹੈ ਕਿ ਤੁਹਾਡੀ ਪੈਦਾਇਸ਼ ਮਾਇਨੇ ਰੱਖਦੀ ਹੈ, ਭਾਵੇਂ ਤੁਸੀਂ ਕਿੰਨੀ ਵੀ ਸੇਵਾ ਕੀਤੀ ਹੋਵੇ।

ਮੁਸੀਬਤਾਂ 'ਚ ਵੀ ਕਸ਼ਮੀਰੀਆਂ ਦੇ ਲਚਕੀਲੇਪਣ ਦੇ ਪ੍ਰਤੀਕ ਚਿਨਾਰ ਦੇ ਰੁੱਖ਼ ਹੇਠਾਂ ਬੈਠੇ ਤੀਹ ਕੁ ਸਾਲ ਦੇ ਅਧਿਕਾਰੀ ਨੇ ਸ੍ਰੀਨਗਰ 'ਚ ਮੈਨੂੰ ਕਸ਼ਮੀਰ ਵਿਚ ਪੱਤਰਕਾਰਾਂ ਦੇ ਡੇਟਾਬੇਸ ਬਾਰੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਹੀ 180 ਤੋਂ ਵੱਧ ਪੱਤਰਕਾਰਾਂ ਦੇ ਵੇਰਵੇ ਦਰਜ ਕਰ ਲਏ ਹਨ ਅਤੇ ਇਸੇ ਕਰਕੇ ਹੁਣ ਪੱਤਰਕਾਰਾਂ ਨੂੰ ਪੁੱਛਗਿੱਛ ਲਈ ਬੁਲਾਇਆ ਗਿਆ ਸੀ। ਉਸ ਨੇ ਕਿਹਾ "ਪੱਤਰਕਾਰਾਂ ਤੋਂ ਜੋ ਸਵਾਲ ਪੁੱਛੇ ਜਾ ਰਹੇ ਹਨ ਉਨ੍ਹਾਂ ਵਿਚ ਪਰਿਵਾਰ ਦੇ ਰਿਹਾਇਸ਼ੀ ਮਕਾਨਾਂ, ਵਾਹਨਾਂ ਅਤੇ ਹੋਰ ਜਾਇਦਾਦਾਂ ਦੇ ਵੇਰਵੇ ਸ਼ਾਮਿਲ ਹਨ। ਇਨ੍ਹਾਂ ਸਵਾਲਾਂ ਤੋਂ ਇਲਾਵਾ, ਅਸੀਂ ਉਨ੍ਹਾਂ ਦੀ ਰਾਜਨੀਤਿਕ ਨਿਹਚਾ, ਪਾਕਿਸਤਾਨ ਵਿਚ ਰਹਿੰਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਬਾਰੇ ਪੁੱਛਦੇ ਹਾਂ। ਪੱਤਰਕਾਰਾਂ ਨੂੰ ਆਪਣੇ ਆਪਣੇ ਸੋਸ਼ਲ ਮੀਡੀਆ ਖ਼ਾਤਿਆਂ, ਆਮਦਨੀ ਦੇ ਸਰੋਤਾਂ ਅਤੇ ਬੈਂਕ ਖ਼ਾਤਿਆਂ ਦੇ ਪ੍ਰਮਾਣ ਪੱਤਰਾਂ ਦੀ ਜਾਣਕਾਰੀ ਦੇਣ ਲਈ ਵੀ ਕਿਹਾ ਗਿਆ ਹੈ।" ਇਕ ਤੀਜੇ ਪੁਲਿਸ ਅਧਿਕਾਰੀ ਨੇ ਮੈਨੂੰ ਦੱਸਿਆ ਕਿ ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਦ ਲੱਗਭੱਗ 180 ਪੱਤਰਕਾਰਾਂ ਨੂੰ ਇਸੇ ਤਰ੍ਹਾਂ ਦੀ ਪੁੱਛਗਿੱਛ ਲਈ ਬੁਲਾਇਆ ਗਿਆ ਹੈ।

ਚੌਥੇ ਅਧਿਕਾਰੀ ਨੇ ਮੈਨੂੰ ਇਕ ਪੱਤਰਕਾਰ ਤੋਂ ਪੁੱਛਗਿੱਛ ਕਰਨ ਤੋਂ ਬਾਦ ਸੀਆਈਡੀ ਦੁਆਰਾ ਭਰੇ ਜਾਣ ਵਾਲੇ ਸਵਾਲਨਾਮੇ ਦੀ ਕਾਪੀ ਦਿਖਾਈ। ਇਹ ਨਾ ਸਿਰਫ਼ ਪੱਤਰਕਾਰ ਬਾਰੇ, ਸਗੋਂ ਉਸ ਦੇ ਮਾਤਾ-ਪਿਤਾ, ਭੈਣ-ਭਰਾ, ਬੱਚਿਆਂ ਅਤੇ ਜੀਵਨ ਸਾਥੀ ਬਾਰੇ ਵੀ ਸਵਾਲ ਕਰਦੀ ਹੈ। ਸਭ ਤੋਂ ਹੇਠਾਂ ਇਕ ਵਿਸ਼ੇਸ਼ ਭਾਗ ਹੈ ਜਿਸ ਵਿਚ ਉਸਦੇ ਨਜ਼ਦੀਕੀ ਦੋਸਤਾਂ, ਅਤੇ ਜੇਕਰ ਉਸ ਦੇ ਪਰਿਵਾਰ 'ਚੋਂ ਕੋਈ ਫ਼ੌਜ ਜਾਂ ਪੁਲਿਸ ਵਿਚ ਰਿਹਾ ਹੋਵੇ ਤਾਂ ਉਸ ਦਾ ਵੇਰਵਾ ਮੰਗਿਆ ਜਾਂਦਾ ਹੈ ਅਤੇ "ਆਪਣਾ ਇਕ ਸੰਖੇਪ ਇਤਿਹਾਸ" ਲਿਖ ਕੇ ਦੇਣ ਲਈ ਕਿਹਾ ਜਾਂਦਾ ਹੈ। ਤੀਹ ਕੁ ਸਾਲ ਦੇ ਅਧਿਕਾਰੀ ਨੇ ਕਿਹਾ ਕਿ ਮੀਡੀਆ ਨਿਗਰਾਨ ਸੈੱਲ "ਕਸ਼ਮੀਰੀ ਖ਼ਬਰਾਂ ਵਿਚ ਬਿਰਤਾਂਤ ਦੀ ਸੁਰ ਤੈਅ ਕਰਨ ਦੇ ਸਮਰੱਥ ਹੈ।"

ਅਧਿਕਾਰੀ ਨੇ ਕਿਹਾ ਕਿ ਸਵਾਲਨਾਮੇ ਦੇ ਨਾਲ ਹੀ ਉਸਦੇ ਕੰਮ ਵਿਚ ਕਸ਼ਮੀਰ ਦੇ ਸਾਰੇ ਜ਼ਿਲ੍ਹਿਆਂ ਤੋਂ ਦਰਜ ਕੀਤੀਆਂ ਗਈਆਂ ਰਿਪੋਰਟਾਂ ਦਾ ਵਿਸਲੇਸ਼ਣ ਕਰਨਾ ਵੀ ਸ਼ਾਮਿਲ ਹੈ। ਉਸਨੇ ਇਹ ਦਾਅਵਾ ਵੀ ਕੀਤਾ ਕਿ ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਮੀਡੀਆ ਰਿਪੋਰਟ ਉਨ੍ਹਾਂ ਦੇ ਹਿਤਾਂ ਦੇ ਵਿਰੁੱਧ ਜਾ ਰਹੀ ਹੈ, ਭਾਵੇਂ ਇਹ ਸਥਾਨਕ ਹੋਵੇ ਜਾਂ ਰਾਸ਼ਟਰੀ ਮੀਡੀਆ 'ਚ ਹੋਵੇ, ਉਸ ਰਿਪੋਰਟ ਨੂੰ ਹਟਾਉਣ ਲਈ ਸਿਰਫ਼ ਇਕ ਫੋਨ ਕਾਲ ਹੀ ਕਾਫ਼ੀ ਹੈ। ਉਸ ਨੇ ਕਿਹਾ, "ਜੇ ਸਾਨੂੰ ਲੱਗਦਾ ਹੈ ਕਿ ਕੋਈ ਵੀ ਖ਼ਬਰ ਰਾਜ ਦੇ ਵਿਰੁੱਧ ਹੈ, ਤਾਂ ਅਸੀਂ ਉੱਚ ਅਧਿਕਾਰੀਆਂ ਨੂੰ ਅਜਿਹੇ ਪੱਤਰਕਾਰਾਂ ਨੂੰ ਫ਼ੋਨ ਕਰਨ ਦੀ ਸਿਫ਼ਾਰਸ਼ ਕਰਦੇ ਹਾਂ ਤਾਂ ਜੁ ਅਸੀਂ ਉਸ ਨੂੰ ਆਪਣਾ ਸੰਦੇਸ਼ ਪੁੱਜਦਾ ਕਰ ਸਕੀਏ ਕਿ ਇਸ ਦੇ ਕੀ ਨਤੀਜੇ ਹੋ ਸਕਦੇ ਹਨ।"

ਜਦੋਂ ਮੈਂ ਉਸ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਪੱਤਰਕਾਰਾਂ ਉੱਪਰ ਨਜ਼ਰ ਰੱਖਣ ਲਈ ਕਿਸ ਗੱਲ ਨੇ ਪ੍ਰੇਰਿਆ, ਤਾਂ ਉਸ ਨੇ ਕਿਹਾ, "ਅਸੀਂ ਉਨ੍ਹਾਂ ਦੀ ਨਿਗਰਾਨੀ ਕਰ ਰਹੇ ਹਾਂ ਕਿਉਂਕਿ ਸਾਡਾ ਮੰਨਣਾ ਹੈ ਕਿ ਉਨ੍ਹਾਂ ਦਾ ਇਕ ਖ਼ਾਸ ਵਿਚਾਰਧਾਰਕ ਝੁਕਾਅ ਹੈ। ਉਹ ਪੱਤਰਕਾਰੀ ਦੀ ਆੜ ਵਿਚ ਆਪਣੀ ਸਿਆਸਤ ਦਾ ਪ੍ਰਚਾਰ ਕਰਦੇ ਹਨ। ਬਿਰਤਾਂਤ ਦੀ ਇਸ ਜੰਗ ਵਿਚ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਦਿਖਾ ਰਹੇ ਹਾਂ।" ਉਸਨੇ ਮੈਨੂੰ ਦੱਸਿਆ ਕਿ ਪ੍ਰਸ਼ਾਸਨ ਸਥਾਨਕ ਮੀਡੀਆ ਦੀ ਸਟਾਈਲ ਸ਼ੀਟ ਉੱਪਰ ਵੀ ਨਜ਼ਰ ਰੱਖਦਾ ਹੈ, ਉਨ੍ਹਾਂ ਵੱਲੋਂ ਵਰਤੇ ਜਾਂਦੇ ਸ਼ਬਦਾਂ ਦੀ ਬਾਰੀਕੀ 'ਚ ਜਾਂਚ ਕਰਦਾ ਹੈ। "ਮਿਸਾਲ ਲਈ, ਰੱਦ ਕਰਨ ਤੋਂ ਪਹਿਲਾਂ ਉਹ ਸਾਰੇ 'ਖਾੜਕੂ' ਸ਼ਬਦ ਦੀ ਵਰਤੋਂ ਕਰਦੇ ਸਨ। ਹੁਣ ਅਸੀਂ ਉਨ੍ਹਾਂ ਨੂੰ ਸਾਫ਼ ਕਹਿ ਦਿੱਤਾ ਹੈ ਕਿ 'ਦਹਿਸ਼ਤਗਰਦ' ਸ਼ਬਦ ਹੀ ਵਰਤਣਾ ਹੈ।"

ਛੇ ਸਾਲ ਤੋਂ ਵੱਧ ਸਮੇਂ ਤੱਕ ਰਾਈਜ਼ਿੰਗ ਕਸ਼ਮੀਰ ਲਈ ਕੰਮ ਕਰਨ ਵਾਲੇ ਇਕ ਪੱਤਰਕਾਰ, ਜੋ ਆਪਣੀ ਪਛਾਣ ਗੁਪਤ ਰੱਖਣੀ ਚਾਹੁੰਦਾ ਸੀ, ਨੇ ਮੈਨੂੰ ਦੱਸਿਆ ਕਿ ਲੜਾਈ ਦੇ ਖੇਤਰ ਵਿਚ "ਦਹਿਸ਼ਤਗਰਦ" ਸ਼ਬਦ ਵਰਤਣਾ ਅਕਸਰ ਸੌਖਾ ਨਹੀਂ ਹੁੰਦਾ। ਉਸ ਨੇ ਕਿਹਾ, "ਕਸ਼ਮੀਰ ਵਿਚ ਅਸੀਂ ਦੋ ਬੰਦੂਕਾਂ 'ਚ ਘਿਰੇ ਹੋਏ ਹਾਂ। ਇਕ ਸਰਕਾਰੀ ਲਸ਼ਕਰਾਂ ਦੇ ਹੱਥਾਂ ਵਿਚ ਹੈ ਅਤੇ ਦੂਜੀ ਹਥਿਆਰਬੰਦ ਬਾਗ਼ੀਆਂ ਦੇ ਹੱਥਾਂ ਵਿਚ ਹੈ। 1990ਵਿਆਂ ਦੇ ਸ਼ੁਰੂ 'ਚ ਕਸ਼ਮੀਰ ਵਿਚ ਵੱਡੇ ਪੱਧਰ 'ਤੇ ਬਗ਼ਾਵਤ ਸੁਰੂ ਹੋਣ 'ਤੇ 'ਖਾੜਕੂ' ਸ਼ਬਦ ਦੀ ਵਰਤੋਂ ਸ਼ੁਰੂ ਹੋਈ ਸੀ। ਉਸ ਵਕਤ ਦੋਵਾਂ ਪਾਸਿਆਂ ਤੋਂ ਦਬਾਓ ਸੀ, ਇਕ ਪਾਸੇ ਉਹ ਮੁਜਾਹਿਦ ਕਹਾਉਣ ਦੀ ਗੱਲ ਕਰ ਰਹੇ ਸਨ ਅਤੇ ਦੂਜੀ ਧਿਰ ਉਨ੍ਹਾਂ ਨੂੰ ਦਹਿਸ਼ਤਗਰਦ ਕਹਿਣ ਲਈ ਜ਼ੋਰ ਪਾ ਰਹੀ ਸੀ। ਉਸਨੇ ਕਿਹਾ ਕਿ ਕਸ਼ਮੀਰ ਵਿਚ ਅਖ਼ਬਾਰਾਂ ਨੇ ਸਰਵ-ਸੰਮਤੀ ਨਾਲ ਸੰਤੁਲਨ ਬਣਾਉਣ ਲਈ ਨਿਰਪੱਖ ਸ਼ਬਦ 'ਖਾੜਕੂ' ਚੁਣਿਆ ਸੀ। "ਅਸੀਂ ਪਿਛਲੇ ਤੀਹ ਸਾਲ ਤੋਂ ਇਹ ਸ਼ਬਦ ਲਿਖ ਰਹੇ ਸੀ ਅਤੇ ਦੋਵੇਂ ਧਿਰਾਂ ਇਸ ਨਾਲ ਰਾਜ਼ੀ ਸਨ। ਹੁਣ ਪ੍ਰਸ਼ਾਸਨ ਸਾਨੂੰ ਦਹਿਸ਼ਤਗਰਦ ਸ਼ਬਦ ਵਰਤਣ ਲਈ ਮਜਬੂਰ ਕਰ ਰਿਹਾ ਹੈ।"

ਰਾਈਜ਼ਿੰਗ ਕਸ਼ਮੀਰ ਦੇ ਬਾਨੀ ਸੰਪਾਦਕ ਸ਼ੁਜਾਤ ਬੁਖ਼ਾਰੀ ਦੇ ਕਤਲ ਦਾ ਜ਼ਿਕਰ ਕਰਦੇ ਹੋਏ, ਜਿਸ ਨੂੰ 2018 'ਚ ਦਿਨ-ਦਿਹਾੜੇ ਅਣਪਛਾਤੇ ਹਮਲਾਵਰਾਂ ਨੇ ਕਤਲ ਕਰ ਦਿੱਤਾ ਸੀ, ਅਖ਼ਬਾਰ ਦੇ ਸਾਬਕਾ ਮੁਲਾਜ਼ਮ ਨੇ ਕਿਹਾ ਕਿ ਪੱਤਰਕਾਰ ਹਮੇਸ਼ਾ ਖ਼ਤਰੇ 'ਚ ਸੀ। ਉਸ ਨੇ ਮੈਨੂੰ ਕਿਹਾ, "ਸਾਡੀ ਜ਼ਿੰਦਗੀ ਦੀ ਗਾਰੰਟੀ ਨਹੀਂ ਹੈ। ਨਵੀਂ ਸ਼ਬਦਾਵਲੀ ਸਾਨੂੰ ਖ਼ਤਰੇ 'ਚ ਪਾ ਰਹੀ ਹੈ ਅਤੇ ਇਹ ਸ਼ਬਦ ਇੱਥੋਂ ਦੇ ਬਹੁਤ ਸਾਰੇ ਲੋਕਾਂ ਦੀਆਂ ਰੀਝਾਂ ਦੇ ਵਿਰੁੱਧ ਵੀ ਹੈ। ਜਿਵੇਂ ਕਿ ਉਹ ਕਹਿੰਦੇ ਹਨ, ਇਕ ਆਦਮੀ ਦੇ ਲਈ ਦਹਿਸ਼ਤਗਰਦ ਦੂਜੇ ਆਦਮੀ ਦੇ ਲਈ ਆਜ਼ਾਦੀ ਦਾ ਪਰਵਾਨਾ ਹੈ। ਇਸ ਸ਼ਬਦ ਦੀ ਵਰਤੋਂ ਕਰਨ ਲਈ ਸਾਨੂੰ ਸਮਾਜਿਕ ਬਾਈਕਾਟ ਦਾ ਸਾਹਮਣਾ ਵੀ ਕਰਨਾ ਪਵੇਗਾ। ਪੱਤਰਕਾਰ ਹੋਣ ਦੇ ਨਾਤੇ, ਸਾਨੂੰ ਸੰਤੁਲਨ ਬਣਾਉਣ ਦੀ ਜ਼ਰੂਰਤ ਹੈ। ਅਸੀਂ ਬਿਰਤਾਂਤ ਦੇ ਦੂਜੇ ਪਾਸੇ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ।"

ਹਾਲਾਂਕਿ, ਨਾਮਕਰਨ ਦੀ ਇਸ ਰੱਦੋਬਦਲ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਨੂੰ ਉਨ੍ਹਾਂ ਪੱਤਰਕਾਰਾਂ ਨੂੰ ਸੰਸਥਾਵਾਂ 'ਚੋਂ ਕਢਵਾਉਣ 'ਚ ਮੱਦਦ ਕੀਤੀ ਹੈ ਜੋ ਲੀਹ 'ਤੇ ਨਹੀਂ ਆਉਂਦੇ। 15 ਜੁਲਾਈ ਨੂੰ ਰਾਈਜ਼ਿੰਗ ਕਸ਼ਮੀਰ ਦੇ ਮੁੱਖ ਪੰਨੇ ਦੇ ਸੰਪਾਦਕ ਸੱਜਾਦ ਕ੍ਰਾਲਿਆਰੀ ਨੇ "ਆਰਕੇ ਲੇਆਊਟ ਐਂਡ ਐਡੀਟਰ" ਨਾਂ ਦੇ ਇਕ ਦਫ਼ਤਰ ਦੇ ਵੱਟਸਐਪ ਗਰੁੱਪ ਵਿਚ ਲਿਖਿਆ, 'ਅਜਮੇਰ ਸਿੰਘ ਮੈਂ ਸੰਸਥਾ ਲਈ ਸਮੱਸਿਆ ਨਹੀਂ ਬਣਨਾ ਚਾਹੁੰਦਾ, ਸਾਨੂੰ ਦਹਿਸ਼ਤਗਰਦ ਲਿਖਣ ਲਈ ਮਜਬੂਰ ਕੀਤਾ ਗਿਆ ਸੀ... ਮੈਂ ਸੰਸਥਾ ਦੇ ਹਿਤ ਬਾਰੇ ਸੋਚਦੇ ਹੋਏ ਸੁਹਿਰਦਤਾ ਨਾਲ ਅਸਤੀਫ਼ਾ ਦੇ ਰਿਹਾ ਹਾਂ... ਧੰਨਵਾਦ।"

ਅਜਮੇਰ ਸਿੰਘ ਸਾਬਕਾ ਫ਼ੌਜੀ ਅਧਿਕਾਰੀ ਅਤੇ ਰਾਈਜ਼ਿੰਗ ਕਸ਼ਮੀਰ ਦੇ ਸਲਾਹਕਾਰ ਸੰਪਾਦਕ ਹਨ। ਮੈਸੇਜ ਪਾਉਣ ਤੋਂ ਬਾਦ ਕ੍ਰਾਲਿਆਰੀ ਨੇ ਗਰੁੱਪ ਛੱਡ ਦਿੱਤਾ। ਅਗਲੇ ਦਿਨ, ਰਾਈਜ਼ਿੰਗ ਕਸ਼ਮੀਰ ਮੈਨੇਜਮੈਂਟ ਵੱਲੋਂ ਇਕ ਮੀਟਿੰਗ ਬੁਲਾਈ ਗਈ ਅਤੇ ਕ੍ਰਾਲਿਆਰੀ ਨੂੰ ਸੰਸਥਾ ਨਾ ਛੱਡਣ ਲਈ ਮਨਾ ਲਿਆ ਗਿਆ। ਦੋ ਹਫ਼ਤੇ ਬਾਦ ਹੀ, ਕ੍ਰਾਲਿਆਰੀ ਅਤੇ ਦੋ ਹੋਰ ਸਟਾਫ਼ ਮੈਂਬਰਾਂ ਨੂੰ "ਨਵੀਂ ਸ਼ਬਦਾਵਲੀ ਨੀਤੀ" ਦੀ ਪਾਲਣਾ ਨਾ ਕਰਨ ਲਈ ਸੰਸਥਾ ਤੋਂ ਬਰਖ਼ਾਸਤ ਕਰ ਦਿੱਤਾ ਗਿਆ।

ਬਾਕੀਆਂ ਨੇ ਵੀ ਮੈਨੂੰ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਇਸੇ ਤਰ੍ਹਾਂ ਦੇ ਨਾਜ਼ੁਕ ਮਸਲੇ 'ਤੇ ਕੱਢ ਦਿੱਤਾ ਗਿਆ ਸੀ। ਕਸ਼ਮੀਰ ਵਿਚ ਅਖ਼ਬਾਰ ਉਦਯੋਗ ਅਸੰਗਠਿਤ ਹੈ। ਪੱਤਰਕਾਰਾਂ ਨੂੰ ਅਕਸਰ ਰਸਮੀ ਜੁਆਨਿੰਗ ਲੈਟਰ ਨਹੀਂ ਮਿਲਦੇ ਅਤੇ ਉਨ੍ਹਾਂ ਨੂੰ ਰਿਲੀਵਿੰਗ ਲੈਟਰ ਮਿਲਣ ਦੀ ਸੰਭਾਵਨਾ ਵੀ ਘੱਟ ਹੀ ਹੁੰਦੀ ਹੈ। ਉਨ੍ਹਾਂ ਨੂੰ ਮੂੰਹ-ਜ਼ੁਬਾਨੀ ਭਰਤੀ ਕੀਤਾ ਜਾਂਦਾ ਹੈ ਅਤੇ ਮੂੰਹ-ਜ਼ੁਬਾਨੀ ਹੀ ਇਸ ਆਧਾਰ 'ਤੇ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ ਕਿ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਸੰਸਥਾਵਾਂ ਦੇ ਸੰਪਾਦਕਾਂ ਨੂੰ ਜੋ ਅਸਪੱਸ਼ਟ ਆਦੇਸ਼ ਦਿੱਤੇ ਹਨ ਉਨ੍ਹਾਂ ਦੀ ਉਹ ਮੁਸਤੈਦੀ ਨਾਲ ਪਾਲਣਾ ਨਹੀਂ ਕਰਦੇ।

ਸੰਪਾਦਕੀ ਨੀਤੀ ਵਿਚ ਹਾਲੀਆ ਬਦਲਾਵਾਂ ਅਤੇ ਉਨ੍ਹਾਂ ਬਦਲਾਵਾਂ ਨੂੰ ਸਵੀਕਾਰ ਨਾ ਕਰਨ ਵਾਲੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ 'ਚ ਰਾਈਜ਼ਿੰਗ ਕਸ਼ਮੀਰ ਹੁਣ ਸਭ ਤੋਂ ਭੈੜੇ ਅਪਰਾਧੀਆਂ ਵਿੱਚੋਂ ਇਕ ਹੈ। 2021 'ਚ, ਇਸ ਸੰਸਥਾ ਨੇ ਸੱਤ ਪੱਤਰਕਾਰਾਂ ਨੂੰ ਬਰਖ਼ਾਸਤ ਕੀਤਾ, ਜਿਨ੍ਹਾਂ ਵਿੱਚੋਂ ਕਈਆਂ ਨੇ ਮੈਨੂੰ ਦੱਸਿਆ ਕਿ ਇਹ ਇਸ ਕਰਕੇ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਅਖ਼ਬਾਰ ਦੀ ਸੰਪਾਦਕੀ ਨੀਤੀ ਵਿਚ ਬਦਲਾਓ ਨੂੰ ਸਵੀਕਾਰ ਨਹੀਂ ਕੀਤਾ।

ਅਗਸਤ 2021 ਵਿਚ, ਰਾਈਜ਼ਿੰਗ ਕਸ਼ਮੀਰ ਦੇ ਔਨਲਾਈਨ ਸੰਪਾਦਕ ਵਜੋਂ ਕੰਮ ਕਰਨ ਵਾਲੇ ਇਰਫ਼ਾਨ ਅਮੀਨ ਮਲਿਕ ਨੇ ਜੰਮੂ-ਕਸ਼ਮੀਰ ਲਈ ਨਵੀਂ ਫਿਲਮ ਨੀਤੀ ਦੀ ਆਲੋਚਨਾ ਕਰਦੇ ਹੋਏ ਇਕ ਟਵੀਟ ਲਿਖਿਆ, ਜਿਸ ਦੇ ਅਨੁਸਾਰ ਫਿਲਮ ਨਿਰਮਾਤਾਵਾਂ ਨੂੰ ਸ਼ੂਟਿੰਗ ਦੀ ਮਨਜ਼ੂਰੀ ਲੈਣ ਲਈ ਸਰਕਾਰ ਨੂੰ ਆਪਣੀ ਸਕ੍ਰਿਪਟ ਦਿਖਾਉਣੀ ਪਵੇਗੀ। ਟਵੀਟ ਦੇ ਅੰਜਾਮ ਤੋਂ ਪ੍ਰੇਸ਼ਾਨ ਹੋ ਕੇ ਉਸਨੇ ਸਿਰਫ਼ ਦੋ ਮਿੰਟ ਬਾਦ ਹੀ ਟਵੀਟ ਨੂੰ ਹਟਾ ਦਿੱਤਾ। ਇਸ ਤੋਂ ਤੁਰੰਤ ਬਾਦ ਉਸ ਨੂੰ ਦੱਖਣੀ ਕਸ਼ਮੀਰ ਦੇ ਤਰਾਲ ਕਸਬੇ ਦੇ ਸਥਾਨਕ ਥਾਣੇ 'ਚ ਤਲਬ ਕਰ ਲਿਆ ਗਿਆ, ਜਿੱਥੇ ਉਸ ਤੋਂ ਪੰਜ ਘੰਟੇ ਤੱਕ ਪੁੱਛਗਿੱਛ ਕੀਤੀ ਗਈ। ਉਸੇ ਦਿਨ ਰਾਈਜ਼ਿੰਗ ਕਸ਼ਮੀਰ ਨੇ ਮਲਿਕ ਨੂੰ ਨੌਕਰੀ ਤੋਂ ਕੱਢਣ ਦਾ ਫ਼ੈਸਲਾ ਲੈ ਲਿਆ।

ਰਾਈਜ਼ਿੰਗ ਕਸ਼ਮੀਰ ਦੇ ਸਿਆਸੀ ਪੰਨੇ ਦੇ ਕਰਤਾ-ਧਰਤਾ ਉੱਪ ਸੰਪਾਦਕ ਮੁਹੰਮਦ ਰਫੀ ਨੂੰ 7 ਫਰਵਰੀ 2021 ਦੀ ਅੱਧੀ ਰਾਤ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਰਫੀ ਨੇ ਮੈਨੂੰ ਦੱਸਿਆ, "ਕਈ ਮੌਕਿਆਂ 'ਤੇ ਸਾਡੇ ਨਿਊਜ਼ ਰੂਮ ਵਿਚ ਗਰਮਾ ਗਰਮ ਬਹਿਸ ਹੋਈ ਸੀ। ਮਾਲਕ, ਅਯਾਜ ਹਾਫ਼ਿਜ਼ ਗਨੀ, ਅਤੇ ਸਲਾਹਕਾਰ ਸੰਪਾਦਕ ਅਜਮੇਰ ਸਿੰਘ ਚਾਹੁੰਦੇ ਸਨ ਕਿ ਸਥਾਨਕ ਮੁੱਖ ਧਾਰਾ ਦੀ ਸਿਆਸਤ, ਨੈਸ਼ਨਲ ਕਾਨਫਰੰਸ ਅਤੇ ਪੀਡੀਪੀ ਨੂੰ ਅਖ਼ਬਾਰ ਵਿੱਚੋਂ ਮਿਟਾ ਦਿੱਤਾ ਜਾਵੇ। ਰਾਈਜ਼ਿੰਗ ਕਸ਼ਮੀਰ ਇਕ ਸਥਾਨਕ ਅਖ਼ਬਾਰ ਹੈ ਅਤੇ ਇਹ ਜ਼ਰੂਰੀ ਹੈ ਕਿ ਸਥਾਨਕ ਸਿਆਸਤ ਅਖ਼ਬਾਰ ਦੇ ਅੰਦਰ ਝਲਕਦੀ ਹੋਵੇ। ਪਰ, ਇਸ ਦੀ ਬਜਾਏ, ਮੈਨੂੰ ਦਿੱਲੀ ਤੋਂ ਭਾਜਪਾ ਦੇ ਬੁਲਾਰਿਆਂ ਦੇ ਬਿਆਨ ਲੈ ਕੇ ਆਉਣ ਲਈ ਕਿਹਾ ਗਿਆ ਸੀ।" ਗਨੀ ਜਨਵਰੀ 2020 'ਚ ਬਦੇਸ਼ੀ ਡਿਪਲੋਮੈਟਾਂ ਨੂੰ ਮਿਲਣ ਵਾਲੇ ਮੀਡੀਆ ਕਰਮੀਆਂ ਦੇ ਵਫ਼ਦ ਵਿਚ ਵੀ ਸ਼ਾਮਲ ਸੀ।

ਰਫੀ ਨੂੰ ਕੱਢੇ ਜਾਣ ਤੋਂ ਚਾਰ ਦਿਨ ਪਹਿਲਾਂ, ਕੇਂਦਰੀ ਗ੍ਰਹਿ ਰਾਜ ਮੰਤਰੀ ਜੀ ਕਿਸ਼ਨ ਰੈਡੀ ਨੇ ਸੰਸਦ ਨੂੰ ਦੱਸਿਆ ਕਿ ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਦ, "ਵੱਖਵਾਦੀਆਂ, ਉਨ੍ਹਾਂ ਦੇ ਖੁੱਲ੍ਹੇ ਵਰਕਰਾਂ, ਪੱਥਰਬਾਜ਼ਾਂ ਆਦਿ ਸਮੇਤ 613 ਲੋਕਾਂ ਨੂੰ ਵੱਖ-ਵੱਖ ਮੌਕਿਆਂ 'ਤੇ ਵੱਖ-ਵੱਖ ਥਾਵਾਂ ਤੋਂ ਹਿਰਾਸਤ ਵਿਚ ਲਿਆ ਗਿਆ ਹੈ।" ਰੈਡੀ ਨੇ ਕਿਹਾ ਕਿ ਹਿਰਾਸਤ 'ਚ ਲਏ ਗਏ ਲੋਕਾਂ 'ਚੋਂ ਹੁਣ ਤੱਕ 430 ਜਣਿਆਂ ਨੂੰ ਰਿਹਾਅ ਕੀਤਾ ਜਾ ਚੁੱਕਾ ਹੈ। ਉਸਨੇ ਇਹ ਵੀ ਦਾਅਵਾ ਕੀਤਾ ਕਿ "ਜੰਮੂ-ਕਸ਼ਮੀਰ ਸਰਕਾਰ ਨੇ ਅੱਗੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਕੋਈ ਵੀ ਵਿਅਕਤੀ ਘਰ ਵਿਚ ਨਜ਼ਰਬੰਦ ਨਹੀਂ ਹੈ।" 4 ਫਰਵਰੀ ਨੂੰ ਹੁਰੀਅਤ ਨੇਤਾ ਮੀਰਵਾਇਜ ਉਮਰ ਫ਼ਾਰੂਕ ਨੇ ਰੈਡੀ ਦੇ ਬਿਆਨ ਨੂੰ ਗੁੰਮਰਾਹਕੁਨ ਕਰਾਰ ਦਿੱਤਾ। ਮੀਰਵਾਇਜ ਨੇ ਕਿਹਾ ਕਿ ਅਗਸਤ 2019 ਤੋਂ ਲੈ ਕੇ ਪੁਲਿਸ ਦੀ ਗੱਡੀ ਪੱਕੇ ਤੌਰ 'ਤੇ ਉਸ ਦੇ ਘਰ ਦੇ ਬਾਹਰ ਤਾਇਨਾਤ ਹੈ, ਅਤੇ "ਮੈਨੂੰ ਬਾਹਰ ਨਿਕਲਣ ਤੋਂ ਰੋਕ ਦਿੱਤਾ ਗਿਆ ਹੈ। ਜੇਕਰ ਇਹ ਕਦਮ ਨਜ਼ਰਬੰਦੀ ਨਹੀਂ ਤਾਂ ਕੀ ਹੈ? ਜੇਕਰ ਮੈਨੂੰ ਘਰ 'ਚ ਨਜ਼ਰਬੰਦ ਨਹੀਂ ਕੀਤਾ ਗਿਆ ਤਾਂ ਮੈਨੂੰ ਘਰੋਂ ਬਾਹਰ ਕਿਉਂ ਨਹੀਂ ਜਾਣ ਦਿੱਤਾ ਜਾ ਰਿਹਾ?" ਰਾਈਜ਼ਿੰਗ ਕਸ਼ਮੀਰ ਦੇ 4 ਫਰਵਰੀ ਦੇ ਅੰਕ ਨੇ ਰੈਡੀ ਦੇ ਬਿਆਨ ਨੂੰ ਦੂਜੇ ਪੰਨੇ 'ਤੇ ਲੀਡ ਸਟੋਰੀ ਵਜੋਂ ਛਾਪਿਆ, ਜਿਸ ਵਿਚ ਮੀਰਵਾਈਜ ਦੇ ਬਿਆਨ ਦਾ ਕੋਈ ਜ਼ਿਕਰ ਨਹੀਂ ਸੀ। ਰਫੀ ਨੇ ਮੈਨੂੰ ਦੱਸਿਆ ਕਿ ਉਸ ਨੇ ਮੀਰਵਾਇਜ ਦੇ ਬਿਆਨ ਨਾਲ ਦੂਜੇ ਪੰਨੇ ਨੂੰ ਅੰਤਿਮ ਰੂਪ ਦਿੱਤਾ ਸੀ, ਪਰ ਬਾਦ ਵਿਚ ਇਸਨੂੰ ਹਟਾਉਣ ਲਈ ਕਿਹਾ ਗਿਆ ਸੀ। ਉਸਨੇ ਇਨਕਾਰ ਕਰ ਦਿੱਤਾ।

ਰਫੀ ਨੇ ਕਿਹਾ, 7 ਫਰਵਰੀ ਦੀ ਰਾਤ ਨੂੰ "ਮੈਨੂੰ ਮਹਿਬੂਬਾ ਮੁਫਤੀ ਅਤੇ ਉਮਰ ਅਬਦੁੱਲਾ ਦੇ ਬਿਆਨਾਂ ਨੂੰ ਹਟਾਉਣ ਅਤੇ ਦਿੱਲੀ ਭਾਜਪਾ ਦੇ ਬੁਲਾਰੇ ਦੇ ਬਿਆਨ ਨੂੰ ਲਾਉਣ ਲਈ ਕਿਹਾ ਗਿਆ। ਮੈਂ ਨਹੀਂ ਮੰਨਿਆ ਤਾਂ ਉਹ ਜ਼ਿੱਦ ਕਰਨ ਲੱਗੇ। ਮੈਂ ਝੁਕਿਆ ਨਹੀਂ ਅਤੇ ਆਖ਼ਿਰਕਾਰ ਉਨ੍ਹਾਂ ਨੇ ਪੰਨਾ ਬਦਲ ਦਿੱਤਾ। ਮੈਨੂੰ ਬਾਦ ਵਿਚ ਇਕ ਐੱਮ.ਐੱਮ.ਐੱਸ. ਆਇਆ ਕਿ ਤੈਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।

ਰਾਈਜ਼ਿੰਗ ਕਸ਼ਮੀਰ ਦੇ ਇਕ ਸਾਬਕਾ ਮੁਲਾਜ਼ਮ, ਜਿਸਨੇ ਛੇ ਸਾਲ ਤੋਂ ਅਖ਼ਬਾਰ ਲਈ ਕੰਮ ਕੀਤਾ ਸੀ, ਨੇ ਮੈਨੂੰ ਦੱਸਿਆ ਕਿ ਪਿਛਲੇ ਸਾਲਾਂ ਤੋਂ ਇਹ ਅਖ਼ਬਾਰ ਬਦਲ ਗਿਆ ਹੈ। ਉਸ ਨੇ ਕਿਹਾ, "ਮੈਂ 2018 ਤੋਂ ਰਾਈਜ਼ਿੰਗ ਕਸ਼ਮੀਰ ਨਾਲ ਜੁੜਿਆ ਹੋਇਆ ਸੀ। "ਖਾੜਕੂ" ਦੀ ਬਜਾਏ "ਦਹਿਸ਼ਤਗਰਦ" ਦੀ ਵਰਤੋਂ ਕਰਨ ਤੋਂ ਇਲਾਵਾ, ਇਸ ਵਿਚ ਹੋਰ ਬਦਲਾਓ ਵੀ ਕੀਤੇ ਗਏ - ਜਿਵੇਂ ਕਿ ਸਾਨੂੰ ਪਾਕਿਸਤਾਨ ਸ਼ਾਸਿਤ ਕਸ਼ਮੀਰ ਦੀ ਬਜਾਏ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਕਰਨਾ ਪਿਆ। ਇਹ ਸਟਾਫ਼ ਨੂੰ ਠੀਕ ਨਹੀਂ ਲੱਗਿਆ ਅਤੇ ਅਸੀਂ ਸੰਪਾਦਕ ਤੇ ਮਾਲਕ ਨੂੰ ਕਿਹਾ ਕਿ ਜੇਕਰ ਅਸੀਂ ਇਹ ਲਿਖਦੇ ਹਾਂ ਤਾਂ ਇਸ ਨਾਲ ਸਾਡੀਆਂ ਜਾਨਾਂ ਨੂੰ ਖ਼ਤਰਾ ਹੋ ਸਕਦਾ ਹੈ। ਸਾਡੇ ਇਹ ਕਹਿਣ ਤੋਂ ਬਾਦ ਪ੍ਰਬੰਧਕੀ ਅਤੇ ਸੰਪਾਦਕੀ ਟੀਮ ਵਿਚ ਤਲਖ਼ੀ ਬਣ ਗਈ ਅਤੇ ਪੰਦਰਾਂ-ਵੀਹ ਦਿਨ ਬਾਦ ਚਾਰ ਜਣਿਆਂ ਨੂੰ ਸਰਵਿਸ ਪੀਰੀਅਡ ਜਾਂ ਕੋਈ ਅਗਾਊਂ ਤਨਖ਼ਾਹ ਦਿੱਤੇ ਬਿਨਾਂ ਹੀ ਅਖ਼ਬਾਰ 'ਚੋਂ ਕੱਢ ਦਿੱਤਾ ਗਿਆ। ਸਾਬਕਾ ਮੁਲਾਜ਼ਮ ਨੇ ਕਿਹਾ ਕਿ ਅਖ਼ਬਾਰ ਵੱਲੋਂ ਇਸ ਦਾ ਕਾਰਨ ਸਿਰਫ਼ ਇਹ ਦੱਸਿਆ ਗਿਆ ਹੈ ਕਿ ਪੱਤਰਕਾਰਾਂ ਦੀ ਵਿਚਾਰਧਾਰਾ ਅਖ਼ਬਾਰ ਦੀ ਨੀਤੀ ਦੇ ਫਿੱਟ ਨਹੀਂ ਆਉਂਦੀ।

ਸਾਬਕਾ ਮੁਲਾਜ਼ਮ ਨੇ ਕਿਹਾ ਕਿ ਅਧਿਕਾਰੀਆਂ ਦੇ ਹੁਕਮ ਵਜਾ ਰਹੇ ਸੰਪਾਦਕ ਕਵਰੇਜ ਵਿਚ ਜੋ ਬਦਲਾਓ ਚਾਹੁੰਦੇ ਹਨ ਉਸ ਦਾ ਕੋਈ ਅੰਤ ਨਹੀਂ ਹੈ। ਉਸਨੇ ਮੈਨੂੰ ਦੱਸਿਆ, "ਸਾਨੂੰ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਬਾਰੇ ਮੂੰਹ ਜ਼ੁਬਾਨੀ ਚੇਤਾਵਨੀ ਦਿੱਤੀ ਗਈ ਸੀ ਕਿ ਸਾਨੂੰ ਅਜਿਹੀ ਕੋਈ ਵੀ ਪੋਸਟ ਨਹੀਂ ਪਾਉਣੀ ਚਾਹੀਦੀ ਜੋ ਸੰਪਾਦਕੀ ਲਾਈਨ ਦੇ ਅਨੁਕੂਲ ਨਾ ਹੋਵੇ। ਜੇ ਕੋਈ ਬਦਲਾਓ ਹੁੰਦਾ ਹੈ ਤਾਂ ਸਰਕਾਰ ਸਿਰਫ਼ ਮੂੰਹ ਜ਼ੁਬਾਨੀ ਹੁਕਮਾਂ ਦੀ ਵਰਤੋਂ ਕਰਦੀ ਹੈ ਤਾਂ ਜੋ ਕੁਝ ਵੀ ਰਿਕਾਰਡ 'ਤੇ ਨਾ ਜਾਵੇ। ਕਾਗਜ਼ਾਂ ਉੱਪਰ ਜੋ ਕੁਝ ਵੀ ਹੁੰਦਾ ਹੈ ਉਹ ਇਕ ਜਗ੍ਹਾ ਇਕੱਠਾ ਹੁੰਦਾ ਜਾਵੇਗਾ ਅਤੇ ਦੇਰ-ਸਵੇਰ ਸਾਹਮਣੇ ਆ ਹੀ ਜਾਵੇਗਾ। ਇਸੇ ਲਈ ਉਹ ਇਹ ਯਕੀਨੀਂ ਬਣਾਉਂਦੇ ਹਨ ਕਿ ਕੋਈ ਨਿਸ਼ਾਨ ਜਾਂ ਸਬੂਤ ਨਾ ਰਹੇ। ਸਾਨੂੰ ਬਸ ਇੰਨਾ ਹੀ ਦੱਸਿਆ ਗਿਆ ਸੀ ਕਿ 'ਹੁਕਮ ਉੱਪਰੋਂ ਆਏ ਹਨ,' ਅਤੇ ਸਾਡੇ ਤੋਂ ਬਿਨਾਂ ਕੋਈ ਕਿੰਤੂ-ਪ੍ਰੰਤੂ ਕੀਤੇ ਉਨ੍ਹਾਂ ਦੀ ਪਾਲਣਾ ਕਰਨ ਦੀ ਉਮੀਦ ਕੀਤੀ ਗਈ ਸੀ।"

"ਉਨ੍ਹਾਂ ਨੇ ਸਾਨੂੰ ਝੁਕਣ ਲਈ ਕਿਹਾ ਅਤੇ ਅਸੀਂ ਰੀਂਗਣਾ ਸ਼ੁਰੂ ਕਰ ਦਿੱਤਾ," ਉਸਨੇ ਮੈਨੂੰ ਦੱਸਿਆ। "ਕਸ਼ਮੀਰ ਦੇ ਅਖ਼ਬਾਰਾਂ ਵਿਚ ਇਹੋ ਕੁਝ ਹੋ ਰਿਹਾ ਹੈ, ਉਨ੍ਹਾਂ ਨੇ ਰੀਂਗਣਾ ਸ਼ੁਰੂ ਕਰ ਦਿੱਤਾ ਅਤੇ ਹੁਣ ਆਪਣੀਆਂ ਕਬਰਾਂ ਖੁਦ ਪੁੱਟ ਰਹੇ ਹਨ।"

ਸੰਪਾਦਕੀ ਬਦਲਾਵਾਂ ਨੂੰ ਤਾਂ ਘੁਸਰ-ਮੁਸਰ ਕਰਕੇ ਅਤੇ ਜ਼ੁਬਾਨੀ ਹੁਕਮਾਂ ਰਾਹੀਂ ਪਹੁੰਚਾਇਆ ਜਾਂਦਾ ਹੈ, ਪਰ ਜੰਮੂ-ਕਸ਼ਮੀਰ ਸਰਕਾਰ ਦੀ ਮੀਡੀਆ 'ਤੇ ਕਰੜੇ ਕੰਟਰੋਲ ਦੀ ਨੀਤੀ ਅਪਾਰਦਰਸ਼ੀ ਹੈ। 15 ਮਈ 2020 ਨੂੰ, ਜੰਮੂ ਐਂਡ ਕਸ਼ਮੀਰ ਡਾਇਰੈਕਟੋਰੇਟ ਆਫ ਇਨਫਰਮੇਸ਼ਨ ਐਂਡ ਪਬਲਿਕ ਰਿਲੇਸ਼ਨ ਨੇ 53 ਪੰਨਿਆਂ ਦੀ ਮੀਡੀਆ ਨੀਤੀ ਜਾਰੀ ਕੀਤੀ, ਜਿਸ ਵਿਚ ਦੱਸਿਆ ਗਿਆ ਕਿ ਕਸ਼ਮੀਰ 'ਚ ਪੱਤਰਕਾਰੀ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਇਹ ਨੀਤੀ ਸੋਸ਼ਲ ਮੀਡੀਆ ਸਮੇਤ ਵੱਖ-ਵੱਖ ਮੰਚਾਂ ਉੱਪਰ ਸਰਕਾਰ ਦੀਆਂ "ਪ੍ਰਾਪਤੀਆਂ" ਦੇ ਨਾਲ-ਨਾਲ ਸਰਕਾਰੀ ਯੋਜਨਾਵਾਂ ਦੇ ਵੇਰਵਿਆਂ ਦਾ ਹੜ੍ਹ ਲਿਆਉਣ ਦਾ ਖ਼ਾਕਾ ਦਿੰਦੀ ਹੈ। ਇਹ ਸਮਾਚਾਰ ਸੰਸਥਾਵਾਂ ਨੂੰ ਨਾ ਸਿਰਫ ਸਰਕਾਰ ਦੀਆਂ "ਵਿਕਾਸ" ਦੀਆਂ ਪ੍ਰਾਪਤੀਆਂ ਨੂੰ ਕੇਂਦਰੀ ਫੋਕਸ ਬਣਾਉਣ ਸਗੋਂ ਉਨ੍ਹਾਂ ਨੂੰ ਆਪਣੀ ਰਿਪੋਰਟਿੰਗ ਨੂੰ ਸਿਰਫ਼ ਇਸੇ ਤੱਕ ਸੀਮਤ ਕਰਨ ਲਈ ਮਜਬੂਰ ਕਰਦੀ ਹੈ।

ਇਸ ਮੀਡੀਆ ਨੀਤੀ ਵਿਚ ਉਨ੍ਹਾਂ ਤਰੀਕਿਆਂ ਬਾਰੇ ਵੀ ਚਰਚਾ ਕੀਤੀ ਗਈ ਹੈ ਜਿਨ੍ਹਾਂ ਨਾਲ ਪ੍ਰਸ਼ਾਸਨ ਮੀਡੀਆ ਸੰਸਥਾਵਾਂ ਨੂੰ ਗੋਡਿਆਂ ਭਾਰ ਕਰ ਸਕਦਾ ਹੈ। ਦਸਤਾਵੇਜ਼ ਵਿਚ ਕਿਹਾ ਗਿਆ ਹੈ, "ਕਿਸੇ ਵੀ ਮੀਡੀਆ ਨੂੰ ਕੋਈ ਵੀ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਵੇਗਾ ਜੋ ਹਿੰਸਾ ਨੂੰ ਭੜਕਾਉਂਦਾ ਜਾਂ ਭੜਕਾਉਣ ਦਾ ਇਰਾਦਾ ਰੱਖਦਾ ਹੈ, ਜਾਂ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਉੱਪਰ ਸਵਾਲ ਉਠਾਉਂਦਾ ਹੈ ਜਾਂ ਜਨਤਕ ਮਰਿਯਾਦਾ ਅਤੇ ਵਿਹਾਰ ਦੇ ਪ੍ਰਵਾਨਤ ਮਾਪਦੰਡਾਂ ਦੀ ਉਲੰਘਣਾ ਕਰਦਾ ਹੈ।" ਨੀਤੀ ਕਹਿੰਦੀ ਹੈ ਕਿ ਜੇਕਰ ਉਹ ਸਰਕਾਰੀ ਇਸ਼ਤਿਹਾਰ ਛਾਪਣ ਤੋਂ ਇਨਕਾਰ ਕਰਦੇ ਹਨ ਤਾਂ ਪ੍ਰਸ਼ਾਸਨ ਨੂੰ ਪ੍ਰਕਾਸ਼ਨਾਵਾਂ ਨੂੰ ਸਿਰਫ਼ ਛੇ ਮਹੀਨਿਆਂ ਲਈ ਸੂਚੀ 'ਚ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਨੀਤੀ ਸੁਝਾਅ ਦਿੰਦੀ ਹੈ ਕਿ ਜੇਕਰ ਮੀਡੀਆ "ਦਿਸ਼ਾ-ਨਿਰਦੇਸ਼ਾਂ" ਦੀ ਪਾਲਣਾ ਨਹੀਂ ਕਰਦੇ ਤਾਂ ਡੀਆਈਪੀਆਰ "ਉਲੰਘਣਾ ਕਰਨ ਵਾਲਿਆਂ" ਨੂੰ ਮੁਅੱਤਲ ਕਰਨ ਲਈ ਇਕ ਅੰਦਰੂਨੀ ਤੰਤਰ ਸਥਾਪਤ ਕਰ ਸਕਦਾ ਹੈ। ਹਾਲਾਂਕਿ ਵਿਭਾਗ ਦੇ ਪ੍ਰਸ਼ਾਸਕੀ ਸਕੱਤਰ ਅਤੇ ਗ੍ਰਹਿ ਵਿਭਾਗ ਦੇ ਵਧੀਕ ਸਕੱਤਰ ਦੀ ਅਗਵਾਈ ਵਾਲੀ ਸਮੀਖਿਆ ਕਮੇਟੀ ਕੋਲ ਅਪੀਲ ਕੀਤੀ ਜਾ ਸਕਦੀ ਹੈ, ਪਰ ਇਸ਼ਤਿਹਾਰਾਂ ਅਤੇ



ਪੈਨਲਿੰਗ ਦਾ ਅੰਤਮ ਅਧਿਕਾਰ ਡੀਆਈਪੀਆਰ ਕੋਲ ਹੋਵੇਗਾ।

ਇਸ ਤੋਂ ਅੱਗੇ ਨੀਤੀ ਰਵਾਇਤੀ ਪ੍ਰਿੰਟ ਮੀਡੀਆ ਤੋਂ ਬਦਲਕੇ ਔਨਲਾਈਨ ਮੀਡੀਆ ਆਊਟਲੈਟਸ ਅਤੇ ਟੈਲੀਵਿਜਨ ਤੇ ਰੇਡੀਓ ਸਟੇਸ਼ਨਾਂ ਉੱਪਰ ਫੋਕਸ ਕਰਨ ਦੀ ਤਜਵੀਜ਼ ਪੇਸ਼ ਕਰਦੀ ਹੈ, ਮਗਰਲੇ ਲਈ ਇਸ਼ਤਿਹਾਰਾਂ ਦੇ ਬਜਟ ਦਾ ਘੱਟੋ-ਘੱਟ 40 ਫ਼ੀਸਦੀ ਰਾਖਵਾਂ ਕਰਦੀ ਹੈ। ਔਨਲਾਈਨ ਸਮਾਚਾਰ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਨੂੰ ''ਖ਼ਾਸ ਧਿਆਨ ਦੇਣ ਵਾਲੇ ਖੇਤਰਾਂ'' ਦੱਸਿਆ ਗਿਆ ਹੈ ਅਤੇ ਨੀਤੀ ਦੇ "ਮੁੱਖ ਭਾਗਾਂ" ਵਿਚ "ਸੂਚਨਾ ਅਤੇ ਗ਼ਲਤ ਸੂਚਨਾ ਦੇ ਪ੍ਰਸਾਰ ਉੱਪਰ ਨਜ਼ਰ ਰੱਖਣ ਲਈ ਡੀਆਈਪੀਆਰ ਦੁਆਰਾ ਇਕ ਸੋਸ਼ਲ ਮੀਡੀਆ ਸੈੱਲ ਬਣਾਉਣਾ ਸ਼ਾਮਿਲ ਹੈ। ਕਸ਼ਮੀਰ ਵਿਚ ਕੋਈ ਵੱਡਾ ਟੈਲੀਵਿਜ਼ਨ ਜਾਂ ਰੇਡੀਓ ਚੈਨਲ ਨਹੀਂ ਹੈ, ਅਤੇ ਅਜਿਹੇ ਪ੍ਰਿੰਟ ਮੀਡੀਆ ਦੇ ਇਸ਼ਤਿਹਾਰਾਂ ਨੂੰ ਘਟਾਉਣਾ - ਜਿੱਥੇ ਜ਼ਿਆਦਾਤਰ ਕਸ਼ਮੀਰੀ ਪੱਤਰਕਾਰ ਕੰਮ ਕਰਦੇ ਹਨ - ਮੁਤਵਾਜ਼ੀ ਪ੍ਰੈੱਸ ਉੱਪਰ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਜਾਪਦਾ ਹੈ।

ਮੀਡੀਆ ਨੀਤੀ ਪ੍ਰਸ਼ਾਸਨ ਨੂੰ ਇਹ ਵੀ ਤੈਅ ਕਰਨ ਦਿੰਦੀ ਹੈ ਕਿ ਕਿਸ ਨੂੰ ਬਤੌਰ ਪੱਤਰਕਾਰ ਕਾਨੂੰਨੀ ਸਰਪ੍ਰਸਤੀ ਦਿੱਤੀ ਜਾ ਸਕਦੀ ਹੈ ਅਤੇ ਕਿਸ ਨੂੰ ਨਹੀਂ। ਇਸ ਵਿਚ ਕਿਹਾ ਗਿਆ ਹੈ ਕਿ ਡੀਆਈਪੀਆਰ ਕਸ਼ਮੀਰ ਵਿਚ ਪੱਤਰਕਾਰਾਂ ਦੀ ਮਾਨਤਾ ਨੂੰ ਮਨਜ਼ੂਰੀ ਦੇਣ 'ਚ "ਢੁੱਕਵੇਂ ਅਧਿਕਾਰੀਆਂ" ਨੂੰ ਸ਼ਾਮਿਲ ਕਰੇਗਾ। "ਇਸੇ ਤਰ੍ਹਾਂ, ਮਾਨਤਾ ਨੂੰ ਅੰਤਿਮ ਰੂਪ ਦਿੰਦੇ ਵਕਤ, ਸਬੰਧਤ ਅਧਿਕਾਰੀਆਂ ਦੀ ਮੱਦਦ ਨਾਲ ਹਰੇਕ ਪੱਤਰਕਾਰ ਦੇ ਪਹਿਲੇ ਕੰਮ ਸਮੇਤ ਪਿਛੋਕੜ ਦੀ ਗੰਭੀਰ ਜਾਂਚ ਕੀਤੀ ਜਾਵੇਗੀ।"

ਮੈਂ ਜਿਨ੍ਹਾਂ ਕਈ ਪੱਤਰਕਾਰਾਂ ਨਾਲ ਗੱਲ ਕੀਤੀ, ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਅਮਲ ਦਾ ਮਤਲਬ ਹੈ ਕਿ ਜੇ ਉਨ੍ਹਾਂ ਦੇ ਲਿਖੇ ਨਾਲ ਡੀਆਈਪੀਆਰ ਨੂੰ ਲੱਗੇ ਕਿ ਇਹ ਪ੍ਰਸ਼ਾਸਨ ਦੀ ਆਲੋਚਨਾ ਹੈ ਤਾਂ ਉਨ੍ਹਾਂ ਦੇ ਪ੍ਰੈੱਸ ਸ਼ਨਾਖ਼ਤੀ ਕਾਰਡ ਖੁੱਸ ਜਾਣਗੇ। ਜਬਰ ਦੇ ਪਿਛਲੇ ਕੇਸਾਂ ਵਿਚ, ਜਿਵੇਂ ਕਿ ਯੂਸਫ਼ ਵਿਰੁੱਧ ਯੂਏਪੀਏ ਦਾ ਕੇਸ, ਕਾਨੂੰਨ ਨੂੰ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਜੋ ਪਹਿਲਾ ਕਦਮ ਚੁੱਕਿਆ ਉਹ ਸੀ ਕਿਸੇ ਦੇ ਪੱਤਰਕਾਰ ਹੋਣ ਉੱਪਰ ਹੀ ਸਵਾਲ ਉਠਾ ਦੇਣਾ।

ਮੀਡੀਆ ਨੀਤੀ ਉਨ੍ਹਾਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਅਪਰਾਧਿਕ ਜਾਂਚ ਦੀ ਵਰਤੋਂ ਦਾ ਸਪੱਸ਼ਟ ਖ਼ਾਕਾ ਵੀ ਦਿੰਦੀ ਹੈ ਜਿਨ੍ਹਾਂ ਨੂੰ ਪ੍ਰਸ਼ਾਸਨ "ਜਾਅਲੀ ਖ਼ਬਰਾਂ" ਫੈਲਾਉਣ ਵਾਲੇ ਦੱਸ ਰਿਹਾ ਹੈ। ਨੀਤੀ ਵਿਚ ਕਿਹਾ ਗਿਆ ਹੈ, ''ਜਾਅਲੀ ਖ਼ਬਰਾਂ, ਅਨੈਤਿਕ ਜਾਂ ਰਾਸ਼ਟਰ ਵਿਰੋਧੀ ਸਰਗਰਮੀਆਂ ਜਾਂ ਸਾਹਿਤਕ ਚੋਰੀ ਵਿਚ ਸ਼ਾਮਿਲ ਕੋਈ ਵੀ ਵਿਅਕਤੀ ਜਾਂ ਸਮੂਹ ਕਾਨੂੰਨ ਦੇ ਤਹਿਤ ਕਾਰਵਾਈ ਨੂੰ ਛੱਡ ਕੇ ਪੈਨਲ ਤੋਂ ਵੀ ਹਟਾ ਦਿੱਤਾ ਜਾਵੇਗਾ।'' ਐਸੇ ਕੇਸਾਂ 'ਚ ਇਹ ਭਾਰਤੀ ਦੰਡਾਵਲੀ ਅਤੇ ਸਾਈਬਰ ਕਾਨੂੰਨਾਂ ਦੇ ਤਹਿਤ ਪੱਤਰਕਾਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਵੀ ਗੱਲ ਕਰਦੀ ਹੈ। ਹਾਲਾਂਕਿ, ਨੀਤੀ ਇਹ ਤੈਅ ਕਰਨ ਲਈ ਕਿਸੇ ਅਮਲ ਦਾ ਵੇਰਵਾ ਨਹੀਂ ਦਿੰਦੀ ਕਿ ਜਾਅਲੀ ਖ਼ਬਰ ਕੀ ਹੈ, ਅਤੇ ਨਾ ਹੀ ਇਹ ਉਸ ਅਮਲ 'ਚ ਕਿਸੇ ਰਾਸ਼ਟਰੀ ਜਾਂ ਸਥਾਨਕ ਪੱਤਰਕਾਰ ਸੰਸਥਾ ਦੀ ਸ਼ਮੂਲੀਅਤ, ਜਾਂ ਕਿਸੇ ਰਸਮੀ ਤੱਥ-ਜਾਂਚ ਵਿਵਸਥਾ ਦਾ ਜ਼ਿਕਰ ਕਰਦੀ ਹੈ। ਮੈਂ ਜਿਨ੍ਹਾਂ ਪੱਤਰਕਾਰਾਂ ਨਾਲ ਗੱਲ ਕੀਤੀ ਉਨ੍ਹਾਂ ਨੂੰ ਡਰਾਉਣ-ਧਮਕਾਉਣ ਦੇ ਨਾਲ ਇਸ ਦੇ ਨੀਤੀ ਦੇ ਹੀ ਸ਼ਬਦਾਂ 'ਚ ''ਫਿਰਕੂ ਭਾਵਨਾਵਾਂ ਨੂੰ ਭੜਕਾਉਣ ਲਈ ਮੀਡੀਆ ਦੀ ਵਰਤੋਂ ਕਰਨ ਦੀਆਂ ਕੋਸ਼ਿਸ਼ਾਂ ... ਅਤੇ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਨੁਕਸਾਨਦੇਹ ਹੋਣ ਵਾਲੀ ਕਿਸੇ ਵੀ ਸੂਚਨਾ ਦਾ ਪ੍ਰਚਾਰ ਕਰਨ'' ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੋਣ ਦਾ ਡਰ ਸੀ। ਜੰਮੂ ਅਤੇ ਕਸ਼ਮੀਰ ਡੀਆਈਪੀਆਰ ਨੇ ਈਮੇਲ ਕੀਤੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

ਪ੍ਰੈੱਸ ਦੀ ਆਜ਼ਾਦੀ ਲਈ ਕੰਮ ਕਰ ਰਹੀ ਇਕ ਅੰਤਰਰਾਸ਼ਟਰੀ ਨਿਗਰਾਨ ਸੰਸਥਾ, ਰਿਪੋਰਟਰਜ਼ ਵਿਦਾਊਟ ਬਾਰਡਰਜ਼ ਨੇ ਨੀਤੀ ਦੀ ਆਲੋਚਨਾ ਕਰਦੇ ਹੋਏ ਇਸਨੂੰ "ਓਰਵੇਲੀਅਨ" ਕਿਹਾ ਹੈ। ਇਹ ਕਹਿੰਦੀ ਹੈ ਕਿ ਮੀਡੀਆ ਨੀਤੀ ''ਪ੍ਰੈੱਸ ਦੀ ਆਜ਼ਾਦੀ ਲਈ ਇਕ ਗੰਭੀਰ ਖ਼ਤਰਾ" ਹੈ ਅਤੇ ਇਹ ਅਧਿਕਾਰੀਆਂ ਨੂੰ ਕਸ਼ਮੀਰ ਵਿਚ ਹਰ ਤਰ੍ਹਾਂ ਦੀ ਅਸਹਿਮਤੀ ਨੂੰ ਕੰਟਰੋਲ ਕਰਨ ਲਈ ਬੇਲਗਾਮ ਸ਼ਕਤੀਆਂ ਦਿੰਦੀ ਹੈ। ਕਸ਼ਮੀਰ ਵਿਚ ਮੀਡੀਆ ਸੈਂਸਰਸ਼ਿਪ ਬਾਰੇ ਵਿਆਪਕ ਤੌਰ 'ਤੇ ਰਿਪੋਰਟ ਕਰਨ ਵਾਲੇ ਇਕ ਸੁਤੰਤਰ ਪੱਤਰਕਾਰ ਰਾਇਨ ਨਕਸ਼ ਨੇ ਜਾਂਚ ਕੀਤੀ ਹੈ ਕਿ ਕਿਵੇਂ ਮੀਡੀਆ ਨੀਤੀ ਦੇ ਲਾਗੂ ਹੋਣ ਨੇ ਦਿੱਲੀ-ਸੰਚਾਲਿਤ ਪ੍ਰਸ਼ਾਸਨ ਨੂੰ ਕਸ਼ਮੀਰ ਦੀ ਪ੍ਰਿੰਟ ਸਪੇਸ ਉੱਪਰ ਹਾਵੀ ਕਰ ਦਿੱਤਾ ਹੈ, ਖ਼ਬਰਾਂ ਨੂੰ ਸਰਕਾਰੀ ਲੋਕ ਸੰਪਰਕ ਸਮੱਗਰੀ 'ਚ ਬਦਲ ਦਿੱਤਾ ਹੈ। ਉਸ ਨੇ ਨਿਊਜ਼ਲਾਂਡਰੀ 'ਚ ਲਿਖਿਆ, ''ਇੰਞ ਜਾਪਦਾ ਹੈ ਕਿ ਨੀਤੀ ਦੀ ਵਿਹਾਰਕ ਸੋਚ ਸਰਕਾਰੀ ਪਹਿਲਕਦਮੀਆਂ ਦੇ ਵੇਰਵਿਆਂ ਨਾਲ ਅਖ਼ਬਾਰਾਂ ਦੇ ਪੰਨੇ ਭਰ ਕੇ ਲੋਕਾਂ 'ਚ ਅਸੰਤੋਸ਼ ਨੂੰ ਦਬਾਉਣ ਲਈ ਇਸ ਨੂੰ ਇਕ ਜਾਦੂਮਈ ਗੋਲੀ ਬਣਾਉਣ ਦੀ ਹੈ, ਪਰ ਬਿਨਾਂ ਫ਼ਰਕ ਦਰਸਾਏ ਜਾਂ ਬਿਨਾਂ ਕੋਈ ਸਪੱਸ਼ਟੀਕਰਨ ਦਿੱਤੇ ਕਿ ਇਹ ਕੰਮ ਕਿਵੇਂ ਕਰਨਗੀਆਂ।"

ਨਕਸ਼ ਨੇ ਮੈਨੂੰ ਦੱਸਿਆ, "ਨੀਤੀ ਦਾ ਇਹ ਮਾਰਗਦਰਸ਼ਕ ਸਿਧਾਂਤ ਮੰਨਦਾ ਹੈ ਕਿ ਲੋਕ ਸ਼ਾਸਨ ਦੇ ਅਮਲ ਨੂੰ ਸਮਝਣਾ ਨਹੀਂ ਚਾਹੁੰਦੇ ਜਾਂ ਸਮਝਣ 'ਚ ਨਾਕਾਮ ਰਹਿ ਰਹੇ ਹਨ। ਪੱਤਰਕਾਰਾਂ ਤੋਂ ਪ੍ਰਚਾਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਜਨਤਾ ਤੋਂ ਸਰਕਾਰੀ ਦਾਅਵਿਆਂ ਨੂੰ ਬਿਨਾਂ ਸਵਾਲ ਕੀਤੇ ਮੰਨ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਇਹ ਸਰਕਾਰ ਦੇ ਜਵਾਬਦੇਹੀ ਤੋਂ ਬਚਣ ਅਤੇ ਸ਼ਾਸਨ ਦੇ ਮਸਲਿਆਂ ਵਿਚ ਜਨਤਾ ਦੀ ਭਾਗੀਦਾਰੀ ਤੋਂ ਇਨਕਾਰੀ ਹੋਣ ਦੇ ਸੁਭਾਅ ਨੂੰ ਵੀ ਦਰਸਾਉਂਦਾ ਹੈ।"

ਉਸ ਚਾਲੀ ਸਾਲ ਦੇ ਅਧਿਕਾਰੀ ਨੇ ਮੈਨੂੰ ਦੱਸਿਆ ਕਿ ਰਾਜ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਲੀਡਰਸ਼ਿਪ ਦੀ ਤਰ੍ਹਾਂ ਬਿਰਤਾਂਤ ਵੀ ਮੇਨਲੈਂਡ ਭਾਰਤ ਤੋਂ ਆਯਾਤ ਕੀਤੇ ਜਾਣਗੇ। ''ਰਾਜ ਕਿਸੇ ਵਿਚਾਰਧਾਰਾ ਨੂੰ ਨਹੀਂ ਮੰਨਦਾ ਅਤੇ ਆਪਣੀ ਬਣਤਰ 'ਚ ਰਾਜ ਨੈਤਿਕਤਾ ਵਿਚ ਵਿਸ਼ਵਾਸ ਨਹੀਂ ਕਰਦਾ," ਉਸਨੇ ਕਿਹਾ। "ਕਸ਼ਮੀਰ ਵਿਚ ਸਾਡੇ ਕੋਲ ਵਿਵੇਕਾਨੰਦ ਫਾਊਂਡੇਸ਼ਨ ਵਰਗੇ ਥਿੰਕ-ਟੈਂਕ ਹਨ" - ਇਕ ਸੱਜੇ-ਪੱਖੀ ਦਿੱਲੀ-ਆਧਾਰਤ ਸੰਸਥਾ ਜੋ ਭਾਜਪਾ ਦੇ ਨੇੜੇ ਹੈ -''ਜਿੱਥੇ ਅਸੀਂ ਬੁੱਧੀਜੀਵੀਆਂ ਤੇ ਹੋਰ ਪੱਤਰਕਾਰਾਂ ਦੀਆਂ ਸੇਵਾਵਾਂ ਲੈਂਦੇ ਹਾਂ।'' ਸ੍ਰੀਨਗਰ ਦੀਆਂ ਸੜਕਾਂ 'ਤੇ "ਨਵਾਂ ਕਸ਼ਮੀਰ" ਆਇਆ ਹੈ ਜਾਂ ਨਹੀਂ, ਜਿਵੇਂ ਕਿ ਮੋਦੀ ਨੇ ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਦ ਇਕ ਭਾਸ਼ਣ ਵਿਚ ਐਲਾਨ ਕੀਤਾ ਸੀ, ਕਸ਼ਮੀਰ ਦੇ ਅਖ਼ਬਾਰਾਂ ਵਿਚ ਤਾਂ ਆ ਗਿਆ ਹੈ!

ਧਾਰਾ 370 ਨੂੰ ਖ਼ਤਮ ਕਰਨ ਤੋਂ ਮਹੀਨਿਆਂ ਬਾਦ, ਰਾਈਜ਼ਿੰਗ ਕਸ਼ਮੀਰ ਦੇ ਸਾਬਕਾ ਮੁੱਖ ਰਿਪੋਰਟਰ, ਜੁਨੈਦ ਕਾਟਜੂ ਨੇ ਆਪਣੀ ਇਕ ਰਿਪੋਰਟ ਲੱਭਣੀ ਚਾਹੀ ਜੋ ਉਸਨੇ ਪਹਿਲਾਂ ਅਖ਼ਬਾਰ ਲਈ ਕੀਤੀ ਸੀ। ਉਸ ਨੂੰ ਹੈਰਾਨੀ ਹੋਈ ਜਦੋਂ ਅਖ਼ਬਾਰ ਦੀ ਵੈੱਬਸਾਈਟ ਉੱਪਰ ਉਸ ਨੂੰ ਨਹੀਂ ਮਿਲੀ। ਉਸਨੇ ਹੋਰ ਰਿਪੋਰਟਾਂ ਲੱਭਣ ਦੀ ਕੋਸ਼ਿਸ਼ ਕੀਤੀ ਜੋ ਉਸਨੇ ਸਾਲਾਂ ਬੱਧੀ ਅਖ਼ਬਾਰ ਲਈ ਕੰਮ ਕਰਦਿਆਂ ਕੀਤੀਆਂ ਸਨ, ਪਰ ਉਸ ਨੂੰ ਕੋਈ ਵੀ ਰਿਪੋਰਟ ਉੱਥੇ ਨਹੀਂ ਮਿਲੀ। ਪੁੱਛਣ 'ਤੇ ਰਾਈਜ਼ਿੰਗ ਕਸ਼ਮੀਰ ਦੇ ਸੀਨੀਅਰ ਮੁਲਾਜ਼ਮ ਨੇ ਉਸ ਨੂੰ ਦੱਸਿਆ ਕਿ ਅਖ਼ਬਾਰ ਵੱਲੋਂ ਵੈਬਸਾਈਟ ਅੱਪਗਰੇਡ ਕੀਤੀ ਜਾ ਰਹੀ ਹੈ ਅਤੇ ਆਰਕਾਈਵ ਕੀਤੀਆਂ ਰਿਪੋਰਟਾਂ ਅਜੇ ਅੱਪਲੋਡ ਕੀਤੀਆਂ ਜਾਣੀਆਂ ਹਨ। "ਉਸਨੇ ਕਿਹਾ ਕਿ ਇਸ 'ਚ ਕੁਝ ਸਮਾਂ ਲੱਗੇਗਾ, ਅਤੇ ਮੈਂ ਉਸਦੀ ਗੱਲ 'ਤੇ ਯਕੀਨ ਕਰ ਲਿਆ," ਕਾਟਜੂ ਨੇ ਮੈਨੂੰ ਦੱਸਿਆ। ਉਸ ਦੀਆਂ ਰਿਪੋਰਟਾਂ ਮੁੜ ਕਦੇ ਸਾਹਮਣੇ ਨਹੀਂ ਆਈਆਂ।

ਕਾਟਜੂ ਨੇ ਕਿਹਾ, ''ਸਾਨੂੰ ਬਾਦ ਵਿਚ ਅਹਿਸਾਸ ਹੋਇਆ ਕਿ ਇਹ ਸਰਕਾਰ ਦੇ ਖ਼ਿਲਾਫ ਜਾਂ ਐਸੀ ਕਿਸੇ ਵੀ ਚੀਜ਼ ਨੂੰ ਮਿਟਾਉਣ ਦੀ ਯੋਜਨਾ ਸੀ ਜੋ ਅਧਿਕਾਰੀਆਂ ਦੀ ਭੈੜੀ ਤਸਵੀਰ ਪੇਸ਼ ਕਰਦੀ ਹੋਵੇ। ਇਕ ਰਿਪੋਰਟਰ ਲਈ ਬਾਈਲਾਈਨ ਮਾਇਨੇ ਰੱਖਦੀ ਹੈ। ਜੇਕਰ ਮੈਂ ਕਿਤੇ ਨੌਕਰੀ ਲਈ ਅਪਲਾਈ ਕਰਨਾ ਚਾਹੁੰਦਾ ਹਾਂ ਤਾਂ ਮੈਨੂੰ ਆਪਣਾ ਕੰਮ ਦਿਖਾਉਣਾ ਪਵੇਗਾ। ਹੁਣ ਮੈਂ ਕੀ ਦਿਖਾਵਾਂਗਾ?"

ਕਾਟਜੂ ਇਕੱਲਾ ਨਹੀਂ ਹੈ। ਇੰਞ ਲੱਗਦਾ ਹੈ ਕਿ ਰਾਈਜ਼ਿੰਗ ਕਸ਼ਮੀਰ ਦੇ ਸੰਸਥਾਪਕ ਸੰਪਾਦਕ ਮਰਹੂਮ ਸ਼ੁਜਾਤ ਬੁਖ਼ਾਰੀ ਦੀਆਂ ਕਈ ਰਿਪੋਰਟਾਂ ਵੀ ਵੈੱਬਸਾਈਟ ਤੋਂ ਗ਼ਾਇਬ ਹਨ। ਸਥਾਪਨਾ ਤੋਂ ਬਾਦ ਰਾਈਜ਼ਿੰਗ ਕਸ਼ਮੀਰ ਨੇ ਸੈਂਕੜੇ ਪੱਤਰਕਾਰ ਤਿਆਰ ਕੀਤੇ ਅਤੇ ਤੇਜ਼ੀ ਨਾਲ ਇਸ ਖੇਤਰ ਵਿਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਅਖ਼ਬਾਰਾਂ ਵਿੱਚੋਂ ਇਕ ਬਣ ਗਿਆ। ਕਈ ਪੱਤਰਕਾਰ ਜਿਨ੍ਹਾਂ ਨੂੰ ਬੁਖ਼ਾਰੀ ਨੇ ਸਿਖਲਾਈ ਦਿੱਤੀ, ਉਹ ਹੁਣ ਵੱਡੇ ਰਾਸ਼ਟਰੀ ਅਖ਼ਬਾਰਾਂ ਅਤੇ ਰਸਾਲਿਆਂ ਲਈ ਕੰਮ ਕਰਦੇ ਹਨ ਜਾਂ ਅੰਤਰਰਾਸ਼ਟਰੀ ਨਿਊਜ਼ ਸੰਸਥਾਵਾਂ ਲਈ ਲਿਖਦੇ ਹਨ। ਉਸ ਦੇ ਕੰਮ ਦਾ ਇਕ ਸੰਗ੍ਰਹਿ ਫਰੰਟਲਾਈਨ ਨਾਂ ਦੀ ਕਿਤਾਬ ਦੇ ਰੂਪ 'ਚ ਛਾਪਿਆ ਗਿਆ ਸੀ। ਇਸ ਦਾ ਕੋਈ ਵੀ ਲੇਖ ਹੁਣ ਅਖ਼ਬਾਰ ਦੀ ਵੈੱਬਸਾਈਟ ਉੱਪਰ ਨਹੀਂ ਮਿਲਦਾ।

ਇੰਞ ਨਹੀਂ ਹੈ ਕਿ ਸਿਰਫ਼ ਰਾਈਜ਼ਿੰਗ ਕਸ਼ਮੀਰ ਹੀ ਆਪਣੇ ਆਰਕਾਈਵ ਨੂੰ ਮਿਟਾ ਰਿਹਾ ਹੈ। ਘਾਟੀ ਦੇ ਸਭ ਤੋਂ ਵੱਧ ਸਰਕੂਲੇਸ਼ਨ ਵਾਲੇ ਅਖ਼ਬਾਰ ਗ੍ਰੇਟਰ ਕਸ਼ਮੀਰ ਦਾ ਦੱਖਣੀ-ਕਸ਼ਮੀਰ ਤੋਂ ਸਾਬਕਾ ਪੱਤਰਕਾਰ ਇਰਫ਼ਾਨ ਅਮੀਨ ਮਲਿਕ ਵੀ ਆਪਣੀਆਂ ਪਿਛਲੀਆਂ ਸਾਰੀਆਂ ਲਿਖਤਾਂ ਔਨਲਾਈਨ ਆਰਕਾਈਵ ਦੇ ਠੀਕ ਹੋਣ ਦੀ ਇੰਤਜ਼ਾਰ ਕਰਦਿਆਂ ਗੁਆ ਬੈਠਾ। "ਜਦੋਂ ਮੈਨੂੰ ਗ੍ਰੇਟਰ ਕਸ਼ਮੀਰ ਦੀ ਵੈੱਬਸਾਈਟ 'ਤੇ ਮੇਰੀਆਂ ਰਿਪੋਰਟਾਂ ਨਹੀਂ ਮਿਲੀਆਂ, ਤਾਂ ਮੈਨੂੰ ਹੈਰਾਨੀ ਹੋਈ ਅਤੇ ਗੁੱਸਾ ਆਇਆ," ਉਸਨੇ ਮੈਨੂੰ ਦੱਸਿਆ। "ਇਹ ਦੁੱਖ ਦੀ ਗੱਲ ਹੈ ਕਿ ਮੇਰਾ ਸਾਲਾਂ ਦਾ ਕੰਮ ਸਿਰਫ਼ ਇਸ ਕਰਕੇ ਉਪਲਬਧ ਨਹੀਂ ਹੈ ਕਿਉਂਕਿ ਗ੍ਰੇਟਰ ਕਸ਼ਮੀਰ ਦੇ ਕਰਤਿਆਂ-ਧਰਤਿਆਂ ਨੇ ਗੋਡੇ ਟੇਕ ਦਿੱਤੇ। ਮੈਂ ਹੈਰਾਨ ਹਾਂ ਕਿ ਉਨ੍ਹਾਂ ਨੇ ਡੇਟਾਬੇਸ ਤੋਂ ਪੱਤਰਕਾਰਾਂ ਦਾ ਕੰਮ ਮਿਟਾਉਣ ਤੋਂ ਪਹਿਲਾਂ ਉਨ੍ਹਾਂ ਦੀ ਇਜਾਜ਼ਤ ਕਿਉਂ ਨਹੀਂ ਲਈ। ਮੈਂ ਬਹੁਤ ਸਾਰੀਆਂ ਸਟੋਰੀ ਕੀਤੀਆਂ ਸਨ, ਅਤੇ ਉਹ ਮੇਰੀ ਜਾਇਦਾਦ ਸਨ। ਮੈਂ ਉਨ੍ਹਾਂ ਨੂੰ ਸਖ਼ਤ ਮਿਹਨਤ ਅਤੇ ਸੰਘਰਸ਼ ਰਾਹੀਂ ਜਮ੍ਹਾ ਕੀਤਾ ਹੈ। ਫ਼ਿਲਹਾਲ ਮੈਂ ਕੰਮ ਸਟੋਰੇਜ ਡਿਵਾਈਸ ਉੱਪਰ ਪਾਉਣ ਦੀ ਕੋਸ਼ਿਸ਼ ਕਰਾਂਗਾ ਤਾਂ ਕਿ ਮੇਰੇ ਕੋਲ ਕੱਲ੍ਹ ਨੂੰ ਆਫਲਾਈਨ ਆਰਕਾਈਵ ਉਪਲਬਧ ਹੋਵੇ।" ਮਲਿਕ ਦੇ ਕੁਝ ਸਾਬਕਾ ਸਾਥੀਆਂ ਨੇ ਵੀ ਦੇਖਿਆ ਕਿ ਉਨ੍ਹਾਂ ਦਾ ਕੰਮ ਵੀ ਆਰਕਾਈਵ ਤੋਂ ਗ਼ਾਇਬ ਸੀ। ਉਸ ਨੇ ਕਿਹਾ, ''ਸ਼ਾਇਦ ਸਰਕਾਰ ਨੇ ਗ੍ਰੇਟਰ ਕਸ਼ਮੀਰ ਉੱਪਰ ਪਹਿਲਾਂ ਛਪੀਆਂ ਸਾਰੀਆਂ ਰਿਪੋਰਟਾਂ ਨੂੰ ਹਟਾਉਣ ਲਈ ਦਬਾਅ ਪਾਇਆ ਹੋਵੇ, ਜੋ ਸਰਕਾਰ ਨੂੰ ਪਸੰਦ ਨਹੀਂ ਹਨ।"

ਗ੍ਰੇਟਰ ਕਸ਼ਮੀਰ ਅਤੇ ਰਾਈਜ਼ਿੰਗ ਕਸ਼ਮੀਰ ਸਮੇਤ ਤਿੰਨ ਪ੍ਰਮੁੱਖ ਅਖ਼ਬਾਰਾਂ ਨਾਲ ਕੰਮ ਕਰ ਚੁੱਕੇ ਇਕ ਰਿਪੋਰਟਰ ਨੇ ਕਿਹਾ ਕਿ ਉਸ ਦਾ ਸਾਰਾ ਕੰਮ ਤਿੰਨਾਂ ਹੀ ਅਖ਼ਬਾਰਾਂ ਦੀਆਂ ਵੈੱਬਸਾਈਟਾਂ ਤੋਂ ਹਟਾ ਦਿੱਤਾ ਗਿਆ ਹੈ। ਰਿਪੋਰਟਰ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ, ''ਇਹ ਜਾਣਬੁੱਝ ਕੇ ਕੀਤਾ ਗਿਆ ਹੈ। ਉਨ੍ਹਾਂ ਨੂੰ ਅਧਿਕਾਰੀਆਂ ਨੇ ਮੂੰਹ ਜ਼ਬਾਨੀ ਅਜਿਹਾ ਕਰਨ ਲਈ ਕਿਹਾ ਗਿਆ ਹੈ ਜਾਂ ਇਸ ਨੂੰ ਹਟਾਉਣ ਦਾ ਕੋਈ ਸਪੱਸ਼ਟ ਆਦੇਸ਼ ਹੈ ਜਾਂ ਨਹੀਂ, ਇਹ ਸਪੱਸ਼ਟ ਨਹੀਂ ਹੈ। ਖ਼ੈਰ ਇਹ ਤਾਂ ਸਿਰਫ਼ ਮਾਲਕ ਜਾਂ ਪ੍ਰਬੰਧਕ ਹੀ ਜਾਣਦੇ ਹਨ ਕਿ ਸਾਡਾ ਕੰਮ ਕਿਵੇਂ ਅਤੇ ਕਿਉਂ ਮਿਟਾਇਆ ਗਿਆ।" ਰਿਪੋਰਟਰ ਨੇ ਕਿਹਾ ਕਿ ਉਸ ਦਾ ਕੰਮ ਧਾਰਾ 370 ਨੂੰ ਖ਼ਤਮ ਕੀਤੇ ਜਾਣ ਦੇ ਸਮੇਂ ਤੱਕ ਆਨਲਾਈਨ ਉਪਲਬਧ ਸੀ, ਪਰ ਉਸ ਨੇ ਦੇਖਿਆ ਕਿ ਕੁਝ ਸਮੇਂ ਬਾਦ ਇਹ ਗ਼ਾਇਬ ਹੋਣਾ ਸ਼ੁਰੂ ਹੋ ਗਿਆ। ਲੇਖਕ ਅਤੇ ਪੱਤਰਕਾਰ ਗੌਹਰ ਨੇ ਮੈਨੂੰ ਦੱਸਿਆ, "ਇਹ ਸਪੱਸ਼ਟ ਹੈ ਕਿ ਇਹ ਸ਼ਾਸਨ ਵਿਅਕਤੀਗਤ ਅਤੇ ਸਮੂਹਿਕ ਯਾਦਾਂ ਨੂੰ ਮਿਟਾਉਣ, ਇਤਿਹਾਸ ਨੂੰ ਵਿਗਾੜਨ ਅਤੇ ਇਕ ਨਵਾਂ ਇਤਿਹਾਸ ਘੜਨ ਦੇ ਮਿਸ਼ਨ 'ਤੇ ਹੈ ਜੋ ਅਜਿਹਾ ਹੋਵੇ ਕਿ ਕਸ਼ਮੀਰ ਵਿਚ ਉਨ੍ਹਾਂ ਦੀ ਸਭਿਅਤਾ ਅਤੇ ਵਿਚਾਰਧਾਰਕ ਪ੍ਰੋਜੈਕਟ ਦੇ ਅਨੁਕੂਲ ਹੋਵੇ।"

ਗ੍ਰੇਟਰ ਕਸ਼ਮੀਰ ਨੇ ਆਪਣੇ ਆਰਕਾਈਵ ਨੂੰ ਬਦਲਣ ਬਾਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਰਾਈਜ਼ਿੰਗ ਕਸ਼ਮੀਰ ਦੇ ਮੁਲਾਜ਼ਮਾਂ ਦੀ ਬਰਖ਼ਾਸਤਗੀ ਅਤੇ ਇਸ ਦੇ ਆਰਕਾਈਵ ਤੋਂ ਉਨ੍ਹਾਂ ਦੀਆਂ ਪੁਰਾਣੀਆਂ ਰਿਪੋਰਟਾਂ ਦੇ ਗ਼ਾਇਬ ਹੋਣ ਬਾਰੇ ਸਵਾਲਾਂ ਦੇ ਜਵਾਬ 'ਚ ਅਖ਼ਬਾਰ ਦੇ ਮੁੱਖ ਸੰਪਾਦਕ ਹਾਫਿਜ਼ ਅਯਾਜ਼ ਗਨੀ ਨੇ ਲਿਖਿਆ, ਸਭ ਤੋਂ ਪਹਿਲਾਂ ਤਾਂ ਸਾਨੂੰ ਤੁਹਾਡੇ ਸਵਾਲਾਂ ਦਾ ਮਕਸਦ ਹੀ ਸਮਝ ਨਹੀਂ ਆ ਰਿਹਾ। ਅਸੀਂ ਤੁਹਾਨੂੰ ਆਪਣੇ ਅਖ਼ਬਾਰ ਦੇ ਅੰਦਰੂਨੀ ਮਾਮਲਿਆਂ ਦਾ ਖ਼ੁਲਾਸਾ ਕਰਨ ਦੇ ਪਾਬੰਦ ਨਹੀਂ ਹਾਂ। ਅਸੀਂ ਤੁਹਾਡੀ ਪ੍ਰਸਤਾਵਿਤ ਨਿਊਜ਼ ਸਟੋਰੀ ਵਿਚ ਹਿੱਸਾ ਨਹੀਂ ਲੈਣਾ ਚਾਹੁੰਦੇ।"

ਜੰਮੂ-ਕਸ਼ਮੀਰ ਪ੍ਰਸ਼ਾਸਨ ਦੁਆਰਾ ਖੇਤਰ ਦੇ ਇਤਿਹਾਸ ਨੂੰ ਮਿਟਾਉਣ ਅਤੇ ਇਸ ਦੇ ਮੀਡੀਆ 'ਚ ਹੇਰਾਫੇਰੀ ਦੀ ਸ਼ਾਇਦ ਸਭ ਤੋਂ ਵਧੀਆ ਮਿਸਾਲ 22 ਅਕਤੂਬਰ 2020 ਨੂੰ ਸਾਹਮਣੇ ਆਈ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ "22 ਅਕਤੂਬਰ 1947 ਦੀਆਂ ਯਾਦਾਂ ਉੱਪਰ ਰਾਸ਼ਟਰੀ ਸੈਮੀਨਾਰ ਅਤੇ ਪ੍ਰਦਰਸ਼ਨੀ" ਦਾ ਉਦਘਾਟਨ ਕਰ ਰਹੇ ਸਨ - ਜਦੋਂ ਪਸ਼ਤੂਨ ਮਿਲੀਸ਼ੀਆ ਭਾਰਤ ਵਿਚ ਕਸ਼ਮੀਰ ਦਾ ਰਲੇਵਾਂ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਇੱਥੇ ਦਾਖ਼ਲ ਹੋਈ ਸੀ। ਪ੍ਰਦਰਸ਼ਨੀ ਵਿਚ ਉਸ ਦਿਨ ਦੇ (22 ਅਕਤੂਬਰ 1947) ਅਖ਼ਬਾਰਾਂ 'ਚ ਛਪੀਆਂ ਤਸਵੀਰਾਂ ਸਨ ਜੋ ਸਿਨਹਾ ਨੇ ਆਪਣੇ ਟਵਿੱਟਰ ਹੈਂਡਲ ਉੱਪਰ ਪੋਸਟ ਕੀਤੀਆਂ। ਹਿੰਦੁਸਤਾਨ ਟਾਈਮਜ਼ ਦੇ ਪਹਿਲੇ ਪੰਨੇ ਦੀ ਤਸਵੀਰ ਦੀ ਸੁਰਖ਼ੀ ਸੀ "ਕਸ਼ਮੀਰ ਦਾ ਭਾਰਤ ਨਾਲ ਰਲੇਵਾਂ", ਜਿਸ ਦੀ ਸਿਨਹਾ ਤਾਰੀਫ਼ ਕਰ ਰਹੇ ਜਾਪਦੇ ਸਨ। ਹਿੰਦੁਸਤਾਨ ਟਾਈਮਜ਼ ਦੇ ਉਸੇ ਪੰਨੇ ਉੱਪਰ ਇਕ ਹੋਰ ਖ਼ਬਰ ਦੀ ਸੁਰਖ਼ੀ ਸੀ "ਰਾਜੇ ਦੇ ਫ਼ੈਸਲੇ ਉੱਪਰ ਜਨਮਤ ਸੰਗ੍ਰਹਿ ਛੇਤੀ ਹੀ।" ਪਰ ਪ੍ਰਦਰਸ਼ਨੀ 'ਚ ਲਗਾਈ ਗਈ ਇਸ ਤਸਵੀਰ ਨੂੰ ਧੁੰਦਲੀ ਕਰ ਦਿੱਤਾ ਗਿਆ ਸੀ।

**(ਕਾਰਵਾਂ ਮੈਗਜ਼ੀਨ ਦੇ ਧੰਨਵਾਦ ਸਹਿਤ)**

(**ਸਮਾਪਤ**)

*ਕਹਾਣੀ*

# ਸੰਗਲੀ ਵਾਲਾ ਦਰਵਾਜ਼ਾ

ਅੱਜ ਕੱਲ੍ਹ ਇਸ ਦਰਵਾਜ਼ੇ 'ਤੇ ਅਕਸਰ ਜੰਦਰਾ ਲੱਗਿਆ ਰਹਿੰਦਾ ਹੈ। ਲੋਹੇ ਦੀ ਸੰਗਲੀ ਨਾਲ ਵਲਿਆ ਹੋਇਆ, ਦਰਵਾਜ਼ਾ ਸ਼ਾਇਦ ਜੰਗਾਲ ਲੱਗੀ ਹੋਣ ਕਾਰਨ ਕੁੰਡਾ ਨਾ ਲੱਗਦਾ ਹੋਵੇ। ਅੰਦਰ ਹੀ ਅਸਮਤ ਢੱਕਣ ਲਈ ਕਿਸੇ ਸਿਆਣੇ ਨੇ ਸੰਗਲੀ ਵਲ ਕੇ ਜੰਦਰਾ ਮਾਰਿਆ ਹੋਵੇਗਾ।

ਉਹ ਕਦੇ ਕਦੇ ਆਉਂਦੀ ਤੇ ਦਰਵਾਜ਼ੇ ਦੀਆਂ ਝੀਥਾਂ ਵਿਚੋਂ ਬੜੀ ਹਸਰਤ ਨਾਲ ਅੰਦਰ ਦੀਆਂ ਦੀਵਾਰਾਂ, ਦਰਵਾਜ਼ੇ ਤੇ ਖਿੜਕੀਆਂ ਵੇਖਦੀ, ਜਿਸ ਦਾ ਕਰਦੀ ਤੇ ਦੋ ਹੰਝੂਆਂ ਦੀ ਇਬਾਦਿਤ ਦੇ ਕੇ ਅੱਗੇ ਨਿਕਲ ਜਾਂਦੀ। ਆਂਢ-ਗੁਆਂਢ ਦੇ ਉਸ ਦੇ ਜਾਣੂ ਉਸ ਦੀ ਇੱਜ਼ਤ ਆਬਰੂ ਦੇ ਸਨੇਹੀ ਉਸ ਨੂੰ ਰੋਕ ਕੇ ਚਾਹ ਪਾਣੀ ਪੀਣ ਲਈ ਉਸ ਦੀ ਖਿਦਮਤ ਵਿਚ ਪਿਆਰ ਦਾ ਇਜ਼ਹਾਰ ਕਰਦੇ। ਜਿੰਨੀ ਖਿਦਮਤ ਮਾਰੀ ਦੀ ਆਂਢ ਗੁਆਂਢ ਵਿਚ ਉਸ ਨੂੰ ਗੁਜਾਰਿਸ਼ ਮਿਲਦੀ ਉਨੀ ਹੀ ਉਹ ਤੰਦੂਰ ਵਾਂਗ ਤਪਜਾਂ ਵੀ ਉਸ ਦੇ ਮੂੰਹ ਵਿਚੋਂ ਧੰਨਵਾਦ ਦੇ ਦੋ ਸ਼ਬਦ ਵੀ ਨਾ ਨਿਕਲਦੇ। ਸ਼ੁਕਰਾਨੇ ਵਜੋਂ ਉਸ ਦੀਆਂ ਅੱਖਾਂ ਤੇ ਚਿਹਰੇ ਦੇ ਹਾਵ ਭਾਵ ਪੜੌਸੀਆਂ ਦਾ ਸ਼ੁਕਰਾਨਾ ਕਰਦੇ ਤੇ ਉਹ ਬਿਨਾਂ ਪਾਣੀ ਦਾ ਘੁੱਟ ਪੀਤੇ ਦੁੱਖ ਦੀ ਘੁੱਟ ਪੀ ਕੇ ਵਾਪਸ ਚਲੀ ਜਾਂਦੀ। ਕਿਥੋਂ ਆਉਂਦੀ ਸੀ ਉਹ ਕਦੇ ਕਦੇ ਤੇ ਕਿਥੇ ਚਲੀ ਜਾਂਦੀ ਸੀ ਨਾ ਕੋਈ ਪੁੱਛਣ ਦੀ ਹਿੰਮਤ ਕਰਦਾ ਸੀ ਤੇ ਨਾ ਹੀ ਉਹ ਕਿਸੇ ਨਾਲ ਦੁੱਖ ਸਾਂਝਾ ਕਰਦੀ ਸੀ।

ਦਰਵਾਜ਼ੇ ਜੰਜੀਰ ਨਾਲ ਬੱਧੀ ਇਸ ਪਵਿਰਾਰ ਦੀ ਕਹਾਣੀ ਵੀ ਅਜਬ ਕਹਾਣੀ ਹੈ। ਕਦੇ ਇਹ ਘੁੱਗ ਵਸਦਾ ਵਿਹੜਾ ਆਂਢ ਗੁਆਂਢ ਦੇ ਬੱਚਿਆਂ ਤੇ ਬੁੱਢੀਆਂ ਨਾਲ ਭਰਿਆ ਚਹਿਕਦਾ ਰਹਿੰਦਾ ਸੀ। ਮਾਈ ਫਾਤਮਾ ਸਾਰੇ ਮਹੱਲੇ ਦੀ ਧੜੈਲ ਔਰਤ ਸੀ। ਰੋਹਬ ਦਾਅਵਾ ਵੀ ਇੰਨਾ ਕਿ ਆਦਮੀ ਔਰਤ ਉਸ ਨਾਲ ਅੱਖ ਮਿਲਾ ਕੇ ਗੱਲ ਨਹੀਂ ਸੀ ਕਰ ਸਕਦਾ। ਕਿਸੇ ਘਰ ਦੇ ਕਾਟੋ ਕਲੇਸ਼ ਦੀ ਭਿਣਕ ਜੇ ਉਸ ਦੇ ਕੰਨੀਂ ਪੈ ਜਾਂਦੀ ਤਾਂ ਬਿਨਾਂ ਸੱਦੇ ਬੁਲਾਏ ਦਨਾ-ਦਨ ਖੂੰਡੀ ਖੜਕਾਉਂਦੀ ਉਨ੍ਹਾਂ ਦੇ ਵਿਹੜੇ ਜਾ ਧਮਕਦੀ।

'ਸੁਣ ਵੇ ਦੀਪਿਆ ਤੇਰੀਆਂ ਸਾਰੀਆਂ ਕਰਤੂਤਾਂ ਮੇਰੇ ਕੋਲ ਪਹੁੰਚ ਗਈਆਂ ਨੇ। ਤੂੰ ਬੰਦਾ ਬਣ ਨੈ ਕਿ ਮੈਂ ਤੈਨੂੰ ਬਨਾਵਾਂ। ਮੰਨੇ ਕਾ ਸਿੱਖ ਕਿੰਨੇ ਰੋਹਬ ਨਾਂਲ ਦੀਪੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਖੂੰਡੀ ਖੜਕਾਉਂਦੀ ਤੇ ਮਿੰਟਾਂ ਵਿਚ ਹੀ ਘਰ ਵਿਚ ਸ਼ਾਂਤੀ ਪਸਰ ਜਾਂਦੀ। ਉਸ ਦੇ ਹੁੰਦਿਆਂ ਕਿਸੇ ਘਰ ਵਿਚ ਲੜਾਈ ਤਕਰਾਰ ਘਰ ਦੀ ਚਾਰਦੀਵਾਰੀ ਵਿਚੋਂ ਬਾਹਰ ਨਾ ਨਿਕਲਣ ਦਾ ਇਹ ਉਸ ਦਾ ਸਤਿਕਾਰ ਸੀ ਜਾਂ ਪਿਆਰ ਸੀ। ਉਹ ਹਰ ਘਰ ਦੇ ਅੰਦਰ ਦੀ ਰਾਜ਼ਦਾਰ ਸੀ। ਕੁੜੀਆਂ ਮੁੰਡਿਆਂ ਦੀ ਚਹੇਤੀ ਸੀ। ਉਸ ਕੋਲ ਹਰ ਗੱਲ ਦੀ ਦਲੀਲ ਸੀ। ਮੁਹੱਲੇ ਦੀਆਂ ਨੂੰਹਾਂ ਧੀਆਂ ਤਾਂ ਬੇਬੇ ਨੂੰ ਵੇਖਦਿਆਂ ਹੀ ਛੂੰਈ ਮੂੰਈ ਹੋ ਜਾਂਦੀਆਂ। ਉਹ ਡਰਦੀਆਂ ਕਿ ਪਤਾ ਨੀ ਕਿ ਬੇਬੇ ਕਿਹੜੀ ਨੂੰਹ ਧੀ ਨੂੰ ਮੂੰਹ 'ਤੇ ਹੀ ਕੋਈ ਹੋਈ ਬੀਤੀ ਸੁਭਾ ਦੇਵੇ।

ਅੱਜ ਉਹ ਬੇਹਾਲ ਕੰਧ ਨਾਲ ਕੰਧ ਹੋਈ ਬੈਠੀ ਸੀ। ਉਸ ਦੇ ਮੂੰਹ ਵਿਚ ਬੋਲ ਨਹੀਂ ਸਨ। ਕਿਸੇ ਨਾਲ ਅੱਖ ਨਾਲ ਅੱਖ ਮਿਲਾ ਕੇ ਗੱਲ ਕਰਨ ਦੀ ਉਸ ਵਿਚ ਹਿੰਮਤ ਨਹੀਂ ਸੀ ਰਹੀ। ਜਿਸ ਬੇਬੇ ਨੂੰ ਵੇਖਦਿਆਂ ਹੀ ਨੂੰਹਾਂ ਧੀਆਂ ਚੁੰਨੀ ਸੁਆਰਦੀਆਂ ਅੰਦਰ ਵੜ ਜਾਂਦੀਆਂ ਸਨ। ਅੱਜ ਉਸ ਬੇਬੇ ਫਾਰਮਾ ਦੇ ਆਪਣੇ ਘਰ ਨੂੰ ਸੰਗਲੀ ਵਾਲਾ ਤਾਲਾ ਲੱਗਿਆ ਹੋਇਆ ਸੀ। ਉਹ ਅਜਨਬੀਆਂ ਵਾਂਗ ਗਲੀ 'ਚੋਂ ਲੰਘ ਚੱਲੀ ਸੀ। ਕਿਥੋਂ ਆਈ ਸੀ ਕੋਈ ਨਹੀਂ ਸੀ ਜਾਣਦਾ। ਅੱਜ ਉਸ ਨੂੰ ਸ਼ਮਸ਼ਾਨਘਾਟ ਦੇ ਇਕ ਕੋਨੇ ਵਿਚ ਬੈਠੀ ਗਮਗੀਨ ਅਵਸਥਾ ਵਿਚ ਕਿਸੇ ਨੇ ਵੇਖਿਆ ਸੀ। ਉਹ ਜਿਵੇਂ ਬੇ ਸੁੱਧ ਸੀ। ਆਪ ਮੁਹਾਰੀ ਕੁਝ ਬੋਲ ਰਹੀ ਸੀ। ਜਿਸ ਦੀ ਕਿਸੇ ਕਿਸੇ ਗੱਲ ਦੀ ਕੁਝ ਸਮਝ ਪੈ ਰਹੀ ਸੀ। ਉਹ ਆਪਣੇ ਹਮ-ਰਾਜ ਹਮਦਰਦ ਨੂੰ ਕੋਸ ਰਹੀ ਸੀ। ਵੇਖ ਲੈ ਬਸ਼ੀਰ ਜਿਵੇਂ ਤੂੰ ਕਰਦਾ ਸੈਂ, ਸ਼ਰਾਬ ਪੀ ਕੇ ਨਿੱਤ ਕੁਵੇਲੇ ਘਰ ਵੜਦਾ ਸੀ। ਰੋਟੀ ਪਾਣੀ ਦਾ ਪੇਟ ਨੂੰ ਝੁਲਕਾ ਦੇਣ ਦੇ ਬਜਾਏ ਮੇਰੀ ਖੱਲ ਨੋਚਦਾ ਸੈਂ। ਸੌ ਸੌ ਮੰਦਾ ਮੈਨੂੰ ਤੇ ਮੇਰੇ ਪੇਕਿਆਂ ਨੂੰ ਬੋਲਦਾ ਸੈਂ। ਮੈਂ ਤੇਰੇ ਲੱਖ ਤਸੀਹਿਆਂ ਨੂੰ ਇਕ ਕਰਕੇ ਜਾਣਦੀ ਸੀ। ਤੇਰੀ ਬਾਲੀ ਹੋਈ ਅੱਗ ਨੂੰ ਪੇਟ ਵਿਚ ਸਾਂਭਣ ਤੇ ਤੇਰੇ ਲਾਏ ਹੋਏ ਬੂਟੇ ਨੂੰ ਸਿੰਜਣ ਲਈ ਤੇਰਾ ਹਰ ਤਸੀਹਾ ਖਿੜੇ ਮੱਥੇ ਝੱਲਦੀ ਸਾਂ। ਅੱਜ ਉਹੀ ਤੇਰਾ ਤੁਖ਼ਮ ਮੈਨੂੰ ਘਰੋਂ ਕੱਢ ਕੇ ਸੰਗਲੀ ਵਾਲਾ ਤਾਲਾ ਮਾਰ ਕੇ ਮੁੜ ਘਰੇ ਨਹੀਂ ਵੜਿਆ। ਮੈਂ ਤੇਰੇ ਹਰ ਤਸੀਹੇ ਨੂੰ ਵਾਹਿਗੁਰੂ ਦਾ ਭਾਣਾ ਮੰਨ ਕੇ ਜਰਦੀ ਰਹੀ ਤੇ ਤੇਰੀ ਪੱਗ ਦੀ ਲਾਜ਼ ਰੱਖਣ ਲਈ ਤੇਰੀ ਦੇਹਲੀ ਤੋਂ ਬਾਹਰ ਨਹੀਂ ਸੀ ਨਿਕਲੀ ਪਰ ਦੇਖ ਲੈ ਬਸੀਰ ਤੇਰੇ ਪੁੱਤ ਦੀ ਬਹੂ ਆਪਣੇ ਪੇਟ ਦੀ ਆਂਦਰ ਨੂੰ ਲੈ ਕੇ ਪਤਾ ਨੀ ਕਿਥੇ ਚਲੀ ਗਈ ਤੇ ਤੇਰੇ ਸੁਲੱਖਣੇ ਪੁੱਤਰ ਨੂੰ ਕਦੇ ਕੋਈ ਹਮਦਰਦ ਗਲੀਆਂ ਵਿਚ ਡਿੱਗੇ ਪਏ ਨੂੰ ਆਪਣੇ ਘਰ ਦੇ ਬੂਹੇ ਅੱਗੇ ਛੱਡ ਜਾਂਦੇ ਹਨ ਤੇ ਕਦੇ ਉਹ ਆਪ ਆਪਣੀ ਕੱਛ ਵਿਚ ਆਪਣੇ ਬਾਪ ਦੀ ਪੱਗੜੀ ਸਮੇਟੀ ਆਪਣੇ ਦਰਵਾਜ਼ੇ ਦੇ ਬੂਹੇ ਅੱਗੇ ਪਿਆ ਹੁੰਦਾ ਹੈ। ਸੰਗਲੀ ਵਾਲਾ ਦਰਵਾਜ਼ਾ ਬੰਦ ਰਹਿੰਦਾ ਹੈ। ਹੁਣ ਉਸ ਨੂੰ ਖੋਲ੍ਹਣ ਵਾਲਾ ਕੋਈ ਨਹੀਂ ਆਉਂਦਾ। ਨਾ ਤੂੰ ਆਉਂਦਾ ਸੀ ਨਾ ਤੇਰਾ ਪੁੱਤਰ ਤੇ ਨਾ ਹੀ ਤੇਰੀ ਨੂੰਹ ਆਉਂਦੀ ਹੈ। ਹਾਂ ਕਦੇ ਕਦੇ ਦਰਵਾਜ਼ੇ ਦੇ ਖੜਕਣ ਦੀ ਅਵਾਜ਼ ਆਉਂਦੀ ਹੈ। ਪਤਾ ਨੀ ਤੇਰੀ ਰੂਹ ਅੰਦਰ ਭਟਕਦੀ ਹੈ ਜਾਂ ਹਵਾ ਦਾ ਬੁੱਲ੍ਹਾ ਦਸਤਕ ਦੇ ਕੇ ਵਾਪਸ ਮੁੜ ਜਾਂਦਾ ਹੈ। ਪਤਾ ਨਹੀਂ ਹੁਣ ਕਦੇ ਖੁੱਲ੍ਹੇਗਾ ਵੀ ਕਿ ਨਹੀਂ ਇਹ ਸੰਗਲੀ ਵਾਲਾ ਦਰਵਾਜ਼ਾ ਉਸ ਨੇ ਇਕ ਲੰਮਾ ਹੌਕਾ ਲਿਆ ਤੇ ਸਦਾ ਲਈ ਅੱਖਾਂ ਬੰਦ ਕਰ ਲਈਆਂ ਦਰਵਾਜ਼ੇ ਦੀ ਤਰ੍ਹਾਂ।

**ਡਾ. ਬਲਵਿੰਦਰ ਸੋਢੀ**
78883-82187

## ਅਜ਼ਾਦੀ ਦਾ ਦਿਨ

ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ
ਉਡਾਏ ਤਾਂ ਐਤਕੀਂ ਵੀ ਜਾਣਗੇ ਗੁਲਾਲ ਨਾਲ ਭਰੇ ਹੋਏ ਜਹਾਜ਼
ਪ੍ਰੇਡ ਕਰਕੇ ਸਿਪਾਹੀਆਂ ਦੀਆਂ ਅੱਡੀਆਂ ਦੀ ਧੂੜ ਨਾਲ
ਭਰ ਜਾਣਗੇ ਪ੍ਰੇਡ ਗਰਾਊਂਡ ਵਿਚ ਬੈਠੇ ਦਰਸ਼ਕਾਂ ਦੇ ਨੱਕ, ਕੰਨ ਤੇ ਅੱਖਾਂ
'ਗਾਂਧੀ' ਫੁਲ ਫੁਲ ਬੈਠੇਗਾ
ਆਪਣੇ ਨਵੇਂ ਸਜੇ ਹੋਏ ਬਾਂਦਰਾਂ ਦੀਆਂ ਸ਼ਕਲਾਂ ਵੇਖ ਕੇ

ਲਿਆਂਦੇ ਜਾਣਗੇ ਦੇਸ਼ ਦੇ ਹਰ ਕੋਨੇ 'ਚੋਂ
ਫੜਕੇ ਮਿੱਟੀ ਦੇ ਬਾਵੇ
ਇੱਕ ਔਤਰੀ ਆਜ਼ਾਦੀ ਸਜਾਏਗੀ ਉਹਨਾਂ ਦੇ ਗਲ
ਐਮਰਜੈਂਸੀ ਦਾ ਲਹਿੰਗਾ ।
ਟੁਕੜੀਆਂ ਵਿਚ ਵੰਡੇ ਲੋਕ ਸਲਾਮੀ ਦੇਣਗੇ
ਲੁਟੇਰਿਆਂ ਦੀ ਨਵੀਂ ਸਜੀ 'ਡਿਕਟੇਟਰਸ਼ਿਪ' ਨੂੰ
ਮਿੱਟੀ ਦੇ ਬਾਵੇ ਬਹੁਤ ਟੱਪਣਗੇ
ਖੁੱਸੀ ਲਿਖਾਰੀਆਂ ਦੇ ਗੀਤਾਂ ਦੀ ਫ਼ੌਜੀ ਟਿਊਨ 'ਤੇ
ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ

ਐਤਕੀਂ ਤਾਂ ਹੋਰ ਵੀ ਗੂੜ੍ਹੀ ਹੋਏਗੀ ਆਜ਼ਾਦੀ ਦੇ ਦੇ ਦਿਨ ਦੀ ਰੰਗਤ
ਕਿਉਂਕਿ ਹੋਇਆ ਹੈ ਸਫ਼ਲ, ਗ਼ਰੀਬੀ ਹਟਾਉ ਦਾ ਨਾਹਰਾ
ਔਤਰੀ-ਆਜ਼ਾਦੀ ਸੁੰਗੜ-ਸੁੰਗੜ ਬੈਠੇਗੀ
ਅੰਤਰ-ਰਾਜੀ ਫੈਲੀ ਹੋਈ ਭੁੱਖ ਦੇ ਸ਼ਿਕਾਰ ਬੱਚਿਆਂ ਕੋਲੋਂ
ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ ।

ਐਤਕੀਂ ਤਾਂ ਬਹੁਤ ਲੰਮੀ ਹੋ ਜਾਏਗੀ
ਰਾਸ਼ਟਰਪਤੀ ਅਵਾਰਡਾਂ ਦੀ ਲਿਸਟ
ਤੇ ਓਦੂੰ ਵੀ ਬਹੁਤ ਲੰਮੇ ਹੋ ਜਾਣਗੇ
ਵੱਢੀਆਂ ਲੈਣ ਲਈ ਅਫ਼ਸਰਾਂ ਦੇ ਹੱਥ
ਤੇ ਏਦੂੰ ਵੀ ਸੈਂਕੜੇ ਗੁਣਾਂ ਵਧ ਜਾਏਗੀ
ਜੇਲ੍ਹ ਸੁਪਰਡੈਂਟਾਂ ਨੂੰ ਸਿਆਸੀ ਕੈਦੀਆਂ ਦੇ ਸਾਂਭਣ ਦੀ ਸਿਰਦਰਦੀ
ਪਰ ਬਹੁਤ ਛੋਟੇ ਹੋ ਜਾਣਗੇ ਥਾਣਿਆਂ ਦੇ ਰੋਜ਼ਨਾਮਚੇ
ਕਿਉਂਕਿ ਪੁਲਿਸ ਨੂੰ ਬਹੁਤ ਕਾਹਲ ਹੋਏਗੀ
'ਰੋਟੀ ਮੰਗਦੇ ਸਮਾਜ ਵਿਰੋਧੀ ਅਨਸਰ' ਨਾਲ
ਨਹਿਰ ਦੇ ਪੁਲ 'ਤੇ ਮੁਕਾਬਲਾ ਦਖਾਉਣ ਲਈ
ਮਨਾਇਆ ਤਾਂ ਐਤਕੀ ਵੀ ਜਾਏਗਾ ਆਜ਼ਾਦੀ ਦਾ ਦਿਨ।

ਲਾਏ ਜਾਣਗੇ ਵਿਧਾਨ ਦੀ ਰੱਖਿਆ ਦੇ ਨਾਹਰੇ
ਪਰ ਹਰ ਵੱਡੇ ਨੂੰ ਹੱਕ ਹੋਏਗਾ ਵਿਧਾਨ ਦੀ ਨਾੜ ਮਰੋੜਨ ਦਾ
ਕਿਉਂਕਿ ਇਹ ਕਿਹੜਾ ਗੁਰੂ ਗੋਬਿੰਦ ਸਿੰਘ ਜੀ ਦਾ ਸਿਧਾਂਤ ਹੈ
ਜਾਂ ਇੰਟੈਰੋਗੇਸ਼ਨ ਵਿੱਚ ਨਿਭਾਇਆ ਗਿਆ 'ਕਾਮਰੇਡਾਂ ਦਾ ਸਿਦਕ'
ਵਿਧਾਨ ਦੇ ਕਿਸੇ ਵੀ ਅੰਗ ਦੀ ਭੰਨ ਤੋੜ
ਅੱਤ ਜ਼ਰੂਰੀ ਹੈ ਸਾਡੇ 'ਅੱਵਲ ਨੰਬਰ ਦੇ ਲੋਕਰਾਜ' ਦੀ
'ਸਿਹਤ' ਅਤੇ 'ਸੋਧ' ਲਈ।
ਮਨਾਇਆ ਤਾਂ ਐਤਕੀ ਵੀ ਜਾਵੇਗਾ
ਅਜ਼ਾਦੀ ਦਾ ਦਿਨ।

ਸੰਤ ਰਾਮ ਉਦਾਸੀ

## "ਪਾਣੀ ਦਾ ਘੜਾ"



ਪਾਣੀ ਦੇ ਘੜੇ ਨੂੰ ਹੱਥ
ਲਾਉਣ ਦੀ ਸਜਾ,
ਮੌਤ ਹੀ ਤਾਂ ਹੁੰਦੀ ਹੈ।

ਤੁਸੀਂ ਵਾਰ-ਵਾਰ ਭੁੱਲ ਜਾਂਦੇ ਹੋ
ਤੁਹਾਨੂੰ ਯਾਦ ਕਰਵਾਇਆ ਜਾਂਦਾ ਹੈ।
ਏਕਲੱਵਿਆ ਦੇ ਅੰਗੂਠੇ ਵੱਢੇ ਜਾਂਦੇ ਨੇ
ਸੰਭੂਕਾਂ ਦੇ ਕਤਲ ਕੀਤੇ ਜਾਂਦੇ ਨੇ ..।

ਕਿਉਂ..
ਕਿਉਂ ਕਿ ਗੁਰੂ ਉੱਚੀ ਕੁਲ ਦੇ
ਮੰਨੂੰਵਾਦੀ ਨੇ..!

ਉਨ੍ਹਾਂ ਦਾ ਧਰਮ ਹੈ ਤੁਹਾਨੂੰ ਨੀਵੇਂ
ਸਮਝਣਾ, ਕੁਚਲਣਾ, ਤਬਾਹ ਕਰਨਾ
ਤੇ ਰੋਣ ਵੀ ਨੀ ਦੇਣਾ।
ਤੁਹਾਡਾ ਧਰਮ ਹੈ ਧਰਮਾਂ 'ਚ
ਵੰਡ ਹੋ ਕੇ ਆਪਣੀ 'ਏਕਤਾ' ਭੁੱਲ ਜਾਣਾ।

ਚੰਗਾ ਹੋਇਆ ਕਿ
ਭੀਮ ਪਿਆਸਾ ਰਿਹਾ
ਪਰ ਘੜੇ ਨੂੰ ਹੱਥ ਨਾ ਲਾਇਆ,
ਹਰ ਅਦਾਰੇ ਚ ਤੇਰੀ ਫੋਟੋ ਲੱਗੀ।

ਕਿਉਂ ਕਿ..
ਤੇਰੀ ਬਘਿਆੜਾਂ ਹੱਥੋਂ ਜਾਨ ਬਚ ਗਈ ਸੀ।
ਤੇਰੀ ਫੋਟੋ ਲਾਉਣ ਵਾਲਿਆਂ ਦੇ ਮੂੰਹਾਂ ਤੇ
ਤਾਲੇ ਕਿਉਂ ਲੱਗੇ ਨੇ..!
ਉਹ ਤੇਰੀ ਫੋਟੋ ਹੀ ਲਾ ਸਕਦੇ ਨੇ
ਤੇਰੇ ਲੋਕਾਂ ਤੇ ਜਬਰ-ਜੁਲਮ ਨਹੀਂ ਰੋਕ ਸਕਦੇ..!

ਅਜਾਦੀ ਦੇ ਪਚੱਤਰ ਸਾਲ ਬਾਅਦ ਵੀ
ਜੇ ਜਾਤ ਦੇ ਦੈਂਤ ਦਾ ਫਨ ਨਹੀਂ ਕੁਚਲਿਆ
ਤਾਂ ਸੋਚੋ..
ਮੂਲਨਿਵਾਸੀਓ...
ਸੰਘਰਸ ਦਾ ਰਾਹ ਫੜਨਾ ਹੈ
ਜਾਂ ਘੜਿਆਂ ਚੋਂ ਪਾਣੀ ਪੀ ਕੇ ਮਰਨਾ ਹੈ।

ਕੁਲਵੰਤ ਕੌਰ 'ਨਗਰ'
ਚਿਤ੍ਰ :ਸੁਰਜੀਤ ਚੱਕ ਦੇਸਰਾਜ

## ਮੇਰੇ ਪਿੰਡ ਦੀ ਨੁਹਾਰ

ਇਹ ਹੈ ਮੇਰਾ ਪਿੰਡ ਦੋਸਤੋ, ਇਹੀ ਮੇਰਾ ਰਾਗ।
ਨਾ ਕੋਈ ਬਚਿਆ ਪਿੱਪਲ ਏਥੇ, ਨਾ ਬੋਹੜ ਦੀ ਛਾਂ।
ਜੰਗਲ ਬੇਲੇ ਗਾਇਬ ਹੋ ਗਏ, ਖੋ ਗਈ ਨੀਲਮ ਗਾਂ।
ਕਿਧਰੇ ਗਏ ਬਟੇਰੇ ਤਿੱਤਰ, ਨਾ ਗਿਰਝਾਂ ਨਾ ਕਾਂ।
ਟੀਟ ਬਹੁਣੀਆਂ ਟਿੱਬੇ ਟੋਏ, ਕਿਧਰੇ ਦਿਸਦੇ ਨਾ।
ਨਾ ਹੁਣ ਵਾਗੀ ਵੱਗ ਛੇੜਦੇ, ਨਾ ਬੱਕਰੀ ਨਾ ਗਾਂ।
ਨਾ ਆਂਜੜੀ ਚਾਂਗੀ ਵਾਲੇ, ਨਾ ਕਿੱਕਰਾਂ ਦੀ ਛਾਂ।
ਨਾ ਮੁੰਢਾਂ ਦੀ ਕਿਸ਼ਤੀ ਦਿਸਦੀ, ਨਾ ਛੱਪੜਾਂ ਦੀ ਥਾਂ।
ਨਾ ਬਲਦਾਂ ਦੀਆਂ ਟੱਲੀਆਂ ਖੜਕਣ, ਨਾ ਦੁੱਧ ਰਿੜਕੇ ਮਾਂ।
ਨਾ ਹੁਣ ਨੱਢੀਆਂ ਭੱਤਾਂ ਢੋਵਣ, ਨਾ ਲੱਸੀ, ਚਟਣੀ ਆਂ।
ਨਾ ਕੜਕਾਲੀ ਡੰਡਾ, ਨਾ ਕੋਈ ਗੁੱਲੀ ਡੰਡੇ ਲਈ ਥਾਂ।
ਨਾ ਗੱਡਾ ਨਾ ਹਲ, ਪੰਜਾਲੀ, ਸਿੱਟੇ ਨਾ ਛੱਲੀਆਂ।
ਨਾ ਹਲਟਾਂ ਦੀ ਖੱਟ ਖੱਟ ਨਾ ਕੋਈ ਨੱਕੇ ਮੋੜਦੀਆਂ।
ਹੁਣ ਬਿਜਲੀ ਦੀ ਮੋਟਰ ਚਲਦੀ, ਤੇ ਝੋਨਾ ਹਰ ਥਾਂ।
ਸੁੱਥਣ ਦੀ ਥਾਂ ਜੀਨ ਆ ਗਈ, ਗਰਾਂ ਹੋ ਗਿਆ ਪਿੰਡ ਦਾ ਨਾਂ।
ਮੁੰਡਿਆਂ ਕੰਨੀ ਮੁੰਦਰਾਂ, ਨੱਢੀਆਂ ਜੁਲਫ਼ਾਂ ਬਣਵਾਈਆਂ।
ਨਾ ਇਥੇ ਨੂੰਹ ਧੀ ਦਾ ਪਰਦਾ, ਕਦਰਾਂ ਬਦਲਗੀਆਂ।
ਨਾ ਦਾਦੀ ਨਾ ਬਾਬਾ, ਅੰਕਲ, ਆਂਟੀ ਬਣ ਗਈਆਂ।
ਨਾ ਸੰਤਾਂ ਦੇ ਸੁੱਚ ਲੰਗੋਟੇ, ਨਾ ਸੱਚੀਆਂ ਸੱਥਾਂ।
ਨਾ ਮੰਦਰਾਂ ਦੇ ਸੰਖ ਪਵਿੱਤਰ, ਨਾ ਹੀ ਮੂਰਤੀਆਂ।
ਨਾ ਸ਼ਰਧਾ ਦੇ ਦੀਵੇ, ਨਾ ਹੀ ਜੋਤਾਂ ਜਗਦੀਆਂ।
ਆਸ਼ਕ ਕਰਦੇ ਆਰਤੀਆਂ ਯਾਰਾਂ ਨੂੰ ਮਿਲਣਗੀਆਂ।
ਕੱਸੀਆਂ, ਸੂਏ, ਡੇਰੇ, ਟਿੱਲੇ, ਸਭ ਨੇ ਥਾਂ ਪਰ ਥਾਂ।
ਹੋਰ ਕੀ ਸਿਫ਼ਤ ਕਰਾਂ ਮੈਂ ਇਸ ਦੀ ਬਹੁਤ ਨੇ ਵਡਿਆਈਆਂ।
ਇਸ 'ਸੋਢੀ' ਦੇ ਪਿੰਡ ਨੂੰ ਖਵਰੇ ਕਿਸ ਨਜ਼ਰਾਂ ਲਾਈਆਂ।
ਸ਼ਰਮਿੰਦਾ ਹਾਂ ਇਸ ਹੋਣੀ ਦੀਆਂ ਸੁਣ ਖਰੀਆਂ ਖਰੀਆਂ।
ਇਹ ਹੈ ਮੇਰਾ ਪਿੰਡ ਦੋਸਤੋ, ਇਹ ਇਸਦੀ ਦਾਸਤਾਂ।

• • •

ਜੁਲਮ ਦੀ ਹੱਦ ਟੁੱਟਦੀ ਜਦ, ਸਬਰ ਦੀ ਹੱਕ ਮੁਕਦੀ ਹੈ।
ਨਾ ਤੇਰੇ ਜੁਲਮ ਮੁਕਦੇ ਨੇ, ਨਾ ਸਾਡੀ ਧੌਣ ਝੁੱਕਦੀ ਹੈ।
ਕਹਾਣੀ ਜੁਲਮ ਦੀ ਲੰਬੀ, ਸ਼ਹਾਦਤ ਵੀ ਨਾ ਮੁੱਕਦੀ ਹੈ
ਮਨੂੰ ਦੀ ਦਾਤਰੀ ਅੱਗੇ, ਸੋਇਆਂ ਦੀ ਫ਼ਸਲ ਉਗਦੀਹੈ।
ਜਦੋਂ ਸਿਰ ਕਲਮ ਹੁੰਦੇ ਨੇ, ਬਗਾਵਤ ਕਲਮ ਚੁੱਕਦੀ ਹੈ।
ਨਾ ਤੇਰੀ ਰਾਤ ਮੁੱਕਦੀ ਹੈ, ਨਾ ਸਾਡੀ ਬਾਤ ਮੁੱਕਦੀ ਹੈ।
ਤੇਰੇ ਜਲਾਦ ਮੁੱਕ ਜਾਂਦੇ, ਨਾ ਸਾਡੀ ਲਾਇਨ ਟੁੱਟਦੀ ਹੈ।
ਨਾ ਤੇਰੇ ਜੁਲਮ ਰੁਕਦੇ ਨੇ, ਨਾ ਸਾਡੀ ਧੌਣ ਝੁਕਦੀ ਹੈ।

ਡਾ. ਬਲਵਿੰਦਰ ਸੋਢੀ
7888383868

## ਲੈਨਿਨ ਕਿਤਾਬ ਘਰ :
## ਸਰਦਾਰ ਪ੍ਰੀਤਮ ਸਿੰਘ ਦਰਦੀ

ਸੂਹੀ ਸਵੇਰ ਦਾ ਨਾਇਕ
ਸਰਦਾਰ ਪ੍ਰੀਤਮ ਸਿੰਘ ਦਰਦੀ
ਦਗਦਾ ਸੂਹਾ ਚਿਹਰਾ
ਸਾਦੀ ਰਹਿਣੀ - ਬਹਿਣੀ
ਇੱਕ ਇਤਿਹਾਸਕ ਯਾਤਰਾ।

ਲੰਮ- ਲਮੇਰੀ ਘਾਲਣਾ
ਦੇ ਵਾਰਸੋ ਆਜੋ
ਪੰਜਾਬ ਦੇ ਲੈਨਿਨ ਕਿਤਾਬ ਘਰ
ਦਾ ਵਿਹੜਾ ਹੋਰ ਓਤਾਂਹ ਚੱਕੀਏ
ਹੋਰ ਵਧੇਰੇ ਵਿਸ਼ਾਲ ਕਰੀਏ
ਮਨਾ, ਦਿਲਾ, ਚੇਤਿਆਂ
'ਚ ਰੰਗ ਹੋਰ ਗੂੜਾ ਕਰੀਏ।
ਆਜੋ ਚੱਲੀਏ ਮਹਿਲ ਕਲਾਂ
ਦੇ ਵਿਸ਼ਾਲ ਕਿਤਾਬ ਘਰ
ਤੇ ਯਾਦਾਂ ਦਾ ਗੁਲਦਸਤਾ
ਸਰਦਾਰ ਪ੍ਰੀਤਮ
ਦੇ ਦਿਲ
ਦੀ ਵਾਸ਼ਨਾ, ਮਹਿਕ
ਨੂੰ ਹੋਰ ਵਧੇਰੇ ਮਹਿਸੂਸ ਕਰੀਏ।

ਫਿਲਾਸਫਰਾਂ, ਦਾਰਸ਼ਨਿਕਾਂ
ਦੀਆਂ ਸੋਚੀਆਂ ਤੇ ਗੋਸ਼ਟੀ
ਕਵੀ ਦਰਬਾਰ
ਸਾਹਿਤਕ ਮਿਲਣੀਆਂ
ਵਿਚਾਰ ਵਟਾਂਦਰੇ।
ਜੋ ਸਾਰੀ ਓਮਰ
ਚਾਹੁੰਦਾ ਰਿਹਾ
ਪਲ - ਪਲ
ਯਤਨਸ਼ੀਲ ਰਿਹਾ
ਸਾਡਾ ਪ੍ਰੀਤਮ ।
ਨਮਸਕਾਰ ਕਰੀਏ
ਓਸ ਧਰਤ ਦੇ ਜਾਏ
ਬਹੁ-ਮੁੱਲੀ ਸਿਰੜੀ ਸਖਸੀਅਤ ਨੂੰ
ਸਾਗਰ ਵਾਂਗਰ ਡੂੰਘਾ
ਸ਼ਾਂਤ ਸੁਭਾਅ ਦਾ ਮਾਲਕ
ਡੂੰਘਾ ਵਿਚਾਰਕ
ਦਹਾਕਿਆਂ ਦਾ ਪ੍ਰਚਾਰਕ
ਮਾਰਕਸ ਲੈਨਿਨ
ਸਟਾਲਿਨ ਦੀਆਂ
ਓਠਾਈਆਂ ਲਹਿਰਾਂ
ਮਾਓ,ਚੀ,ਫੀਦਲ
ਹੋ-ਚੀ-ਮਿਨ
ਦੀਆਂ ਲਹਿਰਾਂ
'ਚ ਤਰਨਾ ਸਖਾਉਂਦਾ ਰਿਹਾ
ਆਓ ਨਮਸਕਾਰ ਕਰੀਏ
ਲੰਮ- ਲੰਮੇਰੀ ਯਾਤਰਾ ਤੇ ਚੱਲੀਏ
ਸਾਥੀ ਪ੍ਰੀਤਮ ਦੇ ੫੦ ਵਰੇ
ਮੁੜ ਦੁਹਰਾਈਏ
ਇਹੀ ਹੋਵੇਗੀ ਅਸਲ ਸ਼ਰਧਾਂਜਲੀ
ਨਿਧੜਕ ਬੇਬਾਕ ਬੇਖੌਫ ਹੋਵੇਗੀ
ਸਲਾਮ ਕਾਮਰੇਡ ਪ੍ਰੀਤਮ ਸਿੰਘ ॥

ਲਿਖੀ ਜਾ ਰਹੀ ਕਵਿਤਾ ਦੇ ਕੁਝ ਅੰਸ਼
ਪਾਸ਼

## ਧੀ ਧਿਆਣੀ

ਮੈਂ ਹਾਂ ਕਿਰਤ ਦੀ ਜੰਮੀ ਜਾਈ
ਬਾਪੂ ਤੇਰੀ ਲਾਡੋ ਧੀ ਧਿਆਣੀ
ਪੁੱਤ ਬਣਕੇ ਤੇਰੇ ਨਾਲ ਕਮਾਊਂ
ਬਣ ਕੇ ਇਸ ਸਮੇਂ ਦੀ ਹਾਣੀ
ਵੇਖੀਂ ਕਿਧਰੇ ਢਾਹ ਬੈਠੀ ਨਾਂ ਢੇਰੀ
ਮੈਂ ਹਾਂ ਬੋਝ ਬਿਗਾਨੇ ਘਰ ਜਾਣੀ
ਤੇਰੇ ਇੱਕ ਇੱਕ ਬੂੰਦ ਪਸੀਨੇ ਦੀ
ਸੁਰਖ ਇਬਾਰਤ ਦੀ ਮੈਂ ਬਣੂੰ ਕਹਾਣੀ
ਕਿਰਤ ਤੇਰੀ ਤੇ ਜੋ ਵਿਹਲੜ ਲੁਟੇਰੇ
ਦਨਦਨਾਉਂਦੇ ਨੇ ਏਥੇ ਬੰਨ੍ਹ ਕੇ ਢਾਣੀ
ਨਸ਼ਿਆਂ ਦਾ ਇਹ ਵਣਜ ਚਿੱਟੇ ਦਿਨ ਕਰੇਂਦੇ
ਵੈਣ ਨਾਂ ਸੁਣਨ ਨਾਂ ਏਨ੍ਹਾ ਦੇ ਕੰਨਾਂ ਥਾਣੀਂ
ਅਜਾਦੀ ਇਹਨਾਂ ਲਈ ਸਭ ਕੁੱਝ ਵੇਚਣਾ
ਸਣੇ ਤਿਰੰਗੇ ਰੱਸੀ ਦੀ ਕਿਹੜਾ ਖੈਰ ਮਨਾਣੀ
ਮਾਈ ਭਾਗੋ ਅਤੇ ਦੁਰਗਾ ਭਾਬੀ ਵਾਂਗੂ ਦੇਖੀਂ
ਅਸੀਂ ਯੁੱਗਗਰਦੀ ਦੀ ਸੂਹੀ ਲਾਟ ਮਘਾਣੀ
ਧਨਾਢ ਘਰਾਣੇ ਜੋ ਸਾਡੀ ਰੱਤ ਨਿਚੋੜਨ
ਲੋਕ ਸੰਗਰਾਮਾਂ ਅੱਗੇ ਤੂੰ ਭਰਦੇ ਦੇਖੀਂ ਪਾਣੀ
ਇਤਹਾਸ ਤੇ ਵਿਦਿਆ ਬਣਨਾ ਤੀਜਾ ਨੇਤਰ
ਅੱਜ ਗੁਰਬਤ ਤੇਰੀ ਚੁੱਕ ਟੋਕਰੀ ਤੇਰੀ ਲਾਡੋ ਰਾਣੀ
ਬੱਚਿਆਂ ਦੇ ਸਿਰਾਂ ਵਿੱਚ ਵਿਦਿਆ ਕਰੇ ਰੌਸ਼ਨੀ
'ਬੌਡੇ' ਹੇਠਲੀ ਏਨ੍ਹਾ ਵਾਰਸਾਂ ਨੇ ਹੈ ਉੱਤੇ ਲਿਆਣੀ

-ਗੁਰਮੇਲ ਸਿੰਘ ਬੌਡੇ

## ਤੱਥ ਅਤੇ ਸੱਚ

-ਮਨੀਸ਼ ਆਜ਼ਾਦ

ਅੱਜ ਕੱਲ੍ਹ ਰਾਜਾ ਕੀ ਖਾਂਦਾ ਹੈ?
ਮੈਂ ਰਾਜੇ ਦੇ ਰਸੋਈਏ ਨੂੰ ਪੁੱਛਿਆ।
ਵੈਸੇ ਤਾਂ ਰਾਜੇ ਦੀ ਰੈਸਿਪੀ ਗੁਪਤ ਹੁੰਦੀ ਹੈ
ਪਰ ਤੁਹਾਨੂੰ ਦੱਸ ਦਿੰਦਾ ਹਾਂ।
ਫਿਰ ਇੱਧਰ-ਉੱਧਰ ਦੇਖਕੇ, ਫੁਸਫੁਸਾ ਕੇ ਬੋਲਿਆ
ਅੱਜਕੱਲ੍ਹ ਉਹ ਤੱਥ ਅਤੇ ਸੱਚ ਖਾਂਦਾ ਹੈ।
ਨਾਸ਼ਤੇ 'ਚ ਤੱਥ ਅਤੇ ਖਾਣੇ 'ਚ ਸੱਚ।
ਮੈਂ ਹੈਰਾਨ ਸੀ ਕਿ ਇਹ ਵੀ ਕੋਈ ਖਾਣ ਵਾਲੀ ਚੀਜ਼ ਹੈ।
ਪਰ ਉਹ ਰਾਜਾ ਹੈ, ਕੁਝ ਵੀ ਖਾ ਸਕਦਾ ਹੈ।
ਤਾਂ ਕੀ ਇਸੇ ਲਈ ਦੇਸ਼ ਵਿਚ ਤੱਥ ਅਤੇ ਸੱਚ ਦੀ ਘਾਟ ਹੁੰਦੀ ਜਾ ਰਹੀ ਹੈ?
ਰਸੋਈਏ ਨੂੰ ਮੇਰਾ ਅਗਲਾ ਸਵਾਲ ਸੀ।
ਫਿਰ ਉਹ ਦੇਸ਼ ਕਿਵੇਂ ਚਲਾਉਂਦਾ ਹੈ?
ਉਸ ਨੇ ਫਿਰ ਇੱਧਰ-ਉੱਧਰ ਦੇਖਿਆ ਅਤੇ ਫੁਸਫੁਸਾ ਕੇ ਬੋਲਿਆ
ਕਹਾਣੀਆਂ ਨਾਲ।
ਕਹਾਣੀਆਂ ਨਾਲ??
ਕਹਾਣੀਆਂ ਨਾਲ ਵੀ ਕਿਤੇ ਦੇਸ਼ ਚਲਦਾ ਹੈ?
ਪਰ ਚੱਲ ਤਾਂ ਰਿਹਾ ਹੈ!
ਮੈਂ ਨਿਰਉੱਤਰ ਸੀ।
ਮੇਰਾ ਅਗਲਾ ਸਵਾਲ ਸੀ ਕਿ ਇਹ ਕਹਾਣੀਆਂ ਘੜੀਆਂ ਕਿੱਥੇ ਜਾਂਦੀਆਂ ਹਨ?
ਉਸ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ
ਉਸ ਨੂੰ ਨਹੀਂ ਪਤਾ।
ਮੇਰੇ ਦਿਮਾਗ 'ਚ ਫਿਰ ਇਕ ਸਵਾਲ ਉੱਠਿਆ
ਰਾਜੇ ਦੀ ਜੂਠ 'ਚ ਜੋ ਸੱਚ ਅਤੇ ਤੱਥ ਬਚ ਜਾਂਦੇ ਹਨ
ਉਨ੍ਹਾਂ ਦਾ ਕੀ ਹੁੰਦਾ ਹੈ?
ਉਸ ਨੇ ਮਹੱਲ ਦੇ ਪਿਛਵਾੜੇ ਵੱਲ ਇਸ਼ਾਰਾ ਕੀਤਾ
ਉਨ੍ਹਾਂ ਨੂੰ ਉੱਥੇ ਸੁੱਟ ਦਿੱਤਾ ਜਾਂਦਾ ਹੈ, ਸੜਨ ਲਈ।
ਇਸ ਤੋਂ ਬਾਦ ਰਾਤ ਨੂੰ ਮੈਨੂੰ ਨੀਂਦ ਨਹੀਂ ਆਈ।
ਝਪਕੀ ਆਈ ਤਾਂ ਦੇਖਿਆ
ਸਾਹਮਣੇ ਉਹੀ ਜੂਠੇ ਤੱਥ ਅਤੇ ਜੂਠੇ ਸੱਚ ਖੜ੍ਹੇ ਸਨ।
ਰਾਜੇ ਦੀ ਲਾਰ ਅਜੇ ਵੀ ਉਨ੍ਹਾਂ ਨੂੰ ਚਿੰਬੜੀ ਹੋਈ ਸੀ,
ਅਤੇ ਉਹ ਦਮ ਤੋੜਦੇ ਪ੍ਰਤੀਤ ਹੁੰਦੇ ਸਨ।
ਮੇਰੀ ਨੀਂਦ ਖੁੱਲ੍ਹ ਗਈ
ਮੈਂ ਪਸੀਨੇ ਨਾਲ ਭਿੱਜ ਗਿਆ।
ਨਾ ਜਾਣੇ ਕਿਸ ਪ੍ਰੇਰਣਾ ਨਾਲ
ਮੈਂ ਰਾਤ ਦੇ ਸੰਘਣੇ ਹਨੇਰੇ 'ਚ ਹੀ
ਡਰਦੇ ਡਰਦੇ, ਬਚਦੇ ਬਚਦੇ ਨੇ
ਉਹ ਸੜੇ ਹੋਏ ਤੱਥ ਅਤੇ ਸੱਚ ਇਕੱਠੇ ਕੀਤੇ।
ਘਰ ਲਿਆ ਕੇ ਉਨ੍ਹਾਂ ਨੂੰ ਧੋਇਆ, ਸਾਫ਼ ਕੀਤਾ।
ਸੱਚ ਨੂੰ ਤੱਥਾਂ ਤੋਂ ਅਲੱਗ ਕੀਤਾ
ਅਤੇ ਤੱਥਾਂ ਨੂੰ ਜੋੜ ਕੇ ਸੱਚ ਬਣਾਇਆ।
ਸਵੇਰੇ ਪੂਰੇ ਰਾਜ 'ਚ
ਟੀਵੀ ਵਾਲੇ ਸੰਘ ਪਾੜਕੇ ਚੀਕ ਰਹੇ ਸਨ
ਰਾਜ ਵਿੱਚੋਂ ਤੱਥਾਂ ਅਤੇ ਸੱਚ ਚੋਰੀ ਹੋ ਗਏ ਹਨ!
ਇਹ ਕਿਸੇ ਦਹਿਸ਼ਤਵਾਦੀ ਗਰੋਹ ਦੀ ਚਾਲ ਹੈ!
ਬ੍ਰੇਕਿੰਗ ਨਿਊਜ਼ 'ਚ ਪਾਕਿ ਦਾ ਹੱਥ ਦੱਸਿਆ ਜਾਣ ਲੱਗਾ।
ਇਕ ਟੀਵੀ ਵਾਲਾ ਚੀਕ ਰਿਹਾ ਸੀ
ਕੌਣ ਹੈ ਜੋ ਦੇਸ਼ 'ਚੋਂ ਸੱਚ ਅਤੇ ਤੱਥ ਚੁਰਾਕੇ
ਉਨ੍ਹਾਂ ਦਾ ਕਤਲ ਕਰਨਾ ਚਾਹੁੰਦੇ ਹਨ।
ਦੇਸ਼ ਵਿਚ ਝੂਠ ਨੂੰ ਖੋਟੇ ਸਿੱਕੇ ਦੀ ਤਰ੍ਹਾਂ ਫੈਲਾਉਣਾ ਚਾਹੁੰਦੇ ਹਨ।
ਰਾਜੇ ਨੇ ਤੁਰੰਤ ਆਪਣੇ ਖੁਫੀਆ ਤੰਤਰ ਦੇ
'ਵਿਸ਼ੇਸ਼ ਸਿਖਲਾਈਯਾਫ਼ਤਾ' ਭੇੜੀਆਂ ਨੂੰ ਇਸ ਚੋਰੀ ਦਾ ਸੁਰਾਗ ਲਗਾਉਣ ਲਈ ਲਗਾ ਦਿੱਤਾ।
ਰਾਜੇ ਨੇ ਐਲਾਨ ਕੀਤਾ ਕਿ
ਪਿਛਲੇ ਰਾਜੇ ਨੇ ਸੱਚ ਅਤੇ ਤੱਥ ਨੂੰ ਇਕੱਲੇ ਛੱਡ ਦਿੱਤਾ ਸੀ।
ਪਰ ਹੁਣ ਅਸੀਂ ਇਸ ਦੀ ਰੱਖਿਆ ਕਰਾਂਗੇ।
ਅਤੇ ਇਸ ਦੇ ਲਈ ਇਕ ਫ਼ੌਜ ਬਣਾਵਾਂਗੇ।
ਇਹ ਸਭ ਦੇਖ-ਸੁਣ ਕੇ ਮੇਰੇ ਕੋਲ ਮੌਜੂਦ ਤੱਥ ਅਤੇ ਸੱਚ
ਬੇਹੱਦ ਡਰ ਗਏ
ਅਤੇ ਰੂਪੋਸ਼ ਹੋ ਗਏ।
ਰੂਪੋਸ਼ ਹੁੰਦੇ ਹੋਏ, ਉਨ੍ਹਾਂ ਨੇ ਮੇਰੇ ਕੰਨ 'ਚ ਹੌਲੀ ਜਹੇ ਕਿਹਾ
ਜੇ ਝੂਠ ਦੇ ਲਈ ਰਾਜੇ ਨੂੰ ਫ਼ੌਜ ਦੀ ਜ਼ਰੂਰਤ ਹੈ
ਤਾਂ ਸੱਚ ਦੇ ਲਈ ਵੀ ਫ਼ੌਜ ਦੀ ਜ਼ਰੂਰਤ ਹੋਵੇਗੀ
ਕੀ ਤੁਸੀਂ ਸਾਡੇ ਲਈ ਫ਼ੌਜ ਬਣਾ ਸਕਦੇ ਹੋ??

[ਪੰਜਾਬੀ ਰੂਪ: ਬੂਟਾ ਸਿੰਘ ਮਹਿਮੂਦਪੁਰ]

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ
ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਲਾਲ ਸਿੰਘ ਚੱਢਾ ਦਾ ਵਿਰੋਧ ਕਿਉਂ

# ਕਿਉਂਕਿ ਇਸ ਦੀ ਕਹਾਣੀ ਭਾਜਪਾ ਦੇ ਫੁੱਟ ਪਾਊ ਏਜੰਡੇ ਅਨੁਸਾਰ ਨਹੀਂ ਹੈ

-ਗੁਰਪ੍ਰੀਤ ਸਿੰਘ
ਅਨੁ.: ਬੂਟਾ ਸਿੰਘ ਮਹਿਮੂਦਪੁਰ

ਨਵੀਂ ਬਾਲੀਵੁੱਡ ਫਿਲਮ ਲਾਲ ਸਿੰਘ ਚੱਢਾ ਇਕ ਅਜਿਹੇ ਸਮੇਂ ਵਿਚ ਤਾਜ਼ੀ ਹਵਾ ਦੇ ਬੁੱਲੇ ਵਾਂਗ ਹੈ ਜਦੋਂ ਭਾਰਤ ਹਿੰਦੂ ਕੱਟੜਵਾਦ ਦੇ ਵਧ ਰਹੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ, ਜਿਸ ਦੇ ਤਹਿਤ ਬਹੁਲਤਾਵਾਦ ਅਤੇ ਵੰਨ-ਸੁਵੰਨਤਾ ਲਈ ਸਪੇਸ ਸੁੰਗੜਦੀ ਜਾ ਰਹੀ ਹੈ।

ਲਾਲ ਸਿੰਘ ਚੱਢਾ ਇਕ ਔਟਿਸਟਿਕ (ਆਪਣੇ ਹੀ ਖ਼ਿਆਲਾਂ 'ਚ ਗੁਆਚੇ ਰਹਿਣ ਦੇ ਮਨੋਵਿਕਾਰ ਤੋਂ ਪੀੜਤ ਵਿਅਕਤੀ) ਸਿੱਖ ਵਿਅਕਤੀ ਦੀ ਕਹਾਣੀ ਹੈ ਜਿਸ ਨੂੰ ਇਕ ਈਸਾਈ ਔਰਤ ਨਾਲ ਮੁਹੱਬਤ ਹੋ ਜਾਂਦੀ ਹੈ। ਇਕ ਸਕੂਲ ਵਿਚ ਪੜ੍ਹਦਿਆਂ ਦੋਵੇਂ ਦੋਸਤ ਬਣ ਜਾਂਦੇ ਹਨ ਜਿੱਥੇ ਲਾਲ (ਆਮਿਰ ਖ਼ਾਨ) ਨੂੰ ਲਗਾਤਾਰ ਸਤਾਇਆ ਜਾਂਦਾ ਹੈ। ਰੂਪਾ (ਕਰੀਨਾ ਕਪੂਰ ਖ਼ਾਨ) ਕਲਾਸ ਰੂਮ ਦੇ ਵਿਰੋਧੀ ਮਾਹੌਲ ਵਿਚ ਉਸਨੂੰ ਆਪਣੀ ਬੁੱਕਲ 'ਚ ਲੈਂਦੀ ਹੈ। ਜਦੋਂ ਉਹ ਜਵਾਨ ਹੋ ਜਾਂਦੇ ਹਨ ਤਾਂ ਉਹ ਇਕ ਫਿਲਮ ਸਟਾਰ ਬਣਨ ਲਈ ਉਸ ਤੋਂ ਦੂਰ ਚਲੀ ਜਾਂਦੀ ਹੈ, ਜਦਕਿ ਮੁਸ਼ਕਿਲ ਸੰਸਾਰ ਵਿਚ ਜ਼ਿੰਦਾ ਰਹਿਣ ਦੀ ਖ਼ਾਤਰ ਆਪਣੀ ਲੜਾਈ ਲੜਨ ਲਈ ਲਾਲ ਪਿੱਛੇ ਕੱਲਾ ਰਹਿ ਜਾਂਦਾ ਹੈ। ਬਾਦ ਵਿਚ ਉਹ ਉਸ ਨੂੰ ਮੁੜ ਮਿਲਦੀ ਹੈ।

ਲਾਲ 1984 ਦੇ ਸਿੱਖ ਕਤਲੇਆਮ ਸਮੇਤ ਕਈ ਵੱਡੀਆਂ ਸਿਆਸੀ ਘਟਨਾਵਾਂ ਦਾ ਗਵਾਹ ਹੈ, ਜੋ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਉਸ ਦੇ ਸਿੱਖ ਅੰਗ ਰੱਖਿਅਕਾਂ ਦੁਆਰਾ ਕੀਤੇ ਕਤਲ ਤੋਂ ਬਾਦ ਵਾਪਰਦੀਆਂ ਹਨ। ਰਾਜ ਦੀ ਖੁੱਲ੍ਹੇਆਮ ਪੁਸ਼ਤ-ਪਨਾਹੀ ਨਾਲ ਕੀਤੇ ਕਤਲੇਆਮ ਦੌਰਾਨ ਉਸਦੀ ਮਾਂ ਉਸ ਨੂੰ ਉਸ ਭੀੜ ਤੋਂ ਬਚਾਉਣ ਲਈ ਉਸਦੇ ਕੇਸ ਕੱਟਣ ਲਈ ਮਜਬੂਰ ਹੋ ਜਾਂਦੀ ਹੈ ਜੋ ਕੇਸਧਾਰੀ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਉਹ ਹੋਰ ਘਿਣਾਉਣੀਆਂ ਘਟਨਾਵਾਂ ਨੂੰ ਵੀ ਦੂਰੋਂ ਦੇਖਦਾ ਹੈ, ਜਿਵੇਂ ਮੌਜੂਦਾ ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਭਾਜਪਾ ਸਰਕਾਰ ਦੇ ਹਮਾਇਤੀਆਂ ਵੱਲੋਂ 1992 ਵਿਚ ਇਕ ਪੁਰਾਤਨ ਬਾਬਰੀ ਮਸਜਿਦ ਨੂੰ ਢਾਹੁਣਾ।

ਫਿਰਕੂ ਹਿੰਸਾ ਦੇ ਕਿਸੇ ਵੀ ਹਾਲਾਤ ਵਿਚ ਉਸਦੀ ਮਾਂ ਉਸਨੂੰ ਮੁਸੀਬਤ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ, ਉਹ ਉਸਨੂੰ ਕਹਿੰਦੀ ਹੈ ਕਿ ਉਸਨੂੰ ਘਰ ਵਿਚ ਹੀ ਰਹਿਣਾ ਚਾਹੀਦਾ ਹੈ ਕਿਉਂਕਿ ਦੇਸ਼ ਵਿਚ ਮਲੇਰੀਆ ਫੈਲ ਚੁੱਕਾ ਹੈ। ਇਸ ਕਰਕੇ ਉਹ ਮਜ਼੍ਹਬ ਦੀ ਤੁਲਨਾ ਮਹਾਂਮਾਰੀ ਨਾਲ ਕਰਦਾ ਹੈ, ਅਤੇ ਅਧਾਰਮਿਕ ਰਹਿੰਦਾ ਹੈ, ਭਾਵੇਂ ਕਿ ਉਹ ਆਪਣੀ ਮਾਂ ਦੀ ਮੌਤ ਤੋਂ ਬਾਦ ਸਿੱਖ ਵਾਂਗ ਦਾੜ੍ਹੀ ਵਧਾ ਲੈਂਦਾ ਹੈ ਅਤੇ ਪੱਗ ਬੰਨ੍ਹਣੀ ਸ਼ੁਰੂ ਕਰ ਦਿੰਦਾ ਹੈ।

ਇਹ ਦੇਖਣਾ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਹਿੰਦੂ ਕੱਟੜਵਾਦੀ ਤਾਕਤਾਂ ਇਸ ਫਿਲਮ ਨੂੰ ਲੈ ਕੇ ਐਨੀਆਂ ਚਿੰਤਤ ਕਿਉਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅੰਨ੍ਹੇ ਭਗਤ ਇਸ ਫਿਲਮ ਨੂੰ ਦੇਖੇ ਬਿਨਾਂ ਹੀ ਇਸ ਦਾ ਬਾਈਕਾਟ ਕਰਨ ਦੇ ਸੱਦੇ ਦੇ ਰਹੇ ਹਨ, ਉਹ ਆਮਿਰ ਖ਼ਾਨ ਉੱਪਰ "ਹਿੰਦੂ ਫੋਬਿਕ" ਹੋਣ ਅਤੇ "ਭਾਰਤ ਵਿਰੋਧੀ" ਬਿਆਨ ਦੇਣ ਦੇ ਦੋਸ਼ ਲਗਾ ਰਹੇ ਹਨ। ਆਮਿਰ ਖ਼ਾਨ ਪਹਿਲਾਂ ਪੀਕੇ ਫਿਲਮ ਵਿਚ




ਅਦਾਕਾਰੀ ਕਰ ਚੁੱਕੇ ਹਨ। ਉਸ ਫਿਲਮ ਵਿਚ ਵੀ ਮਹਿਜ਼ ਤੱਥ ਬਿਆਨ ਕਰਦੇ ਹੋਏ ਹਿੰਦੂ ਧਰਮ ਵਿਚ ਫੈਲੇ ਅੰਧਵਿਸ਼ਵਾਸਾਂ ਦੀ ਆਲੋਚਨਾ ਕੀਤੀ ਗਈ ਸੀ, ਅਤੇ ਭਾਰਤ ਵਿਚ ਵੱਧ ਰਹੀ ਧਾਰਮਿਕ ਨਫ਼ਰਤ ਬਾਰੇ ਚਿੰਤਾਵਾਂ ਸਾਂਝੀਆਂ ਕੀਤੀਆਂ ਗਈਆਂ ਸਨ। ਆਖ਼ਿਰਕਾਰ, 2014 ਵਿਚ ਮੋਦੀ ਦੇ ਦੇਸ਼ ਦਾ ਆਗੂ ਬਣਨ ਤੋਂ ਬਾਦ ਘੱਟ ਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਉੱਪਰ ਹਮਲੇ ਵਧੇ ਹਨ। ਇਸੇ ਕਰਕੇ ਲਾਲ ਸਿੰਘ ਚੱਢਾ ਉਨ੍ਹਾਂ ਦੇ ਵਿਰੋਧ ਮੁਹਿੰਮ ਦਾ ਨਿਸ਼ਾਨਾ ਬਣੀ ਹੈ।

ਇੱਥੋਂ ਤੱਕ ਕਿ ਮੇਰੀ ਮਨਪਸੰਦ ਅਦਾਕਾਰਾ ਕਰੀਨਾ ਕਪੂਰ ਖ਼ਾਨ ਨੂੰ ਇਸ ਤਰ੍ਹਾਂ ਦੇ ਦੁਸ਼ਮਣਾਨਾ ਵਿਰੋਧ ਅਤੇ ਸੋਸ਼ਲ ਮੀਡੀਆ ਉੱਪਰ ਟਰੌਲ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਨੇ ਇਕ ਮੁਸਲਿਮ ਅਦਾਕਾਰ ਨਾਲ ਵਿਆਹ ਕਰਵਾਇਆ ਅਤੇ ਹਿੰਦੂ ਹੋਣ ਦੇ ਬਾਵਜੂਦ ਆਪਣਾ ਆਖ਼ਰੀ ਨਾਮ ਖ਼ਾਨ ਰੱਖਿਆ। ਫਿਰਕੂ ਤਾਕਤਾਂ ਦੀ ਮਨਸ਼ਾ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਉਨ੍ਹਾਂ ਵੱਲੋਂ ਤਕਰੀਬਨ ਦੋ ਸਾਲ ਪਹਿਲਾਂ ਹੀ ਫਿਲਮ ਦੇ ਬਾਈਕਾਟ ਦਾ ਸੱਦਾ ਦੇਣਾ ਸ਼ੁਰੂ ਕਰ ਦਿੱਤਾ ਗਿਆ ਸੀ। ਕਰੀਨਾ ਕਪੂਰ ਖ਼ਾਨ ਦੇ ਇਸ ਪੱਖ ਨੇ ਮੈਨੂੰ ਇਸ ਬਾਬਤ ਕਿਤਾਬ ਲਿਖਣ ਲਈ ਪ੍ਰੇਰਿਤ ਕੀਤਾ। ਨਾਜ਼ਨੀਨ ਤੋਂ ਨੈਨਾ ਤੱਕ ਕਿਤਾਬ ਇਸ ਬਾਰੇ ਇਕ ਸਿਆਸੀ ਬਿਆਨ ਹੈ ਕਿ ਕਿਵੇਂ ਭਾਰਤੀ ਸਿਨੇਮਾ ਜ਼ਹਿਰੀਲੇ ਸਿਆਸੀ ਮਾਹੌਲ ਨਾਲ ਗ੍ਰਹਿਣਿਆ ਜਾ ਚੁੱਕਾ ਹੈ।

ਬਾਈਕਾਟ ਦੇ ਸੱਦੇ ਮੈਨੂੰ ਇਸ ਫਿਲਮ ਨੂੰ ਦੇਖਣ ਲਈ ਉਕਸਾਉਣ ਲਈ ਕਾਫ਼ੀ ਸਨ। ਸੋ ਮੈਂ 11 ਅਗਸਤ ਨੂੰ ਸਰੀ ਦੇ ਸਟ੍ਰਾਬੇਰੀ ਹਿੱਲ ਸਿਨੇਪਲੈਕਸ ਵਿਖੇ ਪਹਿਲਾ ਸ਼ੋਅ ਦੇਖਣ ਗਿਆ। ਕੰਮਕਾਜੀ ਦਿਨ ਹੋਣ ਦੇ ਬਾਵਜੂਦ ਦੁਪਹਿਰ ਨੂੰ ਲੱਗਭੱਗ 50 ਲੋਕ ਫਿਲਮ ਦੇਖਣ ਲਈ ਆਏ ਅਤੇ ਫਿਲਮ ਖ਼ਤਮ ਹੁੰਦੇ ਹੀ ਦਰਸ਼ਕਾਂ ਨੇ ਜ਼ੋਰਦਾਰ ਤਾੜੀਆਂ ਮਾਰ ਕੇ ਇਸ ਦੀ ਤਾਰੀਫ਼ ਕੀਤੀ। ਇਹ ਖ਼ਾਨ ਜੋੜੀ ਦੀ ਪ੍ਰਤੱਖ ਜਿੱਤ ਅਤੇ ਭਾਰਤ ਦੇ ਸਮਾਜੀ ਮਾਹੌਲ ਨੂੰ ਖ਼ਰਾਬ ਕਰਨ ਵਾਲੇ ਕੱਟੜਪੰਥੀਆਂ ਦੀ ਹਾਰ ਸੀ। ਫਿਲਮ ਦੇਖਣ ਤੋਂ ਬਾਦ ਮੈਨੂੰ ਹਿੰਦੂ ਸਰਬੋਤਮਤਾਵਾਦੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ 'ਤੇ ਬਹੁਤੀ ਹੈਰਾਨੀ ਨਹੀਂ ਹੋਈ। ਇਹ ਧਰਮ ਨਿਰਪੱਖ ਭਾਰਤ ਲਈ ਉਮੀਦ ਦਾ ਪੈਗ਼ਾਮ ਦਿੰਦੀ ਹੈ ਅਤੇ ਘੱਟ ਗਿਣਤੀਆਂ - ਮੁਸਲਮਾਨਾਂ, ਈਸਾਈਆਂ, ਸਿੱਖਾਂ ਅਤੇ ਕੁਦਰਤੀ ਵਿਕਾਰਾਂ ਨਾਲ ਜੂਝ ਰਹੇ ਲੋਕਾਂ - ਨੂੰ ਦਰਪੇਸ਼ ਅੰਤਰ-ਵਰਗੀ ਫ਼ਿਤਰਤ ਵਾਲੀਆਂ ਚੁਣੌਤੀਆਂ ਨਾਲ ਨਜਿੱਠਦੀ ਹੈ। ਇਹ ਸੱਤਾ ਉੱਪਰ ਕਾਬਜ਼ ਲੋਕਾਂ ਨੂੰ ਕਿਉਂ ਚੰਗੀ ਲੱਗੇਗੀ ਜੋ ਭਾਰਤ ਨੂੰ ਇਕ ਅਸ਼ਹਿਣਸੀਲ ਹਿੰਦੂ ਧਰਮ-ਤੰਤਰੀ ਰਾਜ ਵਜੋਂ ਮੁੜ ਪਰਿਭਾਸ਼ਿਤ ਕਰਨ ਲਈ ਬਜ਼ਿੱਦ ਹਨ, ਜਿਸ ਦੇ ਤਹਿਤ ਧਾਰਮਿਕ ਘੱਟ ਗਿਣਤੀਆਂ ਤੋਂ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਰਹਿਣ ਦੀ ਉਮੀਦ ਕੀਤੀ ਜਾ ਰਹੀ ਹੈ ?

ਇੰਨਾ ਹੀ ਨਹੀਂ, ਇਹ ਫਿਲਮ ਭਾਰਤ ਵਿਚ ਹਾਲ ਹੀ ਵਿਚ ਬਣਾਈਆਂ ਅਤੇ ਸਰਕਾਰ ਦੀ ਸਰਪ੍ਰਸਤੀ ਨਾਲ ਪ੍ਰੋਮੋਟ ਕੀਤੀਆਂ ਗਈਆਂ ਹੋਰ ਜ਼ਹਿਰੀਲੀਆਂ ਅਤੇ ਮੁਸਲਿਮ ਵਿਰੋਧੀ ਫਿਲਮਾਂ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੰਦੀ ਹੈ। ਭਾਜਪਾ ਦੇ ਹਿਮਾਇਤੀਆਂ ਨੂੰ ਤਾਂ ਚੱਪਣੀ 'ਚ ਨੱਕ ਡੋਬ ਕੇ ਮਰ ਜਾਣਾ ਚਾਹੀਦਾ ਹੈ ਕਿਉਂਕਿ ਲਾਲ ਸਿੰਘ ਚੱਢਾ ਫਿਲਮ ਤਾਂ ਇਸਲਾਮੀ ਕੱਟੜਵਾਦ 'ਤੇ ਵੀ ਸਵਾਲ ਉਠਾਉਂਦੀ ਹੈ, ਇਹ ਉਨ੍ਹਾਂ ਇਕਪਾਸੜ ਫਿਲਮਾਂ ਤੋਂ ਉਲਟ ਹੈ ਜਿਨ੍ਹਾਂ ਦਾ ਉਹ ਬੇਸ਼ਰਮੀ ਨਾਲ ਪ੍ਰਚਾਰ ਕਰ ਰਹੇ ਹਨ।

ਮੋਦੀ ਅਤੇ ਉਸਦੇ ਸੰਘੀ ਲਸ਼ਕਰਾਂ ਤੋਂ ਕਿਸੇ ਹਮਾਇਤ ਜਾਂ ਮਾਨਤਾ ਦੀ ਉਮੀਦ ਕਰਨ ਦੀ ਬਜਾਏ, ਸਾਨੂੰ ਸਾਰਿਆਂ ਨੂੰ ਇਸ ਵਧੀਆ ਫਿਲਮ ਦੇ ਨਿਰਮਾਤਾਵਾਂ ਨਾਲ ਆਪਣੀ ਇਕਮੁੱਠਤਾ ਦਰਸਾਉਣ ਲਈ ਸਿਨੇਮਾਘਰਾਂ ਵਿਚ ਹੁੰਮ-ਹੁੰਮਾ ਕੇ ਫਿਲਮ ਦੇਖਣ ਲਈ ਜਾਣਾ ਚਾਹੀਦਾ ਹੈ ਅਤੇ ਇਸਨੂੰ ਲਾਜ਼ਮੀ ਦੇਖਣਾ ਚਾਹੀਦਾ ਹੈ।















# ‘ਸਾਮਰਾਜੀ ਸੰਕਟ ਅਤੇ ਫਾਂਸੀਵਾਦ ਵਿਰੁੱਧ ਸਾਂਝੇ ਮੋਰਚੇ ਦੀ ਲੋੜ’ ਵਿਸ਼ੇ ’ਤੇ ਸਰੀ ਵਿੱਚ ਸਮਾਗਮ





ਸਰੀ (ਪਰਮਿੰਦਰ ਸਵੈਚ) : ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਵੱਲੋਂ ਸਰੀ ਦੇ ਸਥਾਨਕ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਚੇਤਨਾ ਸਮਾਗਮ ਦਾ ਆਯੋਜਨ ਕੀਤਾ ਗਿਆ। ਪੰਜਾਬ ਤੋਂ ਕੈਨੇਡਾ ਫੇਰੀ ਤੇ ਪੰਹੁਚੇ ਇਨਕਲਾਬੀ ਕੇਂਦਰ ਪੰਜਾਬ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਇਸ ਸਮਾਗਮ ਵਿੱਚ ਮੁੱਖ ਵਕਤਾ ਦੇ ਤੌਰ ਤੇ ਸਾਮਲ ਹੋਏ। ਤਰਕਸ਼ੀਲ ਆਗੂ ਪਰਮਿੰਦਰ ਸਵੈਚ ਦੀ ਮੰਚ ਸੰਚਾਲਨਾਂ ਹੇਠ ਸਭ ਤੋਂ ਪਹਿਲਾਂ ਸੰਤਾਲੀ ਦੀ ਦੇਸ ਵੰਡ ’ਚ ਫਿਰਕੂ ਕਤਲੋਗਾਰਦ ਦਾ ਸ਼ਿਕਾਰ ਹੋਏ ਬੇਕਸੂਰ ਦੱਸ ਲੱਖ ਲੋਕਾਂ ਨੂੰ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਸਮੇਂ ਅਪਣੇ ਸੰਬੋਧਨ ’ਚ ਕੰਵਲਜੀਤ ਖੰਨਾ ਨੇ ਬੋਲਦਿਆਂ ਸਾਮਰਾਜ ਦੇ ਤਿੱਖੇ ਹੋ ਰਹੇ ਆਰਥਿਕ ਨਿਘਾਰ ਤੇ ਚਰਚਾ ਕਰਦਿਆਂ ਕਿਹਾ ਕਿ ਸੰਸਾਰ ਭਰ ’ਚ ਵੱਡੇ ਕਾਰਪੋਰੇਟ ਹੁਣ ਅਪਣੇ ਸੰਕਟ ’ਚੋਂ ਨਿਕਲਣ ਲਈ ਫੌਜੀ ਆਰਥਿਕਤਾ ਆਪਣਾ ਰਹੇ ਹਨ। ਪਹਿਲਾਂ ਦਹਾਕਿਆਂ ਬਾਅਦ ਆਉਣ ਵਾਲੀ ਆਰਥਿਕ ਮਹਾਂਮੰਦੀ ਹੁਣ ਇਕ-ਦੋ ਸਾਲਾਂ ਵਿੱਚ ਵਿਸ਼ਵ ਆਰਥਿਕਤਾ ਨੂੰ ਆਪਣੀ ਪਕੜ ਵਿੱਚ ਲੈ ਰਹੀ ਹੈ। ਸੰਸਾਰ ਸਾਮਰਾਜ ਨੇ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ, ਸੰਸਾਰ ਵਪਾਰ ਸੰਸਥਾ ਰਾਹੀਂ ਦੁਨੀਆਂ ਦੇ ਪਛੜੀ ਆਰਥਿਕਤਾ ਵਾਲੇ ਮੁਲਕਾਂ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ। ਤੀਜੀ ਦੁਨੀਆਂ ਦੇ ਗਰੀਬ ਤੇ ਵਿਕਾਸਸ਼ੀਲ ਮੁਲਕ ਇਸ ਜਕੜਪੰਜੇ ’ਚ ਪੂਰੀ ਤਰ੍ਹਾਂ ਛਟਪਟਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਸ਼ਵੀਕਰਨ ਦੀਆਂ ਸਾਮਰਾਜੀ ਆਰਥਿਕ ਤੇ ਸਨਅਤੀ ਨੀਤੀਆਂ ਨੇ ਦੁਨੀਆਂ ਭਰ ਦੇ ਬਹੁਗਿਣਤੀ ਦੇਸ਼ਾਂ ਦੀਆਂ ਆਰਥਿਕਤਾਵਾਂ ਨੂੰ ਸ੍ਰੀਲੰਕਾ ਵਾਂਗ ਉਜਾੜੇ ਦੇ ਰਾਹ ਤੋਰ ਦਿੱਤਾ ਹੈ। ਉਹਨਾਂ ਦੇਸ ਤੇ ਦੁਨੀਆਂ ’ਚ ਅਪਣੀ ਲੁੱਟ ਤੇ ਮੁਨਾਫੇ ਨੂੰ ਬਰਕਰਾਰ ਰੱਖਣ ਲਈ ਫਾਂਸੀਵਾਦ ਹਮਲੇ ਤੇ ਭਾਰਤ ਦੇਸ ’ਚ ਘੱਟਗਿਣਤੀ ਮੁਸਲਮਾਨਾਂ ਖਿਲਾਫ ਝੁਲਾਈ ਜਾ ਰਹੀ ਫਿਰਕੂ ਹਨ੍ਹੇਰੀ ਨੂੰ ਇਕ ਵੱਡੀ ਚੁਣੌਤੀ ਕਰਾਰ ਦਿੱਤਾ।

ਭਾਰਤ ’ਚ ਮੋਦੀ ਹਕੂਮਤ ਵਲੋਂ ਠੋਸੀ ਅਣਐਲਾਨੀ ਐਮਰਜੈਂਸੀ, ਜਮਹੂਰੀ ਹੱਕਾਂ ਤੇ ਵੱਡਾ ਹਮਲਾ, ਬੁੱਧੀਜੀਵੀਆਂ ਨੂੰ ਝੂਠੇ ਕੇਸਾਂ ’ਚ ਜੇਲਾਂ ’ਚ ਡੱਕਣ ਆਦਿ ਮਸਲਿਆਂ ਦੀ ਚਰਚਾ ਕਰਦਿਆਂ ਕਿਸਾਨ ਅੰਦੋਲਨ ਦੀਆਂ ਪ੍ਰਾਪਤੀਆਂ ’ਚ ਪ੍ਰਵਾਸੀ ਭਾਰਤੀਆਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਲੰਮੀ ਵਿਚਾਰ-ਚਰਚਾ ਉਪਰੰਤ ਦਰਸਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ। ਇਸ ਸਮੇਂ ਤਰਕਸ਼ੀਲ ਆਗੂ ਬਾਈ ਅਵਤਾਰ ਗਿੱਲ ਨੇ ਹਾਜਰ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਸਮੇਂ ਸੱਤਰਵਿਆਂ ਦੇ ਦੌਰ ਵਿੱਚ ਇਨਕਲਾਬੀ ਵਿਦਿਆਰਥੀ ਲਹਿਰ ਵਿੱਚ ਸਰਗਰਮ ਲਖਵੀਰ ਲੱਖਾ, ਸੁਰਿੰਦਰ ਚਾਹਲ, ਨਿਰਮਲ ਕਿੰਗਰਾ, ਸੁਖਵੰਤ ਹੁੰਦਲ, ਜਗਰੂਪ ਲੋਪੋ, ਮਲਕੀਤ ਸੁਧਾਰ ਆਦਿ ਸਖਸੀਅਤਾਂ ਵੀ ਹਾਜ਼ਰ ਸਨ।


## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955


ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598









# ਹਰ ਮੇਲੇ ਤੇ ਪੈਣਗੇ ਭੁਲੇਖੇ; ਦਰਦੀ ਦੀ ਲਾਲ ਪੱਗ ਦੇ

-ਅਮੋਲਕ ਸਿੰਘ

ਪ੍ਰੀਤਮ ਸਿੰਘ ਦਰਦੀ ਲੋਕ -ਪੱਖੀ ਸਾਹਿਤ, ਲੋਕ-ਪੱਖੀ ਅਤੇ ਲੋਕ-ਮੁਕਤੀ ਲਹਿਰ ਦੇ ਕਾਫਲੇ 'ਚੋਂ ਜਿਸਮਾਨੀ ਤੌਰ ਤੇ ਸਦਾ ਲਈ ਭਾਵੇਂ ਵਿਛੜ ਗਏ ਪਰ ਸਾਡੇ ਮੇਲਿਆਂ, ਸਰਗਰਮੀਆਂ, ਲੋਕ ਮੁਕਤੀ ਸੰਗਰਾਮ ਦੇ ਪਿੜਾਂ ਵਿੱਚ ਸਦਾ ਅਮਰ ਰਹਿਣਗੇ।

10 ਅਗਸਤ ਨੂੰ ਉਹਨਾਂ ਦੀ ਮ੍ਰਿਤਕ ਦੇਹ ਆਦੇਸ ਹਸਪਤਾਲ ਬਠਿੰਡਾ ਮੈਡੀਕਲ ਖੋਜਾਂ ਲਈ ਭੇਂਟ ਕਰਨ ਦੇ ਕੀਤੇ ਯਤਨ ਪਰਿਵਾਰ ਦੇ ਸਮੂਹ ਮੈਂਬਰਾਂ ਦੀ ਰਜਾ ਬਣਾਉਣ ਦੇ ਕਾਰਜ ਨੂੰ ਧਿਆਨ ਵਿੱਚ ਰੱਖਦੇ ਹੋਏ ਨੇਪਰੇ ਨਹੀਂ ਸੀ ਚੜ੍ਹ ਸਕੇ। ਸੋਚ ਵਿਚਾਰ ਕੇ ਲਏ ਫੈਸਲੇ ਮੁਤਾਬਕ ਸਾਥੀ ਪ੍ਰੀਤਮ ਸਿੰਘ ਦਰਦੀ ਦਾ ਦਾਹ ਸੰਸਕਾਰ 10 ਅਗਸਤ 2 ਵਜੇ ਗੁਰਦੁਆਰਾ ਛੇਵੀਂ ਪਾਤਿਸਾਹੀ ਲਾਗੇ ਸਮਸਾਨ ਘਾਟ ਮਹਿਲ ਕਲਾਂ ਵਿਖੇ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਅਚਨਚੇਤ ਆਏ ਹਾਰਟ ਅਟੈਕ ਕਾਰਨ ਆਪਣੇ ਘਰ ਮਹਿਲ ਕਲਾਂ ਹੀ ਅੰਤਿਮ ਸਾਹ ਲੈਣ ਉਪਰੰਤ ਪ੍ਰੀਤਮ ਸਿੰਘ ਦਰਦੀ 9 ਅਗਸਤ 2022 ਨੂੰ ਸਦੀਵੀ ਵਿਛੋੜਾ ਦੇ ਗਏ।

ਕਾਮਰੇਡ ਪ੍ਰੀਤਮ ਸਿੰਘ ਦਰਦੀ ਨੂੰ ਇਨਕਲਾਬੀ ਚੇਤਨਾ ਦਾ ਜਾਗ ਗਦਰੀ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਤੋਂ ਲੱਗਾ ਸੀ। ਇਸਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਹਨਾਂ ਦੇ ਪਿਤਾ ਸ੍ਰੀ ਮੱਲ ਸਿੰਘ ਪਹਿਲਾਂ ਹੀ ਗਦਰੀ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਤੋਂ ਬੇਹੱਦ ਪ੍ਰਭਾਵਿਤ ਸਨ।

ਆਪਣੇ ਬਾਪ ਦੀ ਉਂਗਲ ਫੜ ਕੇ ਪ੍ਰੀਤਮ ਸਿੰਘ ਦਰਦੀ ਨੇ ਮਾਰਕਸਵਾਦੀ ਸਕੂਲ 'ਚ ਵਿਦਿਆਰਥੀ ਵਜੋਂ ਦਾਖਲਾ ਲਿਆ। ਮਾਂ ਜਗੀਰ ਕੌਰ ਅਤੇ ਪਿਤਾ ਮੱਲ ਸਿੰਘ ਦੇ ਘਰ ਪੈਦਾ ਹੋਏ ਪ੍ਰੀਤਮ ਸਿੰਘ ਦਰਦੀ ਨੂੰ ਆਪਣੀ ਮਾਂ ਦਾ ਚਿਹਰਾ ਵੀ ਯਾਦ ਨਹੀਂ ਸੀ। ਦਰਦੀ ਦੀ ਐਨੀ ਨਿਆਣੀ ਉਮਰੇ ਮਾਂ ਅੱਖਾਂ ਮੀਟ ਗਈ। ਬਾਪ ਨੇ ਦੂਸਰਾ ਵਿਆਹ ਕਰਵਾ ਲਿਆ ਪਰ ਦਰਦੀ ਦਾ ਸਥਾਨ ਪਰਿਵਾਰ ਦੀ ਨਜਰ ਵਿਚ ਸਦਾ ਹੀ ਮਾਣਮੱਤਾ ਰਿਹਾ। ਨਿੱਕੇ ਹੁੰਦੇ ਦੀ ਵਿਛੋੜਾ ਦੇ ਗਈ ਮਾਂ ਦਾ ਦਰਦ ਹੰਢਾਉਂਦੇ ਹੋਏ ਉਹ ਆਪਣੀ ਸੋਚ ਅਤੇ ਕੰਮਾਂ ਕਾਰਨ ਅਨੇਕਾਂ ਮਾਵਾਂ ਦਾ ਪੁੱਤ ਬਣ ਗਿਆ। ਗਦਰੀ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਦਾ ਘਰ, ਪਰਿਵਾਰ ਸਦਾ ਹੀ ਆਪਣੇ ਘਰ ਦੇ ਮੈਂਬਰ ਵਾਂਗ ਹੀ ਰੱਖਦਾ ਰਿਹਾ। ਦਰਦੀ ਦੇ ਭਤੀਜੇ ਸਦਾ ਹੀ ਦਰਦੀ ਲਈ ਪੁੱਤਾਂ ਤੋਂ ਵੱਧ ਬਣ ਕੇ ਨਿਭਦੇ ਆਏ। 1975 ਦੀ ਗੱਲ ਹੈ ਜਦੋਂ ਪ੍ਰੀਤਮ ਦਰਦੀ ਦੀ ਦਾਣੇ ਕੱਢਣ ਵਾਲੀ ਡਰੰਮੀ ਵਿਚ ਆਉਣ ਕਾਰਨ ਬਾਂਹ ਕੱਟੀ ਗਈ। ਉਹ ਇੱਕ ਬਾਂਹ ਨਾਲ ਦੋ ਬਾਹਾਂ ਵਾਲੇ ਬਹੁਤੇ ਲੋਕਾਂ ਨਾਲੋਂ ਵੱਧ ਕੰਮ ਕਰਦੇ ਰਹੇ।




ਗਦਰੀ ਬਾਬਿਆਂ ਦੇ ਮੇਲੇ 2017 ਦਾ ਇੱਕ ਘੰਟਾ ਲੰਮਾ ਝੰਡੇ ਦਾ ਗੀਤ ਇਕ ਬਾਂਹ ਨਾਲ ਹੀ ਮੋਬਾਈਲ ਫੜਕੇ ਲਾਈਵ ਕੀਤਾ ਜਿਸਨੂੰ ਨਾਲ ਦੀ ਨਾਲ ਦੇਸ ਬਦੇਸ ਵਿਚ 19000 ਤੋਂ ਵੱਧ ਲੋਕਾਂ ਦੇਖਿਆ। ਪੰਜਾਬ ਦਾ ਉਹ ਕਿਹੜਾ ਮੇਲਾ ਹੈ ਜਿੱਥੇ ਉਹ ਕਿੰਨੇ ਹੀ ਬੈਗ ਕਿਤਾਬਾਂ ਦੇ ਭਰ ਕੇ ਬੱਸਾਂ ਤੇ ਹੀ ਨਹੀਂ ਲੈ ਕੇ ਗਿਆ। ਉਹਨੇ ਦੁਨੀਆਂ ਭਰ ਵਿੱਚ ਸਤਿਕਾਰੇ ਜਾਂਦੇ ਬਹੁ ਵੰਨਗੀ ਸਾਹਿਤ ਦੀਆਂ ਕਿਤਾਬਾਂ ਪਾਠਕਾਂ ਤੱਕ ਪੁੱਜਦੀਆਂ ਕੀਤੀਆਂ। ਇਤਿਹਾਸ, ਦਰਸਨ, ਰਾਜਨੀਤੀ, ਅਰਥ ਸਾਸਤਰ, ਸਮਾਜਿਕ ਵਿਗਿਆਨ, ਸਾਹਿਤ, ਕਲਾ ਸੱਭਿਆਚਾਰ ਅਤੇ ਤਰਕਸੀਲ ਵਿਸ਼ਿਆਂ ਤੇ ਦਰਦੀ ਨੇ ਢੇਰਾਂ ਕਿਤਾਬਾਂ ਪਾਠਕਾਂ ਤੱਕ ਪੁੱਜਦੀਆਂ ਕੀਤੀਆਂ। ਉਹ ਕਮਾਈ ਕਰਨ ਦੇ ਨੁਕਤੇ ਤੋਂ ਨਹੀਂ ਸਗੋਂ ਲੋਕਾਂ ਤੱਕ ਸਿਹਤਮੰਦ ਸਾਹਿਤ ਪੁੱਜਦਾ ਕਰਨ ਦੇ ਨਜਰੀਏ ਤੋਂ ਸਾਹਿਤ ਦਾ ਵਣਜਾਰਾ ਬਣ ਕੇ ਹਰ ਮੇਲੇ, ਧਰਨੇ, ਮੁਜਾਹਰੇ ਆਦਿ ਵਿੱਚ ਆਪਣੀ ਭੂਮਿਕਾ ਵੀ ਅਦਾ ਕਰਦਾ। ਸਾਹਿਤ ਦੀ ਦਵਾ ਵੀ ਲੋਕਾਂ ਦੀ ਤੰਦਰੁਸਤੀ ਅਤੇ ਖੁਸਹਾਲੀ ਲਈ ਲੈ ਕੇ ਜਾਂਦਾ। ਉਹਨਾਂ ਨੇ 'ਬਾਗੀ ਪੌਣਾਂ' ਸਮੇਤ ਕਈ ਕਿਤਾਬਾਂ ਛਪਵਾ ਕੇ ਵੀ ਲਾਗਤ ਕੀਮਤ ਵਰਗੀਆਂ ਦਰਾਂ ਤੇ ਪਾਠਕਾਂ ਦੀ ਝੋਲੀ ਪਾਈਆਂ।

ਉਹ ਨਵਾਂ ਜਮਾਨਾ ਦੇ ਮਹਿਲ ਕਲਾਂ ਤੋਂ ਸੀਨੀਅਰ ਅਤੇ ਮਾਣਮੱਤੇ ਪੱਤਰਕਾਰ ਚਲੇ ਆ ਰਹੇ ਸਨ। ਉਹ ਕਿਰਨਜੀਤ ਕਤਲ ਕਾਂਡ ਐਕਸਨ ਕਮੇਟੀ ਦੇ ਬਾਨੀ ਮੈਂਬਰ ਸਨ। ਉਹਨਾਂ ਨੇ ਕਿਰਨਜੀਤ ਕਤਲ ਕਾਂਡ ਵਿਰੋਧੀ ਸੰਘਰਸ ਵਿੱਚ ਲਾਮਿਸਾਲ ਅਤੇ ਮੋਹਰੀ ਭੂਮਿਕਾ ਨਿਭਾਈ।

ਪੰਡੋਰੀ ਪਿੰਡ ਦੇ ਮਜਦੂਰ ਅਤੇ ਇੱਕ ਔਰਤ ਉਪਰ ਹਮਲਿਆਂ ਸਮੇਂ ਵੀ ਪ੍ਰੀਤਮ ਸਿੰਘ ਦਰਦੀ ਨੇ ਸੰਘਰਸ ਦਾ ਝੰਡਾ ਬੁਲੰਦ ਕੀਤਾ।

ਖਾਲਿਸਤਾਨੀ ਅਤੇ ਹਕੂਮਤੀ ਦਹਿਸ਼ਤਗਰਦੀ ਦੇ ਕਾਲੇ ਦੌਰ ਅੰਦਰ ਬੇਖੌਫ ਹੋ ਕੇ ਟਾਕਰਾ ਕਰਨ ਲਈ ਲੋਕਾਂ ਨੂੰ ਉੱਠ ਖੜ੍ਹੇ ਹੋਣ ਦਾ ਹੋਕਾ ਦੇਣ ਵਾਲੇ ਪ੍ਰੀਤਮ ਸਿੰਘ ਦਰਦੀ ਦੀ ਭੂਮਿਕਾ 'ਤੇ ਲੋਕੀ ਨਾਜ ਕਰਦੇ ਹਨ ਪੰਜਾਬ ਅੰਦਰ ਵਰ੍ਹਦੀ ਅੱਗ ਦੇ ਸਮਿਆਂ ਵਿੱਚ ਗੁਰਸਰਨ ਭਾਅ ਜੀ ਦੇ ਨਾਟਕ ਪਿੰਡ ਪਿੰਡ ਲਿਜਾਕੇ ਲੋਕਾਂ ਨੂੰ ਚੇਤਨ ਕਰਨ ਵਾਲਾ ਮਸਾਲਚੀ ਸੀ, ਪ੍ਰੀਤਮ ਸਿੰਘ ਦਰਦੀ। ਉਹ ਆਖਰੀ ਸਾਹ ਤੱਕ ਸੀ. ਪੀ.ਆਈ. ਦੇ ਵਫਾਦਾਰ ਸਿਪਾਹੀ ਰਹੇ ਪਰ ਉਹਨਾਂ ਹਮੇਸਾ ਹੀ ਵਡੇਰੇ ਕਾਜ ਲਈ ਗਰੁੱਪ ਹੱਦਬੰਦੀਆਂ ਤੋਂ ਉੱਪਰ ਉੱਠ ਕੇ ਸੋਚਿਆ ਅਤੇ ਅਮਲ ਕੀਤਾ।

ਉਹਨਾਂ ਦਾ ਇੱਕ ਭਰਾ ਅਵਤਾਰ ਸਿੰਘ ਅਣਖੀ ਮਹਿਲ ਕਲਾਂ ਤੋਂ ਅਜੀਤ ਦਾ ਪੱਤਰਕਾਰ ਹੈ ਅਤੇ ਦੂਜਾ ਭਰਾ ਪਰਮਜੀਤ ਸਿੰਘ ਗਾਂਧੀ ਵੀ ਪ੍ਰੀਤਮ ਸਿੰਘ ਦਰਦੀ ਨਾਲ ਲੈਨਿਨ ਕਿਤਾਬ ਘਰ ਵਿੱਚ ਅਤੇ ਲੋਕਾਂ ਚ ਸਾਹਿਤ ਲੈ ਕੇ ਜਾਣ ਵਿੱਚ ਸੇਵਾਵਾਂ ਅਦਾ ਕਰਦਾ ਆ ਰਿਹਾ ਹੈ। ਭੈਣ ਮਲਕੀਅਤ ਕੌਰ ਹੈ। ਸਮੁੱਚਾ ਪਰਿਵਾਰ ਅਗਾਂਹ ਵਧੂ ਸੋਚ ਦਾ ਧਾਰਨੀ ਹੈ।

ਦੇਸ ਭਗਤ ਯਾਦਗਾਰ ਹਾਲ 'ਚ ਬੀਤੇ 31 ਸਾਲ ਤੋਂ ਲੱਗਦੇ ਆ ਰਹੇ ਗਦਰੀ ਬਾਬਿਆਂ ਦੇ ਮੇਲੇ ਵਿੱਚ ਉਸਾਰੂ, ਇਨਕਲਾਬੀ ਸਾਹਿਤ ਦਾ ਚਾਨਣ ਵੰਡਣ ਦਾ ਮਿਸਾਲੀ ਕੰਮ ਕਰਨ੍ਹ ਦੇ ਨਾਲ ਨਾਲ ਦੇਸ ਭਗਤ ਯਾਦਗਾਰ ਕਮੇਟੀ ਦੇ ਪਰਿਵਾਰਕ ਮੈਂਬਰ ਤੌਰ ਤੇ ਵਿਚਰਨਾ ਸਦਾ ਹੀ ਸਤਿਕਾਰ ਦੇ ਪਾਤਰ ਸਾਥੀ ਦਾ ਯੋਗਦਾਨ ਦੇਸ ਭਗਤ ਯਾਦਗਾਰ ਕਮੇਟੀ ਲਈ ਅਭੁੱਲ ਰਹੇਗਾ।

ਦੇਸ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਕਿਰਨਜੀਤ ਕਤਲ ਕਾਂਡ ਵਿਰੋਧੀ ਐਕਸਨ ਕਮੇਟੀ ਮਹਿਲ ਕਲਾਂ ਦੇ ਬਾਨੀਆਂ ਚ ਸੁਮਾਰ ਅਤੇ ਦਰਦੀ ਨਾਲ ਭਰਾਵਾਂ ਵਾਂਗ ਵਿਚਰਨ ਵਾਲੇ ਸੁਰਿੰਦਰ ਸਿੰਘ ਜਲਾਲਦੀਵਾਲ ਨੇ ਦੱਸਿਆ ਕਿ ਉਹ ਕਿਤਾਬਾਂ ਦਾ ਹਰਕਾਰਾ ਹੀ ਨਹੀਂ ਸਗੋਂ ਲੋਕ ਲਹਿਰਾਂ ਦਾ ਅਣਥੱਕ ਅਤੇ ਸਿਦਕਵਾਨ ਕਾਮਾਂ ਸੀ। ਉਹਨੇ ਜਦੋਂ ਨਿੱਕੀ ਉਮਰੇ ਸਾਈਕਲ ਸਿਖਿਆ ਹੀ ਸੀ ਉਸ ਵੇਲੇ ਤੋਂ ਹੀ ਲਾਲ ਝੰਡਾ ਸਾਇਕਲ ਤੇ ਬੰਨ੍ਹਕੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰਦਾ ਗਲੀਆਂ ਵਿਚ ਹੋਰ ਹਮਜੋਲੀਆਂ ਦੀਆਂ ਵੀ ਟੋਲੀਆਂ ਬਣਾ ਲਿਆ ਕਰਦਾ ਸੀ।

ਉਹੀ ਲਾਲ ਝੰਡਾ,ਓਹੀ ਲਾਲ ਪੱਗ ਆਖਰੀ ਦਮ ਤੱਕ ਉਸਦੇ ਸੰਗੀ ਸਾਥੀ ਰਹੇ।

ਲਾਲ ਝੰਡੇ ਵਿਚ ਹੀ ਲੋਕਾਂ ਦੇ ਪ੍ਰੀਤਮ ਪਿਆਰੇ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ।

ਪੰਜਾਬ ਦੇ ਹਰ ਮੇਲੇ ਅਤੇ ਧਰਨੇ , ਮੁਜਾਹਰੇ ਵਿੱਚ ਸਦਾ ਹੀ ਉਸਦੀ ਲਾਲ ਪੱਗ ਦੇ ਭੁਲੇਖੇ ਪੈਂਦੇ ਰਹਿਣਗੇ। ਉਸਦੀ ਕਮਾਈ ਦੀ ਚਰਚਾ ਰਹੇਗੀ।

ਇੱਕ ਚੀਸ, ਪ੍ਰੀਤਮ ਦੇ ਭਤੀਜੇ ਗੁਰਪ੍ਰੀਤ ਸਿੰਘ ਅਣਖੀ ਗੋਪੀ ਅਤੇ ਆਸਟਰੇਲੀਆ ਵਸਦੇ ਭਤੀਜੇ ਜਗਦੀਪ ਸਿੰਘ ਅਣਖੀ ਦੇ ਸੀਨੇ ਪੈਂਦੀ ਰਹੇਗੀ ਕਿ ਆਰਾਮ ਨਾਂਅ ਦੀ ਚੀਜ ਉਹਦੀ ਡਾਇਰੀ ਵਿੱਚ ਨਹੀਂ ਸੀ। ਉਹਨਾਂ ਨੂੰ ਦੁੱਖ ਹੈ ਕਿ ਸਾਰੀ ਉਮਰ ਲੋਕਾਂ ਲਈ ਕੰਮ ਕਰਨ ਵਾਲੇ ਨੂੰ ਅਸੀਂ ਬਾਰ ਬਾਰ ਕਹਿੰਦੇ ਸੀ ਕਿ ਜਰਾ ਸਿਹਤ ਦਿ ਧਿਆਨ ਰੱਖਿਆ ਕਰੋ। ਉਹਨਾਂ ਨੂੰ ਵਿਛੋੜੇ ਦਾ ਦਰਦ ਖਾ ਰਿਹਾ ਕਿ ਸਾਇਦ ਜੇ ਗੱਲ ਮੰਨ ਲੈਂਦੇ ਤਾਂ ਹੋਰ ਸਮਾਂ ਸਾਡੇ ਮਾਰਗ ਦਰਸਕ ਬਣੇ ਰਹਿੰਦੇ। ਉਹ ਸੰਭਲ ਕੇ ਕਹਿੰਦੇ ਨੇ ਕਿ ਉਹਨਾਂ ਦਾ ਪਰਚਮ ਬੁਲੰਦ ਰੱਖਣ ਦੀ ਪੂਰੀ ਕੋਸ਼ਿਸ ਹੋਏਗੀ।

ਪ੍ਰੀਤਮ ਆਪਣੇ ਪਿਆਰੇ ਲੋਕਾਂ ਲਈ ਜੋ ਪੈੜਾਂ ਪਿੱਛੇ ਛੱਡ ਗਿਆ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਪੈੜਾਂ ਤੋਂ ਅਗਲੇ ਸਫਰ ਅਤੇ ਮੰਜ਼ਿਲ ਲਈ ਸਦਾ ਸਫਰ ਤੇ ਰਹਿਣਗੀਆਂ।

ਸੰਪਰਕ: 98778 68710




Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2





Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919



GALAXY Freightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਰੂਸ-ਯੂਕ੍ਰੇਨ-ਵਿਵਾਦ ਦੀ ਜੜ੍ਹ

ਪ੍ਰੋਫੈਸਰ ਦਵਿੰਦਰ ਸਿੰਘ

1: ਜਦੋਂ 1991 ਵਿੱਚ ਸੋਵੀਅਤ-ਯੂਨੀਅਨ-ਟੁੱਟੀ ਤਾਂ ਰੂਸ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਯੂਨੀਅਨ ਚੋਂ ਟੁੱਟੇ 15 ਦੇਸ਼ਾਂ ਨੂੰ ਨਾਟੋ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ। ਪਰ ਪਿਛਲੇ ਸਾਲਾਂ ਦੌਰਾਨ ਅਮਰੀਕਾ ਨੇ ਉਹ ਵਾਅਦਾ ਤੋੜ ਕੇ ਇਹਨਾ ਚੋਂ ਕਈ ਦੇਸ਼ ਨਾਟੋ ਵਿੱਚ ਸ਼ਾਮਿਲ ਕਰ ਲਏ।

2: ਹੁਣ ਫੇਰ ਅਮਰੀਕਾ ਵਾਅਦਾ ਖਿਲਾਫੀ ਕਰਕੇ ਯੂਕ੍ਰੇਨ ਨੂੰ ਵੀ ਨਾਟੋ ਵਿੱਚ ਸ਼ਾਮਿਲ ਕਰ ਰਿਹਾ ਹੈ। ਪਰ ਇਸ ਵਾਰ ਅਲੱਗ ਸਥਿਤੀ ਹੈ ਕਿਉਂਕਿ ਇੱਕ ਤਾਂ ਯੂਕ੍ਰੇਨ ਦੀ 2295 ਕਿਲੋਮੀਟਰ ਸਰਹੱਦ ਰੂਸ ਨਾਲ ਲਗਦੀ ਹੈ ਤੇ ਦੂਜਾ ਰੂਸ ਹੁਣ 1991 ਤੋਂ ਬਾਅਦ ਦੇ ਸਾਲਾਂ ਵਾਂਗੂੰ ਕਮਜੋਰ ਨਹੀਂ। ਤੇ ਇਹ ਵੀ ਕਿ ਯੂਕ੍ਰੇਨ ਯੂਰਪ ਤੇ ਰੂਸ ਵਿੱਚ ਇੱਕ ਬਫਰ ਸਟੇਟ ਹੈ।

3: ਤੀਜਾ ਕਾਰਨ ਗੈਸ ਪਾਈਪ ਲਾਈਨ ਹੈ। ਇਹ ਪਾਈਪ ਲਾਈਨ ਪਹਿਲਾਂ ਯੂਕ੍ਰੇਨ ਵਿੱਚ ਦੀ ਲੰਘਦੀ ਸੀ ਤੇ ਯੂਰਪੀ ਦੇਸ਼ਾਂ ਨੂੰ ਜਾਂਦੀ ਸੀ। ਤੇ ਯੂਕ੍ਰੇਨ ਇਸ ਦੇ ਕਰੋੜਾਂ ਡਾਲਰ ਰੂਸ ਤੋਂ ਲੈਂਦਾ ਸੀ। ਪਰ ਲਾਲਚ ਵੱਸ ਯੂਕ੍ਰੇਨ ਨੇ ਥੋੜੇ ਸਾਲਾਂ ਵਿਚ ਹੀ ਇਸਦੀ ਕੀਮਤ ਵੀਹ ਗੁਣਾ ਵਧਾ ਦਿੱਤੀ ਜਿਸ ਕਾਰਨ ਰੂਸ ਨੂੰ ਉਹ ਲਾਭ ਨਾ ਰਿਹਾ।

4: ਯੂਕ੍ਰੇਨ ਤੋਂ ਪਿੱਛਾ ਛੁਡਾਉਣ ਲਈ ਰੂਸ ਨੇ 5 ਸਾਲਾਂ ਦੀ ਮਿਹਨਤ ਤੇ 11 ਅਰਬ ਡਾਲਰ ਖਰਚ ਕੇ ਯੂਕ੍ਰੇਨ ਨੂੰ ਬਾਈਪਾਸ ਕਰਕੇ ਸਮੁੰਦਰ ਵਿਚ ਦੀ ਪਾਈਪ ਲਾਈਨ ਜਰਮਨੀ ਤੱਕ ਬਣਾ ਦਿੱਤੀ। ਇਸਤੇ ਯੂਕ੍ਰੇਨ ਨਰਾਜ ਹੋ ਗਿਆ।

5: ਹੁਣ ਯੂਕ੍ਰੇਨ ਰੂਸ ਨੂੰ ਇਸੇ ਸਮੁੰਦਰੀ ਪਾਈਪ ਲਾਈਨ ਕਾਰਨ ਬਲੈਕਮੇਲ ਕਰ ਰਿਹਾ ਹੈ ਤੇ ਅਮਰੀਕਾ ਦੇ ਭੂਏ ਚੜ੍ਹ ਕੇ ਰੂਸ ਨੂੰ ਵੰਗਾਰ ਰਿਹਾ ਹੈ। ਅਮਰੀਕਾ ਵੀ ਨਹੀਂ ਚਾਹੁੰਦਾ ਕਿ ਇਹ ਪਾਈਪ ਲਾਈਨ ਰਾਹੀਂ ਰੂਸ ਵਪਾਰ ਕਰੇ ਤੇ ਉਹ ਜੰਗ ਦੀ ਸਥਿਤੀ ਵਿੱਚ ਬਾਰ ਬਾਰ ਇਸ ਪਾਈਪ ਲਾਈਨ ਨੂੰ ਬੰਦ ਕਰਨ ਦੀ ਗੱਲ ਕਰ ਰਿਹਾ ਹੈ।

6: ਅਮਰੀਕਾ ਇਹ ਚਾਹੁਦਾ ਹੈ ਕਿ ਇੱਕ ਤਾਂ ਇਹ ਪਾਈਪ ਲਾਈਨ ਬੰਦ ਕਰਕੇ ਰੂਸ ਦੇ 11 ਅਰਬ ਡਾਲਰਾਂ ਤੇ ਪੰਜ ਸਾਲ ਦੀ ਮਿਹਨਤ ਬਰਬਾਦ ਕਰ ਦਿੱਤੀ ਜਾਵੇ ਤੇ ਨਾਲੇ ਆਪ ਯੂਰਪੀ ਦੇਸ਼ਾਂ ਨੂੰ ਗੈਸ ਵੇਚ ਕੇ ਮੁਨਾਫਾ ਕਮਾਵੇ ਤੇ ਰੂਸ ਦਾ ਵਪਾਰ ਬਰਬਾਦ ਕਰੇ। ਇਸ ਸਭ ਵਿੱਚ ਰੂਸ ਵਾਸਤੇ ਕਰੋ ਜਾਂ ਮਰੋ ਦੀ ਸਥਿਤੀ ਹੈ। ਅਮਰੀਕਾ ਇਹ ਸਮਝਣ ਵਾਸਤੇ ਤਿਆਰ ਨਹੀਂ ਕਿ ਰੂਸ ਹੁਣ ਉਹ ਕਮਜੋਰ ਰੂਸ ਨਹੀਂ 1991 ਖਰੁਸ਼ਚੇਵ ਵਾਲਾ।ਇਹ ਪੁਤਿਨ ਦਾ ਰੂਸ ਹੈ ਜਿਸਨਾ ਕਾਬਲੀਅਤ ਦੇ ਦਮ ਤੇ ਰੂਸ ਨੂੰ ਮੁੜ ਤੋਂ ਪੈਰਾਂ ਸਿਰ ਕੀਤਾ। ਤੇ ਦੂਜਾ ਰੂਸ ਦੁਨੀਆ ਦੀ ਸਭਤੋਂ ਵੱਡੀ ਅਐਟਮੀ ਪਾਵਰ ਹੈ। ਰੂਸ ਕੋਲ ਸੂਤਰਾਂ ਅਨੁਸਾਰ 6370 ਐਟਮੀ ਹਥਿਆਰ ਹਨ। ਜੋ ਅਮਰੀਕਾ 5550, ਫਰਾਂਸ 300, ਇੰਗਲੈਂਡ 280 ਤੇ ਇਜਰਾਈਲ ਲਗਭਗ 100 ਦੇ ਸਾਰਿਆਂ ਦੇ ਕੁੱਲ ਜੋੜ ਤੋਂ ਵੀ ਵੱਧ ਹਨ।



ਪਰ ਇਸ ਸਭ ਵਿੱਚ ਪੁਤਿਨ ਦੀ ਇਹ ਟਿੱਪਣੀ ਸਭ ਤੋਂ ਵਧੀਆ ਹੈ ਕਿ ਜੇ ਜੰਗ ਹੋਈ ਤਾਂ ਅਮਰੀਕਾ ਤੇ ਨਾਟੋ ਦੇ 30 ਦੇਸ਼ ਇਹ ਗਲਤ ਫਹਿਮੀ ਨਾ ਰੱਖਣ ਕਿ ਉਹ ਜਿੱਤ ਜਾਣਗੇ। ਜਿੱਤ ਕਿਸੇ ਦੀ ਨਹੀਂ ਹੋਵੇਗੀ ਸਿਰਫ ਬਰਬਾਦੀ ਹੋਵੇਗੀ। ਤੇ ਇੱਕ ਇਹ ਵੀ ਕਿ ਦੁਨੁਆ ਦਾ ਸਭ ਤੋਂ ਵੱਡਾ ਨਿਊਕਲੀਅਰ ਬੰਬ ਵੀ ਰੂਸ ਕੋਲ ਹੈ ਜਿਸ ਨੂੰ 'ਫਾਦਰ ਆੱਫ ਆੱਲ ਬੌਂਬਜ' ਕਿਹਾ ਜਾਂਦਾ ਹੈ।

















# ਬਿਲਕੀਸ ਬਾਨੋ: ਅਣਮਨੁੱਖੀ ਤ੍ਰਾਸਦਿਕ ਜ਼ੁਲਮਾਂ ਦੀ ਇਕ ਦਾਸਤਾਂ

2002 ਦਾ ਸਾਲ ਸਿਰਫ ਗੁਜਰਾਤ ਹੀ ਨਹੀਂ, ਸਮੁੱਚੇ ਭਾਰਤੀ ਉਪ ਮਹਾਂਦੀਪ ਦੇ ਇਤਿਹਾਸ ਚ ਮੁਸਲਿਮ ਘੱਟ ਗਿਣਤੀਆਂ ਦੇ ਨਰਸੰਹਾਰ ਦੇ ਸਾਲ ਵਜੋਂ ਲੰਬੇ ਸਮੇਂ ਤੱਕ ਜਾਣਿਆ ਜਾਂਦਾ ਰਹੇਗਾ। ਮੁਸਲਮਾਨਾਂ ਦੇ ਇਸ ਕਤਲੇਆਮ ਦੀ ਗੂੰਜ ਪੂਰੇ ਸੰਸਾਰ 'ਚ ਪਈ। ਇਸ ਚਰਚਾ ਦੇ ਦੌਰਾਨ ਹੀ ਇੱਕ ਨਾਮ ਬਿਲਕਸ ਬਾਨੋ ਦਾ ਵੀ ਉੱਭਰ ਕੇ ਆਇਆ।ਆਰ.ਐੱਸ.ਐੱਸ ਵੱਲੋਂ ਸ਼ੁਰੂ ਕੀਤੇ ਹਿੰਦੂ ਰਾਸਟਰ ਦੇ ਨਿਸਾਨੇ ਨੂੰ ਪ੍ਰਾਪਤ ਕਰਨ ਲਈ ਉਸਦੇ ਸਿਆਸੀ ਭਾਜਪਾ ਵਿੰਗ ਵੱਲੋਂ ਗੁਜਰਾਤ ਨੂੰ ਇਸ ਦੀ ਪ੍ਰਯੋਗਸਾਲਾ ਬਣਾਇਆ ਗਿਆ। 27 ਫਰਵਰੀ 2002 ਨੂੰ ਸਾਬਰਮਤੀ ਐਕਸਪ੍ਰੈੱਸ ਦਾ ਇਕ ਡੱਬਾ ਸੜ ਕੇ ਸਵਾਹ ਹੋ ਗਿਆ।

ਜਿਸ 'ਚ 89 ਜਣੇ ਮਾਰੇ ਗਏ। ਨਾਨਾਵਤੀ ਕਮਿਸਨ ਦੀ ਰਿਪੋਰਟ ਇਹ ਤੱਥਾਂ ਸਹਿਤ ਸਾਬਤ ਕਰਦੀ ਹੈ ਕਿ ਅਜਿਹਾ ਇਕ ਸਾਜ਼ਿਸ਼ ਤਹਿਤ ਵਾਪਰਿਆ। ਜਿਸ ਨੂੰ ਆਧਾਰ ਬਣਾ ਕੇ ਮੁਸਲਮਾਨਾਂ ਦਾ ਕਤਲੇਆਮ ਜਨੂੰਨੀ ਫਿਰਕੂ ਗਰੋਹਾਂ ਵੱਲੋਂ ਸੁਰੂ ਕਰ ਦਿੱਤਾ ਗਿਆ। ਇਸ ਦੀ ਤਿਆਰੀ ਬਹੁਤ ਪਹਿਲਾਂ ਤੋਂ ਹੀ ਕੀਤੀ ਜਾ ਰਹੀ ਸੀ।

ਗੁਜਰਾਤ ਅੰਦਰ ਸਰਕਾਰੀ ਅੰਕੜਿਆਂ ਮੁਤਾਬਕ 1300 (ਜਦੋਂ ਕਿ ਹਕੀਕੀ ਗਿਣਤੀ ਇਸ ਤੋਂ ਕਿਤੇ ਵੱਧ ਹੈ) ਨੂੰ ਮਾਰਿਆ ਗਿਆ ਅਤੇ ਹਜਾਰਾਂ-ਹਜਾਰ ਦੀ ਗਿਣਤੀ ਚ ਮੁਸਲਮਾਨ ਜਖਮੀ ਹੋਏ। ਦਹਿ ਹਜਾਰਾਂ ਦੀ ਗਿਣਤੀ 'ਚ ਉਨ੍ਹਾਂ ਦੇ ਘਰਾਂ ਨੂੰ ਤਬਾਹ ਕਰ ਦਿੱਤਾ ਗਿਆ। ਜਿਸ ਦੇ ਚਲਦਿਆਂ ਲੱਖਾਂ ਦੀ ਤਾਦਾਦ 'ਚ ਉਹ ਬੇਘਰੇ ਹੋ ਗਏ। ਮੁਸਲਿਮ ਘੱਟ ਗਿਣਤੀ ਵਿਰੋਧੀ ਚੱਲ ਰਹੀ ਇਸ ਤਬਾਹਕੂ ਮੁਹਿੰਮ ਦੌਰਾਨ ਹੀ ਦਹੂਦ ਜ਼ਿਲਾ ਦੀ ਲਿਮਖੇੜਾ ਤਾਲੁਕਾ (ਬਲਾਕ) ਦੇ ਇਕ ਪਿੰਡ 'ਚ ਜਦੋਂ ਕਤਲੇਆਮ ਕੀਤਾ ਗਿਆ ਤਾਂ ਬਿਲਕਿਸ ਬਾਨੋ ਆਪਣੇ ਹੋਰ ਪਰਿਵਾਰਕ ਮੈਂਬਰਾਂ ਸਮੇਤ ਘਰ 'ਚੋਂ ਭੱਜ ਨਿਕਲੀ। ਉਨ੍ਹਾਂ ਨੇ ਖੇਤ 'ਚ ਜਾ ਕੇ ਸਰਨ ਲਈ। ਖੇਤ ਚ ਲੁਕੇ ਹੋਣ ਦੇ ਦੌਰਾਨ ਹੀ ਹਥਿਆਰਾਂ ਨਾਲ ਲੈਸ 30-40 ਦੇ ਕਰੀਬ ਜਨੂੰਨੀ ਗਰੋਹ ਵੱਲੋਂ ਉਨ੍ਹਾਂ ਨੂੰ ਘੇਰ ਲਿਆ ਗਿਆ। ਬਿਲਕੀਸ ਉਸ ਸਮੇਂ 5 ਮਹੀਨਿਆਂ ਦੀ ਗਰਭਵਤੀ ਸੀ। ਉਸ ਨਾਲ ਉਸ ਦੀ ਤਿੰਨ ਸਾਲਾਂ ਦੀ ਬੱਚੀ ਸੁਲੇਹਾ ਸਮੇਤ ਮੌਜੂਦ ਸਭ ਮੈਂਬਰਾਂ ਨੂੰ ਫਿਰਕੂ ਗਰੋਹ ਵੱਲੋਂ ਕੋਹ-ਕੋਹ ਕੇ ਮਾਰ ਮੁਕਾਇਆ ਗਿਆ। ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਰਾਡ ਨਾਲ ਉਸ ਦੇ ਗਰਭ ਅੰਦਰਲੇ ਬੱਚੇ ਦਾ ਕਤਲ ਕਰ ਦਿੱਤਾ ਗਿਆ। ਉਸ ਦੀ ਬੇਤਹਾਸਾ ਕੁੱਟਮਾਰ ਕੀਤੀ ਗਈ ਅਤੇ ਇਹ ਸਮਝ ਕੇ ਉਹ ਮਰ ਚੁੱਕੀ ਹੈ, ਫਿਰਕੂ ਅਨਸਰ ਛੱਡ ਕੇ ਚਲੇ ਗਏ।

ਬਿਲਕੀਸ ਨੂੰ ਸਹਿਕਦੀ ਹੋਈ ਹਾਲਤ 'ਚ ਕੁੱਝ ਲੋਕਾਂ ਵਲੋਂ ਹਸਪਤਾਲ ਪਹੁੰਚਾਇਆ ਗਿਆ। ਜਿੱਥੇ ਇੱਕ ਅਰਸੇ ਬਾਅਦ ਉਹ ਸਰੀਰਕ ਤੌਰ ਤੇ ਠੀਕ ਹੋ ਗਈ ਪਰ ਮਾਨਸਿਕ ਤੌਰ ਤੇ ਹਮੇਸਾਂ-ਹਮੇਸਾਂ ਲਈ ਵਲੂੰਧਰੀ ਗਈ। ਉਹ ਅਤੇ ਉਸਦੇ ਪਤੀ ਰਸੂਲ ਵੱਲੋਂ ਇਨਸਾਫ ਲੈਣ ਲਈ ਜੱਦੋ-ਜਹਿਦ ਸੂਰੂ ਕੀਤੀ ਗਈ। ਇਕ ਸਾਲ ਬਾਅਦ ਜਾ ਕੇ ਮੁਸਕਿਲ ਨਾਲ ਐਫ. ਆਈ. ਆਰ. ਦਰਜ ਹੋਈ। 2004 'ਚ ਕੇਸ ਸੁਰੂ ਹੋਇਆ। 2008 'ਚ 11 ਦੋਸ਼ੀਆਂ ਨੂੰ ਸਮੂਹਿਕ ਬਲਾਤਕਾਰ, ਗਰਭ ਹੱਤਿਆ, ਤਿੰਨ ਸਾਲਾ ਮਾਸੂਮ ਛੋਟੀ ਬੱਚੀ ਸਲੇਹਾ ਸਮੇਤ ਬਾਨੋ ਕੁੱਲ 14 ਮੈਂਬਰਾਂ ਦੇ ਕਤਲ ਦਾ ਦੋਸੀ ਪਾਇਆ ਗਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ 7 ਪਰਿਵਾਰਕ ਮੈਂਬਰਾਂ ਦੀ ਲਾਸਾਂ ਹੀ ਮਿਲ ਸਕੀਆਂ ਸੀ.ਬੀ.ਆਈ. ਅਦਾਲਤ ਵੱਲੋਂ 2008 'ਚ ਇਨ੍ਹਾਂ 11 ਦੋਸ਼ੀਆਂ ਨੂੰ ਤਾਂ ਉਮਰ ਕੈਦ ਦੀ ਸਜ਼ਾ ਸੁਣਾਈ। ਬੰਬੇ ਹਾਈ ਕੋਰਟ ਵੱਲੋਂ ਵੀ ਉਨ੍ਹਾਂ ਦੀ ਸਜਾ ਨੂੰ ਬਰਕਰਾਰ ਰੱਖਿਆ ਗਿਆ।

ਅਖੌਤੀ ਆਜ਼ਾਦੀ ਦੇ 75ਵੇਂ ਸਾਲਾਨਾ ਦਿਨ ਤੇ ਗੁਜਰਾਤ ਸਰਕਾਰ ਵੱਲੋਂ ਇਨ੍ਹਾਂ 11ਦੋਸੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਸਰਕਾਰ ਨੇ ਤਰਕ ਦਿੱਤਾ ਹੈ ਕਿ ਉਨ੍ਹਾਂ ਦੇ ਵੱਲੋਂ ਕੀਤੇ ਜੁਲਮਾਂ ਦੇ ਸੁਭਾਅ ਅਤੇ ਚੰਗੇ ਚਾਲ-ਚਲਣ ਦੇ ਚਲਦਿਆਂ ਰਿਹਾਅ ਕੀਤਾ ਗਿਆ ਹੈ। ਇਕ ਔਰਤ ਨਾਲ ਸਮੂਹਿਕ ਬਲਾਤਕਾਰ, ਉਸਦੇ ਗਰਭ ਅੰਦਰਲੇ ਬੱਚੇ ਦਾ ਰਾਡ ਨਾਲ ਕਤਲ, ਤਿੰਨ ਸਾਲਾ ਬੱਚੀ ਸੁਲੇਹਾ



ਸਮੇਤ ਬਾਕੀ ਪਰਿਵਾਰਕ ਮੈਂਬਰਾਂ ਦੇ ਕੋਹ-ਕੋਹ ਕੇ ਕੀਤੇ ਕਤਲ ਨੂੰ ਗੁਜਰਾਤ ਦੀ ਹਿੰਦੂਤਵੀ ਸਰਕਾਰ ਵੱਲੋਂ ਇੱਕ ਤਰ੍ਹਾਂ ਨਾਲ ਸਾਧਾਰਨ ਜੁਲਮ ਬਣਾ ਕੇ ਪੇਸ ਕੀਤਾ ਗਿਆ ਹੈ। ਬਿਲਕੀਸ ਬਾਨੋ ਅਤੇ ਦੂਸਰਿਆਂ ਉੱਪਰ ਹੋਇਆ ਜੁਲਮ ਸਭ ਤੋਂ ਕਰੂਰ ਅਤੇ ਜਾਲਮਾਨਾ ਕਿਸਮ ਦਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਇਨ੍ਹਾਂ 11ਦੋਸੀਆਂ ਦਾ ਬਾਹਰ ਆਉਣ ਉਪਰੰਤ ਗਲਾਂ ਚ ਹਾਰ ਪਾ ਕੇ ਸਵਾਗਤ ਕੀਤਾ ਗਿਆ ਹੈ। ਖੁਸੀ ਚ ਮਠਿਆਈਆਂ ਵੰਡੀਆਂ ਜਾ ਰਹੀਆਂ ਹਨ।

ਲਾਲ ਕਿਲ੍ਹੇ ਤੋਂ ਨਰਿੰਦਰ ਮੋਦੀ ਵੱਲੋਂ ਇਸ ਅਖੌਤੀ ਆਜਾਦੀ ਦੇ 75ਵੇਂ ਸਾਲ ਨੂੰ ਆਜਾਦੀ ਦਾ ਅੰਮ੍ਰਿਤ ਮਹਾ-ਉਤਸਵ ਨਾ ਦਿੱਤਾ ਗਿਆ। ਆਜ਼ਾਦੀ ਦੇ ਅੰਮ੍ਰਿਤ ਮਹਾ-ਉਤਸਵ ਦੇ ਇਸ ਤੋਹਫੇ ਦਾ ਹਕੀਕੀ ਚਿਹਰਾ ਇਸ ਫੈਸਲੇ ਤੋਂ ਸਪੱਸਟ ਦੇਖਿਆ ਜਾ ਸਕਦਾ ਹੈ। ਇਹ "ਅੰਮ੍ਰਿਤ ਮਹਾਂ-ਉਤਸਵ" ਅਸਲ ਚ ਸਾਮਰਾਜੀਆਂ, ਦਲਾਲ ਸਰਮਾਏਦਾਰਾਂ, ਜਗੀਰਦਾਰਾਂ, ਨੇਤਾਵਾਂ ਅਫਸਰਾਂ ਆਦਿ ਦਾ ਹੈ। ਸਮੁੱਚੇ ਭਾਰਤੀ ਉਪ ਮਹਾਂਦੀਪ ਦੇ ਲੋਕਾਂ ਲਈ ਇਸ ਚ ਜਹਿਰ ਤੋਂ ਬਿਨਾਂ ਕੁਝ ਨਹੀਂ ਹੈ। ਘੱਟ ਗਿਣਤੀਆਂ, ਖਾਸਕਰ ਮੁਸਲਮਾਨਾਂ ਲਈ ਇਹ ਨੱਕੋ-ਨੱਕ ਜਹਿਰ ਨਾਲ ਭਰਿਆ ਪਿਆ ਹੈ। ਲੁਟੇਰਿਆਂ ਦੇ ਇਸ ਰਾਜ ਦਾ ਚਰਿੱਤਰ ਨੰਗੇ ਚਿੱਟੇ ਤੌਰ 'ਤੇ ਬ੍ਰਾਹਮਣਵਾਦੀ ਹਿੰਦੂਤਵੀ ਫਾਸੀਵਾਦੀ ਹੈ। ਇਹ ਮਿਹਨਤਕਸਾਂ ਦੇ ਨਾਲ-ਨਾਲ ਘੱਟ ਗਿਣਤੀਆਂ, ਦਲਿਤਾਂ, ਕੌਮਾਂ, ਆਦਿਵਾਸੀਆਂ ਆਦਿ ਨੂੰ ਵੀ ਬੁਰੀ ਤਰ੍ਹਾਂ ਕੁਚਲ ਰਿਹਾ ਹੈ।

ਇਕ ਪਾਸੇ ਜੁਲਮ ਦੀ ਇੰਤਹਾ ਦਾ ਚਿੰਨ੍ਹ ਇਹ 11 ਫਿਰਕੂ ਜਨੂਨੀ ਦੋਸੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ, ਦੂਸਰੇ ਪਾਸੇ ਗੁਜਰਾਤ ਅੰਦਰ ਲੰਬੇ ਸਮੇਂ ਤੱਕ ਹਿੰਦੂਤਵੀ ਫਾਸੀਵਾਦ ਦੇ ਖ਼ਿਲਾਫ ਅਤੇ ਘੱਟ ਗਿਣਤੀ ਮੁਸਲਮਾਨਾਂ ਦੇ ਨਾਲ-ਨਾਲ ਆਮ ਲੋਕਾਂ ਲਈ ਸੰਘਰਸ ਕਰਨ ਵਾਲੀ ਵੀਰਾਂਗਣਾ ਤੀਸਤਾ ਸੀਤਲਵਾੜ ਨੂੰ ਸਾਜ਼ਿਸ ਤਹਿਤ ਝੂਠੇ ਕੇਸ ਬਣਾ ਕੇ ਜੇਲ੍ਹ 'ਚ ਡੱਕ ਦਿੱਤਾ ਗਿਆ ਹੈ। ਇੰਨਾ ਹੀ ਨਹੀਂ, ਜਮੀਰ ਦੀ ਆਵਾਜ ਸੁਣਨ ਵਾਲੇ ਪੁਲਸ ਅਫਸਰਾਂ ਨੂੰ ਵੀ, ਜਿਨ੍ਹਾਂ ਨੇ ਇਨ੍ਹਾਂ ਜੁਲਮਾਂ ਵਿਰੁੱਧ ਆਵਾਜ ਉਠਾਈ, ਨੂੰ ਜੇਲ੍ਹ ਚ ਡੱਕਿਆ ਹੋਇਆ ਹੈ। ਜਦੋਂ ਕਿ ਦੇਸ ਅੰਦਰ ਅੰਨ੍ਹੀ ਨਫਰਤ ਅਤੇ ਜਹਿਰ ਦਾ ਬੀਜ ਬੀਜਣ ਵਾਲੇ ਮੋਦੀ-ਸਾਹ ਸਭ ਤੋਂ ਉੱਚੇ ਅਹੁਦਿਆਂ ਤੇ ਬਿਰਾਜਮਾਨ ਹਨ। ਹਿੰਦੂਤਵੀ ਫਾਸੀਵਾਦੀ ਗੈਂਗ ਦਨਦਨਾਉਂਦੇ ਫਿਰਦੇ ਹਨ।

ਭਾਰਤੀ ਫਾਸੀਵਾਦੀ ਰਾਜ ਦਾ ਦੋਗਲਾ ਚਿਹਰਾ ਇਸ ਫੈਸਲੇ ਨਾਲ ਹੋਰ ਵੀ ਬੇਪਰਦ ਹੋ ਗਿਆ ਹੈ। ਇੱਕ ਪਾਸੇ ਦੁਨੀਆਂ ਦਾ ਸਭ ਤੋਂ ਵੱਧ ਘਿਨਾਉਣਾ ਜੁਲਮ ਕਰਨ ਵਾਲਿਆਂ ਨੂੰ ਰਿਹਾਅ ਕਰਕੇ ਸਨਮਾਨਤ ਕੀਤਾ ਜਾ ਰਿਹਾ ਹੈ, ਜਦੋਂ ਕਿ ਦੂਜੇ ਪਾਸੇ ਕਈ ਕਈ ਦਹਾਕਿਆਂ ਤੋਂ ਝੂਠੇ ਕੇਸਾਂ ਤਹਿਤ ਅਤੇ ਸਜਾਵਾਂ ਵੀ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਅਫਜਲ ਗੁਰੂ ਨੂੰ ਸਿਰਫ ਇਸ ਕਰਕੇ ਫਾਂਸੀ ਦੇ ਦਿੱਤੀ ਗਈ ਕਿ ਇਸ ਤਰ੍ਹਾਂ ਨਾਲ ਹੀ ਦੇਸ ਦੀ ਆਤਮਾ (ਅਸਲ ਚ ਹਿੰਦੂਤਵੀ ਲੁਟੇਰਿਆਂ ਦੀ ਆਤਮਾ) ਨੂੰ ਸਾਂਤੀ ਮਿਲਦੀ ਹੈ। ਸਾਰੇ ਸਬੂਤ ਬਾਬਰੀ ਮਸਜਿਦ ਦੇ ਪੱਖ 'ਚ ਹੋਣ ਦੇ ਬਾਵਜੂਦ ਉੱਥੇ ਮੰਦਰ ਉਸਾਰੀ ਦਾ ਹੁਕਮ ਸੁਪਰੀਮ ਕੋਰਟ ਵੱਲੋਂ ਦੇ ਦਿੱਤਾ ਗਿਆ। ਮੁੰਬਈ ਵਾਲੇ ਯਕੂਬ ਨੂੰ ਸਿਰਫ ਇਸ ਕਰਕੇ ਫਾਂਸੀ ਦੇ ਦਿੱਤੀ ਗਈ, ਕਿਉਂਕਿ ਮੁਸਲਮਾਨਾਂ ਨੂੰ ਸਬਕ ਸਿਖਾਉਣਾ ਹੈ। ਇਸਾਈ ਪਾਦਰੀਆਂ ਅਤੇ ਨੰਨਾ ਦਾ ਕਤਲੇਆਮ ਕਰਨ ਵਾਲੇ ਸਨਮਾਨ ਦੇ ਹੱਕਦਾਰ ਬਣੇ ਹੋਏ ਹਨ। ਭਾਰਤੀ ਇਕਾਤਮਕ ਹਿੰਦੂਤਵੀ ਫਾਸੀਵਾਦੀ ਰਾਜ ਦੇ ਘੱਟ - ਗਿਣਤੀਆਂ ਅਤੇ ਔਰਤ ਵਿਰੋਧੀ ਨੀਤੀ ਅਤੇ ਝੁਕਾਅ ਦੀਆਂ ਇਹ ਕੁੱਝ ਕੁ ਉਦਾਹਰਣਾਂ ਹਨ। ਇਹ ਔਰਤ ਵਿਰੋਧੀ ਇਸ ਰਾਜ ਅਤੇ ਸਰਕਾਰ ਦੀ ਨੀਤੀਆਂ ਦਾ ਜਾਹਰਾ ਨਮੂਨਾ ਵੀ ਹੈ।

ਬਿਲਕਿਸ ਬਾਨੋ ਹੁਣ 41 ਸਾਲ ਦੀ ਹੈ। 5 ਬੱਚਿਆਂ ਦੀ ਮਾਂ ਬਿਲਕਸ ਕੋਲ ਜਦੋਂ ਇਹ ਖਬਰ ਪਹੁੰਚੀ ਤਾਂ ਉਹ ਹੰਝੂਆਂ ਦੇ ਦਰਿਆ ਚ ਡੁੱਬ ਗਈ। ਫਿਰ ਉਸ ਨੇ ਸਿਰਫ ਇੰਨਾ ਹੀ ਪ੍ਰਤੀਕਰਮ ਦਿੱਤਾ ਕਿ "ਮੈਨੂੰ ਇਕੱਲਿਆਂ ਛੱਡ ਦਿਓ, ਮੈਂ ਆਪਣੀ ਬੱਚੀ ਸਲੇਹਾ ਦੀ ਰੂਹ ਦੀ ਸਾਂਤੀ ਲਈ ਦੁਆ ਕਰਨੀ ਹੈ।" ਪੂਰੀ ਤਰ੍ਹਾਂ ਟੁੱਟ ਚੁੱਕੀ ਬਾਨੋ ਪਹਿਲਾਂ ਤੋਂ ਹੀ ਉਦਾਸੀ ਦੇ ਰੋਗ ਦਾ ਸ਼ਿਕਾਰ ਹੈ। ਹੁਣ ਵਾਲੇ ਫੈਸਲੇ ਨੇ ਸਿਰਫ ਉਸ ਦੀ ਹੀ ਨਹੀਂ, ਸਮੁੱਚੇ ਮਿਹਨਤਕਸਾਂ, ਘੱਟ ਗਿਣਤੀਆਂ ਅਤੇ ਹੋਰ ਸਭ ਇਨਸਾਫਪਸੰਦਾਂ ਦੇ ਜਖਮਾਂ ਤੇ ਢੇਰ ਸਾਰਾ ਨਮਕ ਅਤੇ ਮਿਰਚਾਂ ਸੁਟੀਆਂ ਹਨ।

ਇਹ ਫੈਸਲਾ ਕੋਈ ਸਿਰਫ ਗੁਜਰਾਤ ਸਰਕਾਰ ਦਾ ਨਹੀਂ ਹੈ, ਅਸਲ 'ਚ ਇਹ ਭਾਰਤ ਅੰਦਰ ਕਾਬਜ ਹੋ ਚੁੱਕੀ ਹਿੰਦੂਤਵੀ ਫਾਸੀਵਾਦੀ ਸਰਕਾਰ ਦਾ ਹੈ। ਇਹ ਘੱਟ ਗਿਣਤੀਆਂ ਦੇ ਉੱਪਰ ਹੋ ਰਹੇ ਅਥਾਹ ਜਬਰ ਦੀ ਲੜੀ ਚ ਅਗਲੇ ਕਦਮ ਅਤੇ ਹੋਰ ਵਾਧਾ ਹੈ। ਸਪੱਸਟ ਹੈ ਕਿ ਇਸ ਲੋਕ ਵਿਰੋਧੀ ਅਤੇ ਨ-ਹੱਕੀ ਪ੍ਰਬੰਧ ਤੋਂ ਕਿਸੇ ਕਿਸਮ ਦੇ ਇਨਸਾਫ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ। ਅਸਲ ਚ ਇਹ ਲੁਟੇਰਾ ਪ੍ਰਬੰਧ ਹੀ ਇਹਨਾਂ ਸਭ ਜੁਲਮਾਂ ਦਾ ਆਧਾਰ ਪ੍ਰਦਾਨ ਕਰਦਾ ਹੈ।

ਬਿਲਕਸ ਬਾਨੋ ਸਾਹਮਣੇ ਇਨਸਾਫ ਲਈ ਸਿਰਫ ਫੂਲਨ ਦੇਵੀ ਵਾਲਾ ਰਾਹ ਹੀ ਖੁੱਲ੍ਹਾ ਹੈ।

ਅਹਿਦ ਸਭ ਪੰਜਾਬੀ ਲੋਕਾਂ ਨੂੰ ਘੱਟਗਿਣਤੀਆਂ ਖਾਸਕਰ ਮੁਸਲਮਾਨਾਂ ਉੱਪਰ ਹੋ ਰਹੇ ਜੁਲਮਾਂ ਵਿਰੁੱਧ ਸੰਘਰਸ ਉਸਾਰਨ ਦਾ ਸੱਦਾ ਦਿੰਦਾ ਹੈ।

ਆਓ!

ਬ੍ਰਾਹਮਣਵਾਦੀ ਹਿੰਦੂਤਵੀ ਫਾਸੀਵਾਦ ਦੇ ਖਿਲਾਫ ਦ੍ਰਿੜ੍ਹਤਾਪੂਰਵਕ ਸੰਘਰਸ ਕਰੀਏ!!

ਘੱਟ ਗਿਣਤੀਆਂ ਖਿਲਾਫ ਹੋ ਰਹੇ ਜੁਲਮਾਂ ਦੇ ਵਿਰੁੱਧ ਡਟੀਏ!!

(ਅਦਾਰਾ ਅਹਿਦ ਤੋਂ ਧੰਨਵਾਦ ਸਹਿਤ)













-ਅਮੋਲਕ ਸਿੰਘ

*ਗ਼ਦਰ ਲਹਿਰ ਦਾ ਕੌਮਾਂਤਰੀ ਰਾਜਦੂਤ ਸੀ*

# ਭਾਈ ਰਤਨ ਸਿੰਘ ਰਾਏਪੁਰ ਡੱਬਾ

ਗ਼ਦਰ ਲਹਿਰ ਦੇ ਕੌਮਾਂਤਰੀ ਰਾਜਦੂਤ ਵਜੋਂ ਗ਼ਦਰੀ ਦੇਸ਼ ਭਗਤਾਂ 'ਚ ਜਾਣੇ ਜਾਂਦੇ ਭਾਈ ਰਤਨ ਸਿੰਘ ਰਾਏਪੁਰ ਡੱਬਾ ਦੇ ਸੰਗਰਾਮੀ ਸਫ਼ਰ ਦੀਆਂ ਪੈੜਾਂ ਕੈਨੇਡਾ, ਅਮਰੀਕਾ, ਇੰਗਲੈਂਡ, ਫਰਾਂਸ, ਜਰਮਨੀ, ਇਟਲੀ, ਰੂਸ, ਚੀਨ, ਅਫਗਾਨਿਸਤਾਨ, ਪਨਾਮਾ, ਹਾਂਡਰੂਸ, ਨਿਕਾਰਾਗੂਆ, ਅਰਜਨਟੀਨਾ, ਬਰਾਜੀਲ ਅਤੇ ਸਾਡੇ ਮੁਲਕ ਅੰਦਰ ਸਿਰਜੇ ਇਤਿਹਾਸ ਦੀ ਗਵਾਹੀ ਭਰਦੀਆਂ ਹਨ।

ਭਾਈ ਰਤਨ ਸਿੰਘ ਗ਼ਦਰ ਲਹਿਰ ਦੀ ਕੱਦਾਵਰ ਬੌਧਿਕ ਅਜੇਹੀ ਸ਼ਖ਼ਸੀਅਤ ਸੀ ਜਿਸਨੇ ਮੋੜਾ-ਘੋੜਾਂ, ਉਤਰਾਅ-ਚੜਾਅ ਵਿੱਚੋਂ ਗੁਜ਼ਰਦੀ ਦੇਸ਼ ਭਗਤ ਕੌਮੀ ਇਨਕਲਾਬੀ ਲਹਿਰ ਅੰਦਰ ਅਗਾਂਹ-ਵਧੂ ਵਿਚਾਰਧਾਰਾ, ਸੇਧ ਅਤੇ ਰੌਸ਼ਨੀ ਬਿਖ਼ੇਰਨ ਦੀ ਅਮਿਟ ਭੂਮਿਕਾ ਅਦਾ ਕੀਤੀ।

ਗ਼ਦਰ ਲਹਿਰ ਨੂੰ ਵਿਚਾਰਧਾਰਕ ਪਰਪੱਕਤਾ ਪ੍ਰਦਾਨ ਕਰਨ, ਕਿਰਤੀ ਕਿਸਾਨਾਂ ਅਤੇ ਮਿਹਨਤਕਸ਼ਾਂ ਦੀ ਤਾਕਤ ਉਪਰ ਟੇਕ ਰੱਖਣ ਦੀ ਸੇਧ ਨੇ ਆਪਣੀ ਥਾਂ ਮੱਲੀ। ਸਿਰਫ਼ ਦੁਸ਼ਮਣ ਦੇ ਦੁਸ਼ਮਣ ਦੀ ਮੱਦਦ ਦੇ ਸਿਰ ਤੇ ਖ਼ਰੀ ਆਜ਼ਾਦੀ ਦੀ ਝਾਕ ਰੱਖਣ ਦੀ ਸੋਚ ਅਤੇ ਅਮਲਦਾਰੀ ਨਾਲੋਂ ਉਨ੍ਹਾਂ ਨੇ, ਲਿਤਾੜੀ ਕੌਮ ਅਤੇ ਲੁੱਟੀ ਪੁੱਟੀ ਲੋਕਾਈ ਨੂੰ ਖ਼ੁਦ ਉਠ ਖੜ੍ਹੇ ਹੋਣ ਅਤੇ ਆਪਣੀ ਮੁਕਤੀ ਲਈ ਅੱਗੇ ਆਉਣ ਦਾ ਮਾਰਗ ਰੁਸ਼ਨਾਇਆ।

ਦਰਸ਼ਨ, ਇਤਿਹਾਸਕ, ਆਰਥਕ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਵਰਤਾਰਿਆਂ ਨਾਲ ਜੁੜੇ ਸੰਸਾਰ ਦੇ ਕੋਨੇ-ਕੋਨੇ 'ਚ ਵਸਦੇ ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਲਈ ਇਹ ਮਾਣ-ਮੱਤਾ ਇਤਿਹਾਸ ਜ਼ਿੰਦਗੀ ਦਾ ਹਰ ਪਲ ਆਜ਼ਾਦੀ ਅਤੇ ਸਾਂਝੀਵਾਲਤਾ ਭਰੇ ਸਮਾਜ ਦੀ ਸਿਰਜਣਾਂ ਲਈ ਵਾਰ ਕੇ ਭਾਈ ਰਤਨ ਸਿੰਘ ਨੇ ਵਕਤ ਦੇ ਪਰਾਂ 'ਤੇ ਉੱਕਰਿਆ ਹੈ।

ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਲਾਗੇ, 'ਸ਼ਹੀਦ ਭਗਤ ਸਿੰਘ ਨਗਰ' ਜ਼ਿਲ੍ਹੇ (ਪਹਿਲਾਂ ਜਲੰਧਰ) ਅੰਦਰ ਪੈਂਦੇ ਪਿੰਡ ਰਾਏਪੁਰ ਡੱਬਾ 'ਚ ਨਿਹਾਲ ਸਿੰਘ ਬਿਲਨ ਦੇ ਘਰ 1879 ਵਿੱਚ ਉਹਨਾਂ ਦਾ ਜਨਮ ਹੋਇਆ। ਨਿੱਕੜੇ ਜਿਹੇ ਪਿੰਡ ਨੂੰ ਭਾਈ ਰਤਨ ਸਿੰਘ ਅਤੇ ਉਹਨਾਂ ਦੇ ਸੰਗੀ ਸਾਥੀ ਮੀਹਾਂ ਸਿੰਘ ਵਰਗਿਆਂ ਨੇ ਦੁਨੀਆਂ ਦੇ ਮਾਣਮੱਤੇ ਇਤਿਹਾਸ 'ਚ ਜੋੜ ਦਿੱਤਾ।


ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਬਾਬਾ ਭਗਤ ਸਿੰਘ ਬਿਲਗਾ ਅਤੇ ਕਾਮਰੇਡ ਗੰਧਰਵ ਸੇਨ ਕੋਛੜ ਦੇ ਦੱਸਣ ਮੁਤਾਬਕ ਚਾਚਾ ਅਜੀਤ ਸਿੰਘ, ਗੁਰਮੁਖ ਸਿੰਘ, ਬਾਬਾ ਬੂਝਾ ਸਿੰਘ, ਬਾਬਾ ਸੰਤਾ ਸਿੰਘ, ਤੇਜਾ ਸਿੰਘ ਸੁਤੰਤਰ, ਬਾਬਾ ਕਰਮ ਸਿੰਘ ਚੀਮਾ, ਪ੍ਰੋ. ਬਰਕਤ ਉਲਾ, ਭਾਈ ਭਗਵਾਨ ਸਿੰਘ, ਭਾਈ ਸੰਤੋਖ ਸਿੰਘ, ਗੋਪਾਲ ਸਿੰਘ, ਇੰਦਰ ਸਿੰਘ ਟੂਟੋਮਾਜਰਾ, ਰਾਮ ਸਿੰਘ ਧਲੇਤਾ ਆਦਿ ਦੀਆਂ ਸੰਗਰਾਮੀ ਕਹਾਣੀਆਂ, 'ਕਿਰਤੀ' ਅਤੇ 'ਮਜ਼ਦੂਰ ਕਿਸਾਨ' ਪਰਚਿਆਂ ਵਿੱਚ ਭਾਈ ਰਤਨ ਸਿੰਘ ਦੀਆਂ ਪਾਈਆਂ ਪੈੜਾਂ ਉਹਨਾਂ ਦੀ ਆਜ਼ਾਦੀ ਸੰਗਰਾਮ ਨੂੰ ਦੇਣ ਬੋਲਦੀਆਂ ਹਨ।

ਭਾਈ ਰਤਨ ਸਿੰਘ ਗੁਪਤਵਾਸ ਸਮੇਂ ਵੱਖ-ਵੱਖ ਮੁਲਕਾਂ ਅੰਦਰ ਸੰਤਾ ਸਿੰਘ, ਹਰੀ ਸਿੰਘ, ਈਸ਼ਰ ਸਿੰਘ, ਲਾਭ ਸਿੰਘ, ਸਮਿਥ ਅਤੇ ਗ਼ੁਲਾਮ ਮੁਹੰਮਦ ਆਦਿ ਫ਼ਰਜੀ ਨਾਵਾਂ ਹੇਠ ਭੂਮਿਕਾ ਅਦਾ ਕਰਦੇ ਰਹੇ।

ਉਹ ਥੋੜ੍ਹਾ ਸਮਾਂ ਫੌਜ ਵਿੱਚ ਨੌਕਰੀ ਕਰਨ ਉਪਰੰਤ 1904 ਵਿੱਚ ਨੌਕਰੀ ਛੱਡਕੇ ਫ਼ਿਜੀ ਚਲੇ ਗਏ। ਫ਼ਿਜੀ ਤੋਂ ਨਿਊਜ਼ੀਲੈਂਡ ਹੁੰਦੇ ਹੋਏ 1907 ਵਿੱਚ ਕੈਨੇਡਾ ਜਾ ਕੇ ਲੱਕੜ ਦੀਆਂ ਮਿੱਲਾਂ ਵਿੱਚ ਕੰਮ ਕਰਨ ਲੱਗ ਪਏ। ਵੈਨਕੂਵਰ ਦੀ ਧਰਤੀ 'ਤੇ ਰੋਟੀ ਰੋਜੀ ਕਮਾਉਂਦੇ ਰਤਨ ਸਿੰਘ ਨੂੰ ਇੰਤਹਾ ਜਲੀਲਤਾ ਝੱਲਣੀ ਪਈ। ਕੈਨੇਡਾ, ਅਮਰੀਕਾ ਵਿੱਚ ਨਸਲੀ ਦੰਗਿਆਂ ਅਤੇ ਬੇਪਤੀ ਦੇ ਜਹਿਰੀਲੇ ਤੀਰਾਂ ਨੇ ਭਾਈ ਰਤਨ ਸਿੰਘ ਦੀ ਚੇਤਨਾ ਨੂੰ ਵਿੰਨ੍ਹਕੇ, ਝੰਜੋੜਕੇ ਰੱਖ ਦਿੱਤਾ। ਉਹਨਾਂ ਦੀ ਮੁਢਲੀ ਵਿੱਦਿਆ ਭਾਵੇਂ ਮਿਡਲ ਤੱਕ ਹੀ ਸੀ। ਉਹਨਾਂ ਦੀ ਦੇਸ਼ ਭਗਤੀ ਪ੍ਰਤੀ ਨਿਹਚਾ ਸਦਕਾ ਉਹ ਪੰਜਾਬੀ ਤੋਂ ਇਲਾਵਾ ਹਿੰਦੀ, ਉਰਦੂ, ਅੰਗਰੇਜ਼ੀ, ਰੂਸੀ, ਫਰਾਂਸੀਸੀ ਅਤੇ ਜਰਮਨ ਵੀ ਜਾਨਣ ਲੱਗ ਗਏ।

ਭਾਈ ਰਤਨ ਸਿੰਘ ਦੇ ਕੰਨਾਂ 'ਚ ਇਹ ਕੌੜੇ, ਕੁਸ਼ੈਲੇ ਅਤੇ ਜ਼ਹਿਰੀ ਬੋਲ ਪੈਂਦੇ ਰਹਿੰਦੇ, 'ਹੈਲੋ ਇੰਡੀਅਨ ਸਲੇਵ'। ਅਜੇਹੇ ਨਸਲੀ ਪ੍ਰਚਾਰ ਨੂੰ ਕਨੇਡੀਅਨ ਸਰਕਾਰ ਦਾ ਵਿਉਂਤਬੱਧ ਥਾਪੜਾ ਸੀ। ਅਖ਼ਬਾਰਾਂ ਅਤੇ ਹੋਰ ਪ੍ਰਚਾਰ ਮਾਧਿਅਮਾਂ 'ਤੇ ਭਾਰਤੀਆਂ ਖਿਲਾਫ਼ ਨਫ਼ਰਤ ਉਗਲੀ ਜਾਂਦੀ।

ਸਤੰਬਰ 1907 ਵਿੱਚ ਵੈਨਕੂਵਰ ਲਾਗੇ ਸਰਹੱਦ ਦੇ ਦੂਜੇ ਪਾਰ, ਅਮਰੀਕਾ ਦੇ ਸ਼ਹਿਰ ਬੈਲਿੰਗ ਹੈਮ ਵਿੱਚ ਨਸਲਵਾਦੀ ਗੋਰਿਆਂ ਨੇ ਹਿੰਦੋਸਤਾਨੀ ਕਾਮਿਆਂ ਉਪਰ ਹੱਲਾ ਬੋਲਿਆ। ਕੁੱਟ ਮਾਰ ਅਤੇ ਬੇਪਤੀ ਦੀ ਇਹ ਘਟਨਾ, ਜੰਗਲ ਦੀ ਅੱਗ ਵਾਂਗ ਫੈਲ ਗਈ। ਹਿੰਦੁਸਤਾਨੀਆਂ ਦੀ ਇਹ ਹਾਲਤ ਬਣਾ ਦਿੱਤੀ ਕਿ ਉਹਨਾਂ ਨੂੰ ਸ਼ਹਿਰ ਛੱਡਣ ਲਈ ਮਜ਼ਬੂਰ ਕਰ ਦਿੱਤਾ। ਉਹ ਵੈਨਕੂਵਰ ਜਾ ਵੜੇ। ਅਜੇਹੀਆਂ ਘਟਨਾਵਾਂ ਨੇ ਭਾਈ ਰਤਨ ਸਿੰਘ ਨੂੰ ਧੁਰ ਅੰਦਰ ਤੱਕ ਹਲੂਣਕੇ ਰੱਖ ਦਿੱਤਾ।



ਹਿੰਦੋਸਤਾਨੀਆਂ ਨੂੰ ਆਪਣੀ ਗ਼ੁਲਾਮੀ ਦਾ ਗਹਿਰਾ ਅਹਿਸਾਸ ਝੰਜੋੜਨ ਲੱਗਾ। ਬਰਤਾਨਵੀ ਸਾਮਰਾਜ ਨੂੰ ਪਤਾ ਸੀ ਕਿ ਹਿੰਦੁਸਤਾਨੀਆਂ ਨੂੰ ਨਿਰਾ ਪੁਰਾ ਤਲਵਾਰ ਦੀ ਤਾਕਤ ਨਾਲ ਗ਼ੁਲਾਮ ਨਹੀਂ ਰੱਖਿਆ ਜਾ ਸਕਦਾ। ਇਸ ਲਈ ਜਿਹਨੀ ਗ਼ੁਲਾਮੀ ਦਾ ਹਥਿਆਰ ਵਧੇਰੇ ਕਾਰਗਰ ਸਮਝਿਆ ਜਾ ਰਿਹਾ ਸੀ। ਕੈਨੇਡੀਅਨ ਹਕੂਮਤ ਨੇ ਬਰਤਾਨੀਆਂ ਅਤੇ ਭਾਰਤ ਅੰਦਰ ਬਰਤਾਨਵੀ ਹੁਕਮਰਾਨਾ ਨਾਲ ਗਿਟ ਮਿਟ ਕਰਕੇ 1908 ਵਿੱਚ ਅਜੇਹੇ ਕਾਨੂੰਨ ਅਤੇ ਸ਼ਰਤਾਂ ਮੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਜਿਹਨਾਂ ਨਾਲ ਹਿੰਦੋਸਤਾਨੀਆਂ ਦਾ ਕਨੇਡਾ ਦਾਖ਼ਲਾ ਦੇ ਸਾਰੇ ਰਾਹ ਬੰਦ ਕੀਤੇ ਜਾ ਸਕਣ। ਕਨੇਡਾ ਸਰਕਾਰ ਵੱਲੋਂ 'ਸਿੱਧੇ ਸਫ਼ਰ' ਅਤੇ 'ਜੇਬ ਵਿੱਚ ਦੋ ਸੋ ਡਾਲਰ' ਦੀ ਸ਼ਰਤ ਮੜ੍ਹਦੇ ਕਾਨੂੰਨਾਂ ਨੂੰ ਚੁਣੌਤੀ ਦੇਣ ਲਈ ਹਿੰਦੁਸਤਾਨੀ ਭਾਈਚਾਰੇ ਨੇ ਰਾਏ ਕਰਕੇ, ਭਾਈ ਰਤਨ ਸਿੰਘ ਨੂੰ ਹਾਂਗਕਾਂਗ ਭੇਜਿਆ।

ਜਿਉਂ ਹੀ 19 ਜਨਵਰੀ 1908 ਨੂੰ ਵੈਨਕੂਵਰ ਵਿੱਚ ਉਤਰੀ ਅਮਰੀਕਾ ਦੇ ਸਭ ਤੋਂ ਪਹਿਲੇ ਗੁਰਦੁਆਰੇ ਦਾ ਨਿਰਮਾਣ ਮੁਕੰਮਲ ਹੋਇਆ ਤਾਂ ਹਿੰਦੋਸਤਾਨੀ ਸਿਰ ਜੋੜ ਕੇ ਬੈਠਣ ਲੱਗੇ। ਵੈਨਕੂਵਰ ਦਾ ਇਹ ਗੁਰਦੁਆਰਾ ਸਿਰਫ ਧਾਰਮਿਕ ਸਿੱਖ ਕੇਂਦਰ ਹੀ ਨਹੀਂ ਸੀ। ਇੱਥੇ ਨਸਲੀ ਵਿਤਕਰੇ, ਰੁਜ਼ਗਾਰ, ਇੰਮੀਗਰੇਸ਼ਨ ਆਦਿ ਬਾਰੇ ਖੁੱਲ੍ਹਕੇ ਵਿਚਾਰਾਂ ਹੋਣ ਲੱਗੀਆਂ। ਇਹਨਾਂ ਵਿਚਾਰਾਂ 'ਚ ਸਿੱਖ, ਹਿੰਦੂ ਅਤੇ ਮੁਸਲਮਾਨ ਬਿਨਾਂ ਕਿਸੇ ਭੇਦ ਭਾਵ ਦੇ ਸ਼ਾਮਲ ਹੋਣ ਲੱਗੇ। ਵੈਨਕੂਵਰ ਹੀ ਸੀ ਜਿਥੇ ਸਭ ਤੋਂ ਪਹਿਲਾਂ ਭਾਈ ਰਤਨ ਸਿੰਘ ਦੀ ਇਨਕਲਾਬੀ ਤਾਰਕ ਨਾਥ ਦਾਸ ਨਾਲ ਮੁਲਾਕਾਤ ਹੋਈ। ਮੁਲਾਕਾਤਾਂ ਦੇ ਸਿਲਸਲੇ ਸਦਕਾ ਉਹ ਇਨਕਲਾਬੀ ਵਿਚਾਰਾਂ ਦੀ ਗੁੜ੍ਹਤੀ ਵਿੱਚ ਰੰਗੇ ਗਏ। ਉਹ ਸਰਗਰਮੀ ਨਾਲ ਘੋਲਾਂ 'ਚ ਹਿੱਸਾ ਲੈਣ ਲੱਗੇ। 1913 ਵਿੱਚ ਜਦੋਂ ਹਿੰਦੋਸਤਾਨ ਵਿੱਚ ਕਾਲ਼ ਪਿਆ ਤਾਂ 'ਖਾਲਸਾ ਦੀਵਾਨ ਸੁਸਾਇਟੀ' ਅਤੇ 'ਯੂਨਾਈਟਿਡ ਇੰਡੀਆ ਲੀਗ' ਨੇ ਕਾਲ ਪੀੜਤਾਂ ਵਾਸਤੇ ਆਰਥਿਕ ਮੱਦਦ ਇਕੱਠੀ ਕਰਨ ਲਈ ਸਹਾਇਤਾ ਕਮੇਟੀ ਬਣਾਈ। ਭਾਈ ਰਤਨ ਸਿੰਘ ਨੂੰ ਉਸਦੇ ਸਕੱਤਰ ਬਣਾਇਆ ਗਿਆ।

21 ਅਪ੍ਰੈਲ 1913 ਨੂੰ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਟ ਕੋਸਟ ਨਾਂਅ ਦੀ ਜੱਥੇਬੰਦੀ ਬਣੀ ਜੋ ਕਿ 1 ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਜਾਰੀ ਅਤੇ ਮਕਬੂਲ ਹੋਣ ਮਗਰੋਂ 'ਗ਼ਦਰ ਪਾਰਟੀ' ਦੇ ਤੌਰ 'ਤੇ ਹੀ ਜਾਣੀ ਜਾਣ ਲੱਗੀ।

ਭਾਈ ਰਤਨ ਸਿੰਘ ਨੇ ਉਸ ਗ਼ਦਰ ਪਾਰਟੀ ਲਈ ਆਪਣਾ ਸਭ ਕੁਝ ਕੁਰਬਾਨ ਕਰਦੇ ਹੋਏ ਹਮੇਸ਼ਾਂ ਮਾਣ ਮਹਿਸੂਸ ਕੀਤਾ ਜਿਹੜੀ ਮਾਂ-ਭੂਮੀ ਤੋਂ ਸਾਮਰਾਜੀ ਜਕੜ-ਪੰਜੇ ਨੂੰ ਚੂਰ-ਚੂਰ ਕਰਨ ਦੇ ਨਿਸ਼ਾਨੇ ਨੂੰ ਪ੍ਰਨਾਈ ਹੋਈ ਸੀ। ਜਿਹੜੀ ਧਰਮ-ਨਿਰਪੱਖ ਸੀ। ਗੈਰ-ਫਿਰਕੂ ਸੀ। ਜਿਹੜੀ ਪਾਰਟੀ ਦਾ ਐਲਾਨ ਸੀ ਕਿ ਉਹੀ ਗ਼ਦਰੀ ਹੋ ਸਕਦੈ ਜਿਹੜਾ ਦੁਨੀਆਂ ਦੇ ਜਿਸ ਕੋਨੇ 'ਚ ਵੀ ਹੈ ਉੱਥੇ ਹੀ ਸਾਮਰਾਜੀ ਗ਼ੁਲਾਮੀ ਖਿਲਾਫ ਆਜ਼ਾਦੀ ਦੇ ਮੋਰਚੇ 'ਤੇ ਜੱਦੋ ਜਹਿਦ ਕਰੇ। ਗ਼ਦਰ ਪਾਰਟੀ ਦਾ ਨਿਸ਼ਾਨਾ ਸੀ ਕਿ, ਧਰਮ ਨਿਜੀ ਮਾਮਲਾ ਹੈ। ਜੱਥੇਬੰਦੀ ਅੰਦਰ ਧਰਮ ਦੇ ਨਾਂਅ ਤੇ ਕਿਸੇ ਨਾਲ ਵਿਤਕਰਾ ਜਾਂ ਉਸ ਲਈ ਵਿਸ਼ੇਸ਼ ਥਾਂ ਨਹੀਂ ਸੀ।

ਗ਼ਦਰ ਪਾਰਟੀ ਨੂੰ ਬਣਿਆਂ ਅਜੇ 16 ਮਹੀਨੇ ਹੀ ਹੋਏ ਸੀ ਕਿ ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ ਨਾਲ ਯਕਦਮ, ਮੁਲਕ ਅੰਦਰ ਆ ਕੇ ਵਿਸ਼ੇਸ਼ ਕਰਕੇ ਫੌਜੀ ਛਾਉਣੀਆਂ ਵਿੱਚ ਬਗ਼ਾਵਤ ਕਰਨ ਦੀ ਤਿਆਰੀ ਖਿੱਚ ਲਈ। 'ਦੇਸ਼ ਨੂੰ ਚੱਲੋ' ਦੇ ਗੂੰਜਦੇ ਬੋਲਾਂ ਨੇ ਲੋਕ ਗੀਤਾਂ ਵਰਗਾ ਰੁਤਬਾ ਹਾਸਲ ਕਰ ਲਿਆ। ਕਈ ਕਾਰਨਾਂ ਕਰ ਕੇ ਇੱਕ ਵਾਰ 'ਗ਼ਦਰ' ਦੀ ਕਮਰ 'ਤੇ ਕਸੂਤੀ ਸੱਟ ਵੱਜੀ।

ਗ਼ਦਰੀ ਦੇਸ਼ ਭਗਤਾਂ ਨੇ ਹਿੰਮਤ ਨਾ ਹਾਰੀ। ਆਪਣੇ ਸਿਰ ਲੱਗੀ ਜ਼ਿੰਮੇਵਾਰੀ ਮੁਤਾਬਕ ਭਾਈ ਰਤਨ ਸਿੰਘ ਨੇ ਅਮਰੀਕਾ ਵਿੱਚ ਨਸਲੀ ਵਿਤਕਰੇ ਖਿਲਾਫ਼ ਆਵਾਜ਼ ਉਠਾਈ। ਭਾਰਤੀਆਂ ਨੂੰ ਮੁੜ-ਜੱਥੇਬੰਦ ਕੀਤਾ। ਇਸਦਾ ਸਾਰਾ ਭਾਰ ਭਾਈ ਰਤਨ ਸਿੰਘ ਦੇ ਮੋਢਿਆਂ ਤੇ ਆਣ ਪਿਆ। ਗ਼ਦਰ ਪਾਰਟੀ ਦੀ ਇੱਕ ਆਰਜ਼ੀ ਕਮੇਟੀ ਬਣੀ। ਭਾਈ ਰਤਨ ਸਿੰਘ ਨੂੰ ਇਸਦਾ ਪ੍ਰਧਾਨ ਬਣਾਇਆ ਗਿਆ। ਜਿਉਂ ਹੀ ਵੱਖ-ਵੱਖ ਬਰਾਂਚਾਂ ਖੜ੍ਹੀਆਂ ਹੋਈਆਂ ਤਾਂ ਅਮਰੀਕਾਂ ਦੇ ਖਾਸ ਕਰਕੇ ਪੱਛਮੀ ਤਟ ਤੇ ਬਣੀ ਕੇਂਦਰੀ ਕਮੇਟੀ 'ਚ ਭਾਈ ਰਤਨ ਸਿੰਘ ਨੂੰ ਪ੍ਰਧਾਨ ਅਤੇ ਭਾਈ ਸੰਤੋਖ ਸਿੰਘ ਨੂੰ ਜਨਰਲ ਸਕੱਤਰ ਚੁਣਿਆ ਗਿਆ।

ਭਾਈ ਰਤਨ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਅੰਗਰੇਜ਼ੀ ਵਿੱਚ 'ਇੰਡੀਪੈਂਡੈਂਟ ਹਿੰਦੁਸਤਾਨ' ਨਾਂਅ ਦਾ ਅਖ਼ਬਾਰ ਜਾਰੀ ਕੀਤਾ। ਉਹਨਾਂ ਉਪਰ 1917 ਦੀ ਰੂਸੀ ਮਜ਼ਦੂਰ ਕਰਾਂਤੀ ਦਾ ਅਮਿਟ ਅਸਰ ਪਿਆ। ਭਾਈ ਰਤਨ ਸਿੰਘ ਅਤੇ ਭਾਈ ਸੰਤੋਖ ਸਿੰਘ, ਅਮਰੀਕੀ ਮਾਡਲ ਦੇ ਰਾਜ ਨਾਲੋਂ ਵੱਖਰਾ ਸਮਾਜਵਾਦੀ ਮਾਡਲ ਅਤੇ ਕਰਾਂਤੀ ਦੇ ਉਤਰਾਅ-ਚੜ੍ਹਾਅ ਦੇ ਸਬਕਾਂ ਨੂੰ ਨੇੜਿਓਂ ਗ੍ਰਹਿਣ ਕਰਨ ਲਈ 24 ਸਤੰਬਰ 1922 ਨੂੰ ਅਨੇਕਾਂ ਖ਼ਤਰੇ ਪਾਰ ਕਰਦੇ ਮਾਸਕੋ ਪੁੱਜੇ।

ਉਹਨਾਂ ਨੇ ਮਾਸਕੋ ਵਿੱਚ 5 ਨਵੰਬਰ, 1922 ਤੋਂ 5 ਦਸੰਬਰ 1922 ਤੱਕ ਹੋਈ ਤੀਜੀ ਕੌਮਾਂਤਰੀ ਦੀ ਚੌਥੀ ਕਾਂਗਰਸ ਵਿੱਚ ਭਾਗ ਲਿਆ। ਉਹਨਾਂ ਨੇ 'ਰੈਡ ਇੰਟਰਨੈਸ਼ਨਲ ਆਫ ਲੇਬਰ ਯੂਨੀਅਨ' ਦੀ ਦੂਸਰੀ ਕਾਨਫਰੰਸ ਵਿੱਚ ਵੀ ਹਿੱਸਾ ਲਿਆ। ਉਹਨਾਂ ਨੇ 'ਮਾਸਕੋ ਯੂਨੀਵਰਸਿਟੀ ਆਫ ਟੁਆਇਲਰਜ਼ ਆਫ ਦੀ ਈਸਟ' ਵਿੱਚ ਵੀ ਫ਼ਿਲਾਸਫੀ ਅਤੇ ਰਾਜਨੀਤੀ ਨੂੰ ਹੋਰ ਸਮਝਣ, ਪੜਤਾਲ ਲਈ ਅਧਿਐਨ ਕੀਤਾ।

ਸੋਵੀਅਤ ਯੂਨੀਅਨ ਵਿੱਚ ਕੁਝ ਚਿਰ ਠਹਿਰਨ ਉਪਰੰਤ ਉਹ ਜਰਮਨ ਦੀ ਰਾਜਧਾਨੀ ਬਰਲਨ ਚਲੇ ਗਏ। ਇੱਥੋਂ ਉਹ ਤੇ ਭਾਈ ਸੰਤੋਖ ਸਿੰਘ ਇਰਾਨ ਵਿਚੀਂ ਹੁੰਦੇ ਹੋਏ ਅਫ਼ਗਾਨਿਸਤਾਨ 'ਚ ਗ਼ਦਰੀ ਦੇਸ਼ ਭਗਤ ਗੁਰਮੁਖ ਸਿੰਘ ਲਲਤੋਂ ਅਤੇ ਊਧਮ ਸਿੰਘ ਕਸੇਲ ਹੋਰਾਂ ਕੋਲ ਗਏ। ਉਹਨਾਂ ਨੇ ਕਾਬੁਲ 'ਚ ਗ਼ਦਰੀ ਕੇਂਦਰ ਸਥਾਪਤ ਕੀਤਾ ਹੋਇਆ ਸੀ।

ਇੱਥੇ ਹੋਈਆਂ ਗੰਭੀਰ ਵਿਚਾਰਾਂ ਉਪਰੰਤ ਭਾਈ ਰਤਨ ਸਿੰਘ ਦੀ ਡਿਊਟੀ ਵੱਖ-ਵੱਖ ਦੇਸ਼ਾਂ ਵਿੱਚ ਤਾਲਮੇਲ ਕਰਨ ਤੇ ਕੇਂਦਰਤ ਕੀਤੀ ਗਈ। ਭਾਈ ਸੰਤੋਖ ਸਿੰਘ ਭਾਰਤ ਵਿੱਚ ਦਾਖਲ ਹੁੰਦੇ ਫੜੇ ਗਏ। ਜੂਹਬੰਦੀ ਹੋਈ। ਜੂਹਬੰਦੀ ਟੁੱਟਣ ਉਪਰੰਤ ਉਹਨਾਂ ਨੇ ਅੰਮ੍ਰਿਤਸਰ ਤੋਂ 1926 ਵਿੱਚ 'ਕਿਰਤੀ' ਮਾਸਿਕ ਅਖ਼ਬਾਰ ਸ਼ੁਰੂ ਕੀਤਾ।

ਉਧਰ ਭਾਈ ਰਤਨ ਸਿੰਘ ਅਫ਼ਗਾਨਿਸਤਾਨ ਤੋਂ ਤੁਰਕੀ ਦੇ ਸ਼ਹਿਰ ਇਸੇ ਬੋਲ ਵਿੱਚ ਤੇਜਾ ਸਿੰਘ ਸੁਤੰਤਰ ਪਾਸ ਚਲੇ ਗਏ। ਕੁਝ ਦੇਰ ਬਾਅਦ ਉਹਨਾਂ ਨੇ ਜਰਮਨ ਜਾ ਕੇ ਬਰਲਿਨ ਨੂੰ ਆਪਣੀਆਂ ਸਰਗਰਮੀਆਂ ਦਾ ਮੁੱਖ ਧੁਰਾ ਬਣਾਇਆ। ਇੱਥੋਂ ਉਹ ਵਿਸ਼ੇਸ਼ ਮਿਸ਼ਨ ਲਈ ਅਮਰੀਕਾ ਪੁੱਜੇ ਜਿੱਥੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਗ਼ਦਰ ਪਾਰਟੀ ਨੇ ਹਜ਼ਾਰ ਡਾਲਰ ਜਮਾਨਤ ਭਰਕੇ ਉਹਨਾਂ ਨੂੰ ਛੁਡਵਾ ਲਿਆ। ਅਮਰੀਕਾ 'ਚੋਂ ਉਹਨਾਂ ਨੇ ਨਾਮਵਰ ਗ਼ਦਰੀ ਹਰਜਾਪ ਸਿੰਘ ਮਾਹਿਲਪੁਰ, ਸੰਤਾ ਸਿੰਘ ਗੰਡੀਵਿੰਡ, ਪ੍ਰੀਤਮ ਸਿੰਘ ਕਸੇਲ, ਕਰਮ ਸਿੰਘ ਧੂਤ ਅਤੇ ਪ੍ਰੇਮ ਸਿੰਘ ਚੂਹੜਚੱਕ ਨੂੰ, ਗ਼ਦਰ ਲਹਿਰ ਨੂੰ ਨਵੀਆਂ ਲੀਹਾਂ ਤੇ ਪਾਉਣ ਲਈ ਇਤਿਹਾਸਕ ਖੋਜ਼ਕਾਰੀ ਅਤੇ ਭਾਰਤੀ ਦਰਸ਼ਨ, ਸਮਾਜਕ ਬਣਤਰ ਦਾ ਅਧਿਐਨ ਕਰਨ ਲਈ ਮਾਸਕੋ ਦੀ ਈਸਟਰਨ ਯੂਨੀਵਰਸਿਟੀ ਭੇਜਿਆ।

ਭਾਈ ਰਤਨ ਸਿੰਘ ਲਗਾਤਾਰ ਇਹ ਯਤਨ ਕਰਦਾ ਰਹਿੰਦਾ ਸੀ ਕਿ ਗ਼ਦਰੀ ਸੰਗਰਾਮੀਆਂ ਨੂੰ ਰੂਸ ਲਿਜਾਣ ਦਾ ਪ੍ਰਬੰਧ ਕੀਤਾ ਜਾਵੇ। ਉਹਨਾਂ ਦੇ ਯਤਨਾਂ ਸਦਕਾ ਅਰਜਨਟੀਨਾ ਤੋਂ ਹੀ ਗ਼ਦਰੀਆਂ ਦੇ ਪੰਜ ਗਰੁੱਪ ਭੇਜੇ ਗਏ। ਇਹਨਾਂ ਵਿੱਚ ਭਗਤ ਸਿੰਘ ਬਿਲਗਾ, ਬੂਝਾ ਸਿੰਘ ਚੱਕ ਮਾਈਦਾਸ, ਰਤਨ ਸਿੰਘ ਘੋਲੀਆ ਖੁਰਦ ਆਦਿ ਵਰਨਣਯੋਗ ਹਨ। ਭਾਈ ਰਤਨ ਸਿੰਘ ਜਿਹੜੀ ਲਿਸਟ ਉਪਰ ਆਪਣੀ ਪ੍ਰਵਾਨਗੀ ਦੀ ਮੋਹਰ ਲਾਉਂਦੇ ਉਹਨਾਂ ਨੂੰ ਪੜ੍ਹਨ ਲਈ ਰੂਸ ਅੰਦਰ ਦਾਖਲਾ ਮਿਲਣ ਵਿੱਚ ਕੋਈ ਦਿੱਕਤ ਨਹੀਂ ਸੀ ਆਉਂਦੀ। ਉਹ ਗੁਪਤ ਢੰਗਾਂ ਰਾਹੀਂ ਭਾਰਤ ਪੁੱਜੇ। ਜਲੰਧਰ ਜ਼ਿਲ੍ਹੇ ਦੇ ਬਾਬਾ ਕਰਮ ਸਿੰਘ ਚੀਮਾ ਉਹਨਾਂ ਦਾ ਸੰਪਰਕ ਅੱਗੇ ਦੀ ਅੱਗੇ ਬਣਾਉਣ ਲਈ ਸੂਤਰਧਾਰ ਵਾਲੀ ਭੂਮਿਕਾ ਅਦਾ ਕਰਨ ਲੱਗੇ।

1927 ਵਿੱਚ ਉਹ ਫੇਰ ਹਿੰਦੋਸਤਾਨ ਤੋਂ ਯੂਰਪ ਚਲੇ ਗਏ। ਬੈਲਜੀਅਮ ਦੇ ਸ਼ਹਿਰ ਬਰੱਸਲਜ਼ ਵਿੱਚ 10 ਫਰਵਰੀ 1927 ਤੋਂ 15 ਫਰਵਰੀ 1927 ਤੱਕ 'ਲੀਗ ਅਗੇਨਸਟ ਇੰਪੀਰੀਅਲਿਜ਼ਮ' ਦੀ ਕਾਨਫਰੰਸ ਵਿੱਚ ਉਹਨਾਂ ਅਤੇ ਪ੍ਰੋ. ਬਰਕਤ ਉੱਲਾ ਨੇ ਭਾਗ ਲਿਆ।

ਬਰੱਸਲਜ ਕਾਨਫਰੰਸ ਉਪਰੰਤ ਉਹ ਚੀਨ ਪੁੱਜੇ। ਭਾਈ ਰਤਨ ਸਿੰਘ ਦੀ ਅਗਵਾਈ ਸਦਕਾ ਦਸੌਂਦਾ ਸਿੰਘ, ਚਰਨ ਸਿੰਘ ਧੁਲੇਤਾ ਅਤੇ ਇੰਦਰ ਸਿੰਘ ਟੂਟੋ ਮਜਾਰਾ ਨੇ ਮਾਰਚ 1927 ਵਿੱਚ ਚੀਨ ਦੇ ਸ਼ਹਿਰ ਹੰਕਓ ਤੋਂ 'ਹਿੰਦੋਸਤਾਨ ਗ਼ਦਰ ਢੰਡੋਰਾ' ਨਾਂਅ ਦਾ ਪੰਦਰਾਂ ਰੋਜ਼ਾ ਅਖ਼ਬਾਰ ਕੱਢਿਆ। ਇਸ ਅਖ਼ਬਾਰ ਰਾਹੀਂ ਚੀਨ 'ਚ ਵਸਦੇ ਪੰਜਾਬੀ ਅਤੇ ਹੋਰਨਾਂ ਕੌਮਾਂ ਤੱਕ ਵੀ ਗ਼ਦਰ ਦਾ ਸੁਨੇਹਾ ਪਹੁੰਚਾਉਣ ਦੀ ਵਿਧੀ ਬਣਾਈ ਗਈ। ਰਤਨ ਸਿੰਘ ਆਪ ਚੀਨ ਤੋਂ ਰੂਸ ਹੁੰਦੇ ਹੋਏ 1927 ਵਿੱਚ ਫੇਰ ਅਫਗਾਨਿਸਤਾਨ ਪਹੁੰਚ ਗਏ। ਉਧਰ ਚੀਨ ਅੰਦਰ 'ਗ਼ਦਰ ਢੰਡੇਰਾ' ਛਾਪਣ ਕਰਕੇ ਬਰਤਾਨਵੀਂ ਸਰਕਾਰ ਨੇ ਗ਼ਦਰੀਆਂ ਉਪਰ ਮੁਕੱਦਮੇ ਮੜ੍ਹ ਦਿੱਤੇ। ਭਾਈ ਰਤਨ ਸਿੰਘ ਫੇਰ ਚੀਨ ਪੁੱਜੇ। ਇੱਥੋਂ ਉਹ ਜਾਪਾਨ ਗਏ। ਜਾਪਾਨ ਦੀ ਹਕੂਮਤ ਨੇ ਉਹਨਾਂ ਉਪਰ 'ਕਮਿਊਨਿਸਟ ਹੋਣ ਦਾ ਦੋਸ਼' ਮੜ੍ਹਕੇ ਦੇਸ਼ ਨਿਕਾਲਾ ਦੇ ਦਿੱਤਾ। ਜਾਪਾਨ ਤੋਂ ਉਹ ਫਿਰ ਰੂਸ ਪੁੱਜੇ ਅਤੇ ਵਿਸ਼ੇਸ਼ ਕਾਨਫਰੰਸ ਅਤੇ ਹੋਰ ਸਰਗਰਮੀਆਂ ਵਿੱਚ ਭਾਗ ਲਿਆ।

ਬਰਾਜ਼ੀਲ ਵਿੱਚ ਹੀ 'ਪਗੜੀ ਸੰਭਾਲ ਜੱਟਾ ਲਹਿਰ' ਦੇ ਜਲਾਵਤਨ ਹੋਏ ਅਜੀਤ ਸਿੰਘ (ਭਗਤ ਸਿੰਘ ਦੇ ਚਾਚਾ) ਨਾਲ ਭਾਈ ਰਤਨ ਸਿੰਘ ਦੀ ਪਹਿਲੀ ਮੁਲਾਕਾਤ ਹੋਈ। ਅਰਜਨਟੀਨਾ ਵਿੱਚ ਉਹ ਭਗਤ ਸਿੰਘ ਬਿਲਗਾ ਨੂੰ ਮਿਲੇ ਜੋ ਕਿ ਇੱਥੋਂ ਦੀ ਗ਼ਦਰ ਪਾਰਟੀ ਦੇ ਸਕੱਤਰ ਸਨ। ਅਰਜਨਟੀਨਾ ਵਿੱਚ 'ਕਿਰਤੀ' ਅਖ਼ਬਾਰ ਨੇ ਗ਼ਦਰ ਲਹਿਰ ਦੀ ਤੰਦ ਜੋੜ ਕੇ ਰੱਖਣ 'ਚ ਅਹਿਮ ਭੂਮਿਕਾ ਨਿਭਾਈ। ਇੱਥੇ 'ਕਿਰਤੀ' ਦੀਆਂ ਕਾਪੀਆਂ ਪਹੁੰਚਿਆ ਕਰਦੀਆਂ ਸਨ। ਭਾਈ ਰਤਨ ਸਿੰਘ ਨੇ ਭਗਤ ਸਿੰਘ ਬਿਲਗਾ ਅਤੇ ਬਾਬਾ ਬੂਝਾ ਸਿੰਘ ਨਾਲ ਅਰਜਨਟੀਨਾ ਵਿੱਚ ਗ਼ਦਰ ਲਹਿਰ ਦੀ ਮੁੜ ਜੜ੍ਹ ਲਾਉਣ 'ਚ ਅਹਿਮ ਭੂਮਿਕਾ ਅਦਾ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਰਹੇ ਬਾਬਾ ਭਗਤ ਸਿੰਘ ਬਿਲਗਾ ਅਤੇ ਜਨਰਲ ਸਕੱਤਰ ਰਹੇ ਗੰਧਰਵ ਸੈਨ ਕੋਛੜ ਦੱਸਿਆ ਕਰਦੇ ਸਨ ਕਿ ਭਾਈ ਰਤਨ ਸਿੰਘ ਅਕਸਰ ਹੀ ਇਹ ਸਤਰਾਂ ਗੁਣਗੁਣਾਇਆ ਕਰਦੇ ਸਨ ਕਿ :

ਉੱਠ ਵਰਿਆਮਿਆਂ, ਉਏ ਸੁੱਤਿਆ ਸੰਭਾਲ ਪੱਗ

ਆਂਢੀਆਂ, ਗੁਆਂਢੀਆਂ ਨੂੰ ਨਾਲ ਹੀ ਉਠਾਲ ਲੈ

ਬਾਬਾ ਬਿਲਗਾ ਦਾ ਕਹਿਣਾ ਸੀ ਕਿ ਇਹ ਗੀਤ ਭਾਈ ਸਾਹਿਬ ਨਾਲ ਐਨਾ ਜੁੜਿਆ ਕਿ ਉਹਨਾਂ ਨੂੰ ਕਈ ਤਾਂ 'ਵਰਿਆਮਿਆਂ' ਕਹਿ ਕੇ ਹੀ ਬੁਲਾਇਆ ਕਰਦੇ ਸਨ।

ਭਾਈ ਰਤਨ ਸਿੰਘ ਦੇ ਰੁਤਬੇ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ 'ਸਾਮਰਾਜ ਵਿਰੋਧੀ ਕੌਮਾਂਤਰੀ ਲੀਗ' ਵਿੱਚ ਭਾਰਤ ਤੋਂ ਪਹਿਲਾਂ ਪੰਡਤ ਜਵਾਹਰ ਲਾਲ ਨਹਿਰੂ ਮੈਂਬਰ ਸੀ, ਫੇਰ ਉਹਨਾਂ ਦੀ ਥਾਂ ਭਾਈ ਰਤਨ ਸਿੰਘ ਨੂੰ ਉਸ ਲੀਗ ਵਿੱਚ ਨੁਮਾਇੰਦਗੀ ਦਿੱਤੀ।

ਭਾਈ ਰਤਨ ਸਿੰਘ ਦੀ ਅਹਿਮ ਭੂਮਿਕਾ ਹੈ ਕਿਰਤੀ ਕਿਸਾਨ ਪਾਰਟੀ ਦੀ ਨੀਂਹ ਰੱਖਣ 'ਚ। ਉਹਨਾਂ ਦੀ ਸੋਚ-ਉਡਾਰੀ ਦਾ ਪਤਾ ਉਹਨਾਂ ਦੀ ਲਿਖਤ ਦੇ ਟੁਕੜੇ ਤੋਂ ਹੀ ਲੱਗ ਜਾਂਦਾ ਹੈ। ਪੰਜਾਬ ਦੇ ਕਿਰਤੀਆਂ ਨੂੰ 1 ਅਪ੍ਰੈਲ 1928 ਨੂੰ ਯੂਰਪ ਤੋਂ 'ਕਿਰਤੀ' ਅਖ਼ਬਾਰ 'ਚ ਛਪਣ ਲਈ ਰਤਨ ਸਿੰਘ ਨੇ ਇਹ ਲਿਖਤ ਭੇਜੀ :

"ਜਦ ਤੱਕ ਸਾਰੀ ਦੁਨੀਆਂ ਦੇ ਕਿਰਤੀ ਇੱਕ-ਮਿੱਕ ਹੋ ਕੇ ਇਹਨਾਂ ਲਹੂ-ਪੀਣੇ ਸਰਮਾਏਦਾਰਾਂ ਦਾ ਟਾਕਰਾ ਨਹੀਂ ਕਰਦੇ, ਉਦੋਂ ਤੱਕ ਕਿਰਤੀਆਂ ਦੇ ਪੈਰਾਂ ਵਿੱਚ ਪਾਈਆਂ ਗ਼ੁਲਾਮੀ ਦੀਆਂ ਬੇੜੀਆਂ ਟੁੱਟਣੀਆਂ ਅਸੰਭਵ ਹਨ। ਸੰਸਾਰ ਦੇ ਪੂੰਜੀਪਤੀ ਲੋਕਾਂ ਦੀ ਰੱਤ ਸੜ੍ਹਾਕਣ ਦੇ ਮੁੱਦੇ ਤੇ ਇੱਕਮੁੱਠ ਹਨ। ਅਸੀਂ ਕਿਰਤੀ ਇੱਕ ਦੂਜੇ ਨੂੰ ਵੱਢ ਵੱਢ ਖਾਂਦੇ ਹਾਂ। ਹੁਣ ਕਿਰਤੀ ਇਹ ਗੱਲ ਸਮਝਣ ਲੱਗ ਪਏ ਹਨ। ਇਸ ਵਾਸਤੇ ਮੁਲਕ, ਧਰਮ, ਜਾਤ-ਪਾਤ, ਨਸਲ, ਰੰਗ ਦਾ ਭੇਦ-ਭਾਵ ਮਿਟਾ ਕੇ ਇੱਕ-ਮਿਕ ਹੋ ਰਹੇ ਹਨ। ਕੌਮਾਂਤਰੀ ਕਿਰਤੀ ਇਕੱਠ ਵਿੱਚ ਹੀ ਕਿਰਤੀਆਂ ਦੀ ਨਜ਼ਾਤ ਛੁਪੀ ਹੋਈ ਹੈ।

ਇਤਿਹਾਸ ਬੋਲਦਾ ਹੈ ਕਿ 1936

ਵਿੱਚ ਪੰਜਾਬ ਅੰਦਰ ਕਿਰਤੀ ਕਮਿਊਨਿਸਟ ਸਾਂਝੀ ਕਮੇਟੀ ਬਣਾਉਣ ਦੀ ਗੱਲ ਚੱਲ ਰਹੀ ਸੀ। ਇਸ ਗੱਲਬਾਤ ਬਾਰੇ ਸਲਾਹ ਮਸ਼ਵਰਾ, ਖ਼ਤੋ-ਖਿਤਾਬ ਬਾਬਾ ਗੁਰਮੁਖ ਸਿੰਘ ਲਲਤੋਂ, ਭਾਈ ਰਤਨ ਸਿੰਘ ਨਾਲ ਸਾਂਝਾ ਕਰਦਾ ਸੀ। ਬਾਬਾ ਗੁਰਮੁਖ ਸਿੰਘ ਜਦੋਂ ਅਕਤੂਬਰ 1936 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ ਵੇਲੇ ਉਹ ਭਾਈ ਰਤਨ ਸਿੰਘ ਨੂੰ ਹੀ ਚਿੱਠੀ ਪਾਉਣ ਡਾਕਖ਼ਾਨੇ ਗਿਆ ਸੀ।

ਲੰਬੇ ਅਰਸੇ ਤੋਂ ਸਰਗਰਮੀ ਨਾਲ ਕੰਮ ਕਰਦੀ ਆ ਰਹੀ ਇੰਡੀਅਨ ਵਰਕਰਜ਼ ਐਸੋਸ਼ੀਏਸ਼ਨ ਆਫ਼ ਗ੍ਰੇਟ ਬ੍ਰਿਟੇਨ ਦਾ ਇਤਿਹਾਸ ਫਰੋਲਦਿਆਂ ਪਤਾ ਲੱਗਦਾ ਹੈ ਕਿ ਇਸਦੀ ਸਿਰਜਣਾ 'ਚ ਭਾਈ ਰਤਨ ਸਿੰਘ ਹੋਰਾਂ ਦੀ ਆਗੂ ਇਤਿਹਾਸਕ ਭੂਮਿਕਾ ਹੈ।

ਭਾਈ ਰਤਨ ਸਿੰਘ ਦੀ ਪ੍ਰੇਰਨਾ ਨਾਲ 'ਇੰਡੀਅਨ ਵਰਕਰਜ਼ ਐਸੋਸ਼ੀਏਸ਼ਨ' ਦੀ ਆਧਾਰ ਸ਼ਿਲਾ ਰੱਖੀ। ਇਸ ਦੇ ਸੰਗਰਾਮੀਏ ਆਜ਼ਾਦੀ ਜੱਦੋਂ ਜਹਿਦ ਅਤੇ ਨਸਲਵਾਦ ਖਿਲਾਫ਼ ਡਟਣ ਦਾ ਬੇਹੱਦ ਸ਼ਾਨਦਾਰ ਇਤਿਹਾਸ ਰੱਖਦੇ ਹਨ। ਅੱਗੇ ਚੱਲਕੇ ਹੋਰਨਾਂ ਤੋਂ ਇਲਾਵਾ ਜਗਮੋਹਣ ਜੋਸ਼ੀ ਵਰਗਿਆਂ ਨੇ ਸੰਘਰਸ਼ ਅਤੇ ਕਾਵਿ ਖੇਤਰ 'ਚ ਸ਼ਾਨਦਾਰ ਕੰਮ ਕੀਤਾ।

ਜਰਮਨੀ ਵਿੱਚ ਹਿਟਲਰ ਸ਼ਾਹੀ ਨੇ ਸਿੰਗ ਮਿੱਟੀ ਚੁੱਕ ਲਈ ਸੀ। ਭਾਈ ਰਤਨ ਸਿੰਘ ਲਈ ਇੱਥੇ ਸਰਗਰਮੀ ਜਾਰੀ ਰੱਖਣਾ ਲੱਗਭੱਗ ਅਸੰਭਵ ਬਣ ਗਿਆ ਸੀ। ਹਾਲਾਤ ਦੇ ਮੱਦੇ ਨਜ਼ਰ ਉਹ ਬਰਲਿਨ ਤੋਂ ਪੈਰਿਸ ਆ ਗਏ। ਪੈਰਿਸ ਨੂੰ ਸਰਗਰਮੀਆਂ ਦਾ ਕੇਂਦਰ ਬਣਾਇਆ। ਵਿਸ਼ਵ ਯੁੱਧ ਦੌਰਾਨ ਜਰਮਨ ਫੌਜਾਂ ਨੇ ਫਰਾਂਸ ਤੇ ਚੜ੍ਹਾਈ ਕਰ ਦਿੱਤੀ। ਹਿਟਲਰ ਨੇ ਆਪਣੀਆਂ ਉਂਗਲਾਂ 'ਤੇ ਨੱਚਣ ਵਾਲੀ ਹਕੂਮਤ ਥਾਪ ਦਿੱਤੀ। ਇਸ ਹਕੂਮਤ ਨੇ ਭਾਈ ਰਤਨ ਸਿੰਘ ਨੂੰ 1914 ਵਿੱਚ ਟੋਅਲਨ ਦੀ ਬੰਦਰਗਾਹ ਤੋਂ ਫੜ ਲਿਆ। ਉਹਨਾਂ ਉੱਪਰ ਬੇਤਹਾਸ਼ਾ ਜ਼ਬਰ ਢਾਹਿਆ ਗਿਆ। ਭੁੱਖੇ ਤਿਹਾਏ ਰੱਖਿਆ ਗਿਆ। ਨਤੀਜੇ ਵਜੋਂ ਉਹਨਾਂ ਦੀ ਸਿਹਤ ਬਹੁਤ ਹੀ ਖਰਾਬ ਹੋ ਗਈ। ਆਪਣੇ ਹਾਲਾਤ ਬਾਰੇ ਉਹ ਇਕਬਾਲ ਸ਼ੈਦਾਈ ਨੂੰ ਦੱਸਣ 'ਚ ਕਾਮਯਾਬ ਹੋ ਗਏ। ਉਹਨਾਂ ਨੇ ਵਿਸ਼ੇਸ਼ ਉਦਮ ਕਰਕੇ ਭਾਈ ਰਤਨ ਸਿੰਘ ਨੂੰ ਇਟਲੀ ਫੌਜ ਦੀ ਵਰਦੀ ਪੁਆ ਕੇ ਫਰਾਂਸ ਤੋਂ ਕੱਢਕੇ ਇਟਲੀ ਲਿਆਂਦਾ।

ਭਾਈ ਰਤਨ ਸਿੰਘ ਨੂੰ ਇਟਲੀ 'ਚ ਗੁਪਤ ਰੱਖਿਆ ਗਿਆ। ਉਹ ਕੋਈ ਢਾਈ ਸਾਲ ਇਟਲੀ ਵਿੱਚ ਰਹੇ। ਇਕਬਾਲ ਸ਼ੈਦਾਈ ਅਤੇ ਚਾਚਾ ਅਜੀਤ ਸਿੰਘ ਨਾਲ ਉਹਨਾਂ ਦੀਆਂ ਵਿਚਾਰਾਂ ਹੁੰਦੀਆਂ ਰਹੀਆਂ। ਅਜੀਤ ਸਿੰਘ ਰਾਹੀਂ ਰੋਮ ਵਿੱਚ ਭਾਈ ਰਤਨ ਸਿੰਘ 6 ਜੂਨ 1941 ਨੂੰ ਸੁਭਾਸ਼ ਚੰਦਰ ਬੋਸ ਨੂੰ ਮਿਲੇ। ਦੋਨਾਂ ਨੇ ਮੁਲਕ ਦੀ ਆਜ਼ਾਦੀ ਅਤੇ ਇਨਕਲਾਬ ਦੇ ਰਾਹ, ਸੰਗੀਆਂ ਸਾਥੀਆਂ ਬਾਰੇ ਵਿਚਾਰਾਂ ਕੀਤੀਆਂ। ਰਤਨ ਸਿੰਘ ਦਾ ਦ੍ਰਿੜ ਵਿਚਾਰ ਸੀ ਕਿ ਮੁਲਕ ਦੀ ਕਾਇਆ ਪਲਟੀ, ਸੱਚੀ ਆਜ਼ਾਦੀ ਲਈ ਅਤੇ ਸਾਂਝੀਵਾਲ ਪ੍ਰਬੰਧ ਦੀ ਸਥਾਪਤੀ ਕਰਨ ਲਈ ਸਭ ਤੋਂ ਸ਼ਕਤੀਸ਼ਾਲੀ ਤਾਕਤ ਕਿਰਤੀ ਕਿਸਾਨ ਹਨ। ਇਹਨਾਂ ਨੂੰ ਸੂਝਵਾਨ ਕਰਨਾ, ਜੱਥੇਬੰਦ ਕਰਨਾ, ਇਹਨਾਂ ਹੱਥ ਅਗਵਾਈ ਦੇਣਾ ਅਤੇ ਇਹਨਾਂ ਦੀ ਪੁੱਗਤ ਵਾਲਾ ਨਵਾਂ ਸਮਾਜ ਸਿਰਜਣਾ ਹੀ ਅਸਲ 'ਚ ਤਰੱਕੀ, ਖੁਸ਼ਹਾਲੀ, ਨਿਆਂ ਅਤੇ ਬਰਾਬਰੀ ਦਾ ਰਾਹ ਹੈ।

ਅਗਸਤ 1943 ਵਿੱਚ ਉਹ ਸਖ਼ਤ ਬਿਮਾਰ ਹੋ ਗਏ। ਉਹ ਜਿਗਰ ਦੀ ਨਾ-ਮੁਰਾਦ ਬਿਮਾਰੀ ਤੋਂ ਪੀੜਤ ਸਨ। ਇਟਲੀ 'ਚ ਰੋਮ ਦੇ ਮਿਸ਼ਨਰੀ ਹਸਪਤਾਲ 'ਚ ਉਹਨਾਂ ਨੂੰ ਦਾਖਲ ਕਰਵਾਇਆ ਗਿਆ। ਇਸ ਨਾਮਾਲੂਮ ਹਸਪਤਾਲ 'ਚ ਹੀ ਉਹ ਦਮ ਤੋੜ ਗਏ। ਗ਼ਦਰ ਲਹਿਰ ਦੇ ਕੌਮਾਂਤਰੀ ਹੀਰੇ, ਗ਼ਦਰ ਅਤੇ ਆਜ਼ਾਦੀ ਸੰਗਰਾਮ ਨੂੰ ਇਨਕਲਾਬੀ ਅਤੇ ਸਾਂਝੀਵਾਲਤਾ ਵਿਚਾਰਾਂ ਵੱਲ ਲਿਜਾਣ ਦੀ ਅਮਿਟ ਇਤਿਹਾਸਕ ਭੂਮਿਕਾ ਅਦਾ ਕਰਨ ਵਾਲੇ ਯੋਧੇ, ਭਾਈ ਰਤਨ ਸਿੰਘ ਦੇ ਸੰਗਰਾਮੀ ਜੀਵਨ ਦੀਆਂ ਅਮੁੱਲੀਆਂ ਬਹੁ-ਪਰਤਾਂ ਹਨ। ਜਿਹਨਾਂ ਉਪਰ ਗੰਭੀਰ ਅਤੇ ਗਹਿਰੀ ਖੋਜ਼ ਦਾ ਕਾਰਜ਼ ਜਿੰਨਾਂ ਵੀ ਕਰ ਲਈਏ ਓਨਾ ਹੀ ਥੋੜ੍ਹਾ ਹੈ।

-ਸੰਪਰਕ: 98778 68710

# ਕਲਮ, ਕਲਾ, ਸੰਗਰਾਮ ਦੀ ਸਰਗਮ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ

**-ਅਮੋਲਕ ਸਿੰਘ**

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੇ ਪਰਿਵਾਰ ਕੋਲ ਸੂਰਜਮੁਖੀ ਜਾਂ ਸਰ੍ਹੋਂ ਦੇ ਫੁੱਲਾਂ ਲਈ ਭਾਵੇਂ ਇੱਕ ਗਿੱਠ ਜ਼ਮੀਨ ਨਹੀਂ ਪਰ ਇਸਦੇ ਮੁਖੀਏ ਅਮਰਜੀਤ ਪ੍ਰਦੇਸੀ ਅਤੇ ਸਵਰਨ ਧਾਲੀਵਾਲ ਦੀਆਂ ਜੀਵਨ ਸਾਥਣਾ, ਮਨਜੀਤ ਕੌਰ ਅਤੇ ਗੁਰਦੀਪ ਕੌਰ ਆਪਣੇ ਸਭੇ ਪੁੱਤਰਾਂ ਨੂੰ ਫੁੱਲਾਂ ਤੋਂ ਵੱਧ ਪਿਆਰ ਕਰਦੀਆਂ, ਮੱਥੇ ਚੁੰਮਦੀਆਂ, ਕੰਮੀਆਂ ਦੇ ਵਿਹੜਿਆਂ ਅਤੇ ਮਘਦੇ ਘੋਲ਼-ਅਖਾੜਿਆਂ ਵੱਲ ਗਾਇਕੀ ਲਈ ਵਿਦਾ ਕਰਦੀਆਂ ਹਨ।

ਉਹ ਕੋਈ ਹੋਰ ਹੋਣਗੇ ਜਿਨ੍ਹਾਂ ਦੇ ਖ਼ੂਨ ਪਾਣੀ ਬਣ ਜਾਣ ਦੀਆਂ ਬਾਤਾਂ ਸੁਣਾਈ ਦਿੰਦੀਆਂ ਰਹਿੰਦੀਆਂ ਨੇ। ਜਿਹੜੇ ਪਰਿਵਾਰ, ਸ਼ਬਦਾਂ, ਗੀਤਾਂ, ਕਵੀਸ਼ਰੀਆਂ ਅਤੇ ਰੰਗ ਮੰਚ ਦੀ ਖੇਤੀ ਕਰਦੇ ਨੇ, ਉਨ੍ਹਾਂ ਦਾ ਖ਼ੂਨ ਸਦਾ ਲੋਕਤਾ ਦੇ ਦਰਦ ਅਤੇ ਸੰਗਰਾਮ ਦੀ ਬੀਰ-ਗਾਥਾ ਗਾਉਂਦਾ ਰਹਿੰਦਾ ਹੈ।

ਆਪਣੇ ਬੱਚਿਆਂ ਨੂੰ ਸਕੂਲੇ, ਕਾਲਜ ਜਾਂ ਕੰਮ 'ਤੇ ਤੋਰਨ ਲਈ ਤਾਂ ਮਾਵਾਂ ਸਭ ਤੋਂ ਪਹਿਲਾਂ ਸਰਘੀ ਵੇਲੇ ਉੱਠਕੇ ਚਾਹ, ਰੋਟੀ ਆਦਿ ਦਾ ਕੰਮ ਕਰਦੀਆਂ ਹੀ ਨੇ ਪਰ ਉਹ ਰਸੂਲਪੁਰ ਦੀ ਧਰਤੀ ਦੀਆਂ ਮਹਾਨ ਮਾਵਾਂ ਨੇ ਜੋ ਆਪਣੇ ਲਾਲਾਂ ਦੀ ਹਰ ਲੋੜ ਪੂਰੀ ਕਰਕੇ, ਸੁੱਤੇ ਲੋਕਾਂ ਨੂੰ ਜਗਾਉਣ, ਹਨੇਰੇ ਮਨਾਂ ਨੂੰ ਰੁਸ਼ਨਾਉਣ ਲਈ ਗਾਉਣ ਤੋਰਦੀਆਂ ਨੇ। ਇਹ ਮਾਵਾਂ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੀਆਂ ਮਾਵਾਂ ਨੇ। ਸਵਰਨ ਧਾਲੀਵਾਲ ਦੀ ਜੀਵਨ ਸਾਥਣ ਗੁਰਦੀਪ ਕੌਰ ਆਪਣੇ ਤਿੰਨੇ ਪੁੱਤਰਾਂ, ਰੁਪਿੰਦਰ, ਹਰਵਿੰਦਰ ਅਤੇ ਰਾਜਿੰਦਰ ਨੂੰ ਗਾਉਣ ਇਉਂ ਤੋਰਦੀ ਹੈ ਜਿਵੇਂ ਕਵੀਸ਼ਰੀ ਦੇ ਲਾੜੇ ਅਤੇ ਸਰਵਾਲੇ ਚਾਵਾਂ ਨਾਲ ਤੋਰਦੀ ਹੋਵੇ। ਚਾਰ ਪੁੱਤਰਾਂ ਦੀ ਕਥਾ ਬੀਤੇ ਸਮਿਆਂ ਦੀ ਹੀ ਨਹੀਂ ਇਸ ਜੱਦੀ ਘਰ ਵਿੱਚੋਂ ਅੱਜ ਵੀ ਸਭੇ ਪੁੱਤਰ ਅਤੇ ਉਹਨਾਂ ਦੇ ਪਿਤਾ ਇੱਕੋ ਕਵੀਸ਼ਰੀ ਜੱਥੇ ਦਾ ਮਾਣ-ਮੱਤਾ ਸਿਰਨਾਵਾਂ ਹਨ।

ਇੱਕ ਪਲ ਕਈ ਵਾਰ ਤੁਹਾਡੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਜ਼ਿੰਦਗੀ ਦਾ ਨਵਾਂ ਮਾਰਗ ਸਿਰਜ ਦਿੰਦਾ ਹੈ। ਮਰਹੂਮ ਹਾਕਮ ਸਿੰਘ ਗਾਲਿਬ ਕਲਾਂ ਬਿਜਲੀ ਕਾਮਾ ਸੀ। ਖੰਭੇ ਗੱਡਦੇ, ਬਿਜਲੀ ਦੀਆਂ ਤਾਰਾਂ ਖਿੱਚਦੇ। 'ਜੋਰ ਲਗਾ ਦੇ, ਹਈ ਸਾਅ' ਦੀ ਸੁਰ ਤੋਂ ਹੀ ਅੰਦਾਜ਼ਾ ਲਗਾ ਲੈਂਦੇ ਕਿ ਬਿਜਲੀ ਕਾਮਿਆਂ ਦੀ ਜੱਥੇਬੰਦੀ ਵਿੱਚ ਕੌਣ ਗਰਜਵੇਂ ਨਾਅਰੇ ਲਾਉਣ, ਕੌਣ ਸੁਰ ਵਿੱਚ ਗਾਣੇ ਸੁਣਾਉਣ ਦੇ ਕਾਬਲ ਹੈ। ਅਮਰਜੀਤ ਪ੍ਰਦੇਸੀ ਰਸਲੂਪੁਰੀ ਵੀ ਬਿਜਲੀ ਕਾਮਾ ਸੀ। ਉਸਤੇ ਹਾਕਮ ਗਾਲਿਬ ਦੀ ਐਸੀ ਨਜ਼ਰ ਪਈ ਉਹ ਅਮਰਜੀਤ ਨੂੰ ਰੈਲੀਆਂ 'ਤੇ ਗਾਉਣ ਦੀ ਹੱਲਾਸੇਰੀ ਦਿੰਦੇ ਤਾਂ ਪ੍ਰਦੇਸੀ ਦੇ ਸੰਗ ਹਵਾਵਾਂ ਵੀ ਗੀਤ ਗਾਉਂਦੀਆਂ। ਪ੍ਰਦੇਸੀ ਸੋਲੋ ਗੀਤ ਹੀ ਗਾਉਂਦਾ ਸੀ।

ਪਿੰਡ ਭਰੋਵਾਲ ਸਮਾਗਮ 'ਤੇ ਪਲਸ ਮੰਚ ਦੇ ਆਗੂ ਇਹਨਾਂ ਸ਼ਬਦਾਂ ਦੇ ਲੇਖਕ ਨੇ ਨਿੱਕੜੇ ਜਿਹੇ ਸਵਰਨ ਧਾਲੀਵਾਲ ਨੂੰ ਰੱਜਵਾਂ ਪਿਆਰ ਦੇ ਕੇ ਸਟੇਜ 'ਤੇ ਪਹਿਲੀ ਵਾਰ ਚਾੜ੍ਹਿਆ। ਅਜੇਹੀ ਬੁੱਕਲ ਵਿੱਚ ਲਿਆ ਉਹ ਦ੍ਰਿਸ਼ ਅੱਜ ਵੀ ਮਨ 'ਤੇ ਉੱਕਰਿਆ ਹੋਇਆ ਹੈ। ਅੱਜ ਹੋਰ ਕੱਲ੍ਹ ਹੋਰ ਦੋਵੇਂ ਭਰਾ ਅਮਰਜੀਤ ਪ੍ਰਦੇਸੀ ਅਤੇ ਸਵਰਨ ਧਾਲੀਵਾਲ ਨੇ ਕਲਮ ਵੀ ਚੁੱਕੀ ਅਤੇ ਹੇਕ ਵੀ। ਲੋਕ ਸਾਹ ਰੋਕਕੇ ਸੁਣਨ ਲੱਗੇ।

ਸਵਰਨ ਧਾਲੀਵਾਲ ਹੋਰਾਂ ਦੇ ਚਾਚਾ ਬਚਿੱਤਰ ਸਿੰਘ ਹੋਰਾਂ ਮੁੱਖ ਤੌਰ 'ਤੇ ਧਾਰਮਿਕ ਗਾਇਨ ਕਰਿਆ ਕਰਦੇ। ਉਹਨਾਂ ਨਾਲ ਹਰਦੀਪ, ਸੁਖਦੇਵ ਅਤੇ ਗੁਰਮੇਲ ਸਿੰਘ ਸਾਜਾਂ 'ਤੇ ਸਾਥ ਦਿਆ ਕਰਦੇ। ਅੱਗੇ ਚੱਲਕੇ ਸਵਰਨ ਧਾਲੀਵਾਲ ਅਤੇ ਅਮਰਜੀਤ ਪ੍ਰਦੇਸੀ ਗਾਇਨ ਮੰਡਲੀ ਦੀ ਅਗਵਾਈ ਕਰਦੇ ਅਤੇ ਹਰਦੀਪ, ਸੁਖਦੇਵ, ਗੁਰਮੇਲ ਸੰਗਤ ਕਰਦੇ। ਇਹ ਮੰਡਲੀ ਚੰਗੀ ਛਾਈ ਰਹੀ। ਸਫ਼ਰ 'ਤੇ ਤੁਰਦਿਆਂ ਕਹੀਆਂ ਬਣਾਉਣ ਦਾ ਕਾਰੀਗਰ ਨਿਰਮਲ ਸਿੰਘ ਨਿੰਮਾ ਅਤੇ ਮਜ਼ਦੂਰੀ ਕਰਦਾ ਅਮਰਜੀਤ ਸਿੰਘ ਵੀ ਇਸ ਜੱਥੇ ਦੀ ਸੁਰ-ਸੰਗੀਤ ਭਰੀ ਮਾਲਾ ਦੇ ਮਣਕੇ ਬਣੇ। ਅਮਰਜੀਤ ਪ੍ਰਦੇਸੀ ਦਾ ਬੇਟਾ ਅਮਨ ਪਰਵਾਜ਼, ਅਵਤਾਰ ਤਾਰੀ ਪੇਂਡੂ ਮਜ਼ਦੂਰ ਯੂਨੀਅਨ ਦਾ ਆਗੂ (ਸਵਰਨ ਧਾਲੀਵਾਲ, ਅਮਰਜੀਤ ਪ੍ਰਦੇਸੀ ਦਾ ਭਰਾ) ਦਾ ਪੁੱਤ



ਖੁਸ਼ਵਿੰਦਰ ਸਿੰਘ ਰਵੀ ਲੋਕਾਂ ਵਿੱਚ ਚਾਨਣ ਦਾ ਛੱਟਾ ਦੇਣ ਲਈ ਜੱਥੇ ਦੇ ਅੰਗ-ਸੰਗ ਰਹੇ। ਅਵਤਾਰ 'ਤਾਰੀ' ਦਾ ਬੇਟਾ ਮਨਦੀਪ ਧਾਲੀਵਾਲ ਲੰਮਾ ਸਮਾਂ ਜੱਥੇ ਵਿੱਚ ਗਾਉਂਦਾ ਰਿਹਾ ਜੋ ਅੱਜ ਕੱਲ੍ਹ ਗਾਉਣ ਦੇ ਨਾਲ ਨਾਲ, 'ਦੁਨੀਆਂ' ਯੂ. ਟਿਊਬ ਚੈਨਲ 'ਤੇ ਵੀ ਸੇਵਾਵਾਂ ਨਿਭਾ ਰਿਹਾ ਹੈ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੇ ਗੀਤਾਂ ਦੀਆਂ ਦੋ ਕਿਤਾਬਾਂ 'ਗੀਤ ਕਾਮਿਆਂ ਦੇ', 'ਗੀਤ ਮਜ਼ਦੂਰਾਂ ਦੇ' ਨਾਮ ਤੇ ਛਪੀਆਂ। ਹਰ ਪੜ੍ਹਦੇ ਸੁਣਦੇ ਨੂੰ ਉਹਨਾਂ ਦੀ ਸਨਿਗਰ ਬੇਨਤੀ ਹੈ ਕਿ ਜੇ ਕਿਸੇ ਕੋਲ ਕਾਪੀ ਹੋਵੇ ਤਾਂ ਸਾਡੇ ਧਿਆਨ ਵਿੱਚ ਜ਼ਰੂਰ ਲਿਆਵੇ। ਉਹਨਾਂ ਦੀ ਆਰਥਿਕ ਤੰਗੀਆਂ ਦੀ ਪੀੜ, ਕਾਲਜੇ ਸੱਲ ਕਰਦੀ ਹੈ ਕਿ ਜਿਸ ਕਿਸੇ ਨੇ ਛਪਵਾਈਆਂ ਸੀ ਉਹਨਾਂ ਨੂੰ ਪਤਾ ਹੋਏਗਾ ਸਾਡੇ ਕੋਲ ਤਾਂ ਇੱਕ ਵੀ ਕਾਪੀ ਨਹੀਂ।

ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਆਡੀਓ ਸੀ.ਡੀ.ਇਨਕਲਾਬੀ ਕਵੀਸਰੀ ਨਿਰੋਲ ਕਵੀਸਰੀ ਜੱਥਾ ਰਸੂਲਪੁਰ ਦੀ ਰਚਨਾ ਉਹਨਾਂ ਦੀ ਹੀ ਆਵਾਜ਼ ਵਿੱਚ ਸਟੂਡੀਓ ਰਿਕਾਰਡਿੰਗ ਹੋਈ। ਜਿਸਨੂੰ ਭਰਪੂਰ ਹੁੰਗਾਰਾ ਮਿਲਿਆ।

'ਗੀਤ ਚਿਰਾਗ਼ਾਂ ਦੇ' ਅਤੇ 'ਕਿੱਥੇ ਹੈ ਰਾਤ ਦੇ ਚੰਨ' ਮੇਰੇ ਦੁਆਰਾ ਸੰਪਾਦਿਤ ਪੁਸਤਕਾਂ ਵਿੱਚ ਸਵਰਨ ਧਾਲੀਵਾਲ ਦੇ ਲਿਖੇ ਗੀਤ ਸ਼ਾਮਲ ਕੀਤੇ ਗਏ ਹਨ। ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਪੇਸ਼ ਹੁੰਦੇ 'ਝੰਡੇ ਦੇ ਗੀਤ' ਵਿੱਚ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਦੀ ਆਵਾਜ਼ ਵਿੱਚ ਇਹ ਬੋਲ ਰਿਕਾਰਡ ਹੋਏ :

**ਬਾਬੇ ਨਾਨਕ ਦੀ ਧਰਤੀ ਤੇ**
**ਫਿਰ ਬਾਬਰ ਚੜ੍ਹ ਆਏ ਨੇ**
**ਅੱਜ ਦੇ ਡਾਇਰਾਂ ਜ਼ਲ੍ਹਿਆਂਵਾਲੇ**
**ਥਾਂ ਥਾਂ ਫੇਰ ਬਣਾਏ ਨੇ।**

ਲਾਲ ਸਿੰਘ ਬੱਧਨੀ ਕਲਾਂ ਦੀ ਰਚਨਾ 'ਕਿਰਤ ਦਾ ਰਾਗ' ਤੋਂ ਇਲਾਵਾ 'ਅੰਬਰਾਂ 'ਤੇ ਪੈੜਾਂ' ਨਾਮੀ ਕੈਸਿਟਾਂ, ਲੋਕ ਸਾਹਿਤ ਦੀ ਝੋਲੀ ਪਾਈਆਂ।

ਗੁਰਸ਼ਰਨ ਭਾਅ ਜੀ, ਪ੍ਰੋ. ਅਜਮੇਰ ਸਿੰਘ ਔਲਖ ਅਤੇ ਪ੍ਰੋ. ਗੁਰਦਿਆਲ ਸਿੰਘ ਹੋਰਾਂ ਦੇ ਸਨਮਾਨ ਮੌਕੇ ਅਹਿਮ ਪਲਾਂ 'ਤੇ ਇਸ ਕਵੀਸ਼ਰੀ ਜੱਥੇ ਨੇ ਆਪਣੀਆਂ ਕਵੀਸ਼ਰੀਆਂ ਨਾਲ ਨਿਵੇਕਲਾ ਰੰਗ ਭਰਿਆ।

ਬੀਤੇ 40 ਵਰ੍ਹਿਆਂ ਤੋਂ ਪਲਸ ਮੰਚ ਦੇ ਸੂਬਾਈ ਸਮਾਗਮਾਂ, ਗ਼ਦਰੀ ਬਾਬਿਆਂ ਦੇ 30 ਵਰ੍ਹੇ ਤੋਂ ਲੱਗਦੇ ਮੇਲੇ, ਖਟਕੜ ਕਲਾਂ, ਪਾਸ਼ ਦੇ ਪਿੰਡ ਤਲਵੰਡੀ ਸਲੇਮ, ਸ਼ਹੀਦ ਬਲਦੇਵ ਮਾਨ ਸ਼ਰਧਾਂਜਲੀ ਸਮਾਗਮ ਪਿੰਡ ਕੁੱਕੜਾਂ ਵਾਲਾ, ਦਿੱਲੀ ਮੋਰਚਾ, ਪੰਜਾਬ ਅੰਦਰ ਲੱਗੇ ਕਿਸਾਨ ਮੋਰਚਿਆਂ ਦੇ ਹੋਏ ਲੱਖਾਂ ਮਰਦਾਂ ਔਰਤਾਂ ਦੇ ਇਤਿਹਾਸਕ ਸਮਾਗਮ ਮੌਕੇ ਇਨਕਲਾਬੀ ਕਵੀਸ਼ਰੀ ਜੱਥੇ ਦੀ ਗਾਇਕੀ ਨੂੰ ਮਾਣਮੱਤਾ ਸਥਾਨ ਮਿਲਦਾ ਹੈ।

ਵੈਸੇ ਤਾਂ ਉਹਨਾਂ ਦੀ ਹਰ ਰਚਨਾ ਹੀ ਮਿੱਟੀ, ਇਤਿਹਾਸ, ਵਿਰਾਸਤ, ਲੋਕ ਪੀੜਾ, ਲੋਕ-ਸੰਗਰਾਮ ਅਤੇ ਲੋਕ ਮੁਕਤੀ ਨੂੰ ਪ੍ਰਨਾਈ ਹੋਈ ਹੈ। ਜੇ ਕਿਣਕਾ ਮਾਤਰ ਵੀ ਪਾਠਕਾਂ ਨਾਲ ਸਾਂਝਾ ਕਰੀਏ ਤਾਂ ਵੀ ਲਿਖਤ ਦਾ ਵਿਸਥਾਰ ਹੋਣ ਦਾ ਖ਼ਦਸਾ ਹੈ। ਚੰਦ ਕੁ ਸਤਰਾਂ ਹੀ ਸਾਂਝੀਆਂ ਕਰਨਾ ਚਾਹਾਂਗਾ :

**ਖਾ ਹਿੱਸਾ ਕੁੱਲੀਆਂ ਦਾ ਵਧ ਰਹੇ ਮੁਨਾਰੇ ਨੇ**
**ਸਾਡੇ ਹਿੱਸੇ ਦੇ ਪਾਣੀ ਵੀ ਖਾਰੇ ਨੇ**
**ਖੁੱਸ ਰਿਹਾ ਬੁਢਾਪੇ ਤੋਂ ਸਹਾਰਾ ਸੋਟੀ ਦਾ**
**ਕਦ ਤੱਕ ਲੱਗਦਾ ਰਹਿਣਾ, ਤੈਨੂੰ ਲਾਰਾ ਰੋਟੀ ਦਾ**

-0-

**ਫੁੱਲਾਂ ਵਾਂਗੂੰ ਰਹਿਣਾ ਜੀਣ ਦਾ ਸਲੀਕਾ ਹੈ**
**ਤੇਰੇ ਚਾਵਾਂ ਖੁਸ਼ੀਆਂ ਨਾਲ ਕੀ ਸਰੀਕਾ ਹੈ**
**ਸੋਚੋ ਇਹ ਸਵਾਲ 'ਕੱਠੇ ਹੋ ਕੇ ਕਾਮਿਓਂ**
**ਤੀਰ ਬਣ ਜਾਇਓ ਕੁਲੀਆਂ ਦੇ ਕਾਨਿਓਂ**

-0-

**ਜਿਹੜੇ ਮੁਲਕ ਵਿੱਚ ਲੋਕ**
**ਵਿਰੋਧੀ ਕਾਲ਼ੇ ਬਣਨ ਕਾਨੂੰਨ**
**ਕਿਰਤੀ ਹੈ,**
**ਖ਼ੁਦਕੁਸ਼ੀਆਂ ਕਰਦਾ ਮਿਲਦਾ ਨਹੀਂ ਸਕੂਨ**
**ਲੜਦੇ ਮੋਰਚਿਆਂ ਵਿੱਚ ਵਿਛੜੇ**
**ਉਹਨਾਂ ਨੂੰ ਪ੍ਰਣਾਮ!**
**ਖੇਤਾਂ ਦੀ ਰਾਖੀ ਲਈ ਹੋ ਗਏ**
**ਅੰਨਦਾਤੇ ਕੁਰਬਾਨ!**

-0-

**ਵਿੱਚ ਚੌਂਕ ਚਾਂਦਨੀ ਦੇ,**
**ਤੇਗ ਬਹਾਦਰ ਕਿਉਂ ਲਲਕਾਰੇ**
**ਸੱਚ ਦੇਗ਼ ਵਿੱਚ ਉੱਬਲ ਪਏ,**
**ਸਿਰ ਤੇ ਸਹਿ ਜਾਂਦੇ ਨੇ ਆਰੇ**
**ਕਦੇ ਸੂਰਜ ਮਰਦਾ ਨਾ ਲਾ**
**ਲਿਆ ਜ਼ੋਰ ਕਾਲ਼ੀਆਂ ਰਾਤਾਂ**
**ਕੱਟਿਆ ਤਾਂ ਜਾ ਸਕਦਾ ਛੱਡ ਦੇ**
**ਸਿਰ ਝੁਕਣੇ ਦੀਆਂ ਬਾਤਾਂ**

-0-

ਮਜ਼ਦੂਰ ਕੋਠਿਆਂ ਵਿੱਚ ਜਾਇਆ ਨੇ ਦਾਣਾ ਮੰਡੀਆਂ, ਵੰਨ-ਸੁਵੰਨੀ ਮਜ਼ਦੂਰੀ ਦੇ ਤੰਦੂਰਾਂ ਵਿੱਚ ਤਪਦੀ ਜ਼ਿੰਦਗੀ ਤੇ ਤਲਖ਼ ਤਜ਼ੱਰਬਿਆਂ ਨੂੰ ਗੀਤਕਾਰੀ ਅਤੇ ਗਾਇਨ ਦੇ ਮਾਧਿਅਮ ਰਾਹੀਂ ਬਹੁਤ ਹੀ ਦਿਲਕਸ਼ ਅਤੇ ਹਲੂਣਵੇਂ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਸੁਰੀਲੀ, ਮਖ਼ਮਲੀ, ਬੁਲੰਦ ਆਵਾਜ਼ਾਂ ਦੇ ਮਾਲਕਾਂ ਨੇ ਸੋਚ ਵਿਚਾਰਕੇ ਸਾਜ਼ਾਂ ਦੀ ਬਜਾਏ ਕਵੀਸ਼ਰੀ ਦਾ ਮਾਧਿਅਮ ਚੁਣਿਆ। ਉਹਨਾਂ ਪੱਕਾ ਵਿਚਾਰ ਬਣਾਇਆ ਕਿ ਦੱਬੇ ਕੁਚਲੇ ਲੋਕਾਂ ਵਿੱਚ ਜਿਵੇਂ ਗੁਰਸ਼ਰਨ ਭਾਅ ਜੀ, ਪ੍ਰੋ. ਅਜਮੇਰ ਸਿੰਘ ਔਲਖ ਅਤੇ ਉਹਨਾਂ ਦੇ ਵਾਰਸ ਗਰੀਬ ਰੰਗ ਮੰਚ ਦੀ ਅਮੀਰ ਪਰੰਪਰਾ ਬੁਲੰਦ ਰੱਖ ਰਹੇ ਹਨ ਇਉਂ ਹੀ ਕਫ਼ਾਇਤੀ ਗਾਇਕੀ ਲਈ ਸਾਜਿੰਦਿਆਂ ਤੋਂ ਬਿਨਾਂ, ਕਵੀਸ਼ਰੀ ਰੰਗ ਲਿਜਾਣ ਨੂੰ ਤਰਜੀਹ ਦਿੱਤੀ।

ਅਜੇਹੀ ਗੁਣਵੰਤੀ, ਕਲਾਵੰਤੀ, ਲੋਕ ਮੁਕਤੀ ਕਾਜ਼ ਨੂੰ ਪ੍ਰਨਾਣੀ ਟੀਮ ਨੂੰ ਮਿੱਠਾ ਮਿੱਠਾ, ਨਿੱਘਾ ਨਿੱਘਾ ਥੋੜ੍ਹੀ ਜਿਹੀ ਚੋਭ ਮਾਰਵਾਂ ਗਿਲਾ ਹੈ ਕਿ ਬਿਨਾਂ ਸ਼ੱਕ ਸਾਨੂੰ ਲੋਕਾਂ ਨੇ ਰੱਜਵਾਂ ਪਿਆਰ ਦਿੱਤਾ ਹੈ ਪਰ ਅਜੋਕੀ ਲੋਕ ਗਾਇਕੀ, ਲੋਕ ਜੀਵਨ ਦਾ ਅਟੁਟ ਹਿੱਸਾ ਕਿਵੇਂ ਬਣੇ ਇਸ ਪਾਸੇ ਵੱਲ ਬਣਦੀ ਤਵੱਜੋਂ ਨਹੀਂ ਦਿੱਤੀ ਜਾਂਦੀ। ਉਹਨਾਂ ਦਾ ਸਪੱਸ਼ਟ ਵਿਚਾਰ ਹੈ ਕਿ ਜਿਵੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਆਪਣੀ ਮੰਚ/ਮੋਰਚਿਆਂ ਤੇ ਸਾਹਿਤ, ਕਲਾ ਅਤੇ ਸਭਿਆਚਾਰ ਦਾ ਮਹੱਤਵ ਸਮਝਕੇ ਥਾਂ ਦਿੰਦੀ ਹੈ ਜੇ ਸਮੂਹ ਮਿਹਨਤਕਸ਼ ਤਬਕਿਆਂ ਦੀਆਂ ਜੱਥੇਬੰਦੀਆਂ ਇਸਨੂੰ ਆਪਣੇ ਕਾਰਜ ਵੱਜੋਂ ਅਪਣਾ ਲੈਣ ਤਾਂ ਯਕੀਨਨ ਹੀ ਸਮਾਜ ਅੰਦਰ ਲੋਕ ਪੱਖੀ ਗਾਇਕੀ ਦਾ ਪ੍ਰਭਾਵ ਕਿਤੇ ਗਹਿਰੀ ਅਮਿਟ ਛਾਪ ਛੱਡ ਸਕਦਾ ਹੈ।

ਕਵੀਸ਼ਰੀ ਜੱਥੇ ਦਾ ਇਹ ਵੀ ਵਿਚਾਰ ਹੈ ਕਿ ਮਜ਼ਦੂਰ ਕਿਸਾਨ ਜਿਹੜੇ ਆਰਥਿਕ ਤੰਗੀਆਂ ਵਿੱਚੋਂ ਗੁਜ਼ਰ ਰਹੇ ਹਨ ਉਹ ਤਬਕੇ ਤਾਂ ਸਮੇਂ ਸਮੇਂ ਸਮਾਗਮ ਕਰਕੇ ਲੋਕ-ਪੱਖੀ ਗਾਇਕ ਲੋਕਾਂ ਤੱਕ ਲਿਜਾਣ ਲਈ ਉਪਰਾਲੇ ਕਰਦੇ ਹਨ ਪਰ ਆਮ ਕਰਕੇ ਮੁਲਾਜ਼ਮ ਜੱਥੇਬੰਦੀਆਂ ਆਪਣੀਆਂ ਸਰਗਰਮੀਆਂ ਸਮੇਂ ਵੀ ਆਪਣੀਆਂ ਤਬਕਾਤੀ ਮੰਗਾਂ ਤੋਂ ਅੱਗੇ ਨਹੀਂ ਵਧਦੀਆਂ। ਵਿਗਿਆਨਕ, ਅਗਾਂਹਵਧੂ, ਜਮਹੂਰੀ, ਇਨਕਲਾਬੀ ਚੇਤਨਾ ਦਾ ਪ੍ਰਚਾਰ ਪਾਸਾਰ ਕਰਨ ਦੀ ਬਜਾਏ ਇਹਨਾਂ ਨੂੰ ਆਪਣੇ ਨਿਜੀ ਜਾਂ ਤਬਕਾਤੀ ਸਰੋਕਾਰਾਂ ਤੋਂ ਹਰ ਹਾਲਤ ਉਪਰ ਉੱਠਣ ਦੀ ਲੋੜ ਹੈ ਕਿਉਂਕਿ ਭਵਿੱਖ ਬੇਹੱਦ ਚੁਣੌਤੀਆਂ ਭਰਿਆ ਹੈ। ਇਨਕਲਾਬੀ ਗਾਇਕੀ ਪੰਜਾਬ ਦੇ ਸੁਭਾਅ, ਮਿਜਾਜ ਅਤੇ ਸਭਿਆਚਾਰ ਨੂੰ ਸਮਝਦਿਆਂ ਇਸ ਦਿਸਾ ਵੱਲ ਸਾਰਥਕ ਭੂਮਿਕਾ ਨਿਭਾਅ ਸਕਦੀ ਹੈ।ਸਰਕਾਰੀ ਅਦਾਰਿਆਂ ਦਾ ਭੋਗ ਪਾਇਆ ਜਾ ਰਿਹਾ ਹੈ, ਉਹਨਾਂ ਦਾ ਲੋਕਾਂ ਦੀ ਧਿਰ ਨਾਲ ਖੜ੍ਹਨ ਅਤੇ ਇਨਕਲਾਬੀ ਚੇਤਨਾ ਦਾ ਸੰਚਾਰ ਕਰਨ ਬਿਨਾਂ ਬੇੜਾ ਪਾਰ ਨਹੀਂ ਲੱਗਣਾ।

ਰਸੂਲਪੁਰ ਜੱਥੇ ਦੇ ਲੇਖਕਾਂ, ਗਾਇਕਾਂ ਵਿੱਚ ਇੱਕ ਹੋਰ ਸਿਹਤਮੰਦ ਰੁਝਾਨ ਪਾਇਆ ਗਿਆ, ਉਹ ਅੱਜ ਕੱਲ੍ਹ ਇਹ ਮੰਥਨ ਕਰ ਰਹੇ ਹਨ ਕਿ ਜ਼ਿੰਦਗੀ ਦੇ ਅਨੇਕਾਂ ਖੇਤਰਾਂ, ਸਰੋਕਾਰਾਂ ਬਾਰੇ ਤਾਰ ਛੇੜਦੀ ਗਾਇਕੀ ਲੋੜੀਂਦੀ ਹੈ। ਵਿਸ਼ਾ ਵਸਤੂ, ਕਲਾਤਮਕ ਪੱਖ, ਸੰਗੀਤ, ਧੁਨਾਂ ਅਤੇ ਲੋਕਾਂ ਤੱਕ ਪਹੁੰਚ ਕਰਨ ਦੇ ਅਨੇਕਾਂ ਪੱਖਾਂ ਉਪਰ ਉਹ ਗੰਭੀਰ ਸਰੋਕਾਰਾਂ ਬਾਰੇ ਚਿੰਤਤ ਹਨ। ਜੱਥੇ ਨੂੰ ਇਹ ਵੀ ਜਾਪਦਾ ਹੈ ਕਿ ਲੋਕ ਲਹਿਰ ਨੂੰ ਸਾਡੇ ਵਰਗੇ ਪਰਿਵਾਰਾਂ ਵਿੱਚੋਂ ਉੱਠੇ ਗਾਇਕਾਂ ਦੀ ਬੇਹੱਦ ਮੁਸ਼ਕਲਾਂ ਅਤੇ ਘੱਟੋਂ ਘੱਟ ਲੋੜਾਂ ਜੋਗੀ ਹਾਲਤ ਦੀ ਯਕੀਨ ਦਹਾਨੀ ਲਈ ਗਹਿਰਾਈ ਨਾਲ ਸੋਚਣ ਦੀ ਲੋੜ ਹੈ। ਕਲਮ, ਕਲਾ ਅਤੇ ਸੰਗਰਾਮ ਦੀ ਜੋਟੀ ਬਾਰੇ ਸੰਕਲਪ ਦੇ ਪੱਧਰ 'ਤੇ ਹੀ ਗੱਲ ਨਹੀਂ ਰਹਿਣੀ ਚਾਹੀਦੀ ਇਸਨੂੰ ਅਮਲੀ ਜਾਮਾ ਪਹਿਨਾਉਣ ਲਈ ਨਵੇਂ ਰਾਹਾਂ ਦੀ ਲੋੜ ਹੈ। ਜੱਥੇ ਦੇ ਕਲਾਕਾਰਾਂ ਨੇ 'ਗੁਰੂ ਕਾ ਬੰਦਾ', 'ਕਾਲਾ ਸ਼ਹਿਰ', 'ਪਰਜਾਤ' ਵਰਗੀਆਂ ਫਿਲਮਾਂ ਵਿੱਚ ਆਪਣੀ ਕਲਾ ਦਾ ਯੋਗਦਾਨ ਪਾਇਆ ਹੈ। ਜ਼ਮੀਨੀ ਹਕੀਕਤਾਂ ਨਾਲ ਜੁੜੀਆਂ ਗੱਲਾਂ ਦੀ ਪਰਤ-ਦਰ-ਪਰਤ ਫਰੋਲਦਿਆਂ ਜੱਥੇ ਦੇ ਕਲਾਕਾਰ ਰੁਪਿੰਦਰ ਵਿਸ਼ੇਸ਼ ਗੱਲਬਾਤ ਦੌਰਾਨ ਦੱਸਦੇ ਹਨ ਕਿ ਲਗਾਤਾਰ ਸਮਾਗਮ ਤਾਂ ਹੁੰਦੇ ਨਹੀਂ। ਰੋਟੀ, ਰੋਜੀ ਦਾ ਸਾਡਾ ਕੋਈ ਯਕੀਨਨ ਪ੍ਰਬੰਧ ਨਹੀਂ। ਅਸੀਂ ਸਾਰੇ ਮੈਂਬਰ ਪਰਿਵਾਰ ਦੇ ਗਾਇਨ ਕਲਾ ਰਾਹੀਂ ਲੋਕਾਂ ਨੂੰ ਚੇਤਨਾ ਕਰਨ ਲਈ ਹਰ ਪਲ ਹਾਜ਼ਰ ਹਾਂ ਪਰ ਘਰ ਦਾ ਗੁਜ਼ਾਰਾ ਕਿਵੇਂ ਚੱਲੇ? ਸਾਡੇ ਮਨ ਵਿੱਚ ਕਈ ਭਵਿੱਖੀ ਯੋਜਨਾਵਾਂ ਹਨ ਉਹਨਾਂ ਨੂੰ ਨੇਪਰੇ ਚਾੜ੍ਹਨ ਲਈ ਸੰਸਥਾਗਤ ਜਾਂ ਲਹਿਰ ਦੇ ਤੌਰ ਤੇ ਉਸ ਤਰ੍ਹਾਂ ਕੰਮ ਨਹੀਂ ਹੋ ਰਿਹਾ ਜਿਵੇਂ ਹੋਣਾ ਚਾਹੀਦਾ ਹੈ। ਇਹ ਸਾਡਾ ਪਰਿਵਾਰਕ ਮਾਮਲਾ ਹੀ ਬਣਕੇ ਰਹਿ ਜਾਂਦਾ ਹੈ ਕਿ ਜਿਵੇਂ ਮਰਜ਼ੀ ਕਰੋ ਆਪ ਹੀ ਕਰਨਾ ਪੈਣਾ ਹੈ। ਅੱਜ ਪੰਜਾਬ ਅੰਦਰ ਇਨਕਲਾਬੀ ਜਮਹੂਰੀ ਲਹਿਰ ਇਸ ਸਮੱਰਥ ਹੈ ਕਿ ਉਹ ਸਾਡੇ ਵਰਗੇ ਕਲਾਕਾਰਾਂ ਨੂੰ ਢੇਰਾਂ ਕੰਮ ਵੀ ਦੇ ਸਕਦੀ ਹੈ। ਮੱਦਦ ਵੀ ਕਰ ਸਕਦੀ ਹੈ ਪਰ ਇਹ ਚਿੰਤਾਵਾਂ ਭਰੇ ਸਰੋਕਾਰ ਉਸ ਕਦਰ ਨਹੀਂ ਜਿਸ ਕਦਰ ਹੋਣੇ ਚਾਹੀਦੇ ਹਨ।

ਅਜੇਹੇ ਕਲਾਕਾਰਾਂ ਲਈ ਹਰ ਪਿੰਡ ਵਿੱਚ ਗਾਇਨ/ਰੰਗ ਮੰਚ/ਫਿਲਮ ਸ਼ੋਅ ਅਤੇ ਹੋਰ ਕਲਾਵਾਂ, ਲਾਇਬਰੇਰੀ ਲਈ ਪੱਕੇ ਬੰਦੋਬਸਤ ਲੋੜੀਂਦੇ ਹਨ। ਲੋਕ ਕਲਾ ਨਾਲ ਜੁੜੇ ਕਾਮਿਆਂ ਨੂੰ ਵਿਸ਼ੇਸ਼ ਸਹਾਇਤਾ/ਰੁਜ਼ਗਾਰ ਮਿਲਣਾ ਚਾਹੀਦਾ ਹੈ ਅਤੇ ਹਰੇਕ ਪਿੰਡ ਵਿੱਚ ਨਿਰੰਤਰ ਲੋਕ ਕਲਾਵਾਂ ਦੀਆਂ ਪਰਿਵਾਰਕ ਮਿਲਣੀਆਂ ਅਤੇ ਨਿਰੰਤਰ ਮੇਲੇ ਲੱਗਣੇ ਚਾਹੀਦੇ ਹਨ ਤਾਂ ਜੋ ਮਜ਼ਦੂਰ ਪਰਿਵਾਰਾਂ ਦੀ ਬੁੱਕਲ ਵਿੱਚ ਖਿੜੇ ਇਨਕਲਾਬੀ ਕਵੀਸ਼ਰੀ ਜੱਥੇ ਵਰਗੇ ਫੁੱਲਾਂ ਦੀ ਮਹਿਕ ਹੋਰ ਵੀ ਜ਼ੋਬਨ ਤੇ ਆ ਸਕੇ। ਪਲਸ ਮੰਚ ਇਸ ਦਿਸਾ ਵੱਲ ਕਦਮ ਵਧਾਰੇ ਲਈ ਸਹਿਯੋਗ ਮੰਗਦਾ ਹੈ। ਪਲਸ ਮੰਚ ਦੀ ਪ੍ਰਤੀਬੱਧਤ ਪਰਿਵਾਰਕ ਕਲਮ ਕਲਾ ਅਤੇ ਗਾਇਕ ਟੀਮ ਨੂੰ ਦਿਲੀ ਸਲਾਮ!

ਮੰਚ ਅਤੇ ਮਾਇਕ ਤੋਂ ਹਟਕੇ ਪਰਦੇ ਪਿਛਲੇ ਗਰੀਨ ਰੂਮ ਦੀ ਹਕੀਕਤ ਅਤੇ ਗੰਭੀਰ ਸਰੋਕਾਰਾਂ ਫਿਕਰਾਂ ਦੀ ਬਾਤ ਸਾਂਝੀ ਕਰਨ ਨੂੰ ਖੁਸ ਆਮਦੀਦ !

ਸੰਪਰਕ : 98778-68710


www.malwatires.ca
malwa
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

HOMELIFE SILVERCITY
REALTY INC., BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS
HOMELIFE SILVERCITY
REALTY INC., BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract
JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






# ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ ਸਾਲ 2022 ਦਾ ਤੀਜਾ ਇਕ ਰੋਜ਼ਾ ਪੁਸਤਕ ਮੇਲਾ ਰਿਹਾ ਕਾਮਯਾਬ






ਕੈਲਗਰੀ (ਅਦਾਰਾ ਸਰੋਕਾਰਾਂ ਦੀ ਆਵਾਜ਼) : 14 ਅਗਸਤ ਐਤਵਾਰ ਨੂੰ ਗਰੀਨ ਪਲਾਜ਼ਾ (ਡਾ. ਭੁੱਲਰ) ਐਨ.ਈ. ਕੈਲਗਰੀ ਵਿਖੇ ਸਾਲ 2022 ਦਾ ਤੀਜਾ ਪੁਸਤਕ ਮੇਲਾ (ਇਕ ਰੋਜ਼ਾ) ਬਹੁਤ ਸਾਰੇ ਨਵੇਂ ਪਾਠਕਾਂ ਨੂੰ ਜੋੜਨ ਵਿਚ ਸਫ਼ਲ ਰਿਹਾ। ਇਸ ਵਾਰੀ ਮੇਲੇ ਦਾ ਰਸਮੀ ਉਦਘਾਟਨ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਬਿਹਤਰੀਨ ਕਲਾਕਾਰ ਅਤੇ A World in my hands ਦੀ ਉਭਰਦੀ ਲੇਖਕਾ ਹੋਣਹਾਰ ਬੇਟੀ ਅਮਰੀਤ ਗਿੱਲ ਨੇ ਰੀਬਨ ਕੱਟਕੇ ਕੀਤਾ। ਇਸ ਸਮੇਂ ਮਰਦਾਂ, ਔਰਤਾਂ ਅਤੇ ਬੱਚਿਆਂ ਦੇ ਭਰੇ ਇਕੱਠ ਨੂੰ ਸੰਬੋਧਨ ਕਰਦਿਆਂ ਬੁੱਕ ਸੈਂਟਰ ਦੇ ਸੰਚਾਲਕ ਮਾ. ਭਜਨ ਨੇ ਕਿਹਾ ਕਿ ਅਸੀਂ ਲਗਭਗ 11 ਸਾਲਾਂ ਤੋਂ ਲੋਕਾਂ ਨੂੰ ਉਸਾਰੂ ਸਾਹਿਤ-ਸਭਿਆਚਾਰ ਨਾਲ ਜੋੜਨ ਦੇ ਲਗਾਤਾਰ ਉਪਰਾਲੇ ਕਰ ਰਹੇ ਹਾਂ। ਇਸ ਦੇ ਸਿੱਟੇ ਵਜੋਂ ਕੈਲਗਰੀ ਵਿਚ ਪਾਠਕਾਂ ਦੀ ਗਿਣਤੀ ਵਧੀ ਹੈ। ਬਹੁਤ ਸਾਰੇ ਨਵੇਂ ਪਾਠਕ ਜੁੜ ਰਹੇ ਹਨ। ਤਸੱਲੀ ਵਾਲੀ ਗੱਲ ਹੈ ਕਿ ਨੌਜਵਾਨ ਮੁੰਡੇ ਕੁੜੀਆਂ ਦਾ ਇਕ ਹਿਸਾ ਵੀ ਕਿਤਾਬਾਂ ਪੜ੍ਹਨ 'ਚ ਰੁਚੀ ਲੈ ਰਿਹਾ ਹੈ। ਇਸ ਸਾਲ ਦਾ ਚੌਥਾ ਅਤੇ ਆਖਰੀ ਇਕ ਰੋਜ਼ਾ ਪੁਸਤਕ ਮੇਲਾ ਅਕਤੂਬਰ 15 ਜਾਂ 16 ਨੂੰ ਲੱਗੇਗਾ ਜਿਸ ਦੀ ਜਾਣਕਾਰੀ ਲੋਕਾਂ ਨੂੰ ਦੇ ਦਿੱਤੀ ਜਾਵੇਗੀ। ਇਸ ਸਮੇਂ ਬੋਲਦਿਆਂ ਬੇਟੀ ਅਮਰੀਤ ਗਿੱਲ ਨੇ ਕਿਹਾ ਕਿ ਮੈਂ ਪ੍ਰੌਗਰੈਸਿਵ ਕਲਾ ਮੰਚ ਅਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ 'ਚ ਸ਼ਾਮਲ ਹੋ ਕੇ ਬਹੁਤ ਕੁਝ ਸਿੱਖਿਆ ਹੈ। ਮੈਂ ਮਾਣ ਮਹਿਸੂਸ ਕਰਦੀ ਹਾਂ ਕਿ ਮੈਂ ਇਨ੍ਹਾਂ ਸੰਸਥਾਵਾਂ 'ਚ ਸਰਗਰਮੀ ਨਾਲ ਸ਼ਾਮਲ ਹਾਂ। ਇਸ ਸਮੇਂ ਬੁੱਕ ਸੈਂਟਰ ਵਲੋਂ ਅਮਰੀਤ ਨੂੰ ਕਿਤਾਬਾਂ ਦਾ ਸੈਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੀ ਟੀਮ ਵਲੋਂ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਪਰਹਾਰ, ਰੈਡ ਐਫ.ਐਮ. ਦੇ ਨਿਊਜ਼ ਡਾਇਰੈਕਟਰ ਸ੍ਰੀ ਰਿਸ਼ੀ ਨਾਗਰ, ਐਡਮਿੰਟਨ ਤੋਂ ਵਿਸ਼ੇਸ਼ ਰੂਪ 'ਚ ਪੁੱਜੇ ਸ੍ਰੀ ਬਲਦੇਵ ਮਾਂਗਟ, ਹਾਲੈਂਡ ਤੋਂ ਪਰਿਵਾਰਕ ਫੇਰੀ 'ਤੇ ਆਏ ਖੁਸ਼ਵੀਰ, ਮਹਿਕ ਆਦਿ ਨੂੰ ਕਿਤਾਬਾਂ ਦੇ ਸੈਟ ਭੇਂਟ ਕਰਕੇ ਮਾਣ ਦਿੱਤਾ ਗਿਆ। ਬੁੱਕ ਸੈਂਟਰ ਦੇ ਸੰਚਾਲਕ ਮਾ. ਭਜਨ ਵਲੋਂ ਵਲੰਟੀਅਰ ਸੇਵਾਵਾਂ ਨਿਭਾਉਣ ਵਾਲੇ ਜਸਪਾਲ ਹੰਸਰਾ, ਮਲਕੀਅਤ ਸਿੰਘ ਪੁਰੇਵਾਲ, ਬਲਵੀਰ ਗਿੱਲ, ਕਮਲ ਸਿੱਧੂ, ਜਸ਼ਨਪ੍ਰੀਤ ਗਿੱਲ, ਹਰਮਨ ਸੇਖੋਂ ਆਦਿ ਅਤੇ ਬੁੱਕ ਮੇਲੇ 'ਚ ਹਾਜ਼ਰੀ ਲਵਾਉਣ ਵਾਲੇ ਸਭ ਦਾ ਹਾਰਦਿਕ ਧੰਨਵਾਦ ਕੀਤਾ। ਟੈਲਸ ਕੂਡੋ ਵਲੋਂ ਹਮੇਸ਼ਾ ਦੀ ਤਰ੍ਹਾਂ ਪੂਰਨ ਸਹਿਯੋਗ ਦਿੱਤਾ ਗਿਆ ਉਨ੍ਹਾਂ ਦਾ ਵੀ ਬਹੁਤ-ਬਹੁਤ ਧੰਨਵਾਦ। ਜਾਣਕਾਰੀ ਲਈ ਮਾ. ਭਜਨ 403-455-4220 ਨਾਲ ਸੰਪਰਕ ਕਰੋ।



ਦਲਜੀਤ ਸਿੰਘ ਭੜੀ (ਰਿਟਾਇਰਡ ਪੀ.ਸੀ.ਐਸ.) ਅਧਿਕਾਰੀ ਜੋ ਪੰਜਾਬ ਸਟੂਡੈਂਟ ਯੂਨੀਅਨ, ਬੇਰੁਜ਼ਗਾਰ ਅਧਿਆਪਕ ਯਨੀਅਨ, ਗੌਰਮਿੰਟ ਟੀਚਰ ਯੂਨੀਅਨ ਆਦਿ ਵਿਚ ਬੜੇ ਸਰਗਰਮ ਆਗੂ ਦੀ ਭੂਮਿਕਾ ਨਿਭਾਉਂਦੇ ਰਹੇ ਅਤੇ ਵੱਖ-ਵੱਖ ਵੱਡੇ ਅਹੁਦਿਆਂ 'ਤੇ ਸਰਵਿਸ ਦੌਰਾਨ ਆਪਣੀ ਇਮਾਨਦਾਰੀ ਅਤੇ ਲੋਕਪੱਖੀ ਨਜ਼ਰੀਆ ਜਾਰੀ ਰੱਖਿਆ, ਨੂੰ ਮਾ. ਭਜਨ ਸੰਚਾਲਕ ਬੁੱਕ ਸੈਂਟਰ ਕੈਲਗਰੀ ਵਲੋਂ ਸੰਸਾਰ ਪ੍ਰਸਿੱਧ ਕਿਤਾਬਾਂ 'ਸਦਮਾ ਮੱਤ', 'ਸੁਪਨ ਸੰਸਾਰ ਦਾ ਹੱਜ' ਅਤੇ 'ਆਰਥਿਕ ਦੀਵਾਲੀਏ ਦਾ ਇਕਬਾਲੀਆ ਬਿਆਨ' ਭੇਂਟ ਕੀਤੀਆਂ। ਉਨ੍ਹਾਂ ਦੇ ਨਾਲ ਰਿਟਾਇਡ ਹੈਡ ਮਾਸਟਰ ਸੁਰਿੰਦਰ ਪਾਲ ਸੇਖੋਂ ਅਤੇ ਮੋਹਨਜੀਤ ਨੂੰ ਵੀ ਕਿਤਾਬਾਂ ਭੇਂਟ ਕੀਤੀਆਂ। ਦਲਜੀਤ ਸਿੰਘ ਵਲੋਂ ਮਾ. ਭਜਨ ਸਿੰਘ ਨੂੰ 'ਵਰਿਆਮ ਸਿੰਘ ਸੇਖੋਂ ਪੁਸ਼ਤਾਂ ਅਤੇ ਪਤਵੰਤੇ' ਕਿਤਾਬ ਭੇਂਟ ਕੀਤੀ ਗਈ।